**MOVING To INDIANA?**

ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

Ph: (317) 670-1055

Beenu.sikand@gmail.com www.LegacyHomesInternational.com



*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Kamaljeet Kaur (Realtor/Broker)

Ph: 317-809-1818 Ph: 317-909-9295

midlandrealtygroup@yahoo.com kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 06, February 6, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਫਿਰ ਉਠਿਆ ਕਿਸਾਨੀ ਰੋਹ

## ਮੋਦੀ ਸਰਕਾਰ ਦੀਆਂ ਕੋਸ਼ਿਸ਼ਾਂ ਇਕ ਵਾਰ ਫਿਰ ਫੇਲ੍ਹ ਕੀਤੀਆਂ

**ਚੰਡੀਗੜ੍ਹ:** ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਕਿਸਾਨ ਪਰੇਡ ਦੌਰਾਨ ਹੋਏ ਘਟਨਾਕ੍ਰਮ ਕਾਰਨ ਵੱਜੀ ਵੱਡੀ ਸੱਟ ਤੋਂ ਬਾਅਦ ਖੇਤੀ ਕਾਨੂੰਨਾਂ ਖਿਲਾਫ ਉਠੀ ਲਹਿਰ ਨੇ ਇਕ ਵਾਰ ਫਿਰ ਜ਼ੋਰ ਫੜਿਆ ਹੈ। ਦਿੱਲੀ ਦੀਆਂ ਹੱਦਾਂ ਉਤੇ ਬਣੇ ਮੌਜੂਦਾ ਹਾਲਾਤ ਤੋਂ ਜਾਪ ਰਿਹਾ ਹੈ ਕਿ ਲਾਲ ਕਿਲ੍ਹੇ ਵਿਚ ਵਾਪਰੀ ਘਟਨਾ ਨੂੰ ਇਕ ਫਿਰਕੇ ਨਾਲ ਜੋੜਨ ਵਾਲੀ ਮੋਦੀ ਸਰਕਾਰ ਦੀ ਫਿਰਕੂ ਰਣਨੀਤੀ ਕਿਸੇ ਕੰਮ ਨਹੀਂ ਆਈ। ਇਸ ਸਮੇਂ ਸੰਘਰਸ਼ ਦਾ ਸਾਰਾ ਉਲਾਰ ਦਿੱਲੀ ਦੇ ਗਾਜ਼ੀਪੁਰ ਬਾਰਡਰ ਵੱਲ ਹੈ। ਇਥੇ ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ ਸਣੇ ਪੂਰੇ ਮੁਲਕ ਤੋਂ ਕਿਸਾਨ ਕਾਫਲਿਆਂ ਦੇ ਰੂਪ ਵਿਚ ਪੁੱਜ ਰਹੇ ਹਨ। ਪੂਰੇ ਮੁਲਕ ਦੀ ਸਿਆਸਤ ਦਾ ਕੇਂਦਰ ਦਿੱਲੀ ਦੀਆਂ ਹੱਦਾਂ ਬਣ ਗਈਆਂ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਦਿਨ-ਰਾਤ ਗਾਜ਼ੀਪੁਰ ਬਾਰਡਰ ਵੱਲੋਂ ਗੇੜੇ ਮਾਰ ਰਹੇ ਹਨ।

ਮੌਜੂਦਾ ਹਾਲਾਤ ਬਿਆਨ ਕਰਦੇ ਹਨ ਕਿ ਕਿਸਾਨ ਆਗੂਆਂ ਨੇ ਆਪਣੇ ਹੌਸਲੇ ਅਤੇ ਸਬਰ ਨਾਲ ਜੰਗ ਜਿੱਤਣ ਦੇ ਨਾਲ-ਨਾਲ ਕੇਂਦਰ ਸਰਕਾਰ ਦੀ ਸਿਆਸੀ ਘੇਰਾਬੰਦੀ ਵੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਤੇ ਉਤਰ ਪ੍ਰਦੇਸ਼ ਵਿਚ ਧੜਾ ਧੜ ਮਹਾਂ ਪੰਚਾਇਤਾਂ ਹੋ ਰਹੀਆਂ ਹਨ ਜਿਨ੍ਹਾਂ ਵਿਚ ਜਿਥੇ 'ਦਿੱਲੀ ਚਲੋ' ਦੇ ਨਾਅਰੇ ਦਿੱਤੇ ਜਾ ਰਹੇ ਹਨ, ਉਥੇ ਪਿੰਡਾਂ ਵਿਚ ਭਾਜਪਾ ਤੇ ਇਸ ਦੀਆਂ ਭਾਈਵਾਲ ਧਿਰਾਂ ਦੇ ਆਗੂਆਂ ਦੀ ਘੇਰਾਬੰਦੀ ਕੀਤੀ ਜਾ ਰਹੀ ਹੈ। ਭਾਜਪਾ ਹਕੂਮਤ ਵਾਲੇ ਦੋਵਾਂ ਸੂਬਿਆਂ (ਹਰਿਆਣਾ-ਉਤਰ ਪ੍ਰਦੇਸ਼) ਵਿਚ ਇਸ ਸਮੇਂ ਅਜਿਹਾ ਮਾਹੌਲ ਬਣਿਆ ਹੋਇਆ ਹੈ ਜੋ ਅੱਜ ਤੋਂ ਸਾਢੇ ਤਿੰਨ ਮਹੀਨੇ ਪਹਿਲਾਂ ਪੰਜਾਬ ਵਿਚ ਸੀ। ਮੋਰਚਿਆਂ ਉਤੇ ਹੋ ਰਹੇ ਲਾਮਿਸਾਲ ਇਕੱਠ ਤੋਂ ਸਰਕਾਰ ਇੰਨਾ ਘਬਰਾ ਗਈ ਹੈ ਕਿ ਦਿੱਲੀ ਦੀ ਚੁਫੇਰਿਉਂ ਘੇਰਾਬੰਦੀ ਕੀਤੀ ਜਾ ਰਹੇ ਹਨ। ਹੱਦਾਂ ਉਤੇ ਵੱਡੀ ਗਿਣਤੀ ਫੋਰਸ ਤਾਇਨਾਤ ਹੈ। ਸੜਕਾਂ ਉਤੇ ਲੋਹੇ ਦੇ ਕਿੱਲ ਵਿਛਾਏ ਜਾ ਰਹੇ ਹਨ। ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਮੋਰਚਿਆਂ ਵਿਚ ਬਿਜਲੀ-ਪਾਣੀ ਸਣੇ ਹੋਰ ਸਹੂਲਤ ਰੋਕ ਦਿੱਤੀਆਂ ਗਈਆਂ ਹਨ। ਵੱਡੀ ਗਿਣਤੀ ਕਿਸਾਨ ਆਗੂਆਂ ਖਿਲਾਫ ਕੇਸ ਦਰਜ ਕੀਤੇ ਜਾ ਰਹੇ ਹਨ। ਮੀਡੀਆ ਦੇ ਇਕ ਹਿੱਸੇ ਨੇ ਸੰਘਰਸ਼ ਨੂੰ ਬਦਨਾਮ ਕਰਨ ਲਈ ਟਿੱਲ ਲਾਇਆ ਹੋਇਆ ਹੈ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਆਪਣੇ ਹੱਕਾਂ ਲਈ ਪਿਛਲੇ ਸਵਾ ਦੋ ਮਹੀਨਿਆਂ ਤੋਂ ਕੜਾਕੇ ਦੀ ਠੰਢ ਵਿਚ ਸੜਕਾਂ ਉਤੇ ਬੈਠੇ ਕਿਸਾਨਾਂ ਦੀ ਹਾਲਤ ਵੇਖ ਭਾਵੇਂ ਮੋਦੀ ਸਰਕਾਰ ਦਾ ਦਿਲ ਨਹੀਂ ਪਿਘਲਿਆ ਪਰ ਸਿਆਸੀ ਘੇਰਾਬੰਦੀ ਇਸ ਭਗਵਾ ਧਿਰ ਨੂੰ ਕਾਫੀ ਪਰੇਸ਼ਾਨ ਕਰ ਰਹੀ ਹੈ। ਇਹੀ ਕਾਰਨ ਹੈ ਕਿ ਹੁਣ ਤੱਕ ਇਸ ਮੁੱਦੇ ਉਤੇ ਚੁੱਪ ਧਾਰੀ ਬੈਠੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਿਆਨ ਦੇਣਾ ਪਿਆ ਕਿ ਮਸਲੇ ਦਾ ਹੱਲ ਹੁਣ ਸਿਰਫ 'ਇਕ ਫੋਨ ਕਾਲ' ਦੀ ਦੂਰੀ ਹੈ। ਇਹ ਗੱਲ ਵੀ ਨਿਕਲ ਕੇ ਸਾਹਮਣੇ ਆ ਰਹੀ ਹੈ ਕਿ ਸਰਕਾਰ ਜਥੇਬੰਦੀਆਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਲਈ ਤਾਂ ਕਾਹਲੀ ਹੈ ਪਰ ਉਸ (ਸਰਕਾਰ) ਵੱਲੋਂ ਪੈਦਾ ਕਰ ਲਏ ਗਏ ਮੌਜੂਦਾ ਹਾਲਾਤ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਜਥੇਬੰਦੀਆਂ ਸਾਫ ਆਖ ਰਹੀਆਂ ਹਨ ਕਿ ਪਹਿਲਾਂ ਸਰਕਾਰ ਗੱਲਬਾਤ ਦਾ ਮਾਹੌਲ ਬਣਾਏ। ਮੋਰਚਿਆਂ ਦੀ ਘੇਰਾਬੰਦੀ ਚੁੱਕੀ ਜਾਵੇ, ਆਗੂਆਂ ਉਤੇ ਦਰਜ

*(ਬਾਕੀ ਸਫਾ 6 ਉਤੇ)*



# ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਇਕ ਪਾਸੇ ਹੋਣ ਦਾ ਮਨ ਬਣਾਇਆ

**ਚੰਡੀਗੜ੍ਹ:** ਕਿਸਾਨੀ ਸੰਘਰਸ਼ ਦੇ ਮੁੜ ਪੈਰਾਂ ਸਿਰ ਖੜ੍ਹੇ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਵੀ ਗਰਮੀ ਦਿਖਾਉਣ ਲੱਗੀ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਹੁਣ ਇਹ ਤੈਅ ਕਰਦੀਆਂ ਜਾਪ ਰਹੀਆਂ ਹਨ ਕਿ ਹੁਣ ਆਪਣੀ ਹੋਂਦ ਬਚਾਉਣ ਲਈ 'ਸੱਚੇ ਮਨੋਂ' ਸੰਘਰਸ਼ ਦੀ ਹਮਾਇਤ ਦੇ ਸਵਾਏ ਹੋਰ ਕੋਈ ਚਾਰਾ ਨਹੀਂ ਹੈ। ਪੰਜਾਬ ਦੀ ਕਾਂਗਰਸ ਹਕੂਮਤ ਵੱਲੋਂ ਅਚਾਨਕ ਸੱਦੀ ਸਰਬ ਪਾਰਟੀ ਮੀਟਿੰਗ ਤੇ ਇਸ ਵਿਚ ਲਏ ਫੈਸਲਿਆਂ ਤੋਂ ਜਾਪ ਰਿਹਾ ਹੈ ਕਿ ਸਿਆਸੀ ਧਿਰਾਂ ਨੇ ਹੁਣ ਇਕ ਪਾਸੇ ਹੋਣ ਦਾ ਮਨ ਬਣਾ ਲਿਆ ਹੈ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੱਦੇ 'ਤੇ ਪੰਜਾਬ ਭਵਨ 'ਚ ਹੋਈ ਸਰਬ-ਪਾਰਟੀ ਮੀਟਿੰਗ 'ਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਤੇ ਕਿਸਾਨੀ ਸੰਘਰਸ਼ ਦੀ ਹਮਾਇਤ 'ਚ ਸਭ ਸਿਆਸੀ ਪਾਰਟੀਆਂ ਨੇ ਕੇਂਦਰ ਸਰਕਾਰ ਨੂੰ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ। ਸਮੂਹ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਤਿੰਨੋਂ ਖੇਤੀ ਕਾਨੂੰਨ ਤੁਰਤ ਵਾਪਸ ਲਏ ਜਾਣ ਤੇ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਬਣਾਇਆ ਜਾਵੇ। ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਕਿਸਾਨੀ ਸੰਘਰਸ਼ ਤੇ ਹੋਰਨਾਂ ਮਸਲਿਆਂ ਦੇ ਮੁੱਦੇ 'ਤੇ ਸਰਬ-ਪਾਰਟੀ ਵਫਦ ਜਲਦੀ ਪ੍ਰਧਾਨ ਮੰਤਰੀ ਨੂੰ ਮਿਲੇਗਾ।

ਪੰਜਾਬ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਸੂਬੇ ਦੇ ਸੋਧ ਬਿੱਲ ਮੁੜ ਲਿਆਵੇਗੀ। ਭਾਵੇਂ ਆਮ ਆਦਮੀ ਪਾਰਟੀ ਨੇ ਕਿਸਾਨੀ ਮੁੱਦਿਆਂ ਨਾਲ ਜੁੜੀਆਂ ਦੋ ਮੰਗਾਂ ਨੂੰ ਲੈ ਕੇ ਮੀਟਿੰਗ ਦੇ ਆਖਰੀ ਪੜਾਅ 'ਚ ਵਾਕਆਊਟ ਕਰ ਦਿੱਤਾ, ਸਰਬ-ਪਾਰਟੀ ਮੀਟਿੰਗ ਵਿਚ ਲੋਕ ਇਨਸਾਫ ਪਾਰਟੀ ਤੇ ਪੰਜਾਬ ਏਕਤਾ ਪਾਰਟੀ ਦੇ ਆਗੂਆਂ ਸਮੇਤ ਦਸ ਸਿਆਸੀ ਧਿਰਾਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਮਤਾ ਪਾਸ ਕਰਕੇ ਸਭ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ, ਖੇਤ ਕਾਮਿਆਂ ਤੇ ਪੱਤਰਕਾਰਾਂ ਅਤੇ ਹੋਰ ਸ਼ਾਂਤਮਈ ਅੰਦੋਲਨਕਾਰੀਆਂ ਖਿਲਾਫ ਦਰਜ ਸਾਰੇ ਕੇਸ ਰੱਦ ਕਰਕੇ ਸਾਰੇ ਵਿਅਕਤੀ ਰਿਹਾਅ ਕੀਤੇ ਜਾਣ। ਲਾਪਤਾ ਅੰਦੋਲਨਕਾਰੀਆਂ ਦੀ ਭਾਲ ਕੀਤੀ ਜਾਵੇ ਤੇ ਕੇਂਦਰ ਸਰਕਾਰ ਗੱਲਬਾਤ ਜ਼ਰੀਏ ਇਸ ਮਸਲੇ ਦਾ ਫੌਰੀ ਹੱਲ ਕੱਢੇ। ਇਹ ਵੀ ਮੰਗ ਕੀਤੀ ਕਿ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਿਸਾਨਾਂ ਦਾ ਕਾਨੂੰਨੀ ਅਧਿਕਾਰ ਬਣਾਵੇ ਅਤੇ ਕੇਂਦਰ ਸਰਕਾਰ ਅਨਾਜ ਦੀ ਖਰੀਦ ਪਹਿਲਾਂ ਵਾਂਗ ਆੜ੍ਹਤੀਆਂ ਰਾਹੀਂ ਜਾਰੀ ਰੱਖੇ। ਨਵੇਂ ਵਾਤਾਵਰਨ

*(ਬਾਕੀ ਸਫਾ 6 ਉਤੇ)*


**FRONTIER FUEL CARD**

No obligation or contracts
*(cancel anytime)*
No minimum amount of fuel to buy
Minimal up front to put down
Receive detailed fuel reports

Jagdeep Bains

Jbains@frontierfundinginc.com

Ph: 417-818-1054





*Rajwinder Gill*
*(Your Real Estate Pro.)*
*MBA (Finance)*
*Red 1 Realty*

**"Serving All Your Real Estate Needs"**

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

ਰਾਜਵਿੰਦਰ ਗਿੱਲ, ਫੋਨ: 740-621-4455

Email: Realtorgill1@gmail.com
Website: www.gill-realty.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਕੇਂਦਰੀ ਬਜਟ ਨੇ ਆਮ ਆਦਮੀ, ਮੱਧ ਵਰਗ ਤੇ ਕਿਸਾਨਾਂ ਤੋਂ ਮੂੰਹ ਮੋੜਿਆ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਰੋਨਾ ਮਹਾਮਾਰੀ ਦੇ ਝੰਬੇ ਅਰਥਚਾਰੇ ਨੂੰ ਮੁੜ ਲੀਹਾਂ ‘ਤੇ ਲਿਆਉਣ ਦੇ ਇਰਾਦੇ ਨਾਲ ਸੰਸਦ ਵਿਚ ਪੇਸ਼ ਸਾਲਾਨਾ ਬਜਟ ਵਿਚ ਜਿਥੇ ਬੁਨਿਆਦੀ ਢਾਂਚੇ ‘ਤੇ ਕੀਤੇ ਜਾਣ ਵਾਲੇ ਖਰਚ ਵਿਚ ਵਾਧੇ ਦੀ ਤਜਵੀਜ਼ ਰੱਖੀ ਹੈ, ਉਥੇ ਕਰੋਨਾ ਮਹਾਮਾਰੀ ਤੋਂ ਵੱਡਾ ਸਬਕ ਲੈਂਦਿਆਂ ਬਜਟ ਵਿਚ ਸਿਹਤ ਸੰਭਾਲ ਲਈ ਰਾਖਵੀਂ ਰਾਸ਼ੀ ਨੂੰ ਦੁੱਗਣਾ ਕਰ ਦਿੱਤਾ ਹੈ। ਇਹ ਰਾਸ਼ੀ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 137 ਫੀਸਦ ਵੱਧ ਹੈ। ਖੇਤੀ ਕਾਨੂੰਨਾਂ ਦੇ ਹੋ ਰਹੇ ਵਿਰੋਧ ਦਰਮਿਆਨ ਸਰਕਾਰ ਨੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਹਵਾਲੇ ਨਾਲ ਕੁਝ ਵਸਤਾਂ ‘ਤੇ ਐਗਰੀ-ਇਨਫਰਾ ਤੇ ਵਿਕਾਸ ਸੈੱਸ (ਏ.ਆਈ.ਡੀ.ਸੀ.) ਲਾਉਣ ਦੀ ਨਵੀਂ ਤਜਵੀਜ਼ ਵੀ ਰੱਖੀ ਹੈ।

ਸੈੱਸ ਦੇ ਰੂਪ ਵਿਚ ਹੋਣ ਵਾਲੀ ਇਸ ਕਮਾਈ ਨੂੰ ਖੇਤੀ ਬੁਨਿਆਦੀ ਢਾਂਚਾ ਤੇ ਹੋਰਨਾਂ ਵਿਕਾਸ ਕਾਰਜਾਂ ‘ਤੇ ਖਰਚਿਆ ਜਾਵੇਗਾ। ਇਸ ਦੇ ਨਾਲ ਹੀ ਇੰਸ਼ੋਰੈਂਸ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 49 ਫੀਸਦ ਤੋਂ ਵਧਾ ਕੇ 74 ਫੀਸਦ ਕਰ ਦਿੱਤਾ ਹੈ। ਸਰਕਾਰ ਨੇ ਐਲ.ਆਈ.ਸੀ. ਦਾ ਆਈ.ਪੀ.ਓ. ਕੱਢੇ ਜਾਣ ਲਈ ਹਰੀ ਝੰਡੀ ਦੇ ਦਿੱਤੀ ਹੈ। ਨੌਕਰੀਪੇਸ਼ਾ ਮਿਡਲ ਕਲਾਸ ਨੂੰ ਬਜਟ ਤੋਂ ਵੱਡੀਆਂ ਆਸਾਂ ਸਨ, ਪਰ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ, ਕਿਉਂਕਿ ਸਰਕਾਰ ਨੇ ਨਿੱਜੀ ਜਾਂ ਕਾਰਪੋਰੇਟ ਟੈਕਸ ਦਰਾਂ ‘ਚ ਕੋਈ ਫੇਰਬਦਲ ਨਹੀਂ ਕੀਤਾ। ਉਂਜ ਘਰੇਲੂ ਮੈਨੂਫੈਕਚਰਿੰਗ ਨੂੰ ਹੁਲਾਰੇ ਲਈ ਕੁਝ ਵਸਤਾਂ ‘ਤੇ ਕਸਟਮ ਡਿਊਟੀ ਦੇ ਵਾਧੇ ਨਾਲ ਆਟੋ ਪਾਰਟਰਜ, ਮੋਬਾਈਲ ਫੋਨ ਤੇ ਇਸ ਨਾਲ ਜੁੜੀ ਅਸੈਸਰੀਜ ਅਤੇ ਸੌਰ ਪੈਨਲ ਮਹਿੰਗੇ ਹੋ ਜਾਣਗੇ। ਮੁਲਾਜ਼ਮਾਂ ਨੂੰ ਹੁਣ ਪਹਿਲੀ ਅਪਰੈਲ 2021 ਤੋਂ ਪੀ.ਐਫ. ਵਿਚ ਜਮ੍ਹਾਂ ਰਾਸ਼ੀ ‘ਤੇ ਮਿਲਣ ਵਾਲੇ ਸਾਲਾਨਾ ਢਾਈ ਲੱਖ ਰੁਪਏ ਤੋਂ ਵੱਧ ਦੇ ਵਿਆਜ ਲਈ ਟੈਕਸ ਤਾਰਨਾ ਹੋਵੇਗਾ। ਮੋਦੀ ਸਰਕਾਰ ਨੇ ਸੀਨੀਅਰ ਸਿਟੀਜਨਾਂ ਨੂੰ ਵੱਡੀ ਰਾਹਤ ਦਿੰਦਿਆਂ 75 ਸਾਲ ਦੀ ਉਮਰ ਤੋਂ ਵੱਧ ਦੇ ਬਜ਼ੁਰਗਾਂ, ਜਿਨ੍ਹਾਂ ਦੀ ਕਮਾਈ ਦਾ ਸਾਧਨ ਸਿਰਫ ਸਿਰਫ ਪੈਨਸ਼ਨ ਤੇ ਜਮ੍ਹਾਂ ਰਾਸ਼ੀ ‘ਤੇ ਮਿਲਦਾ ਵਿਆਜ ਹੈ, ਉਨ੍ਹਾਂ ਨੂੰ ਆਮਦਨ ਕਰ ਰਿਟਰਨ ਭਰਨ ਤੋਂ ਛੋਟ ਦੇ ਦਿੱਤੀ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਲਗਾਤਾਰ ਆਪਣਾ ਤੀਜਾ ਬਜਟ ਪੇਸ਼ ਕੀਤਾ।






ਵਿੱਤ ਮੰਤਰੀ ਨੇ ਬਜਟ ਵਿਚ ਬੁਨਿਆਦੀ ਢਾਂਚਾ ਸੈਕਟਰ ਲਈ 5.54 ਲੱਖ ਕਰੋੜ ਦੇ ਫੰਡਾਂ ਦੀ ਤਜਵੀਜ਼ ਰੱਖੀ। ਸੜਕਾਂ ਤੇ ਹਾਈਵੇਅਜ ਖੇਤਰ ਲਈ 1.18 ਲੱਖ ਕਰੋੜ ਜਦੋਂਕਿ ਰੇਲਵੇ ਲਈ 1.08 ਲੱਖ ਕਰੋੜ ਦਾ ਬਜਟ ਰੱਖਿਆ ਗਿਆ। ਪਿਛਲੇ ਸਾਲ ਦੇ ਮੁਕਾਬਲੇ ਸਰਕਾਰ ਨੇ ਇਨ੍ਹਾਂ ਖੇਤਰਾਂ ‘ਚ 37 ਫੀਸਦ ਵਧੇਰੇ ਫੰਡ ਰੱਖੇ ਹਨ ਤਾਂ ਜੋ ਅਰਥਚਾਰੇ ‘ਚ ਮੰਗ ਵਧੇ ਤੇ ਨਵੇਂ ਰੁਜ਼ਗਾਰ ਸਿਰਜੇ ਜਾ ਸਕਣ। ਬਜਟ ਵਿਚ ਸਭ ਤੋਂ ਵੱਧ ਰਾਸ਼ੀ ਸਿਹਤ ਖੇਤਰ ਵਿੱਚ ਰੱਖੀ ਗਈ ਹੈ। ਕਰੋਨਾ ਮਹਾਮਾਰੀ ਤੋਂ ਵੱਡਾ ਸਬਕ ਲੈਂਦਿਆਂ ਵਿੱਤ ਮੰਤਰੀ ਨੇ ਸਿਹਤ ਸੰਭਾਲ ਨਾਲ ਜੁੜੇ ਖੇਤਰ ਲਈ 2.2 ਲੱਖ ਕਰੋੜ ਰੁਪਏ ਰਾਖਵੇਂ ਰੱਖਣ ਦੀ ਤਜਵੀਜ਼ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਕਰੋਨਾ ਖਿਲਾਫ ਟੀਕਾਕਰਨ ਮੁਹਿੰਮ ਅਤੇ ਸਿਹਤ ਪ੍ਰਣਾਲੀ ਵਿਚ ਸੁਧਾਰਾਂ ਲਈ ਖਰਚੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਮਾਲਕੀ ਵਾਲੀਆਂ ਗੈਰ-ਰਣਨੀਤਕ ਕੰਪਨੀਆਂ ਦੀ ਵਿਕਰੀ/ਅਪਨਿਵੇਸ਼ ਤੋਂ ਸਰਕਾਰ ਨੇ 1.75 ਲੱਖ ਕਰੋੜ ਰੁਪਏ ਜੁਟਾਉਣ ਦਾ ਟੀਚਾ ਮਿਥਿਆ ਹੈ। ਉਨ੍ਹਾਂ ਕਿਹਾ ਕਿ ਨਵੇਂ ਖੇਤੀ ਸੈੱਸ ਤੋਂ ਸਰਕਾਰ ਨੂੰ 30 ਹਜ਼ਾਰ ਕਰੋੜ ਦੀ ਕਮਾਈ ਹੋਵੇਗੀ।

ਵਿੱਤ ਮੰਤਰੀ ਨੇ ਆਪਣੀ ਬਜਟ ਤਕਰੀਰ ਦੌਰਾਨ ਕਿਹਾ ਕਿ ਮਹਾਮਾਰੀ ਦੇ ਸੰਕਟ ਦੌਰਾਨ ਸਰਕਾਰ ਨੂੰ ਅਰਥਚਾਰੇ ਦੀ ਹਮਾਇਤ ਲਈ ਵਧੇਰੇ ਖਰਚਾ ਕਰਨਾ ਪਿਆ, ਜਿਸ ਕਰਕੇ ਮਾਲੀਏ ਦੀ ਉਗਰਾਹੀ ਨੂੰ ਵੱਡੀ ਸੱਟ ਵੱਜੀ, ਲਿਹਾਜ਼ਾ ਮੌਜੂਦਾ ਵਿੱਤੀ ਸਾਲ 2020-21 ਵਿਚ ਵਿੱਤੀ ਘਾਟਾ 3.5 ਫੀਸਦ ਦੇ ਨਿਰਧਾਰਿਤ ਟੀਚੇ ਨਾਲੋਂ ਜੀ.ਡੀ.ਪੀ. ਦਾ 9 ਫੀਸਦ ਰਿਹਾ। ਉਨ੍ਹਾਂ ਅਗਲੇ ਵਿੱਤੀ ਸਾਲ 2021-22 ਵਿਚ ਵਿੱਤੀ ਘਾਟਾ ਜੀਡੀਪੀ ਦਾ 6.8 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਸੀਤਾਰਾਮਨ ਨੇ ਇਸ਼ਾਰਾ ਕੀਤਾ ਕਿ ਵਿੱਤੀ ਸਾਲ 2025-26 ਤੱਕ ਵਿੱਤੀ ਘਾਟੇ ਨੂੰ 4.5 ਫੀਸਦ ਤੋਂ ਹੇਠਾਂ ਲੈ ਆਵਾਂਗੇ। ਉਨ੍ਹਾਂ ਕਿਹਾ ਕਿ ਕਿਫਾਇਤੀ ਘਰ ਦੀ ਖਰੀਦ ‘ਤੇ ਵਿਆਜ ਵਿੱਚ ਮਿਲਣ ਵਾਲੀ ਛੋਟ ਨੂੰ ਇਕ ਹੋਰ ਸਾਲ ਭਾਵ 31 ਮਾਰਚ 2022 ਤੱਕ ਵਧਾ ਦਿੱਤਾ ਗਿਆ ਹੈ।

## ਅਗਲੇ ਵਿੱਤੀ ਵਰ੍ਹੇ ਲਈ ਸਰਕਾਰ ਲਏਗੀ 12 ਲੱਖ ਕਰੋੜ ਦਾ ਉਧਾਰ

**ਨਵੀਂ ਦਿੱਲੀ:**ਕੇਂਦਰ ਸਰਕਾਰ ਬਾਜ਼ਾਰ ਵਿਚੋਂ 12.05 ਲੱਖ ਕਰੋੜ ਰੁਪਏ ਉਧਾਰ ਲਏਗੀ। ਇਹ ਮੌਜੂਦਾ ਵਿੱਤੀ ਵਰ੍ਹੇ ਲਈ ਲਾਏ ਗਏ ਅੰਦਾਜ਼ੇ ਨਾਲੋਂ ਘੱਟ ਹੋਣਗੇ ਜੋ ਕਿ 12.80 ਲੱਖ ਕਰੋੜ ਰੁਪਏ ਸੀ। ਸੋਧੇ ਗਏ ਅੰਦਾਜ਼ੇ ਮੁਤਾਬਕ ਮੌਜੂਦਾ ਵਿੱਤੀ ਵਰ੍ਹੇ ਲਈ ਉਧਾਰ ਦੀ ਸੀਮਾ ਵਧਾ ਕੇ 12.8 ਲੱਖ ਕਰੋੜ ਕੀਤੀ ਗਈ ਸੀ ਜੋ ਕਿ ਬਜਟ ਅੰਦਾਜ਼ੇ ਤੋਂ 64 ਪ੍ਰਤੀਸ਼ਤ (7.8 ਲੱਖ ਕਰੋੜ ਰੁਪਏ) ਜ਼ਿਆਦਾ ਸੀ। ਸਰਕਾਰ ਨੇ ਵਿੱਤੀ ਘਾਟਾ ਪੂਰਨ ਲਈ ਬਾਜ਼ਾਰ ਵਿਚੋਂ ਸਕਿਉਰਿਟੀਜ ਤੇ ਖਜਾਨਾ ਬਿੱਲਾਂ ਰਾਹੀਂ ਵੀ ਪੈਸਾ ਇਕੱਠਾ ਕੀਤਾ ਹੈ।

## ਰੇਲਵੇ ਲਈ ਰੱਖੇ ਰਿਕਾਰਡ 1.10 ਲੱਖ ਕਰੋੜ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੀਤੇ ਗਏ ਬਜਟ ਵਿਚ ਰੇਲਵੇ ਲਈ ਰਿਕਾਰਡ 1.10 ਲੱਖ ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚੋਂ 1.07 ਲੱਖ ਕਰੋੜ ਰੁਪਏ ਪੂੰਜੀ ਖਰਚ ਲਈ ਹੋਣਗੇ। ਵਿੱਤ ਮੰਤਰੀ ਨੇ ਦੱਸਿਆ ਕਿ ਸਰਕਾਰੀ ਟਰਾਂਸਪੋਰਟਰ ਵਿਸ਼ੇਸ਼ ਤੌਰ ‘ਤੇ ਮਾਲ ਦੀ ਢੁਆਈ ਲਈ ਬਣਾਏ ਲਾਂਘਿਆਂ (ਕੋਰੀਡੋਰ) ਦੇ ਚੱਲਣ ਤੋਂ ਬਾਅਦ ਇਨ੍ਹਾਂ ਤੋਂ ਵੀ ਕਮਾਈ ਕਰੇਗਾ। ਸੀਤਾਰਾਮਨ ਨੇ ਦੱਸਿਆ ਕਿ ਭਾਰਤੀ ਰੇਲਵੇ ਨੇ ‘ਕੌਮੀ ਰੇਲ ਯੋਜਨਾ 2030‘ ਬਣਾਈ ਹੈ। ਇਸ ਤਹਿਤ ਰੇਲਵੇ ਨੂੰ ਭਵਿੱਖੀ ਲੋੜਾਂ ਲਈ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੂਰਬੀ ਤੇ ਪੱਛਮੀ ਮਾਲ ਢੁਆਈ ਰੇਲ ਲਾਂਘੇ ਜੂਨ 2022 ਤੱਕ ਚੱਲਣ ਲੱਗ ਪੈਣਗੇ।

## ਸਿਹਤ ਖੇਤਰ ਨੂੰ ਵੱਡੀ ਰਾਸ਼ੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਰੋਨਾ ਮਹਾਮਾਰੀ ਤੋਂ ਵੱਡਾ ਸਬਕ ਲੈਂਦਿਆਂ ਐਤਕੀਂ ਵਿੱਤੀ ਸਾਲ 2021-22 ਦੇ ਬਜਟ ਵਿਚ ਸਿਹਤ ਖੇਤਰ ਲਈ ਸਭ ਤੋਂ ਵੱਧ 2,23,846 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਹੈ, ਜੋ ਮੌਜੂਦਾ ਵਿੱਤੀ ਸਾਲ 2020-21 ਵਿੱਚ ਰੱਖੀ ਰਾਸ਼ੀ ਦੇ ਮੁਕਾਬਲੇ 137 ਫੀਸਦ ਵੱਧ ਹੈ। ਅਗਾਮੀ ਵਿੱਤੀ ਸਾਲ ਵਿੱਚ ਕੋਵਿਡ-19 ਵੈਕਸੀਨ ਲਈ 35000 ਕਰੋੜ ਰੁਪਏ ਰੱਖੇ ਗਏ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਜਟ ਪੇਸ਼ ਕਰਦਿਆਂ ਸਿਹਤ ਤੇ ਸਲਾਮਤੀ ਨੂੰ ‘ਆਤਮਨਿਰਭਰ ਭਾਰਤ’ ਦੇ ਛੇ ਅਹਿਮ ਥੰਮ੍ਹਾਂ ’ਚੋਂ ਇਕ ਦੱਸਿਆ।

# ਦਿਹਾਤੀ ਖੇਤਰ ਅਤੇ ਖੇਤੀ ਦੀ ਥਾਂ ਕਾਰਪੇਰੋਟ ਪੱਖੀ ਵਿਕਾਸ ਉਤੇ ਜ਼ੋਰ

**ਚੰਡੀਗੜ੍ਹ:** ਕੇਂਦਰੀ ਬਜਟ ਤਿੰਨ ਕਾਨੂੰਨਾਂ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਸਵਾ ਦੋ ਮਹੀਨੇ ਤੋਂ ਦਿੱਲੀ ਦੀਆਂ ਬਰੂਹਾਂ ਉਤੇ ਬੈਠੇ ਕਿਸਾਨਾਂ ਅਤੇ ਕੋਵਿਡ-19 ਦੌਰਾਨ ਹੋਈ ਤਾਲਾਬੰਦੀ ਕਰ ਕੇ ਬੇਰੁਜ਼ਗਾਰ ਹੋਏ ਕਰੋੜਾਂ ਮਜ਼ਦੂਰਾਂ ਦੀਆਂ ਆਸਾਂ ‘ਤੇ ਖਰਾ ਨਹੀਂ ਉਤਰਿਆ ਹੈ। ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਤਿੱਖੇ ਵਿਰੋਧ ਦੇ ਬਾਵਜੂਦ ਉਹ ਹਰ ਖੇਤਰ ਦੇ ਕਾਰਪੇਰੋਟ ਪੱਖੀ ਵਿਕਾਸ ਦੇ ਨੀਤੀਗਤ ਸਟੈਂਡ ‘ਤੇ ਚੱਲਦੀ ਰਹੇਗੀ, ਇਸੇ ਲਈ ਬੀਮਾ ਖੇਤਰ ਵਿਚ 74 ਫੀਸਦ ਸਿੱਧੇ ਵਿਦੇਸ਼ੀ ਨਿਵੇਸ਼ ਅਤੇ ਜਨਤਕ ਖੇਤਰ ਦੇ ਅਦਾਰਿਆਂ ਦਾ ਅਪਨਿਵੇਸ਼ ਕਰ ਕੇ 1.75 ਲੱਖ ਕਰੋੜ ਰੁਪਏ ਕਮਾਉਣ ਵਰਗੇ ਫੈਸਲੇ ਲਏ ਗਏ ਹਨ। ਖੇਤੀ, ਸਹਿਕਾਰਤਾ ਅਤੇ ਕਿਸਾਨ ਮੰਤਰਾਲੇ ਦਾ ਬਜਟ ਸਾਲ 2019-20 ਦੇ ਬਜਟ ਅਨੁਮਾਨਾਂ 1.34 ਕਰੋੜ ਤੋਂ 8 ਫੀਸਦ ਘਟਾ ਕੇ 1.23 ਲੱਖ ਕਰੋੜ ਕਰ ਦਿੱਤਾ ਗਿਆ ਹੈ। ਜੇਕਰ ਸੋਧੇ ਹੋਏ ਅਨੁਮਾਨ ਵੀ ਮੰਨ ਲਏ ਜਾਣ ਤਾਂ ਪਿਛਲੇ ਸਾਲ 1.16 ਲੱਖ ਕਰੋੜ ਖਰਚ ਹੋਏ ਸਨ ਅਤੇ ਮੌਜੂਦਾ ਬਜਟ ਤਜਵੀਜ਼ਾਂ ਸਿਰਫ 5 ਫੀਸਦ ਵਧਾਈਆਂ ਗਈਆਂ ਹਨ।

ਵਿੱਤ ਮੰਤਰੀ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਸੰਕਲਪ ਨੂੰ ਦੁਹਰਾਇਆ ਹੈ ਪਰ ਕਿਸਾਨਾਂ ਦੀ ਅਸਲ ਆਮਦਨ ਵਧਾਉਣ ਵਾਲਾ ਕੋਈ ਐਲਾਨ ਨਹੀਂ ਕੀਤਾ ਹੈ। ਬਜਟ ਭਾਸਣ ਦੌਰਾਨ ਪੇਸ਼ ਅੰਕੜਿਆਂ ਰਾਹੀਂ ਇਹ ਜਚਾਉਣ ਦੀ ਕੋਸ਼ਿਸ਼ ਜਰੂਰ ਕੀਤੀ ਗਈ ਹੈ ਕਿ ਸਰਕਾਰ ਨੇ ਕਿਸਾਨਾਂ ਲਈ ਕਿੰਨਾ ਕੰਮ ਕੀਤਾ ਹੈ। 2013-14 ਦੌਰਾਨ ਕਣਕ ਦੀ ਖਰੀਦ ਉੱਤੇ ਖਰਚ ਕੀਤੇ 33,874 ਕਰੋੜ ਰੁਪਏ ਦੀ ਬਜਾਇ 2019-20 ਦੇ ਸੀਜ਼ਨ ‘ਚ 62,802 ਕਰੋੜ ਰੁਪਏ ਅਤੇ 2020-21 ਦੇ ਸੀਜ਼ਨ ਦੌਰਾਨ 75060 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸੇ ਤਰ੍ਹਾਂ ਝੋਨੇ ਦੀ 1.72 ਲੱਖ ਕਰੋੜ ਰੁਪਏ ਦੀ ਖਰੀਦ ਕਰਨ ਦੀ ਗੱਲ ਕੀਤੀ ਗਈ ਹੈ। ਸਾਲ 2013-14 ਵਿੱਚ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1350 ਰੁਪਏ ਅਤੇ 2019-20 ਦੇ ਸੀਜ਼ਨ ਦੌਰਾਨ 1925 ਰੁਪਏ ਕੁਇੰਟਲ ਸੀ। ਇਸ ਦਾ ਸਪੱਸ਼ਟ ਮਤਲਬ ਹੈ ਕਿ ਲਾਗਤ ਵਧਣ ਕਰ ਕੇ ਹੀ ਸਮਰਥਨ ਮੁੱਲ ਵਧਿਆ ਹੈ। ਇਸ ਦਾ ਕਿਸਾਨ ਦੀ ਅਸਲ ਆਮਦਨ ਵਧਣ ਨਾਲ ਕੋਈ ਸਬੰਧ ਨਹੀਂ ਹੈ। ਇਸੇ ਤਰ੍ਹਾਂ ਜੀਐੱਸਟੀ ਲਾਗੂ ਕਰਨ ਵੇਲੇ ਟੈਕਸ ਮੁਕਤ ਖਾਦ, ਕੀਟਨਾਸ਼ਕ, ਮਸ਼ੀਨਰੀ ਉੱਤੇ 5 ਤੋਂ 18 ਫੀਸਦ ਤੱਕ ਟੈਕਸ ਲੱਗੇ ਹਨ। ਇਸੇ ਨਾਲ ਲਾਗਤ 10 ਫੀਸਦ ਤੱਕ ਵਧ ਗਈ ਸੀ। ਡੀਜ਼ਲ ਉੱਤੇ ਵਧੇ ਟੈਕਸਾਂ ਨਾਲ ਖੇਤੀ ਖੇਤਰ ਵਿੱਚ ਹੁੰਦੀ ਖਪਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।




ਵਿੱਤ ਮੰਤਰੀ ਨੇ ਕਿਹਾ ਹੈ ਕਿ ਸਰਕਾਰ ਨੇ ਉਤਪਾਦਨ ਲਾਗਤ ਉੱਤੇ 50 ਫੀਸਦ ਮੁਨਾਫ਼ਾ ਦਿੱਤਾ ਹੈ ਜਦਕਿ ਅਸਲੀਅਤ ਇਹ ਹੈ ਕਿ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਸਮੁੱਚੀ (ਕੰਪਰੀਹੈਂਸਿਵ) ਲਾਗਤ ਜੋੜ ਕੇ 50 ਫੀਸਦ ਮੁਨਾਫ਼ਾ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਹੋਵੇ ਤਾਂ ਪਿਛਲੇ ਦਿਨੀਂ ਸਾਹਮਣੇ ਆਏ ਅਧਿਐਨ ਅਨੁਸਾਰ ਪੰਜਾਬ ਦੇ ਕਿਸਾਨਾਂ ਨੂੰ ਲੰਘੇ ਸੀਜ਼ਨ ਵਿਚ ਹੀ 14284 ਕਰੋੜ ਰੁਪਏ ਹੋਰ ਮਿਲਣੇ ਚਾਹੀਦੇ ਸਨ। ਕੀ ਦੁੱਗਣੀ ਆਮਦਨ ਮਹਿੰਗਾਈ ਵਧਣ ਨਾਲ ਮਿਲਣ ਵਾਲਾ ਸਮਰਥਨ ਮੁੱਲ ਹੀ ਹੈ ਜਾਂ ਕਿਸਾਨ ਦੀ ਅਸਲ ਆਮਦਨ ਵਧਾਉਣ ਦਾ ਸੰਕਲਪ ਹੈ? ਸਰਕਾਰ ਨੇ ਪੈਟਰੋਲ ‘ਤੇ 2.5 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ‘ਤੇ 4 ਰੁਪਏ ਪ੍ਰਤੀ ਲਿਟਰ ਸੈੱਸ ਵਧਾ ਦਿੱਤਾ ਹੈ। ਭਾਵੇਂ ਕਿ ਕਿਹਾ ਗਿਆ ਹੈ ਇਹ ਖਪਤਕਾਰ ਉੱਤੇ ਨਹੀਂ ਪਵੇਗਾ ਪਰ ਪਿਛਲਾ ਰਿਕਾਰਡ ਹੈ ਕਿ 10 ਰੁਪਏ ਪੈਟਰੋਲ ਅਤੇ 13 ਰੁਪਏ ਡੀਜ਼ਲ ਵਧਾਉਣ ਵੇਲੇ ਵੀ ਇਹੀ ਕਿਹਾ ਗਿਆ ਸੀ ਪਰ ਅਖੀਰ ਬੋਝ ਖਪਤਕਾਰ ਉੱਤੇ ਹੀ ਪਾ ਦਿੱਤਾ ਗਿਆ।

ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ੇ ਦੀ ਰਾਸ਼ੀ 16.5 ਲੱਖ ਕਰੋੜ ਕੀਤੀ ਹੈ ਪਰ ਕਿਸਾਨ ਤਾਂ ਕਰਜ਼ਾ ਮੁਆਫੀ ਦੀ ਉਡੀਕ ਕਰ ਰਿਹਾ ਸੀ। ਇਸ ਤੋਂ ਇਲਾਵਾ ਇਸ ਕਰਜ਼ੇ ਦਾ ਵੱਡਾ ਹਿੱਸਾ ਵੀ ਕੰਪਨੀਆਂ ਨੂੰ ਮਿਲਣ ਲੱਗ ਗਿਆ ਹੈ। ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤਹਿਤ ਸਿੱਧੀ ਸਬਸਿਡੀ ਵਜੋਂ ਤਿੰਨ ਕਿਸ਼ਤਾਂ ਵਿੱਚ ਦਿੱਤੇ ਜਾਣ ਵਾਲੇ 6000 ਰੁਪਏ ਨੂੰ ਖੂਬ ਪ੍ਰਚਾਰਿਆ ਗਿਆ ਪਰ ਨਾਲ ਹੀ ਪਿਛਲੇ 75000 ਕਰੋੜ ਦੇ ਬਜਟ ‘ਚ ਕਟੌਤੀ ਕਰ ਕੇ ਇਸ ਨੂੰ 65 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸੰਸਦ ਵਿੱਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਅਨੁਸਾਰ ਦਸੰਬਰ 2020 ਤੱਕ ਇਹ ਸਕੀਮ 9 ਕਰੋੜ ਕਿਸਾਨਾਂ ਤੱਕ ਪੁੱਜੀ ਹੈ ਜਦਕਿ ਸਾਲ 2019-20 ਦੌਰਾਨ ਸਿਰਫ ਸੱਤ ਕਰੋੜ ਕਿਸਾਨਾਂ ਨੂੰ ਇਸ ਦਾ ਲਾਭ ਮਿਲਿਆ। ਦੇਸ਼ ਵਿੱਚ 14 ਕਰੋੜ ਰਜਿਸਟਰਡ ਕਿਸਾਨ ਹਨ।

## ਮੋਦੀ ਦੇ ਮਿੱਤਰਾਂ ਨੂੰ ਹੋਵੇਗਾ ਬਜਟ ਦਾ ਲਾਭ: ਹਰਪਾਲ ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਬਜਟ ਨੂੰ ਆਮ ਲੋਕ ਅਤੇ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਸਿਰਫ ਮੋਦੀ ਦੇ ਮਿੱਤਰਾਂ ਨੂੰ ਹੀ ਲਾਭ ਪਹੁੰਚਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਮਹਿੰਗਾਈ ਦੇ ਨਾਲ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਵਧਾਏਗਾ। ਸ੍ਰੀ ਚੀਮਾ ਨੇ ਕਿਹਾ ਕਿ ਸਰਕਾਰ ਵੱਲੋਂ ਡੀਜ਼ਲ ਤੇ ਪੈਟਰੋਲ ‘ਤੇ ਸੈੱਸ ਲਗਾਇਆ ਜਾ ਰਿਹਾ ਹੈ, ਜਿਸ ਦਾ ਸਿੱਧਾ ਬੋਝ ਕਿਸਾਨੀ ਖੇਤਰ ‘ਤੇ ਪਵੇਗਾ।



# ਕਿਸਾਨਾਂ ਦੀ ਅਣਦੇਖੀ ਉਤੇ ਵਿਰੋਧੀ ਧਿਰਾਂ ਵੱਲੋਂ ਹੰਗਾਮਾ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਜਟ ਭਾਸ਼ਨ ਦੌਰਾਨ ਜਿਉਂ ਹੀ ਕੇਂਦਰ ਸਰਕਾਰ ਦੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੋਣ ਦਾ ਜਿਕਰ ਕੀਤਾ ਤਾਂ ਸਦਨ ਵਿਚ ਹਾਜਰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਹੰਗਾਮਾ ਕੀਤਾ। ਉਨ੍ਹਾਂ ਨਾਅਰੇਬਾਜ਼ੀ ਕਰਦਿਆਂ ਦਿੱਲੀ ਨੂੰ ਤਿੰਨ ਪਾਸਿਉਂ ਘੇਰੀ ਬੈਠੇ ਕਿਸਾਨਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ। ਸੰਸਦ ਮੈਂਬਰਾਂ ਨੇ ਰੌਲਾ ਰੱਪਾ ਪਾਉਂਦਿਆਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦੇ ਨਾਅਰੇ ਲਾਏ। ਵਿੱਤ ਮੰਤਰੀ ਨੂੰ ਇਸ ਕਰਕੇ ਭਾਸਣ ਵੀ ਰੋਕਣਾ ਪਿਆ। ਵਿਤ ਮੰਤਰੀ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ‘ਤੇ ਫਸਲਾਂ ਦੀ ਖਰੀਦ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਮੌਜੂਦਾ ਵਿੱਤੀ ਵਰ੍ਹੇ ਦੌਰਾਨ 1.72 ਕਰੋੜ ਰੁਪਏ ਨਾਲ ਕਿਸਾਨਾਂ ਦੀ ਝੋਨੇ ਦੀ ਫਸਲ ਖਰੀਦੀ ਗਈ। ਉਨ੍ਹਾਂ ਕਿਹਾ ਕਿ 2013- 14 ਦੌਰਾਨ ਕੁੱਲ 33,874 ਕਰੋੜ ਰੁਪਏ ਕਣਕ ਲਈ ਦਿੱਤੇ ਗਏ ਸਨ ਜਦੋਂ ਕਿ 2019-20 ਦੌਰਾਨ 62 ਹਜ਼ਾਰ ਕਰੋੜ ਤੋਂ ਵੱਧ ਦਿੱਤੇ ਗਏ। ਉਨ੍ਹਾਂ ਅੰਕੜੇ ਦੱਸੇ ਕਿ 2021 ਵਿੱਚ ਇਹ 75,050 ਕਰੋੜ ਤੱਕ ਪਹੁੰਚੇ। ਵਿੱਤ ਮੰਤਰੀ ਅਨੁਸਾਰ ਇਸ ਨਾਲ 43.36 ਲੱਖ ਕਿਸਾਨਾਂ ਨੂੰ ਫਾਇਦਾ ਪਹੁੰਚਿਆ। ਚੇਤੇ ਰਹੇ ਕਿ ਦਿੱਲੀ ਦੇ ਸਿੰਘੂ, ਟਿਕਰੀ ਤੇ ਗਾਜੀਪੁਰ ਬਾਰਡਰਾਂ ‘ਤੇ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ ਸਮੇਤ ਹੋਰ ਰਾਜਾਂ ਦੇ ਕਿਸਾਨਾਂ ਨੇ ਪਿਛਲੇ ਦੋ ਮਹੀਨਿਆਂ ਤੋਂ ਮੋਰਚੇ ਲਾ ਰੱਖੇ ਹਨ। ਉਹ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। 26 ਜਨਵਰੀ ਦੀਆਂ ਘਟਨਾਵਾਂ ਮਗਰੋਂ ਅਤੇ ਸਿੰਘੂ ਬਾਰਡਰ ‘ਤੇ ਪੁਲਿਸ ਦੀ ਹਾਜਰੀ ਵਿਚ ਕੁਝ ਲੋਕਾਂ ਵੱਲੋਂ ਪੱਥਰਬਾਜੀ ਕਰਨ ਤੋਂ ਬਾਅਦ ਹਰਿਆਣਾ ਤੇ ਉਤਰ ਪ੍ਰਦੇਸ ਤੋਂ ਕਿਸਾਨਾਂ ਨੇ ਮੋਰਚਿਆਂ ਵਿੱਚ ਵੱਡੀ ਪੱਧਰ ‘ਤੇ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ ਹੈ।

## ਬਜਟ ‘ਚ ਅੰਕੜਿਆਂ ਨੂੰ ਘੁਮਾਇਆ ਗਿਆ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਬਜਟ 2021-22 ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੀਨ ਤੇ ਪਾਕਿਸਤਾਨ ਵੱਲੋਂ ਸਰਹੱਦਾਂ ‘ਤੇ ਵਧਦੇ ਖਤਰੇ ਦੇ ਬਾਵਜੂਦ ਰੱਖਿਆ ਜਿਹੇ ਮਹੱਤਵਪੂਰਨ ਖੇਤਰ ਨੂੰ ਵੀ ਬਣਦਾ ਹਿੱਸਾ ਨਹੀਂ ਮਿਲਿਆ। ਇਸੇ ਤਰ੍ਹਾਂ ਕੋਵਿਡ ਸੰਕਟ ਦੌਰਾਨ ਵੀ ਸਿਹਤ ਖੇਤਰ ‘ਚ ਬਜਟ ਦੀ ਵੰਡ ਘੱਟ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿਚ ਕੋਵਿਡ ਦੇ ਟੀਕਾਕਰਨ ਅਤੇ ਸੈਨੀਟੇਸ਼ਨ ਲਈ ਰੱਖੇ 35000 ਕਰੋੜ ਰੁਪਏ ਨੂੰ ਪ੍ਰੋਜੈਕਟ ‘ਚ ਸ਼ਾਮਲ ਕਰ ਕੇ ਅੰਕੜਿਆਂ ਨੂੰ ਘੁਮਾਇਆ ਗਿਆ ਹੈ ਜਦੋਂ ਕਿ ਅਸਲ ਵਿਚ ਸਿਹਤ ਦਾ ਬਜਟ 10 ਫੀਸਦੀ ਘਟਿਆ ਹੈ।

## ਕਿਸਾਨ, ਗਰੀਬ ਅਤੇ ਆਮ ਆਦਮੀ ਵਿਰੋਧੀ ਹੈ ਬਜਟ: ਸੁਖਬੀਰ ਸਿੰਘ ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 2021 ਦਾ ਕੇਂਦਰੀ ਬਜਟ ਕਿਸਾਨ, ਗਰੀਬ ਤੇ ਆਮ ਆਦਮੀ ਵਿਰੋਧੀ ਹੈ ਅਤੇ ਇਸ ਵਿਚ ਸਾਰਾ ਜ਼ੋਰ ਦੇਸ਼ ਦੀਆਂ ਜਾਇਦਾਦਾਂ ਸਰਕਾਰ ਦੇ ਚਹੇਤੇ ਸਰਮਾਏਦਾਰਾਂ ਨੂੰ ਵੇਚਣ ‘ਤੇ ਦਿੱਤਾ ਗਿਆ ਹੈ। ਕੇਂਦਰੀ ਬਜਟ ‘ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਬਜਟ ਵਿਚ ਤਿੰਨ ਖੇਤੀ ਕਾਨੂੰਨਾਂ ਦਾ ਸ਼ਾਂਤੀਪੂਰਨ ਢੰਗ ਨਾਲ ਵਿਰੋਧ ਕਰ ਰਹੇ ਪੰਜਾਬੀਆਂ ਨੂੰ ਸਜ਼ਾ ਦਿੱਤੀ ਗਈ ਹੈ ਕਿਉਂਕਿ ਇਸ ਵਿਚ ਸੂਬੇ ਵਾਸਤੇ ਕੁਝ ਵੀ ਨਹੀਂ ਰੱਖਿਆ ਗਿਆ ਹੈ।

## ਕਿਸਾਨ ਅਕਤੂਬਰ ਤੱਕ ਦਿੱਲੀ ਮੋਰਚਿਆਂ 'ਤੇ ਡਟਣ ਲਈ ਤਿਆਰ ਰਹਿਣ: ਟਿਕੈਤ

**ਗਾਜੀਪੁਰ:** ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਆਪਣਾ ਸਟੈਂਡ ਸਖਤ ਕਰਦਿਆਂ ਐਲਾਨ ਕੀਤਾ ਹੈ ਕਿ ਕਿਸਾਨ ਯੂਨੀਅਨਾਂ ਕਈ ਮਹੀਨਿਆਂ ਤੱਕ ਧਰਨਿਆਂ 'ਤੇ ਬੈਠਣ ਲਈ ਤਿਆਰ ਹਨ। ਟਿਕੈਤ ਨੇ ਸਾਰੇ ਬਾਰਡਰਾਂ 'ਤੇ ਕੰਡਿਆਲੀ ਤਾਰਾਂ ਲਾਉਣ, (ਪੀ. ਏ. ਸੀ.) ਤੇ ਰੈਪਿਡ ਐਕਸ਼ਨ ਫੋਰਸ (ਆਰ. ਏ. ਐਫ.) ਦੀ ਤਾਇਨਾਤੀ 'ਤੇ ਪ੍ਰਤੀਕ੍ਰਿਆ ਜ਼ਾਹਰ ਕਰਦਿਆਂ ਕਿਹਾ, "ਅਸੀਂ (ਕਿਸਾਨ ਆਗੂ) ਪਿਛਲੇ 35 ਸਾਲਾਂ ਤੋਂ ਕਹਿੰਦੇ ਆ ਰਹੇ ਹਾਂ ਕਿ ਅਸੀਂ ਸੰਸਦ ਦਾ ਘਿਰਾਓ ਕਰਾਂਗੇ, ਪਰ ਕੀ ਅਸੀਂ ਕਦੇ ਅਜਿਹਾ ਕੀਤਾ? ਤਾਂ ਪੁਲਿਸ ਨੇ ਇਹ ਸਭ ਕਿਉਂ ਕੀਤਾ ਹੈ?" ਇਹ ਤਾਰਾਂ ਕਿਸਾਨ ਤੋਂ ਰੋਟੀ ਖੋਹਣ ਲਈ ਲਗਾਈਆਂ ਹਨ। ਕੱਲ੍ਹ ਸਾਡੀ ਜਮੀਨ ਦੀ ਤਾਰਬੰਦੀ ਕਾਰਪੋਰੇਟਸ ਦੀ ਮਦਦ ਨਾਲ ਕੀਤੀ ਜਾਵੇਗੀ। ਮੈਂ ਸਟੇਜ ਤੋਂ ਫਿਰ ਕਹਾਂਗਾ ਕਿ ਬਿੱਲ ਵਾਪਸੀ ਤਾਂ ਹੀ ਘਰ ਵਾਪਸੀ। ਸਾਰੇ ਅਕਤੂਬਰ ਤੱਕ ਧਰਨਿਆਂ 'ਤੇ ਡਟਣ ਲਈ ਤਿਆਰ ਰਹਿਣ।"

## Public Notice

### Change of Name

**This is to certify that I Gurdeep Singh Gill, son of Balvir Singh resident of Ena Bajwa,Tehsil: Dhuri, Distt:Sangrur, Punjab, India, now living at 7247 Josiah court, Indianapolis, IN 46259, have changed my name to Gurdeep Singh. All concerned please note.**

# ਪੰਜਾਬ ਸਰਕਾਰ ਨੇ ਅਮਿਤ ਸ਼ਾਹ ਕੋਲ ਚੁੱਕਿਆ ਲਾਪਤਾ ਨੌਜਵਾਨਾਂ ਦਾ ਮੁੱਦਾ

**ਨਵੀਂ ਦਿੱਲੀ:** ਦਿੱਲੀ ਵਿਚ ਟਰੈਕਟਰ ਪਰੇਡ ਦੌਰਾਨ ਲਾਪਤਾ ਹੋਏ ਵਿਅਕਤੀਆਂ ਦੀ ਭਾਲ ਸਬੰਧੀ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ, ਸੰਸਦ ਮੈਂਬਰ ਮਨੀਸ਼ ਤਿਵਾੜੀ ਤੇ ਵਿਧਾਇਕ ਡਾ. ਰਾਜ ਕੁਮਾਰ ਵੱਲੋਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਨਵੀਂ ਦਿੱਲੀ 'ਚ ਮੁਲਾਕਾਤ ਕੀਤੀ ਗਈ।

ਮੀਟਿੰਗ ਉਪਰੰਤ ਸ੍ਰੀ ਰੰਧਾਵਾ ਨੇ ਦੱਸਿਆ ਕਿ ਦਿੱਲੀ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਪੰਜਾਬੀ ਨੌਜਵਾਨਾਂ ਦੇ ਕੇਸ ਲੜਨ ਲਈ 40 ਵਕੀਲਾਂ ਦੀ ਟੀਮ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਵਕੀਲਾਂ ਦੀ ਇਹ ਟੀਮ ਗ੍ਰਿਫਤਾਰ ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਰਾਬਤਾ ਕਰੇਗੀ ਤੇ ਕੇਸਾਂ ਦੀ ਮੁਫਤ ਕਾਨੂੰਨੀ ਪੈਰਵੀ ਕਰੇਗੀ। ਮੰਤਰੀਆਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਮੀਟਿੰਗ ਲਈ ਸਮਾਂ ਲਿਆ ਗਿਆ। ਸ੍ਰੀ ਰੰਧਾਵਾ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਮੀਟਿੰਗ ਦੌਰਾਨ ਜਾਣਕਾਰੀ ਦਿੱਤੀ ਗਈ ਕਿ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਸੂਚੀ ਗ੍ਰਹਿ ਮੰਤਰਾਲੇ ਵੱਲੋਂ ਵੈੱਬਸਾਇਟ 'ਤੇ ਪਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਜੇਕਰ ਪੰਜਾਬ ਸਰਕਾਰ ਵੱਲੋਂ ਵਿਅਕਤੀਆਂ ਦੇ ਲਾਪਤਾ ਹੋਣ ਬਾਰੇ ਕੋਈ ਹੋਰ ਸੂਚੀ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਉਨ੍ਹਾਂ ਦਾ ਪਤਾ ਲਗਾਉਣ ਲਈ ਕੇਂਦਰ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ।

## ਕਿਸਾਨਾਂ ਵੱਲੋਂ 6 ਫਰਵਰੀ ਨੂੰ ਦੇਸ਼ ਭਰ 'ਚ ਚੱਕਾ ਜਾਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਬਜਟ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਸੰਯੁਕਤ ਕਿਸਾਨ ਮੋਰਚੇ ਨੇ ਖੇਤੀ ਕਾਨੂੰਨਾਂ ਦੇ ਵਿਰੋਧ, ਮੋਰਚਿਆਂ ਵਾਲੀਆਂ ਥਾਵਾਂ ਨੂੰ ਸੁਰੱਖਿਆ ਬਲਾਂ ਵੱਲੋਂ ਘੇਰਨ, ਇੰਟਰਨੈੱਟ, ਬਿਜਲੀ, ਪਾਣੀ ਅਤੇ ਹੋਰ ਸਹੂਲਤਾਂ ਬੰਦ ਕਰਨ ਖਿਲਾਫ 6 ਫਰਵਰੀ ਨੂੰ ਦੇਸ਼ ਭਰ ਵਿਚ ਦੁਪਹਿਰ 12 ਤੋਂ ਲੈ ਕੇ 3 ਵਜੇ ਤੱਕ ਕੌਮੀ ਮਾਰਗਾਂ ਨੂੰ ਜਾਮ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਮੁਤਾਬਕ ਸਰਕਾਰ ਅੰਦੋਲਨ ਨੂੰ ਦਬਾਉਣ ਲਈ ਹਰ ਹੱਥਕੰਡਾ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਪੁਲਿਸ ਟਰੈਕਟਰ ਰੈਲੀ ਦੌਰਾਨ ਜ਼ਬਤ ਕੀਤੇ ਗਏ ਟਰੈਕਟਰਾਂ ਅਤੇ ਹੋਰ ਵਾਹਨਾਂ ਬਾਰੇ ਨਹੀਂ ਦੱਸ ਰਹੀ ਹੈ। ਉਨ੍ਹਾਂ ਕੇਂਦਰ ਵੱਲੋਂ ਧਰਨੇ ਵਾਲੀਆਂ ਥਾਵਾਂ ਦੀਆਂ ਸਹੂਲਤਾਂ ਬੰਦ ਕਰਨ ਦੀ ਵੀ ਨਿੰਦਾ ਕੀਤੀ। ਡਾ. ਦਰਸ਼ਨਪਾਲ ਨੇ ਕਿਹਾ ਕਿ ਪੰਜਾਬ ਮੇਲ ਦਾ ਰੂਟ ਤਾਂ ਬਦਲਿਆ ਹੀ ਗਿਆ, ਨਾਲ ਹੀ ਦੋ ਰੇਲ ਗੱਡੀਆਂ ਰੋਹਤਕ ਤੱਕ ਹੀ ਸਮਾਪਤ ਕਰ ਦਿੱਤੀਆਂ ਗਈਆਂ ਜਿਸ ਕਾਰਨ ਹਜ਼ਾਰਾਂ ਕਿਸਾਨਾਂ ਨੂੰ ਮੋਰਚਿਆਂ ਉਪਰ ਜਾਣਾ ਔਖਾ ਹੋਇਆ।

## ਹੁਣ ਆਨਲਾਈਨ ਬੁੱਕ ਕਰਵਾਏ ਜਾ ਸਕਣਗੇ ਅਖੰਡ ਪਾਠ

**ਅੰਮ੍ਰਿਤਸਰ:** ਦੇਸ਼ ਵਿਦੇਸ਼ ਵਿਚ ਬੈਠੀ ਸਿੱਖ ਸੰਗਤ ਦਰਬਾਰ ਸਾਹਿਬ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਹੋਰ ਗੁਰਦੁਆਰਿਆਂ ਵਿਚ ਅਖੰਡ ਪਾਠ ਦੀ ਬੁਕਿੰਗ ਹੁਣ ਆਨਲਾਈਨ ਕਰਵਾ ਸਕੇਗੀ। ਇਸ ਤੋਂ ਇਲਾਵਾ ਰਾਗੀ ਜਥਿਆਂ ਦੀਆਂ ਸੇਵਾਵਾਂ ਵੀ ਆਨਲਾਈਨ ਬੁੱਕ ਕਰਵਾਈਆਂ ਜਾ ਸਕਣਗੀਆਂ। ਇਹ ਸਹੂਲਤਾਂ ਸ਼੍ਰੋਮਣੀ ਕਮੇਟੀ ਦੀ ਨਵੀਂ ਸ਼ੁਰੂ ਕੀਤੀ ਗਈ ਵੈਬਸਾਈਟ 'ਤੇ ਉਪਲਬਧ ਹੋਣਗੀਆਂ। ਇਸ ਵੇਲੇ ਵੈਬਸਾਈਟ 'ਤੇ ਜੇ ਕੋਈ ਸ਼ਰਧਾਲੂ ਅਖੰਡ ਪਾਠ ਦੀ ਬੁਕਿੰਗ ਕਰਵਾਉਂਦਾ ਹੈ, ਤਾਂ ਫਿਲਹਾਲ ਉਸ ਦਾ ਨਾਂ, ਪਤਾ ਆਦਿ ਦਰਜ ਕੀਤਾ ਜਾ ਰਿਹਾ ਹੈ ਅਤੇ ਇਹ ਕਿਹਾ ਜਾ ਰਿਹਾ ਹੈ ਕਿ ਜਲਦੀ ਹੀ ਉਸ ਨਾਲ ਨੁਮਾਇੰਦਾ ਸੰਪਰਕ ਕਰੇਗਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਜਲਦੀ ਹੀ ਸੰਗਤ ਇਸ ਵੈੱਬਸਾਈਟ ਰਾਹੀਂ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਸਕੇਗੀ।

## Matrimonials

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

ਪੰਜਾਬ ਟਾਈਮਜ਼


### ਲੜਕੇ ਦੀ ਲੋੜ ਹੈ

PhD, Beautiful Sikh Ahluwalia girl likely to settle abroad 1986, 5'-5" looking for a well educated and NRI match working in MNC or reputed place. Holds the US visitor visa. Brother works in the US. +91-97798-08043, +1-650-417-8804 3-6

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color & Style



We Specialize in Bridal & Henna


85-03 Roosevelt Ave, Jackson Heights, NY 11373
Ph: 718-205-7832

LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English

ਕਿਚਨ ਹੈਲਪਰ ਦੀ ਲੋੜ ਹੈ

ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ
ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ
ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
sami_lal@yahoo.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568

Email: Homeomedicine@yahoo.com

# ਰਾਕੇਸ਼ ਟਿਕੈਤ ਦੀ ਭਾਵੁਕ ਅਪੀਲ ਨੇ ਮੋਰਚੇ ਵਿਚ ਭਰਿਆ ਨਵਾਂ ਜੋਸ਼

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਪ੍ਰਸ਼ਾਸਨ ਵੱਲੋਂ 26 ਜਨਵਰੀ ਦੀ ਘਟਨਾ ਮਗਰੋਂ ਗਾਜ਼ੀਪੁਰ-ਦਿੱਲੀ ਸਰਹੱਦ 'ਤੇ ਲੱਗੇ ਕਿਸਾਨ ਧਰਨੇ ਨੂੰ ਚੁੱਕਣ ਲਈ ਕੀਤੀਆਂ ਤਿਆਰੀਆਂ ਧਰੀਆਂ-ਧਰਾਈਆਂ ਰਹਿ ਗਈਆਂ। ਬੀ.ਕੇ.ਯੂ. ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਵੱਲੋਂ ਕੀਤੀ ਭਾਵੁਕ ਅਪੀਲ ਰੰਗ ਲਿਆਈ ਤੇ ਵੱਡੀ ਗਿਣਤੀ ਕਿਸਾਨਾਂ ਦੀ ਆਮਦ ਨਾਲ ਗਾਜ਼ੀਪੁਰ ਧਰਨੇ 'ਚ ਮੁੜ ਜੋਸ਼ ਭਰ ਗਿਆ।

ਇਨ੍ਹਾਂ ਵਿਚੋਂ ਵੱਡੀ ਗਿਣਤੀ ਕਿਸਾਨ ਪੱਛਮੀ ਯੂਪੀ ਨਾਲ ਸਬੰਧਤ ਸਨ। ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪਿਛਲੇ ਦੋ ਮਹੀਨਿਆਂ ਤੋਂ ਦਿੱਲੀ-ਮੇਰਠ ਐਕਸਪ੍ਰੈੱਸਵੇਅ 'ਤੇ ਡੇਰੇ ਲਾਈ ਬੈਠੇ ਹਨ। ਇਸ ਦੌਰਾਨ ਹਰਿਆਣਾ ਤੋਂ ਵੱਡੀ ਗਿਣਤੀ ਕਿਸਾਨ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ 'ਤੇ ਚੱਲ ਰਹੇ ਧਰਨਿਆਂ ਵਿਚ ਪੁੱਜ ਗਏ ਹਨ। ਬੀ.ਕੇ.ਯੂ. ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਵੱਲੋਂ ਕੀਤੀ ਭਾਵੁਕ ਅਪੀਲ ਮਗਰੋਂ ਪੱਛਮੀ ਯੂਪੀ ਦੇ ਜ਼ਿਲ੍ਹਿਆਂ- ਮੇਰਠ, ਬਾਗਪਤ, ਬਿਜਨੌਰ, ਮੁਜ਼ੱਫਰਨਗਰ, ਮੁਰਾਦਾਬਾਦ ਤੇ ਬੁਲੰਦਸ਼ਹਿਰ ਤੋਂ ਵੱਡੀ ਗਿਣਤੀ ਕਿਸਾਨ ਯੂਪੀ ਗੇਟ-ਗਾਜ਼ੀਪੁਰ ਬਾਰਡਰ 'ਤੇ ਪੁੱਜ ਰਹੇ ਹਨ। ਯੂਪੀ ਤੇ ਹਰਿਆਣਾ ਤੋਂ ਵੱਡੀ ਕਿਸਾਨਾਂ ਦੀ ਆਮਦ ਨਾਲ ਕਿਸਾਨ ਅੰਦੋਲਨ 'ਚ ਮੁੜ ਰੂਹ ਫੂਕੀ ਗਈ ਹੈ। ਦੱਸਣਾ ਬਣਦਾ ਹੈ ਕਿ 28 ਜਨਵਰੀ ਦੀ ਰਾਤ ਗਾਜ਼ੀਪੁਰ ਸਰਹੱਦ 'ਤੇ ਇਕ ਵਾਰ ਪ੍ਰਦਰਸ਼ਨਕਾਰੀ ਕਿਸਾਨਾਂ ਦੀ ਗਿਣਤੀ ਘਟ ਕੇ 500 ਰਹਿ ਗਈ ਸੀ, ਪਰ ਅੱਧੀ ਰਾਤ ਨੂੰ ਇਕ ਹਜ਼ਾਰ ਦੇ ਕਰੀਬ ਹੋਰ ਕਿਸਾਨਾਂ ਦੇ ਗਾਜ਼ੀਪੁਰ ਧਰਨੇ ਵਿਚ ਸ਼ਾਮਲ ਹੋਣ ਨਾਲ ਕਿਸਾਨੀ ਸੰਘਰਸ਼ ਵਿਚ ਮੁੜ ਜਾਨ ਪੈ ਗਈ ਹੈ। ਉਂਜ ਧਰਨੇ ਦੌਰਾਨ ਆਪਣੇ ਹਮਾਇਤੀਆਂ



'ਚ ਘਿਰੇ ਰਾਕੇਸ਼ ਟਿਕੈਤ ਇਕ ਵਾਰ ਮੁੜ ਕੇਂਦਰ ਬਿੰਦੂ ਵਿਚ ਰਹੇ। ਇਸ ਦੌਰਾਨ ਧਰਨੇ ਵਾਲੀ ਥਾਂ ਤਾਇਨਾਤ ਸੁਰੱਖਿਆ ਬਲਾਂ ਦੀ ਵਾਧੂ ਨਫਰੀ ਵਾਪਸ ਭੇਜ ਦਿੱਤੀ ਗਈ ਹੈ।

ਉਧਰ, ਹਰਿਆਣਾ ਦੇ ਵੱਖ-ਵੱਖ ਹਿੱਸਿਆਂ ਤੋਂ ਕਈ ਕਿਸਾਨ ਮੁੜ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਧਰਨਿਆਂ ਵਿਚ ਪਰਤ ਆਏ। ਕਿਸਾਨਾਂ ਨੇ ਸੰਯੁਕਤ ਮੋਰਚੇ 'ਚ ਸ਼ਾਮਲ ਆਗੂਆਂ ਨੂੰ ਭੇਜੇ ਲੁਕਆਊਟ ਨੋਟਿਸਾਂ ਤੇ ਗਾਜ਼ੀਆਬਾਦ ਪ੍ਰਸ਼ਾਸਨ ਵੱਲੋਂ ਧਰਨਾ ਚੁੱਕਣ ਲਈ ਦਿੱਤੇ ਅਲਟੀਮੇਟਮ ਖਿਲਾਫ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਦਾਅਵਾ ਕੀਤਾ ਕਿ ਲੁੱਕਆਊਟ ਨੋਟਿਸਾਂ ਤੇ ਧਰਨਾ ਚੁੱਕਣ ਦੀਆਂ ਧਮਕੀਆਂ ਨਾਲ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਵਿੱਢਿਆ ਸੰਘਰਸ਼ ਕਮਜ਼ੋਰ ਪੈਣ ਵਾਲਾ ਨਹੀਂ। ਹਰਿਆਣਾ ਨਾਲ ਸਬੰਧਤ ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਜੀਂਦ, ਰੋਹਤਕ, ਕੈਥਲ, ਹਿਸਾਰ, ਭਿਵਾਨੀ ਤੇ ਸੋਨੀਪਤ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾ ਲਏ ਹਨ। ਇਸ ਦੌਰਾਨ ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਦੇ ਮੁਖੀ ਅਜੀਤ ਸਿੰਘ ਦੇ ਪੁੱਤਰ ਤੇ ਪਾਰਟੀ ਦੇ ਉਪ ਪ੍ਰਧਾਨ ਜੈਯੰਤ ਚੌਧਰੀ ਨੇ ਧਰਨੇ ਵਾਲੀ ਥਾਂ ਪਹੁੰਚ ਕੇ ਰਾਕੇਸ਼ ਟਿਕੈਤ ਤੇ ਬੀ.ਕੇ.ਯੂ. ਪ੍ਰਧਾਨ ਨਰੇਸ਼ ਟਿਕੈਤ ਨਾਲ ਮੁਲਾਕਾਤ ਕੀਤੀ। ਚੌਧਰੀ ਨੇ ਇਕ ਟਵੀਟ 'ਚ ਕਿਹਾ, 'ਇਹ ਕਿਸਾਨਾਂ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ, ਪਰ ਚਿੰਤਾ ਦੀ ਕੋਈ ਲੋੜ ਨਹੀਂ। ਅਸੀਂ ਸਾਰਿਆਂ ਨੇ ਇਕਜੁੱਟ ਹੋ ਕੇ ਰਹਿਣਾ ਹੈ....ਇਹ ਚੌਧਰੀ ਸਾਹਿਬ (ਅਜੀਤ ਸਿੰਘ) ਦਾ ਸੁਨੇਹਾ ਹੈ।' ਉਤਰ ਪ੍ਰਦੇਸ਼ ਦੇ ਪੂਰਬੀ ਜ਼ਿਲ੍ਹਿਆਂ ਵਿਚ ਸਰਗਰਮ ਸਮਾਜਿਕ ਸੰਗਠਨ 'ਯੁਵਾ ਚੇਤਨਾ ਮੰਚ' ਨੇ ਵੀ ਬੀ.ਕੇ.ਯੂ. ਨੂੰ ਹਮਾਇਤ ਦਿੱਤੀ ਹੈ। ਸੰਗਠਨ ਦੇ ਕਾਰਕੁਨਾਂ ਨੇ ਬਲੀਆ ਵਿਚ ਧਰਨਾ ਦਿੱਤਾ ਤੇ ਬੀ.ਕੇ.ਯੂ. ਆਗੂ ਰਾਕੇਸ਼ ਟਿਕੈਤ ਨੂੰ ਸਮਰਥਨ ਦਿੱਤਾ। ਗਾਜ਼ੀਪੁਰ ਬਾਰਡਰ 'ਤੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਨੇ ਵੀ ਰਾਕੇਸ਼ ਟਿਕੈਤ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਦਲਿਤ ਸੰਗਠਨ ਕਿਸਾਨ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਮਦਦ ਕਰੇਗਾ।

ਉਧਰ, ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਦਿਆਂ ਮਸਲੇ ਦਾ ਹੱਲ ਚਾਹੁੰਦੇ ਹਨ, ਪਰ ਬੰਦੂਕ ਦੀ ਨੋਕ 'ਤੇ (ਸਰਕਾਰ ਨਾਲ) ਗੱਲਬਾਤ ਨਹੀਂ ਕਰਨਗੇ। ਉਨ੍ਹਾਂ ਕਿਹਾ ਹੈ ਕਿ ਸਰਕਾਰ ਹੁਣ ਵੀ ਮੌਕਾ ਸਾਂਭ ਲਵੇ, ਅਜੇ ਮੰਗ ਕਾਨੂੰਨ ਰੱਦ ਕਰਨ ਦੀ ਹੈ ਪਰ ਅਗਲਾ ਕਦਮ ਸਰਕਾਰ ਨੂੰ ਲਾਂਭੇ ਕਰਨ ਬਾਰੇ ਪੁੱਟਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਾਰਾ ਦੇਸ਼ ਤਿਰੰਗੇ ਨਾਲ ਪਿਆਰ ਕਰਦਾ ਹੈ ਤੇ ਦਿੱਲੀ ਹਿੰਸਾ ਮੌਕੇ ਤਿਰੰਗੇ ਦਾ 'ਨਿਰਾਦਰ' ਕਰਨ ਵਾਲਿਆਂ ਨੂੰ ਕਾਬੂ ਕੀਤਾ ਜਾਵੇ। ਇਸ ਦੌਰਾਨ ਬੀ.ਕੇ.ਯੂ. (ਟਿਕੈਤ) ਦੇ ਪ੍ਰਧਾਨ ਨਰੇਸ਼ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਡਟੇ ਪ੍ਰਦਰਸ਼ਨਕਾਰੀ ਕਿਸਾਨ ਜਿਥੇ ਪ੍ਰਧਾਨ ਮੰਤਰੀ (ਦੇ ਅਹੁਦੇ) ਦੇ ਗੌਰਵ ਦਾ ਸਤਿਕਾਰ ਕਰਨਗੇ, ਉਥੇ ਆਪਣੇ ਸਵੈ-ਮਾਣ ਦੀ ਸੁਰੱਖਿਆ ਲਈ ਵੀ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਸਰਕਾਰ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕਰਕੇ ਗੱਲਬਾਤ ਲਈ ਸਾਜ਼ਗਾਰ ਮਾਹੌਲ ਤਿਆਰ ਕਰੇ। ਉਨ੍ਹਾਂ ਸਾਫ ਕਰ ਦਿੱਤਾ ਕਿ ਉਹ ਦਬਾਅ ਹੇਠ ਜਾਂ ਸ਼ਰਤਾਂ ਤਹਿਤ ਕੀਤੇ ਜਾਣ ਵਾਲੇ ਕਿਸੇ ਵੀ ਸਮਝੌਤੇ ਲਈ ਸਹਿਮਤੀ ਨਹੀਂ ਭਰਨਗੇ।

## ਕਸ਼ਮੀਰ ਵਾਲਾ ਫਾਰਮੂਲਾ ਵਰਤ ਰਹੀ ਮੋਦੀ ਸਰਕਾਰ: ਮਹਿਬੂਬਾ

**ਸ੍ਰੀਨਗਰ:** ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਕਸ਼ਮੀਰੀਆਂ ਨੂੰ ਡਰਾ' ਕੇ ਖਾਮੋਸ਼ ਕਰਨ ਦਾ ਫਾਰਮੂਲਾ ਕਿਸਾਨੀ ਅੰਦੋਲਨ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵਰਤ ਰਹੀ ਹੈ। ਜੰਮੂ ਤੇ ਕਸ਼ਮੀਰ ਸੂਬੇ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਇਕ ਟਵੀਟ 'ਚ ਕਿਹਾ, 'ਭਾਰਤ ਸਰਕਾਰ ਜ਼ਾਲਮਾਨਾ ਕਾਨੂੰਨਾਂ ਰਾਹੀਂ ਕਸ਼ਮੀਰੀਆਂ ਨੂੰ ਡਰਾਉਣ ਦਾ ਫਾਰਮੂਲਾ ਹੁਣ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਲਾਗੂ ਕਰ ਰਹੀ ਹੈ। ਸੀ.ਏ.ਏ. (ਨਾਗਰਿਕਤਾ ਸੋਧ ਐਕਟ) ਹੋਵੇ ਜਾਂ ਫਿਰ ਖੇਤੀ ਕਾਨੂੰਨ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀ, ਸਾਰਿਆਂ ਨੂੰ ਦੇਸ਼ ਵਿਰੋਧੀ ਦੱਸਿਆ ਜਾ ਰਿਹੈ। ਇਨ੍ਹਾਂ ਸ਼ਾਂਤਮਈ ਅੰਦੋਲਨਾਂ ਦਾ ਭੋਗ ਪਾਉਣ ਲਈ ਯੂ.ਏ.ਪੀ.ਏ. ਵਰਗੇ ਕਾਨੂੰਨ ਅਮਲ ਵਿਚ ਲਿਆਂਦੇ ਜਾ ਰਹੇ ਹਨ।' ਮੁਫਤੀ ਨੇ ਕਿਹਾ ਕਿ ਸਰਕਾਰ ਨੂੰ ਇਹ ਤਿੰਨੋਂ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈ ਲੈਣੇ ਚਾਹੀਦੇ ਹਨ।

# ਹਰਿਆਣਾ ਦੀਆਂ ਖਾਪਾਂ ਨੇ ਦਿੱਲੀ ਮੋਰਚੇ ਵੱਲ ਵਹੀਰਾਂ ਘੱਤੀਆਂ

**ਚੰਡੀਗੜ੍ਹ:** ਗਣਤੰਤਰ ਦਿਵਸ ਮੌਕੇ ਕੌਮੀ ਰਾਜਧਾਨੀ ਵਿਚ ਹਿੰਸਾ ਦੀ ਘਟਨਾ ਕਾਰਨ ਲੱਗੇ ਝਟਕੇ ਮਗਰੋਂ ਕਿਸਾਨ ਅੰਦੋਲਨ ਮੁੜ ਉਭਰਨ ਲੱਗਿਆ ਹੈ। ਖੇਤੀ ਕਾਨੂੰਨਾਂ ਖਿਲਾਫ ਲੋਕਾਂ ਨੇ ਭਾਰੀ ਉਤਸ਼ਾਹ ਨਾਲ ਦਿੱਲੀ ਮੋਰਚੇ ਲਈ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਟੋਲ ਪਲਾਜ਼ਿਆਂ 'ਤੇ ਧਰਨੇ ਦਿੱਤੇ ਜਾ ਰਹੇ ਹਨ ਅਤੇ ਕਾਰਪੋਰੇਟ ਘਰਾਣਿਆਂ ਦਾ ਘਿਰਾਓ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਟਰੈਕਟਰਾਂ 'ਤੇ ਸਵਾਰ ਹੋ ਕੇ ਦਿੱਲੀ ਵੱਲ ਵਹੀਰਾਂ ਘੱਤ ਰਹੇ ਹਨ।

ਹਰਿਆਣਾ ਦੀਆਂ ਸਮੁੱਚੀਆਂ ਖਾਪ ਪੰਚਾਇਤਾਂ ਨੇ ਰੋਹਤਕ ਵਿਚ ਬੈਠਕ ਕਰਕੇ ਕਿਸਾਨੀ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਅਤੇ ਹਰ ਇਕ ਪਿੰਡ ਦੇ ਹਰੇਕ ਘਰ ਵਿਚੋਂ ਇਕ ਜੀਅ ਦਿੱਲੀ ਵਿਚ ਕਿਸਾਨ ਅੰਦੋਲਨ 'ਚ ਭੇਜਣ ਦਾ ਫੈਸਲਾ ਕੀਤਾ ਹੈ। ਹਲਕਾ ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਅਤੇ ਸਾਂਗਵਾਨ ਖਾਪ ਦੇ ਪ੍ਰਧਾਨ ਸੋਮਵੀਰ ਸਾਂਗਵਾਨ ਦੀ ਅਗਵਾਈ ਹੇਠ ਖਾਪ ਦੀ ਮੀਟਿੰਗ ਕੀਤੀ ਗਈ। ਸਾਂਗਵਾਨ ਖਾਪ ਨੇ ਕਿਸਾਨੀ ਸੰਘਰਸ਼ ਦੀ ਹਰ ਪੱਖੋਂ ਹਮਾਇਤ ਕਰਨ ਦਾ ਐਲਾਨ




ਕੀਤਾ ਹੈ। ਸੋਮਵੀਰ ਸਾਂਗਵਾਨ ਨੇ ਕਿਹਾ ਕਿ ਖੇਤੀ ਕਾਨੂੰਨ ਕਿਸਾਨ ਵਿਰੋਧੀ ਹਨ, ਇਸ ਲਈ ਕੇਂਦਰ ਸਰਕਾਰ ਵੱਲੋਂ ਕਰੋਨਾ ਕਾਲ ਦੌਰਾਨ ਇਨ੍ਹਾਂ ਨੂੰ ਜਬਰੀ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਖਾਪ ਪੰਚਾਇਤਾਂ ਵੱਲੋਂ ਰੋਜ਼ਾਨਾ 10 ਹਜ਼ਾਰ ਵਿਅਕਤੀ ਦਿੱਲੀ ਬਾਰਡਰ 'ਤੇ ਭੇਜੇ ਜਾਣਗੇ। ਸ੍ਰੀ ਸਾਂਗਵਾਨ ਨੇ ਦੱਸਿਆ ਕਿ ਇਹ ਅੰਦੋਲਨ ਕਿਸੇ ਜਾਤ-ਬਰਾਦਰੀ ਦਾ ਨਹੀਂ ਹੈ, ਇਹ ਜਨ ਅੰਦੋਲਨ ਹੈ, ਜਿਸ ਵਿਚ ਹਰੇਕ ਤਬਕੇ ਦੇ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।

## ਅਭੈ ਚੌਟਾਲਾ ਗਾਜ਼ੀਪੁਰ ਬਾਰਡਰ 'ਤੇ ਪੁੱਜੇ

ਕਿਸਾਨੀ ਸੰਘਰਸ਼ ਵਿਚ ਸਿਰਫ ਕਿਸਾਨ ਜਥੇਬੰਦੀਆਂ ਦੇ ਆਗੂ ਹੀ ਨਹੀਂ, ਰਾਜਨੀਤਕ ਦਲ ਵੀ ਸਿਆਸਤ ਤੋਂ ਉਪਰ ਉਠ ਕੇ ਦਿੱਲੀ ਪਹੁੰਚ ਰਹੇ ਹਨ। ਇਨੈਲੋ ਦੇ ਸੀਨੀਅਰ ਆਗੂ ਅਤੇ ਖੇਤੀ ਕਾਨੂੰਨ ਵਿਰੋਧ ਵਿਚ ਅਸਤੀਫਾ ਦੇਣ ਵਾਲੇ ਅਭੈ ਚੌਟਾਲਾ ਵੀ ਕਿਸਾਨਾਂ ਦੀ ਹਮਾਇਤ ਵਿਚ ਸੂਬੇ ਵਿਚ ਟਰੈਕਟਰ ਮਾਰਚ ਕੱਢਦੇ ਹੋਏ ਗਾਜ਼ੀਪੁਰ ਬਾਰਡਰ 'ਤੇ ਪਹੁੰਚ ਗਏ ਹਨ। ਇਹ ਟਰੈਕਟਰ ਮਾਰਚ ਅੰਬਾਲਾ ਤੋਂ ਸ਼ੁਰੂ ਹੋ ਕੇ ਕਰਨਾਲ, ਕੁਰੂਕਸ਼ੇਤਰ, ਪਾਣੀਪਤ ਅਤੇ ਸੋਨੀਪਤ ਤੋਂ ਹੁੰਦਿਆਂ ਗਾਜ਼ੀਪੁਰ ਪਹੁੰਚਿਆ। ਇਸ ਦੌਰਾਨ ਅਭੈ ਚੌਟਾਲਾ ਨੇ ਕਿਹਾ ਕਿ ਖੇਤੀ ਕਾਨੂੰਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਤਿਆਰ ਕੀਤੇ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਤਿੰਨੇ ਕਾਨੂੰਨ ਰੱਦ ਕੀਤੇ ਜਾਣ।

## ਨਵੇਂ ਕਾਨੂੰਨ ਖੇਤੀਬਾੜੀ ਸੈਕਟਰ ਦਾ ਲੱਕ ਤੋੜ ਦੇਣਗੇ: ਅਰੁੰਧਤੀ ਰਾਏ

**ਪੁਣੇ:** ਪ੍ਰਸਿੱਧ ਨਾਵਲਕਾਰ ਅਤੇ ਨਿਬੰਧਕਾਰ ਅਰੁੰਧਤੀ ਰਾਏ ਨੇ ਦਿੱਲੀ ਦੀਆਂ ਹੱਦਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਹੱਕ ਨਿੱਤਰਦਿਆਂ ਕਿਹਾ ਕਿ ਨਵੇਂ ਖੇਤੀ ਕਾਨੂੰਨ, ਜਿਨ੍ਹਾਂ ਦਾ ਵਿਰੋਧ ਕਰ ਰਹੇ ਹਨ, ਸਿਰਫ ਕਾਰਪੋਰੇਟ ਸੈਕਟਰ ਲਈ ਮਦਦਗਾਰ ਸਾਬਤ ਹੋਣਗੇ। ਐਲਗਾਰ ਪਰਿਸ਼ਦ ਦੇ ਸਮਾਗਮ 'ਚ ਬੋਲਦਿਆਂ ਅਰੁੰਧਤੀ ਨੇ ਕੁੱਝ ਕਾਨੂੰਨਾਂ ਅਤੇ ਤਾਲਾਬੰਦੀ ਨੂੰ ਲੈ ਕੇ ਕੇਂਦਰ ਅਤੇ ਵੱਖ-ਵੱਖ ਸੂਬਿਆਂ ਵਿਚਲੀਆਂ ਭਾਜਪਾ ਸਰਕਾਰਾਂ ਦੀ ਨਿਖੇਧੀ ਵੀ ਕੀਤੀ।

'ਮੈਨ ਬੁੱਕਰ' ਐਵਾਰਡ ਜੇਤੂ ਲੇਖਿਕਾ ਅਰੁੰਧਤੀ ਰਾਏ ਨੇ ਕਿਹਾ, 'ਕਿਸਾਨਾਂ ਨਾਲ ਖੜ੍ਹਨਾ ਸਾਡੇ ਲਈ ਬਹੁਤ ਅਹਿਮ ਹੈ।' ਕੇਂਦਰ ਸਰਕਾਰ 'ਤੇ ਪ੍ਰਦਰਸ਼ਨ ਨੂੰ ਖਿੰਡਾਉਣ ਦੀ ਕੋਸ਼ਿਸ਼ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ, 'ਨਵੇਂ ਕਾਨੂੰਨ ਖੇਤੀ ਸੈਕਟਰ ਦਾ ਲੱਕ ਤੋੜ ਦੇਣਗੇ ਅਤੇ ਕੰਟਰੋਲ ਕਾਰਪੋਰੇਟਾਂ ਦੇ ਹੱਥ 'ਚ ਦੇ ਦੇਣਗੇ।' ਰਾਏ ਨੇ ਦੋਸ਼ ਲਾਇਆ, 'ਤਾਲਾਬੰਦੀ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਜਦਕਿ ਉਦਯੋਗਪਤੀਆਂ ਦੀ ਦੌਲਤ 'ਚ 35 ਫੀਸਦੀ ਵਾਧਾ ਹੋਇਆ।' ਉਨ੍ਹਾਂ ਨੇ ਸੁਧਾ ਭਾਰਦਵਾਜ ਸਣੇ ਜੇਲ੍ਹਾਂ 'ਚ ਬੰਦ ਹੋਰ ਕਾਰਕੁਨਾਂ ਦੀ ਰਿਹਾਈ ਦੀ ਮੰਗ ਵੀ ਕੀਤੀ।

# ਹਰਿਆਣਾ ਅਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਫਿਕਰਮੰਦੀ ਵਧੀ

**ਚੰਡੀਗੜ੍ਹ:** ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਪੱਛਮੀ ਹਿੱਸਿਆਂ ਦੇ ਜਾਟ ਵੱਸੋਂ ਵਾਲੇ ਇਲਾਕਿਆਂ ਵਿਚ ਰਹਿੰਦੇ 'ਜਾਟ' ਕਿਸਾਨਾਂ ਦੇ ਮਨੋਵਿਗਿਆਨ ਨੂੰ ਭਾਜਪਾ ਸਮਝਣ ਵਿਚ ਨਾਕਾਮ ਰਹੀ ਹੈ। ਇਨ੍ਹਾਂ ਦੋਵੇਂ ਖੇਤਰਾਂ ਵਿਚ ਜਾਟ ਭਾਈਚਾਰੇ ਦੀ ਆਪਸੀ ਸਾਂਝ ਚਿਰਸਥਾਈ ਹੈ ਅਤੇ ਸਿਆਸੀ ਸਮੀਕਰਣ ਘੜਨ ਵਿਚ ਇਹ ਭਾਈਚਾਰਕ ਸਾਂਝ ਖਾਸੀ ਅਸਰਦਾਰ ਰਹੀ ਹੈ। ਇਨ੍ਹਾਂ ਰਾਜਾਂ ਵਿਚ ਖਾਪ ਪੰਚਾਇਤਾਂ ਦਾ ਅਸਰ ਭਾਵੇਂ ਹੁਣ ਘੱਟ ਗਿਆ ਹੈ ਪਰ ਮੌਜੂਦਾ ਪੀੜ੍ਹੀ ਤੇ ਇਸ ਤੋਂ ਪਿਛਲੀ ਪੀੜ੍ਹੀ ਵਿਚ ਅਜੇ ਵੀ ਰੋਟੀ-ਬੇਟੀ ਦੇ ਰਿਸ਼ਤਿਆਂ ਦੀ ਛਾਪ ਨਜ਼ਰ ਆਉਂਦੀ ਹੈ। ਬਾਗਪਤ, ਮੇਰਠ ਅਤੇ ਮੁਜ਼ੱਫਰਨਗਰ ਦੇ ਇਲਾਕਿਆਂ ਦਾ ਇਤਿਹਾਸ ਸੰਘਰਸ਼ ਦੀ ਪਛਾਣ ਰਿਹਾ ਹੈ। ਉਧਰ, ਹਰਿਆਣਾ ਦੇ ਜਾਟ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਖਾਸੇ ਖਫਾ ਹਨ। ਇਸੇ ਕਰਕੇ ਦੋਵੇਂ ਰਾਜਾਂ ਦੇ ਕਿਸਾਨ ਵੱਡੀ ਗਿਣਤੀ ਵਿਚ ਘਰਾਂ ਤੋਂ ਬਾਹਰ ਨਿਕਲ ਆਏ ਹਨ।

ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਹਿੱਸਾ ਲੈਣ ਲਈ ਹਰਿਆਣਾ ਦੀਆਂ ਖਾਪ ਪੰਚਾਇਤਾਂ ਨੇ ਵੀ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਬਾਰਡਰਾਂ ਵੱਲ ਵਹੀਰਾਂ ਘੱਤ ਦਿੱਤੀਆਂ ਹਨ। ਸੂਬੇ ਤੋਂ ਹਜ਼ਾਰਾਂ ਗੱਡੀਆਂ ਦੇ ਕਾਫਲੇ ਸਿੰਘੂ ਅਤੇ ਟਿਕਰੀ ਬਾਰਡਰ ਵੱਲ ਰਵਾਨਾ ਹੋ ਰਹੇ ਹਨ। ਕਿਸਾਨੀ ਘੋਲ ਨੂੰ ਮਜ਼ਬੂਤ ਕਰਨ ਲਈ ਖਾਪ ਪੰਚਾਇਤਾਂ ਨੇ ਪਿੰਡ ਪੱਧਰ 'ਤੇ ਕਮੇਟੀਆਂ ਬਣਾ ਦਿੱਤੀਆਂ ਹਨ ਜਿਨ੍ਹਾਂ ਵੱਲੋਂ ਰੋਜ਼ਾਨਾ ਸੈਂਕੜੇ ਵਾਹਨ ਦਿੱਲੀ ਵੱਲ ਰਵਾਨਾ ਕੀਤੇ ਜਾਣਗੇ।

ਹਰਿਆਣਾ ਦੀਆਂ ਖਾਪਾਂ ਵੱਲੋਂ ਸਾਂਝੇ ਤੌਰ 'ਤੇ ਮੀਟਿੰਗ ਤੋਂ ਬਾਅਦ ਆਪੋ-ਆਪਣੇ ਇਲਾਕਿਆਂ ਵਿਚ ਮਹਾਪੰਚਾਇਤਾਂ ਸੱਦੀਆਂ ਜਾ ਰਹੀਆਂ ਹਨ ਅਤੇ ਕਿਸਾਨੀ ਸੰਘਰਸ਼ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਸਰਵ ਜਾਤੀ ਕੰਡੇਲਾ ਖਾਪ ਨੇ 3 ਫਰਵਰੀ ਨੂੰ ਜੀਂਦ ਵਿਚ ਮਹਾਪੰਚਾਇਤ ਸੱਦੀ। ਕੰਡੇਲਾ ਖਾਪ ਦੇ ਪ੍ਰਧਾਨ ਟੇਕਰਾਮ ਕੰਡੇਲਾ ਨੇ ਦੱਸਿਆ ਕਿ ਮਹਾਪੰਚਾਇਤ ਵਿਚ ਕਿਸਾਨੀ ਸੰਘਰਸ਼ ਨੂੰ ਮਜ਼ਬੂਤ



ਕਰਨ ਲਈ ਨਵੀਂ ਰਣਨੀਤੀ ਤਿਆਰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕੰਡੇਲਾ ਖਾਪ ਵੱਲੋਂ ਪਹਿਲੇ ਦਿਨ ਤੋਂ ਟਿਕਰੀ ਬਾਰਡਰ 'ਤੇ ਕਿਸਾਨੀ ਸੰਘਰਸ਼ ਵਿਚ ਹਿੱਸਾ ਲਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਤਿੰਨੋਂ ਖੇਤੀ ਕਾਨੂੰਨ ਰੱਦ ਕਰਕੇ ਐਮ.ਐਸ.ਪੀ. 'ਤੇ ਯਕੀਨਨ ਖਰੀਦ ਵਾਲਾ ਕਾਨੂੰਨ ਲੈ ਕੇ ਆਵੇ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਦੀ ਰਿਪੋਰਟ ਲਾਗੂ ਕੀਤੀ ਜਾਵੇ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣ। ਕੰਡੇਲਾ ਖਾਪ ਦੇ ਪ੍ਰਧਾਨ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਅਤੇ ਸਾਂਗਵਾਨ ਖਾਪ ਦੇ ਪ੍ਰਧਾਨ ਸੋਮਵੀਰ ਸਾਂਗਵਾਨ ਦੀ ਅਗਵਾਈ ਹੇਠ ਹਜ਼ਾਰਾਂ ਵਾਹਨਾਂ ਦਾ ਕਾਫਲਾ ਕੌਮੀ ਰਾਜਧਾਨੀ ਵੱਲ ਰਵਾਨਾ ਕੀਤਾ ਗਿਆ। ਸ੍ਰੀ ਸਾਂਗਵਾਨ ਸਿੰਘੂ ਬਾਰਡਰ 'ਤੇ ਵੀ ਗਏ ਜਿਥੇ ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਵਤੀਰੇ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੀ ਸ਼ੁਰੂਆਤ ਪੰਜਾਬ ਨੇ ਕੀਤੀ ਸੀ ਪਰ ਹੁਣ ਹਰਿਆਣਾ ਵੀ ਪਿੱਛੇ ਨਹੀਂ ਹਟੇਗਾ ਅਤੇ ਸੰਘਰਸ਼ ਦੇ ਅਖੀਰ ਤੱਕ ਹਰਿਆਣਾ ਦਾ ਹਰ ਜੀਅ ਕਿਸਾਨ ਸੰਘਰਸ਼ ਵਿਚ ਡਟਿਆ ਰਹੇਗਾ।

# ਸਿਆਸੀ ਧਿਰਾਂ ਵੱਲੋਂ ਕਿਸਾਨਾਂ ਦੀ ਹਮਾਇਤ ਲਈ ਸਾਂਝੇ ਯਤਨਾਂ ਦੀ ਕਵਾਇਦ

**ਚੰਡੀਗੜ੍ਹ:** ਭਾਜਪਾ ਨੂੰ ਛੱਡ ਕੇ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਖੇਤੀ ਕਾਨੂੰਨਾਂ ਵਿਰੁੱਧ ਸਾਂਝਾ ਖੜ੍ਹਾ ਬਣਾ ਕੇ ਕਿਸਾਨ ਸੰਘਰਸ਼ ਦੀ ਬਿਨਾਂ ਸ਼ਰਤ ਹਮਾਇਤ ਕਰਨ ਲਈ ਯਤਨ ਕਰ ਰਹੀਆਂ ਹਨ ਤੇ ਮੁੱਖ ਮੰਤਰੀ ਪੰਜਾਬ ਵਲੋਂ ਸੱਦੀ ਸਰਬ ਪਾਰਟੀ ਮੀਟਿੰਗ ਵਿਚ ਵੀ ਇਹ ਮੁੱਦਾ ਵਿਚਾਰਿਆ ਗਿਆ। ਪਤਾ ਲੱਗਾ ਹੈ ਕਿ ਵੱਖ-ਵੱਖ ਪਾਰਟੀਆਂ ਦੇ ਆਗੂਆਂ ਅੰਦਰ ਕਈ ਦਿਨਾਂ ਤੋਂ ਇਹ ਵਿਚਾਰ ਚਰਚਾ ਚੱਲ ਰਹੀ ਸੀ ਕਿ ਜਦ ਦੇਸ਼ ਦਾ ਕਿਸਾਨ ਲੜਾਈ ਲੜ ਰਿਹਾ ਹੈ ਤਾਂ ਸਿਆਸੀ ਪਾਰਟੀ ਦਾ ਵੀ ਇਹ ਫਰਜ਼ ਬਣਦਾ ਹੈ ਕਿ ਜਮਹੂਰੀ ਢੰਗ ਨਾਲ ਲੜੇ ਜਾ ਰਹੇ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਬਿਨਾਂ ਸ਼ਰਤ ਹਮਾਇਤ ਲਈ ਸਾਂਝਾ ਪਲੇਟਫਾਰਮ ਬਣਨ।



ਅਜਿਹੇ ਆਗੂਆਂ ਦਾ ਵਿਚਾਰ ਹੈ ਕਿ ਸਿਆਸੀ ਪਾਰਟੀਆਂ ਦਾ ਬਣਨ ਵਾਲਾ ਇਹ ਪਲੇਟਫਾਰਮ ਆਪਣੇ ਸਭ ਮਤਭੇਦ ਪਾਸੇ ਰੱਖਦਿਆਂ ਸਿਰਫ ਕਿਸਾਨ ਸੰਘਰਸ਼ ਦੀ ਹਮਾਇਤ ਤੱਕ ਹੀ ਸੀਮਤ ਰਹੇ। ਕਾਂਗਰਸ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਪਹਿਲਾਂ ਵੀ ਕਿਸਾਨ ਸੰਘਰਸ਼ ਦੇ ਹੱਕ 'ਚ ਡਟੀ ਹੋਈ ਹੈ ਤੇ ਸਾਂਝੇ ਤੌਰ ਉਤੇ ਚੱਲਣ ਲਈ ਹੀ ਮੁੱਖ ਮੰਤਰੀ ਵਲੋਂ ਮੀਟਿੰਗ ਸੱਦੀ ਸੀ। ਸੀ.ਪੀ.ਆਈ. ਦੇ ਸਕੱਤਰ ਬੰਤ ਬਰਾੜ ਨੇ ਦੱਸਿਆ ਕਿ ਉਹ ਪਹਿਲਾਂ ਤੋਂ ਸਮਝਦੇ ਆ ਰਹੇ ਹਨ ਕਿ ਸਮੂਹ ਸਿਆਸੀ ਪਾਰਟੀਆਂ ਨੂੰ ਕਿਸਾਨ ਸੰਘਰਸ਼ ਦੀ ਹਮਾਇਤ ਕਰਨਾ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਹੈ। ਕਿਸਾਨ ਸਿਰਫ ਵੋਟਾਂ ਲਈ ਹੀ ਵਰਤਣ ਵਾਸਤੇ ਨਹੀਂ, ਸਗੋਂ ਉਨ੍ਹਾਂ ਦੀ ਮੁਸ਼ਕਿਲ 'ਚ ਸਿਆਸੀ ਪਾਰਟੀਆਂ ਨੂੰ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਿੱਛੇ ਰਹਿ ਕੇ ਕਿਸਾਨ ਸੰਘਰਸ਼ ਦੀ ਹਮਾਇਤ ਦੇ ਸਾਂਝੇ ਯਤਨ ਦੇ ਹਮਾਇਤੀ ਹਾਂ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਅਕਾਲੀ ਦਲ (ਡੀ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਤੇ ਸੀ.ਪੀ.ਐਮ. ਆਗੂ ਸੁਖਜਿੰਦਰ ਸਿੰਘ ਸੇਖੋਂ ਵੀ ਅਜਿਹੇ ਸਾਂਝੇ ਯਤਨਾਂ ਦੇ ਹਮਾਇਤੀ ਹਨ।

**ਕਿਸਾਨ ਅੰਦੋਲਨ ਨਾਲ ਖੜ੍ਹਾ ਹੈ ਅਕਾਲੀ ਦਲ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਥੇ ਚੌਧਰੀ ਰਾਕੇਸ਼ ਟਿਕੈਤ ਨੂੰ ਸਿਰੋਪਾਉ ਭੇਟ ਕਰ ਕੇ ਸਨਮਾਨਿਆ ਤੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਲਿਆਂਦਾ ਜਲ ਭੇਟ ਕੀਤਾ। ਸ੍ਰੀ ਬਾਦਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਕਿਸਾਨ ਅੰਦੋਲਨ ਦੀ ਸਫਲਤਾ ਲਈ ਸ਼੍ਰੋਮਣੀ ਅਕਾਲੀ ਦਲ ਪੂਰਾ ਸਮਰਥਨ ਦੇਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਉਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ ਜਿਨ੍ਹਾਂ ਦੇ ਪਰਿਵਾਰਾਂ ਦੇ ਜੀਅ 26 ਜਨਵਰੀ ਤੋਂ ਲਾਪਤਾ ਹਨ ਜਾਂ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋ ਗਏ ਹਨ। ਸ੍ਰੀ ਬਾਦਲ ਨੇ ਕਿਸਾਨਾਂ ਦੀ ਭਲਾਈ ਲਈ ਚੌਧਰੀ ਮਹਿੰਦਰ ਸਿੰਘ ਟਿਕੈਤ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰਲ ਕੇ ਰਲੀਆਂ ਗਈਆਂ ਲੜਾਈਆਂ ਦਾ ਵੀ ਜ਼ਿਕਰ ਕੀਤਾ।

**ਕੈਪਟਨ ਨੇ ਤਰੁਣ ਚੁੱਘ ਨੂੰ ਘੇਰਿਆ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਤਰੁਣ ਚੁੱਘ ਵੱਲੋਂ ਦਿੱਤੇ ਗਏ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਮੁੱਖ ਮੰਤਰੀ ਨੇ ਫੌਜੀ ਪਿਛੋਕੜ ਸਬੰਧੀ ਚੁੱਘ ਦੀ ਟਿੱਪਣੀ ਨੂੰ ਨਿੰਦਣਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ, "ਭਾਜਪਾ ਜਾਂ ਉਸ ਦੀ ਲੀਡਰਸ਼ਿਪ ਨੂੰ ਫੌਜ ਦੇ ਮਾਣ-ਸਤਿਕਾਰ ਜਾਂ ਕੌਮੀ ਤਿਰੰਗੇ ਦੀ ਅਹਿਮੀਅਤ ਬਾਰੇ ਕੀ ਪਤਾ, ਜਿਸ ਵਿਚ ਹਰੇਕ ਦੂਜੇ ਦਿਨ ਸਰਹੱਦਾਂ ਤੋਂ ਸਾਡੇ ਪੰਜਾਬੀ ਭਰਾਵਾਂ ਦੀਆਂ ਦੇਹਾਂ ਲਿਪਟ ਕੇ ਆਉਂਦੀਆਂ ਹਨ।" ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦੇ ਮਾਣ ਅਤੇ ਅਖੰਡਤਾ ਦੀ ਰਾਖੀ ਲਈ ਜਾਨਾਂ ਨਿਛਾਵਰ ਕਰ ਰਹੇ ਸੈਨਿਕਾਂ ਪ੍ਰਤੀ ਭਾਜਪਾ ਨੂੰ ਸਪੱਸ਼ਟ ਤੌਰ ਉਤੇ ਕੋਈ ਹਮਦਰਦੀ ਜਾਂ ਸੰਵੇਦਨਾ ਨਹੀਂ ਹੈ।

## ਸਾਜ਼ਿਸ਼ ਤਹਿਤ ਕਿਸਾਨਾਂ ਨੂੰ ਲਾਲ ਕਿਲ੍ਹੇ ਭੇਜਿਆ: ਬੈਂਸ

**ਲੁਧਿਆਣਾ:** ਦਿੱਲੀ ਟਰੈਕਟਰ ਪਰੇਡ ਦੌਰਾਨ ਲਾਲ ਕਿਲੇ 'ਤੇ ਹੋਏ ਘਟਨਾਕ੍ਰਮ ਲਈ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਵਿਧਾਇਕ ਬੈਂਸ ਨੇ ਆਖਿਆ ਕਿ 26 ਜਨਵਰੀ ਨੂੰ ਜਦੋਂ ਲਾਲ ਕਿਲੇ 'ਤੇ ਕੁਝ ਘੰਟੇ ਪਹਿਲਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਸਣੇ ਸਾਰੇ ਦੇਸ਼ ਦੀ ਕੈਬਨਿਟ ਹੋਵੇ, ਉਥੇ ਕੁਝ ਘੰਟਿਆਂ ਮਗਰੋਂ ਕਿਸਾਨ ਟਰੈਕਟਰ ਲੈ ਕੇ ਕਿਵੇਂ ਪੁੱਜ ਸਕਦੇ ਹਨ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਕੇਂਦਰ ਸਰਕਾਰ ਨੇ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਲਈ ਸਾਜ਼ਿਸ਼ ਤਹਿਤ ਕਿਸਾਨਾਂ ਨੂੰ ਲਾਲ ਕਿਲ੍ਹੇ ਵੱਲ ਮੋੜਿਆ ਤੇ ਹੁਣ ਸੰਘਰਸ਼ ਨੂੰ ਫੇਲ੍ਹ ਕਰਨ ਲਈ ਕੇਂਦਰ ਸਰਕਾਰ ਦਿੱਲੀ ਪੁਲਿਸ ਰਾਹੀਂ ਕਿਸਾਨ ਜਥੇਬੰਦੀਆਂ ਦੇ ਆਗੂ, ਜੋ ਲਾਲ ਕਿਲ੍ਹੇ ਵੱਲ ਗਏ ਵੀ ਨਹੀਂ, ਖਿਲਾਫ ਐਫ.ਆਈ.ਆਰ. ਦਰਜ ਕਰਵਾ ਰਹੀ ਹੈ।

## ਬਜਟ ਸੈਸ਼ਨ 'ਚ ਖੇਤੀ ਕਾਨੂੰਨ ਰੱਦ ਕੀਤੇ ਜਾਣ: ਭਗਵੰਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਆਨਲਾਈਨ ਸੱਦੀ ਗਈ ਆਲ ਪਾਰਟੀ ਮੀਟਿੰਗ ਵਿਚ ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਕਿਸਾਨਾਂ ਦਾ ਮੁੱਦਾ ਚੁੱਕਿਆ ਹੈ। 26 ਜਨਵਰੀ ਨੂੰ ਲਾਲ ਕਿਲੇ 'ਤੇ ਵਾਪਰੀ ਘਟਨਾ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਅੰਦੋਲਨ ਕਰ ਰਹੇ ਸਾਰੇ ਕਿਸਾਨਾਂ ਨੂੰ ਇਸ ਘਟਨਾ ਨਾਲ ਜੋੜ ਕੇ ਨਾ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਘਟਨਾ ਸਮੇਂ ਜਿਹੜੇ ਕਿਸਾਨ ਆਗੂ ਉਥੇ ਨਹੀਂ ਸਨ, ਪੁਲਿਸ ਉਨ੍ਹਾਂ 'ਤੇ ਪਰਚੇ ਦਰਜ ਕਰ ਰਹੀ ਹੈ। ਸੰਸਦ ਮੈਂਬਰ ਨੇ ਮੀਟਿੰਗ ਵਿਚ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ਮੌਜੂਦਾ ਬਜਟ ਸੈਸ਼ਨ ਵਿਚ ਤਿੰਨੋਂ ਖੇਤੀ ਕਾਨੂੰਨ ਰੱਦ ਕੀਤੇ ਜਾਣ।

# ਭਾਜਪਾ ਸਮਰਥਕ ਪੰਚਾਇਤਾਂ ਨੇ 'ਕਮਲ' ਨਾਲੋਂ ਨਾਤਾ ਤੋੜਿਆ

**ਪਠਾਨਕੋਟ:** ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅਤੇ ਦਿੱਲੀ ਦੀਆਂ ਸਿੰਘੂ ਤੇ ਗਾਜ਼ੀਪੁਰ ਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ 'ਤੇ ਹੋਏ ਹਮਲਿਆਂ ਦੇ ਵਿਰੋਧ ਵਿਚ ਪਿੰਡ ਗੁਸਾਈਂਪੁਰ ਦੀ ਭਾਜਪਾ ਸਮਰਥਕ ਪੰਚਾਇਤ ਅਤੇ ਪਰਿਵਾਰਾਂ ਨੇ ਭਾਜਪਾ ਨੂੰ ਅਲਵਿਦਾ ਆਖ ਦਿੱਤੀ। ਭਾਜਪਾ ਛੱਡਣ ਵਾਲਿਆਂ ਵਿਚ ਭਾਜਪਾ ਦੇ ਸਾਬਕਾ ਬਲਾਕ ਸਮਿਤੀ ਮੈਂਬਰ ਤੇ ਭਾਜਪਾ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਕਰਨੈਲ ਸਿੰਘ, ਹਰਪ੍ਰੀਤ ਸਿੰਘ, ਅਜੀਤ ਸਿੰਘ, ਹਰਦੀਪ ਸਿੰਘ, ਪੰਚਾਇਤ ਮੈਂਬਰ ਸੁਰੈਣ ਸਿੰਘ, ਬਚਨ ਸਿੰਘ, ਸਰਵਨ ਸਿੰਘ, ਹਰਜੀਤ ਕੌਰ, ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹਨ।



ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਜਪਾ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਦੇਸ਼ ਹਿੱਤ ਵਿਚ ਕਈ ਵੱਡੇ ਦਾਅਵੇ ਕੀਤੇ ਸਨ। ਅੱਜ ਦੇਸ਼ ਦਾ ਕਿਸਾਨ ਬੇਵੱਸ ਹੋ ਕੇ ਸੜਕਾਂ 'ਤੇ ਬੈਠਾ ਹੈ ਅਤੇ ਆਮ ਜਨਤਾ ਤ੍ਰਾਹ-ਤ੍ਰਾਹ ਕਰ ਰਹੀ ਹੈ ਪਰ ਕੇਂਦਰ ਦੀ ਭਾਜਪਾ ਸਰਕਾਰ ਆਪਣੇ ਸਿਧਾਂਤਾਂ ਤੋਂ ਭਟਕ ਚੁੱਕੀ ਹੈ ਅਤੇ ਆਪਣੇ ਹੰਕਾਰ ਕਾਰਨ ਇਸ ਨੂੰ ਕਿਸਾਨਾਂ ਦਾ ਦਰਦ ਵੀ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਕੌਮੀ ਹਿੱਤ ਦੀ ਗੱਲ ਜਰੂਰ ਕਰਦੇ ਹਨ ਪਰ ਕੌਮੀ ਹਿੱਤ ਬਾਰੇ ਸੋਚਦੇ ਨਹੀਂ ਹਨ। ਮੋਦੀ ਅਤੇ ਅਮਿਤ ਸ਼ਾਹ ਲੋਕਾਂ ਨੂੰ ਗੁਮਰਾਹ ਕਰ ਕੇ ਅੰਬਾਨੀਆਂ-ਅਡਾਨੀਆਂ ਦੇ ਫਾਇਦੇ ਬਾਰੇ ਸੋਚ ਰਹੇ ਹਨ। ਆਗੂਆਂ ਨੇ ਆਖਿਆ ਕਿ ਇਸੇ ਕਰਕੇ ਉਹ ਆਪਣੇ ਪੂਰੇ ਪਿੰਡ ਨਾਲ ਭਾਜਪਾ ਦਾ ਦਾਮਨ ਛੱਡ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਪਾਰਟੀ ਕਿਸਾਨਾਂ ਦੇ ਹਿੱਤ ਦੀ ਗੱਲ ਕਰੇਗੀ, ਉਹ ਉਸ ਨਾਲ ਖੜ੍ਹੇ ਹੋਣਗੇ।

## ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦਾ ਘਿਰਾਓ

**ਜਲਾਲਾਬਾਦ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਕਿਸਾਨਾਂ ਨੇ ਇਥੇ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਪੁੱਜੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਤੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਦਾ ਤਿੱਖਾ ਵਿਰੋਧ ਕੀਤਾ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਅਵਿਨਾਸ਼ ਰਾਏ ਖੰਨਾ ਜਲਾਲਾਬਾਦ ਵਿਚ ਭਾਜਪਾ ਵਰਕਰ ਦੇਵਾਂਸ਼ ਭਾਸਕਰ ਦੇ ਦਫਤਰ ਪਹੁੰਚੇ ਸਨ। ਯੂਨੀਅਨ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ ਨੇ ਚਿਤਾਵਨੀ ਦਿੱਤੀ ਕਿ ਨਗਰ ਕੌਂਸਲ ਦੀਆਂ ਚੋਣਾਂ 'ਚ ਭਾਜਪਾ ਦੇ ਝੰਡੇ ਹੇਠ ਚੋਣ ਲੜਨ ਵਾਲੇ ਉਮੀਦਵਾਰਾਂ ਦਾ ਕਿਸਾਨਾਂ ਵੱਲੋਂ ਘਿਰਾਓ ਕੀਤਾ ਜਾਵੇਗਾ ਅਤੇ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਸਵਾਲ ਪੁੱਛੇ ਜਾਣਗੇ।

# ਕਿਸਾਨਾਂ 'ਤੇ ਕੀਤਾ ਗਿਆ ਹਮਲਾ ਬੇਹੱਦ ਨਿੰਦਣਯੋਗ: ਢੇਸੀ

**ਜਲੰਧਰ:** ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਦਿੱਲੀ ਵਿਚ ਕਿਸਾਨਾਂ 'ਤੇ ਪੁਲਿਸ ਅਤੇ ਭੀੜ ਵੱਲੋਂ ਕੀਤੇ ਗਏ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ੍ਰੀ ਢੇਸੀ ਨੇ ਹਮਲੇ ਦੀਆਂ ਤਸਵੀਰਾਂ ਆਪਣੇ ਟਵਿੱਟਰ ਹੈਂਡਲ 'ਤੇ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੀ ਹਮਾਇਤ ਨਹੀਂ ਕਰ ਰਹੇ ਪਰ ਜਿਹੜੇ ਕਿਸਾਨ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਲਈ ਰੋਸ ਪ੍ਰਦਰਸ਼ਨ ਕਰ ਰਹੇ ਸਨ, ਉਨ੍ਹਾਂ ਉਪਰ ਪੁਲਿਸ ਨੇ ਜਿਸ ਢੰਗ ਨਾਲ ਤਾਕਤ ਵਰਤੀ ਹੈ, ਉਹ ਬਹੁਤ ਹੀ ਨਿੰਦਣਯੋਗ ਹੈ।



ਸੰਸਦ ਮੈਂਬਰ ਢੇਸੀ ਨੇ ਕਿਹਾ ਕਿ ਕਿਸਾਨ ਪਿਛਲੇ ਦੋ ਮਹੀਨਿਆਂ ਤੋਂ ਸ਼ਾਂਤਮਈ ਢੰਗ ਨਾਲ ਸਿੰਘੂ ਬਾਰਡਰ ਸਮੇਤ ਦਿੱਲੀ ਦੀਆਂ ਹੋਰ ਹੱਦਾਂ 'ਤੇ ਰੋਸ ਪ੍ਰਦਰਸ਼ਨ ਕਰਦੇ ਆ ਰਹੇ ਸਨ ਪਰ ਜਿਸ ਢੰਗ ਨਾਲ ਉਨ੍ਹਾਂ ਦੀ ਬਿਜਲੀ ਤੇ ਪਾਣੀ ਦੀ ਸਪਲਾਈ ਕੱਟੀ ਗਈ ਅਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕੀਤੀਆਂ ਗਈਆਂ, ਉਹ ਬਹੁਤ ਹੀ ਮੰਦਭਾਗਾ ਹੈ। ਜ਼ਿਕਰਯੋਗ ਹੈ ਕਿ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਪੱਤਰ ਵੀ ਲਿਖਿਆ ਸੀ ਜਿਸ 'ਤੇ 100 ਤੋਂ ਵੱਧ ਸੰਸਦ ਮੈਂਬਰਾਂ ਦੇ ਦਸਤਖ਼ਤ ਸਨ। ਪੱਤਰ ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਿਸਾਨਾਂ ਦੇ ਮੁੱਦੇ 'ਤੇ ਗੱਲਬਾਤ ਕਰਨ।

ਸ੍ਰੀ ਢੇਸੀ ਨੇ ਉਸ ਨੌਜਵਾਨ ਦੀ ਤਸਵੀਰ ਵੀ ਆਪਣੇ ਟਵਿੱਟਰ ਹੈਂਡਲ 'ਤੇ ਸਾਂਝੀ ਕੀਤੀ ਹੈ ਜਿਸ ਵਿਚ ਇਕ ਪੁਲਿਸ ਵਾਲੇ ਨੇ ਬਹੁਤ ਹੀ ਬੁਰੇ ਢੰਗ ਨਾਲ ਉਸ ਦੇ ਮੂੰਹ ਉਤੇ ਬੂਟ ਰੱਖਿਆ ਹੋਇਆ ਹੈ। ਢੇਸੀ ਦੇ ਟਵਿੱਟਰ ਅਕਾਊਂਟ ਤੋਂ 6 ਹਜ਼ਾਰ ਦੇ ਕਰੀਬ ਲੋਕਾਂ ਨੇ ਰੀ-ਟਵੀਟ ਕੀਤਾ ਹੈ। ਲੋਕਾਂ ਨੇ ਹਮਲਾ ਕਰਨ ਵਾਲਿਆਂ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।

# ਅੰਦੋਲਨ ਨੂੰ ਖਦੇੜਨ ਲਈ ਸਰਕਾਰੀ ਚਾਲਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਰਣਨੀਤੀ ਘੜੀ

**ਨਵੀਂ ਦਿੱਲੀ:** ਸਥਾਨਕ ਲੋਕਾਂ ਦੇ ਨਾਮ 'ਤੇ ਕਿਸਾਨਾਂ ਉਪਰ ਹਮਲੇ ਹੋਣ ਮਗਰੋਂ ਸਿੰਘੂ ਬਾਰਡਰ 'ਤੇ ਕਿਸਾਨਾਂ ਨੇ ਆਪਣੇ ਮੋਰਚੇ ਦੀ ਅੰਦਰੂਨੀ ਸੁਰੱਖਿਆ ਵਧਾ ਦਿੱਤੀ ਹੈ। ਨਾਕਿਆਂ 'ਤੇ ਅਣਪਛਾਤੇ ਚਿਹਰਿਆਂ ਨੂੰ ਰੋਕਿਆ ਜਾ ਰਿਹਾ ਹੈ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਕਿਸਾਨ ਜਥੇਬੰਦੀਆਂ ਦੇ ਯੂਥ ਵਿੰਗਾਂ ਨੂੰ ਅੰਦੋਲਨ ਵਾਲੀ ਥਾਂ 'ਤੇ ਚੌਕਸੀ ਰੱਖਣ ਲਈ ਕਿਹਾ ਗਿਆ ਹੈ ਤਾਂ ਜੋ ਕੋਈ ਵੀ ਮਸ਼ਕੂਕ ਇਲਾਕੇ 'ਚ ਦਾਖਲ ਨਾ ਹੋ ਸਕੇ। ਅੰਦੋਲਨ ਵਾਲੀ ਥਾਂ ਦੇ ਦਾਇਰੇ 'ਚ ਨੌਜਵਾਨਾਂ ਵੱਲੋਂ ਗਸ਼ਤ ਕੀਤੀ ਜਾ ਰਹੀ ਹੈ। ਸ਼ਿਫਟਾਂ 'ਚ ਨੌਜਵਾਨ ਕਿਸਾਨਾਂ ਵੱਲੋਂ ਹਰ ਸਮੇਂ ਇਹਤਿਆਤ ਰੱਖੀ ਜਾ ਰਹੀ ਹੈ। ਕਿਸਾਨਾਂ ਨੇ ਦੱਸਿਆ ਕਿ ਇਕ ਹਜ਼ਾਰ ਤੋਂ ਜਿਆਦਾ ਵਾਲੰਟੀਅਰ ਦੋ ਤੋਂ ਤਿੰਨ ਸ਼ਿਫਟਾਂ 'ਚ ਮੋਰਚੇ ਦੀ ਰਾਖੀ 'ਚ ਜੁਟੇ ਹੋਏ ਹਨ। ਮੋਰਚੇ ਦੇ ਦਾਖਲੇ ਅਤੇ ਬਾਹਰ ਜਾਣ ਵਾਲੇ ਅਹਿਮ ਸਥਾਨਾਂ 'ਤੇ 5 ਤੋਂ 10 ਵਾਲੰਟੀਅਰ ਤਾਇਨਾਤ ਹਨ। ਵਾਲੰਟੀਅਰ ਕੁੰਡਲੀ, ਟੀ.ਡੀ.ਆਈ. ਮਾਲ ਅਤੇ ਫਾਸਟ ਫੂਡ ਵਾਲੀ ਦੁਕਾਨ ਵੱਲ ਜਾਂਦੇ ਮਾਰਗਾਂ 'ਤੇ ਹਰ ਆਉਣ-ਜਾਣ ਵਾਲੇ 'ਤੇ ਨਜ਼ਰ ਰੱਖ ਰਹੇ ਹਨ। ਕਿਸਾਨਾਂ ਨੇ ਹੱਥਾਂ 'ਚ ਲਾਠੀਆਂ ਆਦਿ ਫੜੀਆਂ ਹੋਈਆਂ ਹਨ ਪਰ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਿਸੇ ਨੂੰ ਡਰਾਉਣ ਲਈ ਨਹੀਂ ਹਨ ਸਗੋਂ ਆਪਣੀ ਰੱਖਿਆ ਲਈ ਹਨ। ਿ

ਕਸਾਨਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਸ਼ਹਿ 'ਤੇ ਹੀ ਲੋਕ ਇਕੱਠੇ ਹੋਏ ਸਨ ਅਤੇ ਉਨ੍ਹਾਂ ਨੇ ਹੀ ਕਿਸਾਨਾਂ 'ਤੇ ਹਮਲੇ ਕੀਤੇ ਹਨ। ਉਨ੍ਹਾਂ ਮੁੱਖ ਸਟੇਜ ਨੇੜੇ ਸਕਿਊਰਿਟੀ ਰੂਮ ਬਣਾਇਆ ਹੈ ਅਤੇ ਉਥੇ ਹਰ ਸਮੇਂ 10 ਵਿਅਕਤੀ ਹਾਜਰ ਰਹਿੰਦੇ ਹਨ। ਨੇੜੇ ਹੀ 25 ਵਿਅਕਤੀਆਂ ਦੀ ਇਕ ਹੋਰ ਟੀਮ ਤਾਇਨਾਤ ਹੈ। ਇਕ ਹੋਰ ਟਰਾਲੀ 'ਚ 10 ਤੋਂ 15 ਵਾਲੰਟੀਅਰ ਤਿਆਰ ਰਹਿੰਦੇ ਹਨ ਤਾਂ ਜੋ ਲੋੜ ਪੈਣ 'ਤੇ ਉਨ੍ਹਾਂ ਨੂੰ ਸਹਾਇਤਾ ਲਈ ਸੱਦਿਆ ਜਾ ਸਕੇ।



ਲੱਖਾ ਸਿਧਾਣਾ ਦੇ ਹੱਕ 'ਚ ਆਈ ਪਿੰਡ ਦੀ ਪੰਚਾਇਤ: ਦਿੱਲੀ ਵਿਖੇ 26 ਜਨਵਰੀ ਦੀ ਕਿਸਾਨ ਟਰੈਕਟਰ ਪਰੇਡ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਬਾਅਦ ਕੁਝ ਕਿਸਾਨ ਆਗੂਆਂ ਤੇ ਮੀਡੀਆ ਦੇ ਇਕ ਹਿੱਸੇ ਦੇ ਨਿਸ਼ਾਨੇ ਉਤੇ ਆਏ ਹਲਕਾ ਰਾਮਪੁਰਾ ਫੂਲ ਦੇ ਪਿੰਡ ਸਿਧਾਣਾ ਦੇ ਵਸਨੀਕ ਲਖਵੀਰ ਸਿੰਘ ਲੱਖਾ ਸਿਧਾਣਾ ਦੇ ਹੱਕ 'ਚ ਪਿੰਡ ਦੇ ਵਸਨੀਕ ਤੇ ਗਰਾਮ ਪੰਚਾਇਤ ਨਿੱਤਰ ਆਈ ਹੈ। ਪਿੰਡ ਵਾਸੀਆਂ ਦੀ ਹੋਈ ਮੀਟਿੰਗ 'ਚ ਗਰਾਮ ਪੰਚਾਇਤ ਦੇ ਲੈਟਰ ਪੈਡ ਉਤੇ ਪਾਏ ਗਏ ਮਤੇ ਵਿਚ ਲਿਖਿਆ ਹੈ ਕਿ ਜੇਕਰ ਕੋਈ ਲੱਖਾ ਸਿਧਾਣਾ ਨੂੰ ਗੱਦਾਰ ਆਖਦਾ ਹੈ ਤਾਂ ਅਸੀਂ ਸਮੂਹ ਨਗਰ ਨਿਵਾਸੀ ਵੀ ਗੱਦਾਰ ਹਾਂ। ਉਨ੍ਹਾਂ ਕਿਹਾ ਕਿ ਕੁਝ ਕਿਸਾਨ ਜਥੇਬੰਦੀਆਂ ਤੇ ਕੁਝ ਮੀਡੀਆ ਅਦਾਰੇ ਲੱਖੇ ਸਿਧਾਣਾ ਨੂੰ ਗੱਦਾਰ ਸਿੱਧ ਕਰਨ 'ਚ ਲੱਗੇ ਹੋਏ ਹਨ ਪਰ ਪਿੰਡ ਵਾਸੀਆਂ ਨੂੰ ਲੱਖੇ ਸਿਧਾਣਾ ਉਤੇ ਪੂਰਾ ਮਾਣ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਗਰ ਕੌਂਸਲ ਚੋਣਾਂ: ਸੁਖਬੀਰ ਬਾਦਲ ਦੀ ਮੌਜੂਦਗੀ ਵਿਚ ਚੱਲੀਆਂ ਗੋਲੀਆਂ

**ਫਾਜ਼ਿਲਕਾ:** ਨਗਰ ਕੌਂਸਲ ਚੋਣਾਂ ਕਾਰਨ ਫਾਜ਼ਿਲਕਾ ਦੇ ਵਿਧਾਨ ਸਭਾ ਹਲਕਾ ਜਲਾਲਾਬਾਦ 'ਚ ਸਥਿਤੀ ਤਣਾਅਪੂਰਨ ਹੈ। ਹਾਲਾਤ ਉਸ ਵੇਲੇ ਵਿਗੜ ਗਏ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਦੇ ਪ੍ਰਧਾਨ ਅਤੇ ਫਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਤਹਿਸੀਲ ਕੰਪਲੈਕਸ ਵਿਚ ਦਾਖਲ ਹੋਏ ਅਤੇ ਕਾਂਗਰਸੀਆਂ ਨੇ ਇਸ ਦਾ ਵਿਰੋਧ ਕੀਤਾ। ਇਸ ਕਾਰਨ ਪਥਰਾਅ ਸ਼ੁਰੂ ਹੋ ਗਿਆ ਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ।

ਇਸ ਦੌਰਾਨ ਖੁੱਲ੍ਹ ਕੇ ਗੋਲੀਆਂ ਚੱਲੀਆਂ ਤੇ ਤਹਿਸੀਲ ਕੰਪਲੈਕਸ ਵਿਚ ਦਹਿਸ਼ਤ ਫੈਲ ਗਈ। ਕੰਪਲੈਕਸ ਵਿਚ ਮੋਟਰਸਾਈਕਲ, ਗੱਡੀਆਂ ਅਤੇ ਕਈ ਹੋਰ ਵਾਹਨਾਂ ਨੂੰ ਸ਼ਰ੍ਹੇਆਮ ਤੋੜਿਆ ਗਿਆ। ਉਧਰ, ਅਕਾਲੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਤਿੰਨ ਵਰਕਰ ਜਖਮੀ ਹੋਏ ਹਨ। ਪੁਲਿਸ ਦੇ ਅਧਿਕਾਰੀਆਂ ਵੱਲੋਂ ਹੋਰ ਫੋਰਸ ਬੁਲਾਈ ਗਈ ਹੈ ਪਰ ਦੋਵਾਂ ਧਿਰਾਂ ਵਿਚਾਲੇ ਤਣਾਅ ਕਾਫੀ ਵਧਿਆ ਹੋਇਆ ਹੈ। ਪਤਾ ਚੱਲਿਆ ਹੈ ਕਿ ਰਮਿੰਦਰ ਆਵਲਾ ਵੱਲੋਂ ਮਾਮਲੇ ਨੂੰ ਗੱਲਬਾਤ ਰਾਹੀਂ ਸੁਲਝਾਉਣ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਦੋਨਾਂ ਪਾਸੋਂ ਸੱਦੀ ਭੀੜ ਨੇ ਪੱਥਰਬਾਜ਼ੀ ਅਤੇ ਗੋਲੀਬਾਰੀ ਦੀ ਨੌਬਤ ਲਿਆ ਦਿੱਤੀ। ਬਾਦਲ ਦੇ ਸੁਰੱਖਿਆ ਕਰਮੀਆਂ ਨੇ ਹਵਾਈ ਫਾਇਰਿੰਗ ਕਰਕੇ ਸ਼ਰਾਰਤੀ ਅਨਸਰਾਂ ਨੂੰ ਖਦੇੜਿਆ।

# ਪੰਜਾਬ ਵਿਚ ਸ਼ਰਾਬ ਦੇ ਸ਼ੌਕੀਨਾਂ ਦੀਆਂ ਲੱਗੀਆਂ ਮੌਜਾਂ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਪੰਜਾਬ ਆਬਕਾਰੀ ਨੀਤੀ 2021-22 ਨੂੰ ਮਨਜ਼ੂਰੀ ਦਿੱਤੀ ਗਈ ਜਿਸ ਅਨੁਸਾਰ ਐਤਕੀਂ ਸ਼ਰਾਬ ਦੀਆਂ ਕੀਮਤਾਂ ਵਿਚ ਕੋਈ ਵਾਧਾ ਨਹੀਂ ਹੋਵੇਗਾ ਜਦੋਂ ਕਿ ਸ਼ਰਾਬ ਦੇ ਕੋਟੇ ਵਿਚ ਤਕਰੀਬਨ 12 ਫੀਸਦੀ ਵਾਧਾ ਕੀਤਾ ਗਿਆ ਹੈ। ਨਵੀਂ ਪਾਲਿਸੀ 'ਚ ਆਬਕਾਰੀ ਦੇ ਮਾਲੀਏ ਤੋਂ 7002 ਕਰੋੜ ਰੁਪਏ ਦੇ ਅਨੁਮਾਨਿਤ ਮੁਨਾਫੇ ਦਾ ਟੀਚਾ ਮਿਥਿਆ ਗਿਆ ਹੈ ਜੋ ਮੌਜੂਦਾ ਵਰ੍ਹੇ ਦੇ 5794 ਕਰੋੜ ਰੁਪਏ ਨਾਲੋਂ 20 ਫੀਸਦੀ ਵੱਧ ਹੈ। ਨਵੀਂ ਨੀਤੀ ਵਿਚ ਹੋਟਲ, ਰੇਸਤਰਾਂ ਅਤੇ ਮੈਰਿਜ ਪੈਲੇਸਾਂ ਨੂੰ ਰਾਹਤ ਦਿੱਤੀ ਗਈ ਹੈ ਜਦੋਂ ਕਿ ਨਵੀਆਂ ਸ਼ਰਾਬ ਫੈਕਟਰੀਆਂ ਲਈ ਹੋਰ ਰੋਕਾਂ ਲਾਈਆਂ ਗਈਆਂ ਹਨ।

ਨਵੀਂ ਆਬਕਾਰੀ ਨੀਤੀ ਦਾ ਮੰਤਵ ਮੌਜੂਦਾ ਠੇਕਿਆਂ ਨੂੰ ਨਵਿਆਉਣਾ ਹੈ, ਬਸ਼ਰਤੇ ਲਾਇਸੈਂਸੀਆਂ ਵਲੋਂ ਵਾਧੂ ਸ਼ਰਾਬ ਦੀ ਚੁਕਾਈ ਕੀਤੀ ਜਾਵੇ ਜਿਸ ਨਾਲ 2020-21 ਦੌਰਾਨ ਮਾਲੀਏ ਵਿਚ 12 ਫੀਸਦੀ ਦਾ ਘੱਟੋ-ਘੱਟ ਵਾਧਾ ਯਕੀਨੀ ਬਣੇਗਾ। ਵਿਭਾਗ ਵੱਲੋਂ ਦੇਸੀ ਸ਼ਰਾਬ ਦਾ ਕੋਟਾ 12 ਫੀਸਦੀ ਵਧਾ ਕੇ ਭਾਰਤ ਵਿਚ ਬਣੀ ਵਿਦੇਸ਼ੀ ਸ਼ਰਾਬ ਦਾ ਕੋਟਾ 6 ਫੀਸਦੀ ਅਤੇ ਬੀਅਰ ਦਾ ਕੋਟਾ 4 ਫੀਸਦੀ ਵਧਾ ਕੇ ਵਾਧੂ ਮਾਲੀਆ ਇਕੱਠਾ ਕੀਤੇ ਜਾਣ ਦਾ ਵਿਚਾਰ ਹੈ। ਨਵੀਂ ਪਹਿਲ ਤਹਿਤ ਵਿਭਾਗ ਵੱਲੋਂ ਨਗਰ ਨਿਗਮ ਖੇਤਰਾਂ ਅਤੇ 'ਏ' ਸ਼੍ਰੇਣੀ ਦੀਆਂ ਨਗਰ ਕੌਂਸਲਾਂ ਵਿਚ ਵਿਦੇਸ਼ੀ ਸ਼ਰਾਬ ਲਈ ਕੋਟਾ ਲਾਗੂ ਕੀਤੇ ਜਾਣ ਦੀ ਤਜਵੀਜ਼ ਹੈ। ਨਵੀਆਂ ਡਿਸਟਿਲਰੀਆਂ, ਕਾਰਖਾਨੇ ਜਾਂ ਬਾਟਲਿੰਗ ਪਲਾਂਟ ਸਥਾਪਤ ਕਰਨ 'ਤੇ ਰੋਕਾਂ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਸਰਕਾਰ ਨੇ ਬਾਟਲਿੰਗ ਪਲਾਂਟ ਲਗਾਉਣ ਲਈ ਜਾਰੀ ਲੈਟਰ ਆਫ ਇੰਟੈਂਟਸ ਨੂੰ 31 ਮਾਰਚ, 2023 ਤੱਕ ਆਪਣੇ ਪ੍ਰੋਜੈਕਟ ਪੂਰੇ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸੇ ਤਰ੍ਹਾਂ ਨਗਰ ਨਿਗਮਾਂ, ਏ-ਸ਼੍ਰੇਣੀ ਦੀਆਂ ਨਗਰ ਕੌਂਸਲਾਂ ਵਿਚ ਵਿਦੇਸ਼ੀ ਸ਼ਰਾਬ ਬਰਾਮਦ ਕਰਨ ਲਈ ਘੱਟੋ-ਘੱਟ ਗਾਰੰਟੀ ਕੋਟਾ ਸ਼ੁਰੂ ਕੀਤਾ ਗਿਆ ਹੈ।

# ਪੰਜਾਬ ਸਰਕਾਰ ਵੱਲੋਂ ਸੁਮੇਧ ਸੈਣੀ ਖਿਲਾਫ ਮੁਕੱਦਮੇ ਚਲਾਉਣ ਲਈ ਹਰੀ ਝੰਡੀ

**ਫਰੀਦਕੋਟ:** ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਵਿਚ ਸਾਜ਼ਿਸ਼ਕਾਰ ਅਤੇ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਪੰਜਾਬ ਦੇ ਗ੍ਰਹਿ ਵਿਭਾਗ ਨੇ ਮੁਕੱਦਮੇ ਚਲਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ ਮੁਕੱਦਮਾ ਚਲਾਉਣ ਲਈ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਪਾਸੋਂ ਲਿਖਤੀ ਇਜਾਜ਼ਤ ਮੰਗੀ ਸੀ ਜੋ ਫੌਜਦਾਰੀ ਕਾਨੂੰਨ ਮੁਤਾਬਕ ਲਾਜ਼ਮੀ ਸੀ।

ਗ੍ਰਹਿ ਵਿਭਾਗ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਵਿਸ਼ੇਸ਼ ਜਾਂਚ ਟੀਮ ਵੱਲੋਂ ਇਕੱਤਰ ਕੀਤੇ ਗਏ ਸਬੂਤਾਂ ਅਤੇ ਗਵਾਹਾਂ ਦੀ ਗਵਾਹੀ ਦਾ ਨਿਰੀਖਣ ਕਰਨ ਉਪਰੰਤ ਆਦੇਸ਼ ਦਿੱਤੇ ਹਨ ਕਿ ਸਾਬਕਾ ਸੈਣੀ ਖਿਲਾਫ ਇਕੱਤਰ ਕੀਤੇ ਸਬੂਤ ਉਸ ਖਿਲਾਫ ਮੁਕੱਦਮਾ ਚਲਾਉਣ ਲਈ ਕਾਫੀ ਹਨ। ਇਸ ਲਈ ਇਸ ਪੁਲਿਸ ਅਧਿਕਾਰੀ ਖਿਲਾਫ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿੱਤੀ ਹੈ।

ਜਾਂਚ ਟੀਮ ਦੇ ਵਿਸ਼ੇਸ਼ ਮੈਂਬਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਲੋੜੀਂਦੇ ਦਸਤਾਵੇਜ਼ ਅਦਾਲਤ ਵਿਚ ਪੇਸ਼ ਕਰ ਦਿੱਤੇ ਗਏ ਹਨ। ਇਲਾਕਾ ਮੈਜਿਸਟ੍ਰੇਟ ਨੇ ਸਾਬਕਾ ਡੀ.ਜੀ.ਪੀ. ਨੂੰ ਆਦੇਸ਼ ਦਿੱਤੇ ਹਨ ਕਿ ਉਹ 9 ਫਰਵਰੀ ਨੂੰ ਅਦਾਲਤ ਸਾਹਮਣੇ ਨਿੱਜੀ ਤੌਰ 'ਤੇ ਪੇਸ਼ ਹੋਣ।

# ਫਿਰ ਉਠਿਆ ਕਿਸਾਨੀ ਰੋਹ

*(ਸਫਾ ਇਕ ਦੀ ਬਾਕੀ)*

ਕੇਸ ਵਾਪਸ ਲਏ ਜਾਣ ਤੇ 26 ਜਨਵਰੀ ਨੂੰ ਗ੍ਰਿਫਤਾਰ ਕੀਤੇ ਕਿਸਾਨ ਰਿਹਾਅ ਹੋਣ।

ਤਾਜ਼ਾ ਹਾਲਾਤ ਦੱਸਦੇ ਹਨ ਕਿ ਹੁਣ ਸਰਕਾਰ ਕਸੂਤੀ ਫਸ ਗਈ ਹੈ ਤੇ ਬਾਜ਼ੀ ਇਕ ਵਾਰ ਫਿਰ ਕਿਸਾਨਾਂ ਦੇ ਹੱਥ ਹੈ। ਸੰਸਦ ਵਿਚ ਬਜਟ ਸੈਸ਼ਨ ਚੱਲ ਰਿਹਾ ਹੈ ਜਿਥੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਾ ਪਾਇਆ ਹੋਇਆ ਹੈ। ਸਰਕਾਰ ਨੂੰ ਡਰ ਹੈ ਕਿ ਮੋਰਚਿਆਂ ਦੁਆਲੇ ਦਿੱਤੀ ਰਤਾ ਕੁ ਢਿੱਲ ਵੀ ਉਸ ਲਈ ਵੱਡੀ ਪਰੇਸ਼ਾਨੀ ਖੜ੍ਹੀ ਕਰ ਸਕਦੀ ਹੈ।

ਅਸਲ ਵਿਚ, ਸਰਕਾਰ ਨੂੰ ਜਾਪ ਰਿਹਾ ਸੀ ਕਿ 26 ਜਨਵਰੀ ਵਾਲੀ ਉਸ ਦੀ ਰਣਨੀਤੀ ਸਫਲ ਹੋਈ ਹੈ ਤੇ ਅੰਦੋਲਨ ਦੀ ਹੋਣੀ ਤੈਅ ਹੋ ਗਈ ਹੈ। ਹਾਲਾਤ ਵੀ ਇਹੀ ਬਣ ਗਏ। ਗਣਤੰਤਰ ਦਿਵਸ 'ਤੇ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਅੰਦੋਲਨਕਾਰੀਆਂ ਦੇ ਇਕ ਧੜੇ ਵੱਲੋਂ ਤੈਅਸ਼ੁਦਾ ਪ੍ਰੋਗਰਾਮ ਤੇ ਰਾਹ ਨੂੰ ਛੱਡਦਿਆਂ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਅੰਦੋਲਨਕਾਰੀਆਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ਸਰਕਾਰ ਨੂੰ ਲੱਗਾ ਕਿ ਇਸ ਵਾਰਦਾਤ ਦਾ ਲਾਭ ਉਠਾ ਕੇ ਉਹ ਕਿਸਾਨਾਂ ਨੂੰ ਦਿੱਲੀ ਦੀਆਂ ਸਰਹੱਦਾਂ ਤੋਂ ਹਟਾ ਸਕਦੀ ਹੈ। ਸਭ ਤੋਂ ਪਹਿਲਾਂ ਰਾਤ ਵਿਚ ਸਰਹੱਦਾਂ 'ਤੇ ਕਿਸਾਨਾਂ ਦੇ ਇਕੱਠ ਨੂੰ ਮਿਲਣ ਵਾਲੀਆਂ ਸਹੂਲਤਾਂ (ਬਿਜਲੀ, ਪਾਣੀ, ਆਦਿ) ਬੰਦ ਕਰ ਦਿੱਤੀਆਂ ਗਈਆਂ। ਸਵੇਰ ਹੁੰਦਿਆਂ ਹੀ ਇਨ੍ਹਾਂ ਸਰਹੱਦਾਂ 'ਤੇ ਸੁਰੱਖਿਆ ਬਲਾਂ ਦੀ ਗਿਣਤੀ ਕਈ ਗੁਣਾ ਵਧਾ ਦਿੱਤੀ ਗਈ ਤੇ ਪ੍ਰਸ਼ਾਸਨ ਨੇ ਧਰਨਾ ਦੇ ਰਹੇ ਕਿਸਾਨਾਂ ਨੂੰ ਅਲਟੀਮੇਟਮ ਦੇ ਦਿੱਤਾ ਕਿ ਉਹ ਸਰਹੱਦਾਂ ਨੂੰ ਖਾਲੀ ਕਰ ਦੇਣ, ਨਹੀਂ ਤਾਂ ਉਨ੍ਹਾਂ ਨੂੰ ਬਲ ਦੀ ਵਰਤੋਂ ਕਰ ਕੇ ਹਟਾ ਦਿੱਤਾ ਜਾਵੇਗਾ। ਇਸੇ ਦਿਨ ਭਾਜਪਾ ਵਰਕਰਾਂ ਤੋਂ ਕਿਸਾਨਾਂ ਖਿਲਾਫ ਹਿੰਸਕ ਪ੍ਰਦਰਸ਼ਨ ਕਰਵਾਏ ਗਏ ਅਤੇ ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਕਿ ਲਾਲ ਕਿਲ੍ਹੇ 'ਤੇ ਹੋਏ ਤਿਰੰਗੇ ਦੇ 'ਅਪਮਾਨ' ਨੂੰ ਲੋਕਾਂ ਵਲੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ।

ਲਾਲ ਕਿਲ੍ਹੇ ਵਾਲੀ ਘਟਨਾ ਵਿਚ ਜ਼ਖਮੀ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਵੀ ਪ੍ਰਦਰਸ਼ਨ ਵਿਚ ਉਤਾਰ ਦਿੱਤਾ ਗਿਆ। ਸਰਕਾਰ ਨੂੰ ਉਮੀਦ ਸੀ ਕਿ ਇਸ ਰਣਨੀਤੀ ਨਾਲ ਕਿਸਾਨਾਂ 'ਤੇ ਜ਼ਬਰਦਸਤ ਦਬਾਅ ਪਵੇਗਾ ਅਤੇ ਲਾਲ ਕਿਲ੍ਹੇ ਵਾਲੀ ਘਟਨਾ ਨਾਲ ਅੰਦੋਲਨ ਵਿਚ ਜੋ ਨਿਰਾਸ਼ਾ ਆਈ ਹੈ, ਉਸ ਦਾ ਲਾਭ ਮਿਲੇਗਾ। ਦਿੱਲੀ ਦੀ ਗਾਜ਼ੀਪੁਰ ਹੱਦ ਉਤੇ ਡਟੇ ਕਿਸਾਨ ਨੇਤਾ ਰਾਕੇਸ਼ ਟਿਕੈਤ ਤੇ ਉਨ੍ਹਾਂ ਦੇ ਸਾਥੀ ਆਪਣੀਆਂ ਗ੍ਰਿਫਤਾਰੀਆਂ ਦੇਣ ਲਈ ਤਿਆਰ ਹੋ ਗਏ ਸਨ। ਅਜਿਹਾ ਲੱਗ ਰਿਹਾ ਸੀ ਕਿ ਥੋੜ੍ਹੀ ਹੀ ਦੇਰ ਵਿਚ ਇਨ੍ਹਾਂ ਲੋਕਾਂ ਦੀ ਗ੍ਰਿਫਤਾਰੀ ਹੋ ਜਾਵੇਗੀ ਤੇ ਕੌਮੀ ਸ਼ਾਹਰਾਹ 24 ਖਾਲੀ ਕਰਵਾ ਲਿਆ ਜਾਵੇਗਾ ਪਰ ਉਦੋਂ ਹੀ ਬਾਰਡਰ ਦੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਚੁਣੇ ਗਏ ਭਾਜਪਾ ਦੇ ਦੋ ਵਿਧਾਇਕਾਂ ਨੇ ਆਪਣੇ ਹਥਿਆਰਬੰਦ ਸਮਰਥਕਾਂ ਨਾਲ ਆ ਕੇ ਸਥਿਤੀ ਵਿਚ ਦਖਲਅੰਦਾਜ਼ੀ ਕੀਤੀ। ਗੱਲ ਵਿਗੜ ਗਈ।

ਟਿਕੈਤ ਨੇ ਹਟਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਲੱਗਾ ਕਿ ਜੇਕਰ ਉਹ ਗ੍ਰਿਫਤਾਰੀ ਦੇ ਕੇ ਮੌਕੇ ਤੋਂ ਚਲੇ ਗਏ ਤਾਂ ਭਾਜਪਾ ਦੇ ਹਥਿਆਰਬੰਦ ਲੋਕ ਉਥੇ ਹਾਜ਼ਰ ਬਾਕੀ ਕਿਸਾਨਾਂ ਨਾਲ ਰੱਜ ਕੇ ਕੁੱਟਮਾਰ ਕਰਨਗੇ।

ਇਸ ਤੋਂ ਬਾਅਦ ਜੋ ਹੋਇਆ, ਉਹ ਇਤਿਹਾਸ ਬਣ ਗਿਆ। ਭਾਵੁਕ ਹੋਏ ਟਿਕੈਤ ਦੇ ਹੰਝੂਆਂ ਨੇ ਉਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਜਾਟ ਅਤੇ ਕਿਸਾਨ ਭਾਈਚਾਰੇ ਦੀਆਂ ਖਾਪ ਪੰਚਾਇਤਾਂ ਨੂੰ ਭਾਵੁਕ ਕਰ ਦਿੱਤਾ। ਵਿਸ਼ਾਲ ਮਹਾਂ ਪੰਚਾਇਤਾਂ ਦਾ ਦੌਰ ਚੱਲਿਆ, ਜੋ ਕਿਸਾਨ ਚਲੇ ਗਏ ਸਨ, ਉਹ ਤਾਂ ਵਾਪਸ ਅੰਦੋਲਨ ਵੱਲ ਪਰਤ ਹੀ ਆਏ ਸਗੋਂ ਹੋਰ ਕਿਸਾਨਾਂ ਨੇ ਵੀ ਅੰਦੋਲਨ ਵਾਲੀਆਂ ਥਾਵਾਂ 'ਤੇ ਆਪਣੀ ਮੌਜੂਦਗੀ ਨਾਲ ਕਿਸਾਨ ਅੰਦੋਲਨ ਵਿਚ ਨਵੀਂ ਰੂਹ ਭਰ ਦਿੱਤੀ। ਹੁਣ ਹਾਲਾਤ ਇਹ ਨ ਕਿ ਮੋਰਚਿਆਂ ਉਤੇ 26 ਤੋਂ ਪਹਿਲਾਂ ਨਾਲੋਂ ਕਈ ਗੁਣਾ ਇਕੱਠ ਹੈ। ਕਾਫਲਿਆਂ ਦੇ ਕਾਫਲੇ ਦਿੱਲੀ ਵੱਲ ਕੂਚ ਕਰ ਰਹੇ ਹਨ। ਸਰਕਾਰ ਦੀ ਭਾਸ਼ਾ ਵਿਚ ਇਕਦਮ ਨਰਮੀ ਆਈ ਹੈ। ਗੱਲਬਾਤ ਨਾਲ ਮਸਲੇ ਦੇ ਹੱਲ ਬਾਰੇ ਚਰਚਾ ਤੇਜ਼ ਹੋ ਗਈ ਹੈ।

## ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਇਕ ਪਾਸੇ ਹੋਣ ਦਾ ਮਨ ਬਣਾਇਆ

*(ਸਫਾ ਇਕ ਦੀ ਬਾਕੀ)*

ਸੁਰੱਖਿਆ (ਸੋਧ) ਐਕਟ, 2020 ਅਤੇ ਤਜਵੀਜ਼ਤ ਨਵੇਂ ਬਿਜਲੀ (ਸੋਧ) ਐਕਟ, 2020 ਨੂੰ ਲਾਗੂ ਕਰਨ ਦੀ ਤਜਵੀਜ਼ ਵਾਪਸ ਲੈਣ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਦੇ ਸੋਧ ਬਿੱਲ ਮੁੜ ਲਿਆਵੇਗੀ ਕਿਉਂਕਿ ਪਹਿਲਾਂ ਪਾਸ ਕੀਤੇ ਬਿੱਲਾਂ ਨੂੰ ਰਾਜਪਾਲ ਨੇ ਰਾਸ਼ਟਰਪਤੀ ਕੋਲ ਨਹੀਂ ਭੇਜਿਆ। ਸਿਆਸੀ ਧਿਰਾਂ ਦੀ ਕਿਸਾਨਾਂ ਦੀ ਹਮਾਇਤ ਵਿਚ ਲਾਮਬੰਦੀ ਕੇਂਦਰ ਸਰਕਾਰ ਨੂੰ ਵੱਡੀ ਖਿੱਚ ਪਾਉਣ ਵਾਲੀ ਜਾਪ ਰਹੀ ਹੈ।

## ਫਰਜ਼ੀ ਖਬਰਾਂ ਅਤੇ ਨਫਰਤੀ ਭਾਸ਼ਣ ਰੋਕਣ ਬਾਰੇ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ, ਟਵਿੱਟਰ ਆਦਿ ਨੂੰ ਨੇਮਬੱਧ ਕਰਨ ਲਈ ਕਾਨੂੰਨੀ ਘੇਰੇ 'ਚ ਲਿਆਉਣ ਬਾਰੇ ਦਾਇਰ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਹੋਰਾਂ ਤੋਂ ਜਵਾਬ ਮੰਗਿਆ ਹੈ। ਫਰਜ਼ੀ ਖਬਰਾਂ ਤੇ ਨਫਰਤੀ ਭਾਸ਼ਣ ਫੈਲਾਉਣ ਲਈ ਇਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਣ ਬਾਰੇ ਵੀ ਅਦਾਲਤ ਨੇ ਸਰਕਾਰ ਤੋਂ ਜਵਾਬ ਤਲਬ ਕੀਤਾ ਹੈ। ਬੈਂਚ ਨੇ ਵਕੀਲ ਵਿਨੀਤ ਜਿੰਦਲ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕੀਤੀ ਤੇ ਇਸ ਨੂੰ ਇਕ ਬਕਾਇਆ ਪਟੀਸ਼ਨ ਨਾਲ ਜੋੜਿਆ ਹੈ। ਪਹਿਲਾਂ ਦਾਇਰ ਪਟੀਸ਼ਨ ਵਿਚ ਇਕ ਮੀਡੀਆ ਟ੍ਰਿਬਿਊਨਲ ਕਾਇਮ ਕਰਨ ਦੀ ਮੰਗ ਕੀਤੀ ਗਈ ਹੈ ਜੋ ਮੀਡੀਆ, ਚੈਨਲਾਂ ਤੇ ਨੈੱਟਵਰਕ ਖਿਲਾਫ ਸ਼ਿਕਾਇਤਾਂ ਸੁਣੇ। ਪਟੀਸ਼ਨਕਰਤਾ ਜਿੰਦਲ ਨੇ ਮੰਗ ਕੀਤੀ ਹੈ ਕਿ ਕੇਂਦਰ ਨੂੰ ਹਦਾਇਤਾਂ ਦਿੱਤੀਆਂ ਜਾਣ ਕਿ ਉਹ ਨਫਰਤੀ ਭਾਸ਼ਣ ਤੇ ਫਰਜ਼ੀ ਖਬਰਾਂ ਸੋਸ਼ਲ ਮੀਡੀਆ ਰਾਹੀਂ ਫੈਲਾਉਣ ਵਾਲਿਆਂ ਖਿਲਾਫ ਕਾਰਵਾਈ ਲਈ ਕਾਨੂੰਨੀ ਢਾਂਚਾ ਕਾਇਮ ਕਰੇ।

# ਟਰੈਕਟਰ ਪਰੇਡ: ਗਲਤ ਰਿਪੋਰਟਿੰਗ ਖਿਲਾਫ ਕੇਂਦਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਦੋ ਜਨਹਿੱਤ ਪਟੀਸ਼ਨਾਂ 'ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ ਜਿਸ 'ਚ ਦੋਸ਼ ਲਾਇਆ ਗਿਆ ਹੈ ਕਿ ਇਕ ਮੀਡੀਆ ਅਦਾਰੇ ਵੱਲੋਂ ਆਪਣੇ ਨਿਊਜ਼ ਪਲੇਟਫਾਰਮਾਂ 'ਤੇ ਕਿਸਾਨਾਂ ਦੀ ਗਣਤੰਤਰ ਦਿਵਸ ਮੌਕੇ ਟਰੈਕਟਰ ਪਰੇਡ ਸਬੰਧੀ ਅਪੁਸ਼ਟ ਵੀਡੀਓ ਪ੍ਰਸਾਰਿਤ ਕਰਕੇ ਸਿੱਖਾਂ 'ਤੇ 'ਮਨਘੜਤ, ਹਮਲਾਵਰ ਅਤੇ ਸੰਭਾਵੀ ਘਾਤਕ' ਹਮਲੇ ਕੀਤੇ ਹਨ। ਚੀਫ ਜਸਟਿਸ ਡੀ.ਐਨ. ਪਟੇਲ ਅਤੇ ਜਸਟਿਸ ਜਯੋਤੀ ਸਿੰਘ ਦੇ ਬੈਂਚ ਨੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ, ਭਾਰਤੀ ਪ੍ਰੈੱਸ ਪਰਿਸ਼ਦ, ਨਿਊਜ਼ ਬ੍ਰਾਡਕਾਸਟਰ ਐਸੋਸੀਏਸ਼ਨ ਅਤੇ ਇਕ ਮੀਡੀਆ ਅਦਾਰੇ ਨੂੰ ਨੋਟਿਸ ਜਾਰੀ ਕੀਤੇ ਹਨ।

ਉਨ੍ਹਾਂ ਨੂੰ 26 ਫਰਵਰੀ ਤੱਕ ਜਵਾਬ ਦੇਣ ਲਈ ਕਿਹਾ ਗਿਆ ਹੈ। ਇਕ ਪਟੀਸ਼ਨ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਦੂਜੀ ਦਿੱਲੀ ਨਿਵਾਸੀ ਮਨਜੀਤ ਸਿੰਘ ਜੀ.ਕੇ. ਨੇ ਦਾਖਲ ਕੀਤੀ ਹੈ। ਦੋਹਾਂ ਨੇ ਆਪਣੀਆਂ ਅਰਜ਼ੀਆਂ 'ਚ ਦਾਅਵਾ ਕੀਤਾ ਹੈ ਕਿ ਜਦੋਂ ਲੋਕਾਂ ਦੀਆਂ ਭਾਵਨਾਵਾਂ ਭੜਕੀਆਂ ਹੋਈਆਂ ਸਨ ਤਾਂ ਅਜਿਹੇ ਸਮੇਂ 'ਚ ਇਕ ਖਾਸ ਫਿਰਕੇ ਖਿਲਾਫ ਕੂੜ ਪ੍ਰਚਾਰ ਚਲਾਇਆ ਗਿਆ ਜਿਸ ਦੇ ਖਤਰਨਾਕ ਸਿੱਟੇ ਨਿਕਲ ਸਕਦੇ ਸਨ ਅਤੇ ਫਿਰਕੇ ਦੇ ਮੈਂਬਰਾਂ ਨੂੰ ਜਾਨ-ਮਾਲ ਦਾ ਵੀ ਖਤਰਾ ਹੋ ਸਕਦਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੇਂਦਰ ਦੇ ਜਬਰ ਨਾਲ ਕਿਸਾਨ ਰੋਹ ਦੂਣ-ਸਵਾਇਆ, ਮੋਰਚੇ ਵੱਲ ਵਧੇ ਕਾਫਲੇ

**ਚੰਡੀਗੜ੍ਹ:** ਕੇਂਦਰ ਸਰਕਾਰ ਖਿਲਾਫ ਪੰਜਾਬ 'ਚ ਗੁੱਸਾ ਵਧਦਾ ਜਾ ਰਿਹਾ ਹੈ। ਨਤੀਜੇ ਵਜੋਂ ਸੂਬੇ ਤੋਂ 'ਦਿੱਲੀ ਮੋਰਚੇ' ਲਈ ਵੱਡੇ ਕਾਫਲੇ ਰਵਾਨਾ ਹੋ ਰਹੇ ਹਨ। ਪਿੰਡਾਂ ਵਿਚ ਵੀ ਪੰਚਾਇਤੀ ਕੇਂਦਰੀ ਹੱਲੇ ਖਿਲਾਫ ਮਤੇ ਪਾ ਰਹੀਆਂ ਹਨ। ਬਠਿੰਡਾ ਦੇ ਪਿੰਡ ਬੀਬੀ ਵਾਲਾ ਦੀ ਪੰਚਾਇਤ ਨੇ ਤਾਂ ਮੀਡੀਆ ਦੀ ਹਮਾਇਤ ਵਿਚ ਵੀ ਪਤਾ ਪਾਇਆ ਹੈ। ਪੰਜਾਬ ਤੋਂ ਚੱਲੇ ਕਾਫਲਿਆਂ ਨੇ ਮੁੜ ਜਰਨੈਲੀ ਸੜਕਾਂ 'ਤੇ ਜਾਮ ਵਾਲੀ ਸਥਿਤੀ ਪੈਦਾ ਕਰ ਦਿੱਤੀ। ਮਾਲਵੇ ਦੇ ਸੈਂਕੜੇ ਪਿੰਡਾਂ 'ਚ ਕੇਂਦਰ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ ਹਨ।

32 ਕਿਸਾਨ ਧਿਰਾਂ ਦੀ ਅਗਵਾਈ ਵਿਚ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਵੀ ਦਿੱਤੇ ਗਏ। ਮੀਡੀਆ ਖਿਲਾਫ ਕੀਤੀ ਕਾਰਵਾਈ ਦੀ ਗੂੰਜ ਵੀ ਇਨ੍ਹਾਂ ਧਰਨਿਆਂ ਵਿਚ ਪਈ। ਕਿਸਾਨ ਧਿਰਾਂ ਨੇ ਮੀਡੀਆ ਨਾਲ ਕੀਤੀ ਗਈ ਧੱਕੇਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ। ਬੀ.ਕੇ.ਯੂ. (ਉਗਰਾਹਾਂ) ਵੱਲੋਂ ਪਿੰਡਾਂ ਵਿਚ ਕੇਂਦਰ ਸਰਕਾਰ ਦੀਆਂ ਅਰਥੀਆਂ ਸਾੜੀਆਂ ਗਈਆਂ। ਮਾਨਸਾ ਦੇ ਪਿੰਡ ਹਮੀਰਗੜ੍ਹ ਢੈਪਈ, ਕਿਸ਼ਨਗੜ੍ਹ ਫਰਵਾਹੀ ਅਤੇ ਨੰਗਲ ਕਲਾਂ ਦੀ ਪੰਚਾਇਤ ਨੇ ਦਿੱਲੀ ਜਾਣ ਵਾਲੇ ਟਰੈਕਟਰਾਂ ਦੇ ਹੋਣ ਵਾਲੇ ਨੁਕਸਾਨ ਦੀ ਭਰਪਾਈ ਦਾ ਜਿੰਮਾ ਵੀ ਚੁੱਕਿਆ ਹੈ। ਫਰੀਦਕੋਟ ਦੇ ਪਿੰਡ ਸਿਬੀਆਂ ਦੀ ਪੰਚਾਇਤ ਨੇ ਦਿੱਲੀ ਨਾ ਜਾਣ ਵਾਲੇ ਬਾਸ਼ਿੰਦਿਆਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਪਿੰਡਾਂ 'ਚੋਂ ਫੰਡ ਵੀ ਇਕੱਠਾ ਹੋਣ ਲੱਗਾ ਹੈ। ਸਿਆਸੀ ਧਿਰਾਂ ਨਾਲ ਜੁੜੇ ਵਰਕਰ ਵੀ ਕਿਸਾਨਾਂ ਨਾਲ ਦਿੱਲੀ ਜਾਣ ਲੱਗੇ ਹਨ। ਰਾਮਪੁਰਾ ਦੀ ਮਹਿਲਾ ਆਗੂ ਬਲਵਿੰਦਰ ਕੌਰ ਗਰੇਵਾਲ ਨੇ ਦੱਸਿਆ ਕਿ ਪਿੰਡਾਂ ਦੀਆਂ ਔਰਤਾਂ ਵਿਚ ਰੋਹ ਹੋਰ ਪ੍ਰਚੰਡ ਹੋਇਆ ਹੈ ਅਤੇ ਉਹ ਖੁਦ ਕਿਸਾਨਾਂ ਨੂੰ ਦਿੱਲੀ ਭੇਜ ਰਹੀਆਂ ਹਨ। ਵੇਰਵਿਆਂ ਅਨੁਸਾਰ ਸਰਹੱਦੀ ਜ਼ਿਲ੍ਹਿਆਂ ਖਾਸ ਕਰਕੇ ਫਾਜ਼ਿਲਕਾ ਅਤੇ ਫਿਰੋਜ਼ਪੁਰ ਦੇ ਕਿਸਾਨ ਰੇਲ ਗੱਡੀਆਂ 'ਚ ਦਿੱਲੀ ਲਈ ਰੋਜ਼ਾਨਾ ਰਵਾਨਾ ਹੋਣ ਲੱਗੇ ਹਨ। ਉਧਰ, ਦਿੱਲੀ ਦੇ ਤਿੰਨ ਮੁੱਖ ਬਾਰਡਰਾਂ ਸਿੰਘੂ, ਗਾਜ਼ੀਪੁਰ ਅਤੇ ਟਿਕਰੀ 'ਤੇ ਡਟੇ ਕਿਸਾਨਾਂ ਨੇ 'ਸਦਭਾਵਨਾ ਦਿਵਸ' ਮਨਾ ਨੇ ਸ਼ਾਂਤਮਈ ਸੰਘਰਸ਼ ਦਾ ਸੁਨੇਹਾ ਦਿੱਤਾ। ਸੰਯੁਕਤ ਕਿਸਾਨ ਮੋਰਚੇ ਨੇ ਦੇਸ਼ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਸ਼ਾਂਤਮਈ ਤਰੀਕੇ ਨਾਲ ਇਹ ਅੰਦੋਲਨ ਚਲਾ ਕੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਵਾਏ ਜਾਣਗੇ। ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਦਭਾਵਨਾ ਦਿਵਸ ਮਨਾਉਂਦਿਆਂ ਕਿਸਾਨਾਂ ਨੇ ਵਰਤ ਰੱਖੇ।



ਸਿੰਘੂ ਬਾਰਡਰ 'ਤੇ ਭੁੱਖ ਹੜਤਾਲ ਵਿਚ ਕਿਸਾਨ ਆਗੂ ਸ਼ਾਮਲ ਹੋਏ ਅਤੇ ਉਨ੍ਹਾਂ ਆਪਣੇ ਭਾਸ਼ਣਾਂ ਨਾਲ ਕਿਸਾਨਾਂ ਵਿਚ ਨਵੀਂ ਰੂਹ ਫੂਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਅਰਦਾਸ ਕਰਕੇ ਕਿਸਾਨਾਂ ਨੂੰ ਭੁੱਖ ਹੜਤਾਲ ਉਪਰ ਬਿਠਾਇਆ ਗਿਆ।

ਉਧਰ, ਗਾਜੀਪੁਰ ਅਤੇ ਹੋਰ ਬਾਰਡਰਾਂ 'ਤੇ ਕਿਸਾਨਾਂ ਦੀ ਗਿਣਤੀ ਵਧਣ ਕਰਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਹੰਝੂ ਵਹਿਣ ਦਾ ਅਸਰ ਸਭ ਨੇ ਦੇਖ ਲਿਆ ਹੈ ਅਤੇ ਹੁਣ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਹਿੰਸਾ ਦੇ ਮਾਮਲੇ ਵਿਚ ਮੁਕੱਦਮਾ ਦਰਜ ਹੋਣ 'ਤੇ ਉਨ੍ਹਾਂ ਕਿਹਾ,"ਹੁਣ ਜੇਲ੍ਹਾਂ ਵੀ ਭਰੀਆਂ ਜਾਣਗੀਆਂ ਅਤੇ ਅੰਦੋਲਨ ਵੀ ਚੱਲੇਗਾ ਨਾਲ ਹੀ ਕਾਨੂੰਨ ਦੀ ਪਾਲਣਾ ਵੀ ਕੀਤੀ ਜਾਵੇਗੀ। ਜੇਕਰ ਜੇਲ੍ਹ ਜਾਣਾ ਪਿਆ ਤਾਂ ਅੰਦੋਲਨ ਕਿਸਾਨ ਚਲਾਉਣਗੇ।" ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ ਨਾਲ ਜੁੜੇ ਲੋਕਾਂ ਨੂੰ ਮੰਚ ਉਪਰ ਥਾਂ ਨਹੀਂ ਦਿੱਤੀ ਜਾ ਰਹੀ ਹੈ ਅਤੇ ਨਾ ਹੀ ਕਿਸੇ ਸਿਆਸੀ ਧਿਰ ਨੂੰ ਵੋਟਾਂ ਦੇਣ ਦਾ ਕੋਈ ਸੁਨੇਹਾ ਜਾਂ ਸੱਦਾ ਦਿੱਤਾ ਜਾ ਰਿਹਾ ਹੈ।

### ਸਰਕਾਰ ਧਿਆਨ ਭਟਕਾਉਣਾ ਚਾਹੁੰਦੀ: ਜਗੀਰ ਕੌਰ

ਕਿਸਾਨ ਅੰਦੋਲਨ ਦੌਰਾਨ ਕੇਸਰੀ ਝੰਡੇ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕੀਤੇ ਜਾਣ 'ਤੇ ਇਤਰਾਜ਼ ਜਤਾਉਂਦਿਆਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੇ ਆਖਿਆ ਕਿ ਕਿਸਾਨ ਸੰਘਰਸ਼ ਨੂੰ ਜਾਣਬੁਝ ਕੇ ਫਿਰਕੂ ਰੰਗਤ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਲੋਕਾਂ ਦਾ ਧਿਆਨ ਕਿਸਾਨ ਸੰਘਰਸ਼ ਤੋਂ ਹਟਾਉਣ ਲਈ ਨਿਸ਼ਾਨ ਸਾਹਿਬ ਦੇ ਮੁੱਦੇ ਨੂੰ ਉਭਾਰ ਰਹੀ ਹੈ ਜਦਕਿ ਲਾਲ ਕਿਲੇ 'ਤੇ ਤਿਰੰਗੇ ਦੇ ਮਾਣ ਸਤਿਕਾਰ ਨੂੰ ਕਾਇਮ ਰੱਖਦਿਆਂ ਕੇਸਰੀ ਨਿਸ਼ਾਨ ਅਤੇ ਕਿਸਾਨੀ ਝੰਡਾ ਲਹਿਰਾਇਆ ਗਿਆ ਹੈ। ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਦਿੱਲੀ ਪੁਲਿਸ ਨੇ ਲੋਕਾਂ ਨੂੰ ਖੁਦ ਲਾਲ ਕਿਲੇ ਦਾ ਰਸਤਾ ਦਿੱਤਾ ਸੀ।

## ਏਕਤਾ ਤੇ ਸ਼ਾਂਤਮਈ ਅੰਦੋਲਨ ਕਿਸਾਨ ਸੰਘਰਸ਼ ਦੀ ਜਿੱਤ ਦਾ ਮੰਤਰ ਕਰਾਰ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਕਿਸਾਨੀ ਏਕਤਾ ਨਾਲ ਅਤੇ ਸ਼ਾਂਤ ਰਹਿ ਕੇ ਅੰਦੋਲਨ ਨੂੰ ਅੱਗੇ ਵਧਾਉਣਾ ਹੀ ਕਿਸਾਨ ਸੰਘਰਸ਼ ਦੀ ਜਿੱਤ ਦਾ ਮੰਤਰ ਹੈ। ਦਿੱਲੀ ਮੋਰਚੇ ਤੋਂ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ ਪਹੁੰਚੇ ਕਿਸਾਨ ਆਗੂ ਨੇ ਪੰਜਾਬ ਦੇ ਹਰ ਵਰਗ ਨਾਲ ਸਬੰਧਤ ਲੋਕਾਂ ਨੂੰ ਦਿੱਲੀ ਮੋਰਚੇ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦਾ ਕੌਮਾਂਤਰੀ ਪੱਧਰ 'ਤੇ ਇਹ ਅਸਰ ਹੋਇਆ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਵੀ ਗਣਤੰਤਰ ਦਿਵਸ ਸਮਾਗਮ ਵਿਚ ਭਾਰਤ ਦੀ ਮਹਿਮਾਨਨਿਵਾਜ਼ੀ ਕਬੂਲਣ ਤੋਂ ਇਨਕਾਰ ਕਰ ਦਿੱਤਾ। ਵਿਦੇਸ਼ੀ ਸੰਸਦਾਂ ਵਿਚ ਕਿਸਾਨੀ ਅੰਦੋਲਨ ਦੀ ਲਗਾਤਾਰ ਗੂੰਜ ਪੈਣ ਕਾਰਨ ਮੋਦੀ ਸਰਕਾਰ ਇਸ ਵੇਲੇ ਭਾਰੀ ਦਬਾਅ ਹੇਠ ਹੈ। ਇਹੀ ਕਾਰਨ ਹੈ ਕਿ ਭਾਜਪਾ ਸਰਕਾਰ ਇਸ ਅੰਦੋਲਨ ਨੂੰ ਬਦਨਾਮ ਕਰ ਕੇ ਫੇਲ੍ਹ ਕਰਨ ਦੀਆਂ ਚਾਲਾਂ ਚੱਲ ਰਹੀ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਵਾਪਰੀਆਂ ਘਟਨਾਵਾਂ ਭਾਰਤ ਸਰਕਾਰ ਤੇ ਖੁਫੀਆ ਏਜੰਸੀਆਂ ਦੀਆਂ ਚਾਲਾਂ ਦੇ ਪਰਦੇ ਚੁੱਕਦੀਆਂ ਹਨ। ਸਾਰੀ ਦੁਨੀਆਂ ਜਾਣਦੀ ਹੈ ਕਿ ਕਿਸਾਨ ਅੰਦੋਲਨ ਪਹਿਲੇ ਦਿਨ ਤੋਂ ਹੀ ਸ਼ਾਂਤਮਈ ਹੈ। ਭਾੜੇ ਦੇ ਲੋਕਾਂ ਤੋਂ ਲਾਲ ਕਿਲੇ 'ਤੇ ਘਟਨਾ ਨੂੰ ਅੰਜਾਮ ਦਿਵਾ ਕੇ ਭਾਜਪਾ ਸਰਕਾਰ ਨੇ ਆਪਣਾ ਅਸਲੀ ਚਿਹਰਾ ਦਿਖਾ ਦਿੱਤਾ ਹੈ।

ਸ੍ਰੀ ਰਾਜੇਵਾਲ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੇ ਸੰਜਮ ਤੇ ਜ਼ਾਬਤੇ ਤੋਂ ਕੰਮ ਲੈਂਦਿਆਂ ਕਿਸਾਨ ਪਰੇਡ ਰੱਦ ਕੀਤੀ ਅਤੇ ਮੋਰਚੇ 'ਚ ਆ ਕੇ ਸਥਿਤੀ ਨੂੰ ਸੰਭਾਲਿਆ। ਕੇਂਦਰ ਸਰਕਾਰ ਨੇ ਗੋਦੀ ਮੀਡੀਆ ਰਾਹੀਂ ਲਗਾਤਾਰ ਅੰਦੋਲਨ ਨੂੰ ਬਦਨਾਮ ਕਰਨ ਦਾ ਰਾਹ ਫੜਿਆ ਹੋਇਆ ਹੈ ਅਤੇ ਕਿਸਾਨ ਅੰਦੋਲਨ ਨੂੰ ਫਿਰਕੂ ਰੰਗਤ ਦੇਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਦੇਸ਼ ਦੀ ਜਨਤਾ ਅਸਲੀਅਤ ਜਾਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਹਾਲੇ ਵੀ ਕੇਂਦਰ ਨਾਲ ਗੱਲਬਾਤ ਦੇ ਰਾਹ ਖੁੱਲ੍ਹੇ ਰੱਖੇ ਹੋਏ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਕੇਂਦਰ ਤੇ ਕਿਸਾਨਾਂ ਨੂੰ ਜਿੰਦ ਛੱਡ ਕੇ ਇਕ-ਇਕ ਕਦਮ ਪਿੱਛੇ ਹਟਣ ਸਬੰਧੀ ਕੀਤੀ ਗਈ ਅਪੀਲ ਬਾਰੇ ਰਾਜੇਵਾਲ ਨੇ ਕਿਹਾ ਕਿ ਉਹ ਇਸ ਅਪੀਲ ਦਾ ਸਨਮਾਨ ਕਰਦੇ ਹਨ ਅਤੇ ਇਸ ਉਤੇ ਕੋਰ ਕਮੇਟੀ ਵੱਲੋਂ ਵਿਚਾਰ ਕੀਤਾ ਜਾਵੇਗਾ।

## ਸਾਹਿਤਕ ਜਥੇਬੰਦੀਆਂ ਨੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਈ



**ਅੰਮ੍ਰਿਤਸਰ/ਪਟਿਆਲਾ:** ਕੇਂਦਰ ਵਲੋਂ ਜਬਰੀ ਥੋਪੇ ਗਏ ਖੇਤੀ ਕਾਨੂੰਨ ਰੱਦ ਕਰਾਉਣ ਲਈ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨੀ ਅੰਦੋਲਨ ਦੇ ਹੱਕ ਵਿਚ ਸਾਹਿਤਕਾਰਾਂ ਵਲੋਂ ਮਨੁੱਖੀ ਲੜੀ ਬਣਾ ਕੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਦੇ 'ਤੇ ਅੰਮ੍ਰਿਤਸਰ ਜਿਲ੍ਹੇ ਦੀਆਂ ਸਮੁੱਚੀਆਂ ਸਾਹਿਤ ਸਭਾਵਾਂ ਵੱਲੋਂ ਇਥੋਂ ਦੀ ਕਾਮਰੇਡ ਸੋਹਣ ਸਿੰਘ ਜੋਸ਼ ਜਿਲ੍ਹਾ ਲਾਇਬ੍ਰੇਰੀ ਵਿਚ ਇਕੱਤਰਤਾ ਕੀਤੀ ਗਈ ਜਿਸ ਵਿਚ ਕੇਂਦਰੀ ਸਭਾ ਦੇ ਸਕੱਤਰ ਦੀਪ ਦੇਵਿੰਦਰ ਸਿੰਘ, ਸਰਬਜੀਤ ਸਿੰਘ ਸੰਧੂ, ਸ਼ਾਇਰ ਮਲਵਿੰਦਰ, ਅਰਤਿੰਦਰ ਸੰਧੂ ਅਤੇ ਡਾ. ਸੁਖਬੀਰ ਕੌਰ ਮਾਹਲ ਨੇ ਕਿਹਾ ਕਿ ਮੌਜੂਦਾ ਕਿਸਾਨੀ ਸੰਘਰਸ਼ ਹੁਣ ਜਨ ਅੰਦੋਲਨ ਦਾ ਰੂਪ ਧਾਰਨ ਕਰ ਚੁੱਕਾ ਹੈ। ਸਰਕਾਰ ਨੂੰ ਤਲਖ ਹਕੀਕਤਾਂ ਸਮਝਦਿਆਂ ਤਿੰਨੇ ਖੇਤੀ ਕਾਨੂੰਨ ਰੱਦ ਕਰਨੇ ਚਾਹੀਦੇ ਹਨ। ਸਥਾਨਕ ਕੋਰਟ ਰੋਡ 'ਤੇ ਬਣਾਈ ਮਨੁੱਖੀ ਲੜੀ ਵਿਚ ਹਰਜੀਤ ਸਿੰਘ ਸੰਧੂ, ਡਾ. ਮੋਹਨ, ਜਗਤਾਰ ਗਿੱਲ, ਚੰਨ ਅਮਰੀਕ, ਮਨਮੋਹਨ ਸਿੰਘ ਢਿੱਲੋਂ, ਸੁਰਿੰਦਰ ਚੋਹਕਾ, ਡਾ. ਰੁਪਿੰਦਰ ਕੌਰ, ਡਾ. ਹੀਰਾ ਸਿੰਘ, ਅਰਤਿੰਦਰ ਸੰਧੂ, ਰਾਜ ਖੁਸ਼ਵੰਤ ਸਿੰਘ, ਡਾ. ਭੁਪਿੰਦਰ ਸਿੰਘ, ਬਿਕਰਮਜੀਤ ਸਿੰਘ, ਸ਼ੁਕਰਗੁਜ਼ਾਰ ਸਿੰਘ, ਵਿਸ਼ਾਲ ਐਡਵੋਕੇਟ, ਬਲਜਿੰਦਰ ਮਾਂਗਟ, ਕੁਲਦੀਪ ਦਰਾਜਕੇ, ਡਾ. ਕਸ਼ਮੀਰ ਸਿੰਘ ਅਤੇ ਸੁਮੀਤ ਸਿੰਘ ਸ਼ਾਮਲ ਹੋਏ।

ਦੂਜੇ ਪਾਸੇ ਪ੍ਰਗਤੀਸ਼ੀਲ ਲੇਖਕ ਸੰਘ ਪਟਿਆਲਾ ਵੱਲੋਂ ਕਿਸਾਨ-ਮਜ਼ਦੂਰ-ਮੁਲਾਜ਼ਮ ਸੰਘਰਸ਼ ਕਮੇਟੀ ਅਰਬਨ ਅਸਟੇਟ ਪਟਿਆਲਾ ਨਾਲ ਮਿਲ ਕੇ ਦਿੱਲੀ ਵਿਚ ਲੱਗੇ ਕਿਸਾਨ ਮੋਰਚੇ ਦੇ ਸਮਰਥਨ ਵਿਚ ਪ੍ਰਦਰਸ਼ਨ ਕੀਤਾ ਗਿਆ। ਅਰਬਨ ਅਸਟੇਟ ਫੇਜ਼-2 ਦੇ ਕਿਸਾਨ ਪਾਰਕ ਤੋਂ ਮਾਰਚ ਸ਼ੁਰੂ ਹੋਇਆ ਜਿਸ ਵਿਚ ਕਿਸਾਨ ਮੰਡੀ ਤੱਕ ਸਲੋਗਨਾਂ ਤੇ ਨਾਅਰਿਆਂ ਨਾਲ ਰੋਸ ਪ੍ਰਗਟ ਕੀਤਾ ਗਿਆ। ਇਸ ਤੋਂ ਪਹਿਲਾਂ ਅਰਬਨ ਅਸਟੇਟ ਰੋਸ ਕਮੇਟੀ ਵੱਲੋਂ 11 ਸਾਥੀਆਂ ਨਾਲ ਸ਼ੁਰੂ ਕੀਤੀ ਭੁੱਖ ਹੜਤਾਲ ਨੂੰ ਡਾ. ਰਾਜਿੰਦਰਪਾਲ ਸਿੰਘ ਬਰਾੜ ਅਤੇ ਡਾ. ਕੁਲਦੀਪ ਸਿੰਘ ਦੀਪ ਨੇ ਸਮਾਪਤ ਕਰਵਾਇਆ।

# ਦਿੱਲੀ ਹਿੰਸਾ: ਲਾਪਤਾ ਨੌਜਵਾਨਾਂ ਦੀ ਗਿਣਤੀ ਬਾਰੇ ਭੰਬਲਭੂਸਾ

**ਅੰਮ੍ਰਿਤਸਰ:** ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਪਰੇਡ ਅਤੇ ਸਿੰਘੂ ਤੇ ਟਿਕਰੀ ਬਾਰਡਰ 'ਤੇ ਵਾਪਰੀਆਂ ਘਟਨਾਵਾਂ ਤੋਂ ਬਾਅਦ ਲਾਪਤਾ ਕਿਸਾਨਾਂ ਤੇ ਨੌਜਵਾਨਾਂ ਬਾਰੇ ਅਜੇ ਵੀ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਇਸ ਮਾਮਲੇ ਵਿਚ ਨਾ ਤਾਂ ਸਰਕਾਰ ਸਪੱਸ਼ਟ ਕਰ ਰਹੀ ਹੈ ਅਤੇ ਨਾ ਹੀ ਲਾਪਤਾ ਵਿਅਕਤੀਆਂ ਦੇ ਵਾਰਸਾਂ ਨੂੰ ਕੋਈ ਜਾਣਕਾਰੀ ਮਿਲ ਰਹੀ ਹੈ।

ਵੇਰਵਿਆਂ ਮੁਤਾਬਕ ਹੁਣ ਤੱਕ ਲਗਭਗ 100 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਪਤਾ ਲੱਗਾ ਹੈ।

ਗ੍ਰਿਫਤਾਰ ਵਿਅਕਤੀਆਂ ਦੇ ਵੇਰਵਿਆਂ ਬਾਰੇ ਸੋਸ਼ਲ ਮੀਡੀਆ 'ਤੇ ਵੱਖ-ਵੱਖ ਸੂਚੀਆਂ ਵੀ ਵਾਇਰਲ ਹੋਈਆਂ ਹਨ, ਜਿਨ੍ਹਾਂ ਰਾਹੀਂ ਲੋਕਾਂ ਨੂੰ ਆਪਣੇ ਲਾਪਤਾ ਮੈਂਬਰਾਂ ਬਾਰੇ ਪਤਾ ਲੱਗ ਰਿਹਾ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਅਜਿਹੇ 40 ਵਿਅਕਤੀਆਂ ਦੀ ਇਕ ਸੂਚੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ 33 ਵਿਅਕਤੀਆਂ ਅਤੇ ਇਸ ਤੋਂ ਪਹਿਲਾਂ 45 ਹੋਰ ਵਿਅਕਤੀਆਂ ਦੀ ਇਕ ਸੂਚੀ ਨੂੰ ਆਪਣੇ ਫੇਸਬੁੱਕ ਖਾਤੇ ਰਾਹੀਂ ਜਨਤਕ ਕੀਤਾ ਗਿਆ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਵਲੋਂ ਅੱਜ ਜਨਤਕ ਕੀਤੀ ਗਈ 33 ਵਿਅਕਤੀਆਂ ਦੀ ਸੂਚੀ ਵਿਚ ਮਾਨਸਾ ਜ਼ਿਲ੍ਹੇ ਦੇ 7, ਸੰਗਰੂਰ ਦੇ 5, ਮੋਹਾਲੀ ਦੇ 2, ਫਤਹਿਗੜ੍ਹ ਸਾਹਿਬ ਦੇ 2, ਮੋਗਾ ਦੇ 2 , ਪਟਿਆਲਾ ਦੇ ਤਿੰਨ, ਹਰਿਆਣਾ ਦੇ 4, ਨਵਾਂਸ਼ਹਿਰ ਦਾ ਇਕ, ਲੁਧਿਆਣਾ ਦੇ 2, ਗੁਰਦਾਸਪੁਰ ਦੇ ਤਿੰਨ, ਪੱਟੀ 1 ਅਤੇ ਬਠਿੰਡਾ ਦੇ ਇਕ ਵਿਅਕਤੀ ਦਾ ਨਾਂ ਸ਼ਾਮਲ ਹਨ। ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਜਾਰੀ ਸੂਚੀ ਮੁਤਾਬਕ ਦਿੱਲੀ ਪੁਲਿਸ ਨੇ ਵੱਖ-ਵੱਖ ਥਾਣਿਆਂ ਵਿਚ ਛੇ ਐਫ.ਆਈ.ਆਰ. ਦਰਜ ਕੀਤੀਆਂ ਹਨ ਜਿਨ੍ਹਾਂ ਵਿਚ ਲਗਭਗ 40 ਵਿਅਕਤੀਆਂ ਦੇ ਵੇਰਵੇ ਦਰਜ ਹਨ। ਇਸ ਸੂਚੀ ਮੁਤਾਬਕ ਐਫ.ਆਈ.ਆਰ. ਨੰਬਰ 43, ਜੋ ਥਾਣਾ ਅਲੀਪੁਰ ਵਿਖੇ ਦਰਜ ਹੈ, ਵਿਚ ਮਾਨਸਾ ਜ਼ਿਲ੍ਹੇ ਦੇ ਦੋ ਵਿਅਕਤੀ, ਐਫ.ਆਈ.ਆਰ. ਨੰਬਰ 44, ਜੋ ਥਾਣਾ ਨਜਫਗੜ੍ਹ (ਦੁਆਰਕਾ) ਵਿਖੇ ਦਰਜ ਹੈ, ਵਿਚ ਸੱਤ ਵਿਅਕਤੀ, ਐਫ.ਆਈ.ਆਰ. ਨੰਬਰ 48, ਜੋ ਥਾਣਾ ਉੱਤਮ ਨਗਰ ਵਿਖੇ ਦਰਜ ਹੈ, 'ਚ ਅੱਠ ਵਿਅਕਤੀ, ਐਫ.ਆਈ.ਆਰ. ਨੰਬਰ 46, ਜੋ ਥਾਣਾ ਨੰਗੋਲੀ ਵਿਖੇ ਦਰਜ ਹੈ, ਵਿਚ ਅੱਠ ਵਿਅਕਤੀ, ਐਫ.ਆਈ.ਆਰ. ਨੰਬਰ 41, ਜੋ ਥਾਣਾ ਸੀਮਾਪੁਰੀ 'ਚ ਦਰਜ ਹੈ, ਵਿਚ ਤਿੰਨ ਵਿਅਕਤੀਆਂ ਬਾਰੇ ਵੇਰਵੇ ਸ਼ਾਮਲ ਹਨ।




ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਆਖਿਆ ਕਿ ਉਹ ਇਸ ਮਾਮਲੇ ਵਿਚ ਲਗਾਤਾਰ ਪੁਲਿਸ ਨਾਲ ਸੰਪਰਕ ਕਰ ਰਹੇ ਹਨ ਤਾਂ ਜੋ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਕਿਸਾਨਾਂ ਅਤੇ ਨੌਜਵਾਨਾਂ ਦਾ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਟਿਕਰੀ ਅਤੇ ਸਿੰਘੂ ਬਾਰਡਰ ਤੋਂ ਗ੍ਰਿਫਤਾਰ ਕੁਝ ਨੌਜਵਾਨਾਂ ਦੀ ਜਾਣਕਾਰੀ ਵੀ ਮਿਲੀ ਹੈ। ਉਨ੍ਹਾਂ ਖਦਸ਼ਾ ਜਤਾਇਆ ਕਿ ਲਗਭਗ 200 ਤੋਂ ਵੱਧ ਵਿਅਕਤੀ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਮਦਦ ਲਈ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਮੁਫਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਨੂੰ ਉਹ ਤਿਹਾੜ ਜੇਲ੍ਹ ਵਿਚ ਮਿਲੇ ਹਨ, ਜੋ ਚੜ੍ਹਦੀ ਕਲਾ ਵਿਚ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਐਡਵੋਕੇਟ ਸਰਬਜੀਤ ਸਿੰਘ ਨੇ ਆਖਿਆ ਕਿ ਲਾਪਤਾ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਵਲੋਂ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ ਪਰ ਹੁਣ ਤੱਕ ਲਾਪਤਾ ਅਤੇ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਕੁੱਲ ਗਿਣਤੀ ਬਾਰੇ ਕੁਝ ਵੀ ਸਪੱਸ਼ਟ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਨਾ ਤਾਂ ਪੁਲਿਸ ਅਤੇ ਨਾ ਹੀ ਸਰਕਾਰ ਵਲੋਂ ਸਪੱਸ਼ਟ ਕੀਤਾ ਜਾ ਰਿਹਾ ਹੈ।

### ਨੌਜਵਾਨਾਂ ਦੀ ਭਾਲ ਲਈ 5 ਮੈਂਬਰੀ ਕਮੇਟੀ ਕਾਇਮ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਗਣਤੰਤਰ ਦਿਵਸ ਮੌਕੇ ਕੌਮੀ ਰਾਜਧਾਨੀ ਵਿੱਚ ਹੋਈ ਹਿੰਸਾ ਤੇ ਲਾਲ ਕਿਲੇ ਦੀ ਘਟਨਾ ਮਗਰੋਂ ਲਾਪਤਾ ਨੌਜਵਾਨਾਂ ਦਾ ਥਹੁ-ਪਤਾ ਲਾਉਣ ਤੇ ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਨ ਤੇ ਹੋਰ ਚਾਰਾਜੋਈ ਲਈ 5 ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਹੈ। ਕਮੇਟੀ ਵਿਚ ਪ੍ਰੇਮ ਸਿੰਘ ਭੰਗੂ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਅਵਤਾਰ ਸਿੰਘ, ਕਿਰਨਜੋਤ ਸਿੰਘ ਸੇਖੋਂ ਤੇ ਬਲਜੀਤ ਸਿੰਘ ਸ਼ਾਮਲ ਹਨ। ਮੋਰਚੇ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਹਿੰਸਾ ਦੀ ਘਟਨਾ ਮਗਰੋਂ ਹੁਣ ਤੱਕ 100 ਤੋਂ ਵੱਧ ਲੋਕ ਲਾਪਤਾ ਹਨ। ਉਨ੍ਹਾਂ ਕਿਹਾ ਕਿ ਲਾਪਤਾ ਵਿਅਕਤੀ ਬਾਰੇ ਜਾਣਕਾਰੀ ਮੋਬਾਈਲ ਨੰਬਰ 81980-22033 'ਤੇ ਸਾਂਝੀ ਕੀਤੀ ਜਾਵੇ।

# ਪੁਲਿਸ ਦੀ ਹਾਜ਼ਰੀ ਵਿਚ ਕਿਸਾਨਾਂ 'ਤੇ ਹਮਲਿਆਂ ਉਤੇ ਉਠੇ ਸਵਾਲ

**ਨਵੀਂ ਦਿੱਲੀ:** ਸਿੰਘੂ ਬਾਰਡਰ ਉਤੇ ਕਿਸਾਨ ਵਿਰੋਧੀ ਤੇ ਪੁਲਿਸ ਪੱਖੀ ਨਾਅਰੇ ਲਾਉਂਦੇ ਲੋਕਾਂ ਦੇ ਇਕ ਸਮੂਹ ਅਤੇ ਧਰਨਾਕਾਰੀ ਕਿਸਾਨਾਂ ਦਰਮਿਆਨ ਹੋਈ ਝੜਪ ਨਾਲ ਮਾਹੌਲ ਤਣਾਅਪੂਰਨ ਬਣ ਗਿਆ। ਕਿਸਾਨਾਂ ਨੇ ਦਾਅਵਾ ਕੀਤਾ ਕਿ ਦਿੱਲੀ ਵੱਲੋਂ ਕੁਝ ਲੋਕ, ਪੁਲਿਸ ਤੇ ਰੈਪਿਡ ਐਕਸ਼ਨ ਫੋਰਸ ਦੀ ਹਾਜਰੀ ਵਿਚ ਸਿੰਘੂ ਬਾਰਡਰ ਪਹੁੰਚੇ ਤੇ ਕਿਸਾਨਾਂ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਧਰਨੇ ਵੱਲ ਪੱਥਰ ਸੁੱਟਣ ਲੱਗੇ।

ਕਿਸਾਨਾਂ ਨੇ ਦੋਸ਼ ਲਾਇਆ ਕਿ ਉਹ ਭੱਦੀ ਭਾਸ਼ਾ ਬੋਲਦੇ ਹੋਏ ਰੋਕਾਂ ਟੱਪ ਕੇ ਧਰਨੇ ਵੱਲ ਪਹੁੰਚੇ ਤੇ ਪੁਲਿਸ ਦਾ ਟੈਂਟ ਪਾੜ ਦਿੱਤਾ। ਮਗਰੋਂ ਉਨ੍ਹਾਂ ਬੀਬੀਆਂ ਦਾ ਟੈਂਟ ਪਾੜ ਦਿੱਤਾ ਤੇ ਕਰੀਬ 20 ਮਿੰਟ ਪੱਥਰਬਾਜ਼ੀ ਕੀਤੀ। ਮੀਡੀਆ ਰਿਪੋਰਟਾਂ ਮੁਤਾਬਕ ਦਿੱਲੀ ਪੁਲਿਸ ਤੇ ਰੈਪਿਡ ਐਕਸ਼ਨ ਫੋਰਸ ਦੇ ਸਾਹਮਣੇ ਉਹ ਪੱਥਰਬਾਜ਼ੀ ਕਰਦੇ ਰਹੇ, ਪਰ ਪੁਲਿਸ ਮੂਕ ਦਰਸ਼ਕ ਬਣੀ ਰਹੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਦੋਸ਼ ਲਾਇਆ ਕਿ ਨੀਮ ਸੁਰੱਖਿਆ ਬਲਾਂ ਵੱਲੋਂ ਜ਼ਿਆਦਾਤਰ ਗੋਲੇ ਧਰਨੇ ਵਾਲੇ ਪਾਸੇ ਸੁੱਟੇ ਗਏ। ਪੁਲਿਸ ਨੇ ਇਕ ਨੌਜਵਾਨ ਕਿਸਾਨ ਨੂੰ ਧੂਹ ਕੇ ਬੁਰੀ ਤਰ੍ਹਾਂ ਕੁੱਟਿਆ। ਅੰਦੋਲਨਕਾਰੀ ਕਿਸਾਨਾਂ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਪਤਾ ਕੀਤਾ ਹੈ ਕਿ ਧਰਨੇ ਉਪਰ ਪੱਥਰ ਮਾਰਨ ਵਾਲੇ ਸਥਾਨਕ ਲੋਕ ਨਹੀਂ ਸਨ ਤੇ ਉਹ ਕਿਰਾਏ 'ਤੇ ਲਿਆਂਦੇ ਗੁੰਡੇ ਸਨ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਰਵਣ ਸਿੰਘ ਪੰਧੇਰ ਨੇ ਦੋਸ਼ ਲਾਇਆ ਇਹ ਲੋਕ ਭਾਜਪਾ ਤੇ ਆਰ.ਐਸ.ਐਸ. ਵੱਲੋਂ ਭੇਜੇ ਗਏ ਸਨ। ਕਮੇਟੀ ਨੇ ਇਹ ਦੋਸ਼ ਵੀ ਲਾਇਆ ਕਿ ਅਸਮਾਨ ਤੋਂ ਹੈਲੀਕਾਪਟਰ ਰਾਹੀਂ ਵੀ ਅੱਥਰੂ ਗੈਸ ਦਾ ਗੋਲਾ ਦਾਗਿਆ ਗਿਆ। ਇਸ ਟਕਰਾਅ ਮਗਰੋਂ ਉਥੇ ਖੁੱਲ੍ਹੀਆਂ ਅੱਧ-ਪਚੱਧੀਆਂ ਦੁਕਾਨਾਂ ਵੀ ਬੰਦ ਹੋ ਗਈਆਂ। ਪੰਜਾਬ ਦੇ ਖੰਨਾ ਜਿਲ੍ਹੇ ਤੋਂ ਆਏ ਹਰਕੀਰਤ ਮਾਨ ਬੇਨੀਵਾਲ ਨੇ ਕਿਹਾ, 'ਉਹ ਸਥਾਨਕ ਲੋਕ ਨਹੀਂ, ਬਲਕਿ ਕਿਰਾਏ 'ਤੇ ਲਿਆਂਦੇ ਗੁੰਡੇ ਸਨ। ਉਨ੍ਹਾਂ ਸਾਡੇ 'ਤੇ ਪੱਥਰ ਤੇ ਪੈਟਰੋਲ ਬੰਬ ਸੁੱਟੇ। ਉਨ੍ਹਾਂ ਸਾਡੀਆਂ ਟਰਾਲੀਆਂ ਨੂੰ ਅੱਗ ਲਾਉਣ ਦੀ ਵੀ ਕੋਸ਼ਿਸ਼ ਕੀਤੀ। ਅਸੀਂ ਇਥੇ ਉਨ੍ਹਾਂ ਦਾ ਟਾਕਰਾ ਕਰਨ ਲਈ ਹੀ ਹਾਂ। ਅਸੀਂ ਇਹ ਥਾਂ ਨਹੀਂ ਛੱਡਾਂਗੇ।'




ਇਸ ਦੌਰਾਨ ਦਿੱਲੀ ਪੁਲਿਸ ਨੇ ਦਾਅਵਾ ਕੀਤਾ ਕਿ ਕਿਸਾਨਾਂ ਤੇ ਸਥਾਨਕ ਲੋਕਾਂ ਦਰਮਿਆਨ ਹੋਈ ਝੜਪ ਮੌਕੇ ਦੋਵਾਂ ਨੇ ਇਕ ਦੂਜੇ 'ਤੇ ਪਥਰਾਅ ਵੀ ਕੀਤਾ। ਪੁਲਿਸ ਨੇ ਦੋਵਾਂ ਧਿਰਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਦਾਗੇ ਤੇ ਹਲਕਾ ਲਾਠੀਚਾਰਜ ਕੀਤਾ। ਇਸ ਦੌਰਾਨ ਦਿੱਲੀ ਪੁਲੀਸ ਦੇ ਐਸ.ਐਚ.ਓ.(ਅਲੀਪੁਰ) ਪ੍ਰਦੀਪ ਪਾਲੀਵਾਲ ਸਮੇਤ ਕੁਝ ਹੋਰ ਲੋਕ ਜਖਮੀ ਹੋ ਗਏ। ਇਸ ਦੌਰਾਨ ਸਿੰਘੂ ਬਾਰਡਰ ਉਪਰ ਪੁਲਿਸ ਦੀ ਵਧੀਕੀ ਦੇ ਬਾਵਜੂਦ ਹਰਿਆਣਾ ਤੋਂ ਕਿਸਾਨਾਂ ਦੀਆਂ ਟਰਾਲੀਆਂ ਦੀ ਆਮਦ ਜਾਰੀ ਹੈ।

ਹਰਿਆਣਾ ਦੇ ਸੋਨੀਪਤ, ਝੱਜਰ, ਰੋਹਤਕ, ਪਾਣੀਪਤ, ਹਿਸਾਰ ਤੇ ਯਮੁਨਾਨਗਰ ਸਮੇਤ ਹੋਰ ਜ਼ਿਲ੍ਹਿਆਂ ਤੋਂ ਕਿਸਾਨਾਂ ਨੇ ਆ ਕੇ ਸਿੰਘੂ ਡੇਰੇ ਲਾ ਲਏ ਹਨ। ਸਿੰਘੂ ਵਿਖੇ ਕਈ ਕਿਸਾਨਾਂ ਨੇ ਕਿਹਾ ਕਿ ਹੁਣ ਹਰਿਆਣਾ ਵਿਚ ਵੀ ਫੌਗਾਟ ਖਾਪ, ਨਰਵਾਲ ਗੋਤਰ ਵਾਲਿਆਂ ਤੇ ਦਹੀਆ ਖਾਪਾਂ ਵੱਲੋਂ ਕਿਸਾਨਾਂ ਦੇ ਹੱਕ ਵਿਚ ਨਿੱਤਰਨ ਨਾਲ ਕਿਸਾਨ ਅੰਦੋਲਨ ਦੇ ਹੁਣ ਖਿੜਕਣ ਦੀ ਭੋਰਾ ਵੀ ਗੁੰਜਾਇਸ਼ ਨਹੀਂ ਰਹੀ।

## 26 ਜਨਵਰੀ ਦੀਆਂ ਘਟਨਾਵਾਂ ਸਾਜ਼ਿਸ਼: ਨਰੇਸ਼ ਟਿਕੈਤ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਨਰੇਸ਼ ਟਿਕੈਤ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਕਿਹਾ, ਅਸੀਂ ਉਸ ਦਾ ਸਤਿਕਾਰ ਕਰਦੇ ਹਾਂ ਪਰ 26 ਜਨਵਰੀ ਦੀਆਂ ਘਟਨਾਵਾਂ ਸਾਜ਼ਿਸ਼ ਸਨ ਤੇ ਇਨ੍ਹਾਂ ਦੀ ਵਿਆਪਕ ਜਾਂਚ ਕੀਤੀ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕਰੇ ਤਾਂ ਜੋ ਗੱਲਬਾਤ ਦਾ ਮਾਹੌਲ ਤਿਆਰ ਹੋ ਸਕੇ। ਆਸ ਹੈ ਕਿ ਇਸ ਮਾਮਲੇ ਵਿਚ ਕੋਈ ਵਿਚਲਾ ਰਾਹ ਨਿਕਲੇਗਾ।

## ਕਿਸਾਨਾਂ ਨੂੰ ਲੋਕ ਸਮਰਥਨ ਮਿਲਣ ਤੋਂ ਸਰਕਾਰ ਘਬਰਾਈ: ਸਾਈਨਾਥ



**ਗਾਂਧੀਨਗਰ:** ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਚੱਲ ਰਹੇ ਪ੍ਰਦਰਸ਼ਨਾਂ ਨੂੰ ਸਭ ਤੋਂ ਵੱਡਾ ਅੰਦੋਲਨ ਕਰਾਰ ਦਿੰਦਿਆਂ ਉਘੇ ਖੇਤੀ ਪੱਤਰਕਾਰ ਪੀ ਸਾਈਨਾਥ ਨੇ ਕਿਹਾ ਹੈ ਕਿ ਸਰਕਾਰ ਕਿਸਾਨਾਂ ਨੂੰ ਸਮਾਜ ਦੇ ਹਰ ਵਰਗ ਤੋਂ ਮਿਲ ਰਹੀ ਭਾਰੀ ਹਮਾਇਤ ਤੋਂ ਘਬਰਾ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਾਰਪੋਰੇਟਾਂ ਖਿਲਾਫ ਕਿਸਾਨਾਂ ਦੀ ਸਿੱਧੀ ਲੜਾਈ ਹੈ।

ਮੈਗਾਸੇਸੇ ਪੁਰਸਕਾਰ ਜੇਤੂ ਸਾਈਨਾਥ ਨੇ ਖੇਤੀ ਸੰਕਟ ਅਤੇ ਕਿਸਾਨਾਂ ਦੀ ਭਲਾਈ ਲਈ ਸੰਸਦ 'ਚ ਬਹਿਸ ਕੀਤੇ ਜਾਣ ਦੀ ਵਕਾਲਤ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਉਜਾਗਰ ਕਰਨ ਲਈ ਜਿਲ੍ਹਾ ਕਮੇਟੀਆਂ ਦਾ ਗਠਨ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਕਿਸਾਨਾਂ ਦੇ ਮੁੱਦੇ 'ਤੇ ਸਟੈਂਡ ਲੈਣ ਕਿਉਂਕਿ ਉਹ ਲੋਕਾਂ ਦੀ ਹੀ ਜੰਗ ਲੜ ਰਹੇ ਹਨ। ਅਹਿਮਦਾਬਾਦ ਆਧਾਰਿਤ ਜਥੇਬੰਦੀਆਂ ਵੱਲੋਂ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ,"ਮੈਂ ਸਵਾਲ ਕਰਦਾ ਹਾਂ ਕਿ ਜੇ ਅੱਜ ਮਹਾਤਮਾ ਗਾਂਧੀ ਜਿਊਂਦੇ ਹੁੰਦੇ ਤਾਂ ਉਹ ਕਿਸ ਪਾਸੇ ਖੜ੍ਹਦੇ ਜਾਂ ਅਸੀਂ ਕਿਸ ਪਾਸੇ ਨਾਲ ਖੜ੍ਹੇ ਹੁੰਦੇ ਹਾਂ। ਕੀ ਅਸੀਂ ਸਰਕਾਰ ਦਾ ਪੱਖ ਪੂਰਾਂਗੇ ਜੋ ਕਾਰਪੋਰੇਟਾਂ ਦੀ ਹਮਾਇਤ ਕਰ ਰਹੀ ਹੈ ਜਾਂ ਅਸੀਂ ਉਸ ਧਿਰ ਨਾਲ ਖੜ੍ਹੇ ਹੋਵਾਂਗੇ ਜਿਸ ਦੇ ਕਰੀਬ 200 ਕਿਸਾਨ ਸ਼ਹੀਦ ਹੋ ਗਏ ਹਨ।"

ਉਨ੍ਹਾਂ ਕਿਹਾ ਕਿ ਲੋਕ ਇਹ ਤੈਅ ਕਰਨ ਕਿ ਉਹ ਕਾਰਪੋਰੇਟਾਂ ਦੇ ਗਲਬੇ ਵਾਲੀ ਖੇਤੀ ਚਾਹੁੰਦੇ ਹਨ ਜਾਂ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਖੇਤੀ ਦੇ ਪੱਖ 'ਚ ਹਨ। ਸ੍ਰੀ ਸਾਈਨਾਥ ਨੇ ਕਿਹਾ ਕਿ ਸਮਾਜ ਦਾ ਹਰ ਵਰਗ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਨੂੰ ਹਮਾਇਤ ਦੇ ਰਿਹਾ ਹੈ ਜਿਸ ਤੋਂ ਸਰਕਾਰ ਪੂਰੀ ਤਰ੍ਹਾਂ ਡਰੀ ਹੋਈ ਹੈ। ਸ੍ਰੀ ਸਾਈਨਾਥ ਨੇ ਕਿਹਾ ਕਿ ਆਪਣੇ ਪੱਤਰਕਾਰੀ ਕਰੀਅਰ ਦੌਰਾਨ ਉਨ੍ਹਾਂ ਕਦੇ ਵੀ ਅਜਿਹੇ ਵੱਡੇ ਅਤੇ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਅੰਦੋਲਨ ਨੂੰ ਨਹੀਂ ਦੇਖਿਆ ਸੀ। ਖੇਤੀ ਕਾਨੂੰਨ ਲਾਗੂ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਇਹ ਤਿੰਨ-ਚਾਰ ਸਾਲਾਂ ਦੇ ਅੰਦਰ ਹੀ ਜਨਤਕ ਵੰਡ ਪ੍ਰਣਾਲੀ ਨੂੰ ਖਤਮ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪਹਿਲੇ ਦੋ-ਤਿੰਨ ਸਾਲ ਤਾਂ ਬਹੁਤ ਵਧੀਆ ਰਹਿਣਗੇ ਪਰ ਇਸ ਮਗਰੋਂ ਕਾਰਪੋਰੇਟ ਹਾਵੀ ਹੋ ਜਾਣਗੇ ਅਤੇ ਸਰਕਾਰ ਨੂੰ ਕਾਰਪੋਰੇਟਾਂ ਤੋਂ ਫਸਲ ਖਰੀਦਣ ਲਈ ਮਜਬੂਰ ਹੋਣਾ ਪਵੇਗਾ।

## ਕਿਸਾਨਾਂ ਲਈ ਪੁਲਿਸ ਸੁਰੱਖਿਆ ਦੀ ਮੰਗ ਨੂੰ ਬੇਤੁਕੀ ਦੱਸਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਆਪ' ਵੱਲੋਂ ਦਿੱਲੀ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਦੀ ਤਾਇਨਾਤੀ ਦੀ ਮੰਗ ਆਪਹੁਦਰੀ, ਬੇਤੁਕੀ ਤੇ ਤਰਕਹੀਣ ਹੈ। ਉਨ੍ਹਾਂ ਕਿਹਾ ਕਿ 'ਆਪ' ਸਪੱਸ਼ਟ ਤੌਰ 'ਤੇ ਸੰਵਿਧਾਨਕ ਅਤੇ ਕਾਨੂੰਨੀ ਪ੍ਰਕਿਰਿਆ ਦੇ ਸਾਰੇ ਅਰਥ ਭੁੱਲ ਚੁੱਕੀ ਹੈ। ਇਥੋਂ ਤੱਕ ਕਿ ਪਾਰਟੀ ਸਰਵਉੱਚ ਅਦਾਲਤ ਵੱਲੋਂ ਨਿਰਧਾਰਤ ਕੀਤੇ ਕਾਨੂੰਨਾਂ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਦੱਸਣਯੋਗ ਹੈ ਕਿ 'ਆਪ' ਵੱਲੋਂ ਮੁੱਖ ਦਫਤਰ ਨੂੰ ਪੱਤਰ ਲਿਖ ਕੇ ਅੰਦੋਲਨਕਾਰੀ ਕਿਸਾਨਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਦੀ ਤਾਇਨਾਤੀ ਦੀ ਮੰਗ ਕੀਤੀ ਸੀ। ਇਸ ਮਗਰੋਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਮੰਗ ਨਾ ਸਿਰਫ ਪੂਰੀ ਤਰ੍ਹਾਂ ਗੈਰਕਾਨੂੰਨੀ ਤੇ ਤਰਕਹੀਣ ਹੈ ਸਗੋਂ ਕਾਨੂੰਨ ਦੇ ਸਾਰੇ ਸਿਧਾਂਤਾਂ ਅਤੇ ਨਿਯਮਾਂ ਦੇ ਖਿਲਾਫ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਦਿਸ਼ਾ ਨਿਰਦੇਸ਼ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਕਿਸੇ ਵੀ ਦੂਜੇ ਸੂਬੇ ਵਿੱਚ ਕਿਸੇ ਦੀ ਰੱਖਿਆ ਲਈ 72 ਘੰਟੇ ਤੋਂ ਵੱਧ ਨਹੀਂ ਠਹਿਰ ਸਕਦੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਪਾਰਟੀ ਮੁਹੱਲਾ ਪੱਧਰ ਦੀ ਰਾਜਨੀਤੀ 'ਤੇ ਉੱਤਰ ਆਈ ਹੈ ਅਤੇ ਸਾਰੇ ਕਾਨੂੰਨੀ ਪੱਖਾਂ ਨੂੰ ਹਵਾ ਵਿਚ ਉਡਾ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਜੇ 'ਆਪ' ਨੇ ਤੱਥਾਂ ਦੀ ਜਾਂਚ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਉਹ ਇਸ ਮੁੱਦੇ 'ਤੇ ਕਾਨੂੰਨੀ ਸਥਿਤੀ ਦਾ ਪਤਾ ਲਾ ਲੈਂਦੇ ਅਤੇ ਇਸ ਤਰ੍ਹਾਂ ਸਮਾਂ ਬਰਬਾਦ ਨਾ ਕਰਦੇ, ਜਿਸ ਦੀ ਵਰਤੋਂ ਉਹ ਅੰਦੋਲਨਕਾਰੀ ਕਿਸਾਨਾਂ ਦੇ ਭਲੇ ਲਈ ਕਰ ਸਕਦੇ ਸਨ, ਜੋ ਪਿਛਲੇ ਦੋ ਮਹੀਨਿਆਂ ਤੋਂ ਦਿੱਲੀ ਸਰਹੱਦ 'ਤੇ ਉਨ੍ਹਾਂ ਦੇ ਬਿਲਕੁਲ ਨਜ਼ਦੀਕ ਬੈਠੇ ਹਨ। ਅਮਰਿੰਦਰ ਨੇ ਕਿਹਾ ਕਿ 'ਆਪ' ਦਾ ਪੱਤਰ ਪਾਰਟੀ ਵੱਲੋਂ ਲਾਲ ਕਿਲੇ ਦੀ ਹਿੰਸਾ ਵਿਚ ਆਪਣੀ ਭੂਮਿਕਾ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਇਕ ਚਾਲ ਤੋਂ ਇਲਾਵਾ ਹੋਰ ਕੁਝ ਨਹੀਂ, ਜਿਸ ਕਰਕੇ ਕਿਸਾਨਾਂ ਨੂੰ ਪੁਲੀਸ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ 'ਆਪ' ਦੇ ਆਪਣੇ ਆਦਮੀ ਲਾਲ ਕਿਲੇ 'ਤੇ ਹਿੰਸਾ ਭੜਕਾਉਂਦੇ ਕੈਮਰੇ ਵਿੱਚ ਫੜੇ ਗਏ।

## ਮੁੱਖ ਮੰਤਰੀ ਲਾਪਤਾ ਕਿਸਾਨਾਂ ਨੂੰ ਲੱਭਣ ਲਈ ਸਾਰੇ ਹੀਲੇ ਵਰਤਣ: ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 26 ਜਨਵਰੀ ਦੀ ਕਿਸਾਨ ਟਰੈਕਟਰ ਪਰੇਡ ਮਗਰੋਂ ਲਾਪਤਾ ਹੋਏ 100 ਤੋਂ ਵੱਧ ਕਿਸਾਨਾਂ ਨੂੰ ਲੱਭਣ ਲਈ ਸਾਰੇ ਉਪਲਬਧ ਸਾਧਨਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਕੁਝ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਬਾਜਵਾ ਨੇ ਮੁੱਖ ਮੰਤਰੀ ਨੂੰ ਲਿਖਿਆ ਕਿ 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਹੋਈ ਘਟਨਾ ਦੇ ਬਾਅਦ ਤੋਂ ਸੂਬੇ 100 ਤੋਂ ਵੱਧ ਕਿਸਾਨ ਲਾਪਤਾ ਹਨ। ਉਕਤ ਲਾਪਤਾ ਕਿਸਾਨਾਂ ਦੀ ਵਰਤਮਾਨ ਸਥਿਤੀ ਬਾਰੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਅਜਿਹੇ ਵਿਚ ਸੂਬਾ ਸਰਕਾਰ ਉਨ੍ਹਾਂ ਲੱਭਣ ਲਈ ਆਪਣੇ ਉਪਲਬਧ ਸਾਧਨਾਂ ਵਰਤੋਂ ਕਰਨੀ ਯਕੀਨੀ ਬਣਾਵੇ।

## ਅੰਨਾ ਨੇ ਭੁੱਖ ਹੜਤਾਲ ਤੋਂ ਪਲਟਣਾ ਹੀ ਸੀ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਸਮਾਜਸੇਵੀ ਕਾਰਕੁਨ ਅੰਨਾ ਹਜ਼ਾਰੇ ਵੱਲੋਂ ਕਿਸਾਨਾਂ ਦੇ ਮੁੱਦਿਆਂ 'ਤੇ ਭੁੱਖ ਹੜਤਾਲ ਕਰਨ ਦਾ ਐਲਾਨ ਕੁਝ ਹੀ ਘੰਟਿਆਂ ਮਗਰੋਂ ਵਾਪਸ ਲੈਣ 'ਤੇ ਉਨ੍ਹਾਂ ਦੀ ਨਿਖੇਧੀ ਕਰਦਿਆਂ ਕਿਹਾ, 'ਇਹ ਮਜ਼ਾਕੀਆ ਹੈ ਪਰ ਇਸੇ ਦੀ ਉਮੀਦ ਸੀ।' ਅੰਨਾ ਹਜ਼ਾਰੇ ਨੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਅਤੇ ਕੇਂਦਰੀ ਰਾਜ ਖੇਤੀਬਾੜੀ ਮੰਤਰੀ ਕੈਲਾਸ਼ ਚੌਧਰੀ ਨਾਲ ਮੀਟਿੰਗ ਚਰਚਾ ਮਗਰੋਂ ਦਿੱਲੀ ਹੱਦ 'ਤੇ ਭੁੱਖ ਹੜਤਾਲ ਕਰਨ ਦਾ ਆਪਣਾ ਫੈਸਲਾ ਬਦਲ ਲਿਆ ਸੀ। ਸ਼ਿਵ ਸੈਨਾ ਦੇ ਅਖਬਾਰ 'ਸਾਮਨਾ' ਦੀ ਸੰਪਾਦਕੀ 'ਚ ਕਿਹਾ ਗਿਆ, 'ਇਹ ਘਟਨਾਕ੍ਰਮ ਬਹੁਤ ਮਜ਼ਾਕੀਆ ਪਰ ਉਮੀਦ ਮੁਤਾਬਕ ਸੀ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਅੰਨਾ ਹਜ਼ਾਰੇ ਦਾ ਸਟੈਂਡ ਅਸਪੱਸ਼ਟ ਸੀ।' ਸੰਪਾਦਕੀ ਇਹ ਵੀ ਕਿਹਾ ਗਿਆ, 'ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਦਾ ਵਿਹਾਰ ਉਨ੍ਹਾਂ ਨਾਲ ਕੀਤਾ ਜਾ ਰਿਹਾ ਹੈ, ਉਹ ਹੈਰਾਨ ਕਰਨ ਅਤੇ ਝੰਜੋੜ ਦੇਣ ਵਾਲਾ ਹੈ।'

## ਅੰਦੋਲਨ ਨੂੰ ਮੁੜ ਪੈਰਾਂ ਸਿਰ ਕਰਨ ਲਈ ਸਰਗਰਮ ਹੋਏ ਕਿਸਾਨ ਆਗੂ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਨਾਲ ਗੱਲਬਾਤ ਦੇ ਦਰਵਾਜ਼ੇ ਖੁੱਲ੍ਹੇ ਹੋਣ ਬਾਰੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਬੀ.ਕੇ.ਯੂ. ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਰਕਾਰ ਪਹਿਲਾਂ ਗੱਲਬਾਤ ਲਈ ਸਾਜ਼ਗਾਰ ਮਾਹੌਲ ਸਿਰਜੇ ਤੇ ਹੁਣ ਤੱਕ ਕੀਤੇ ਜਾਬਰ ਫੈਸਲੇ ਵਾਪਸ ਲਏ। ਇਥੇ ਟਿਕਰੀ ਬਾਰਡਰ 'ਤੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਕ ਪਾਸੇ ਤਾਂ ਕਿਸਾਨਾਂ 'ਤੇ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਤਹਿਤ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ, ਸੈਂਕੜੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹੀਂ ਸੁੱਟਿਆ ਹੋਇਆ ਹੈ ਤੇ ਪੁਰਅਮਨ ਕਿਸਾਨਾਂ ਉਪਰ ਆਰ.ਐਸ.ਐਸ. ਦੇ ਗੁੰਡਾ ਟੋਲਿਆਂ ਵੱਲੋਂ ਹਮਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਹੌਲ ਵਿਚ ਸਰਕਾਰ ਨਾਲ ਗੱਲਬਾਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਦਰਮਿਆਨ ਪ੍ਰਧਾਨ ਮੰਤਰੀ ਦਾ ਮਤਲਬ ਸਾਫ ਹੈ ਕਿ ਕਿਸਾਨਾਂ ਨੂੰ ਜਬਰ ਦੀ ਮਾਰ ਹੇਠ ਲਿਆ ਕੇ ਪਹਿਲਾਂ ਕੀਤੀਆਂ ਪੇਸ਼ਕਸ਼ਾਂ 'ਤੇ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਬਲਾਂ ਦੇ ਜੋਰ 'ਤੇ ਕਿਸਾਨਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦਾ ਯਤਨ ਕੀਤਾ ਜਾ ਰਿਹੈ ਅਤੇ ਆਰ.ਐਸ.ਐਸ. ਦੇ ਟੋਲੇ ਕਿਸਾਨਾਂ ਦੇ ਸੰਘਰਸ਼ ਨੂੰ ਦੇਸ਼ਧ੍ਰੋਹੀ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇੰਟਰਨੈੱਟ ਬੰਦ ਕਰ ਕੇ ਕਿਸਾਨਾਂ ਦੀ ਆਵਾਜ਼ ਨੂੰ ਮੁਲਕ ਅੰਦਰ ਪਹੁੰਚਣ ਤੋਂ ਰੋਕਿਆ ਜਾ ਰਿਹਾ ਹੈ।

## ਖੇਤੀ ਕਾਨੂੰਨਾਂ ਖਿਲਾਫ ਬੰਗਾਲ ਅਸੈਂਬਲੀ 'ਚ ਮਤਾ ਪਾਸ

**ਕੋਲਕਾਤਾ:** ਪੱਛਮੀ ਬੰਗਾਲ ਅਸੈਂਬਲੀ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਬਾਰੇ ਇਕ ਮਤਾ ਪਾਸ ਕਰਕੇ ਇਨ੍ਹਾਂ ਨੂੰ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ। ਸੀ.ਪੀ.ਐਮ. ਤੇ ਕਾਂਗਰਸ ਨੇ ਮਤੇ ਦੀ ਹਮਾਇਤ ਕੀਤੀ ਜਦੋਂਕਿ ਭਾਜਪਾ ਵਿਧਾਇਕ ਮਤੇ ਦਾ ਵਿਰੋਧ ਕਰਦਿਆਂ 'ਜੈ ਸ੍ਰੀ ਰਾਮ' ਦੇ ਨਾਅਰੇ ਲਾਉਂਦੇ ਹੋਏ ਸਦਨ 'ਚੋਂ ਵਾਕਆਊਟ ਕਰ ਗਏ।

ਅਸੈਂਬਲੀ 'ਚ ਮਤਾ ਸੰਸਦੀ ਮਾਮਲਿਆਂ ਬਾਰੇ ਮੰਤਰੀ ਪਾਰਥਾ ਚੈਟਰਜੀ ਨੇ ਰੱਖਿਆ। ਮਤੇ 'ਤੇ ਚਰਚਾ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨਵੇਂ (ਖੇਤੀ) ਕਾਨੂੰਨਾਂ ਨੂੰ ਵਾਪਸ ਲਏ ਜਾਂ ਫਿਰ ਸੱਤਾ ਤੋਂ ਲਾਂਭੇ ਹੋ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਬ ਪਾਰਟੀ ਮੀਟਿੰਗ ਸੱਦ ਕੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਅਮਲ 'ਤੇ ਚਰਚਾ ਕਰਨ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਪੁਲਿਸ ਨੇ ਕਿਸਾਨਾਂ ਵੱਲੋਂ ਕੱਢੇ ਟਰੈਕਟਰ ਮਾਰਚ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਕਰਕੇ ਉਹ ਹਾਲਾਤ 'ਤੇ ਕਾਬੂ ਪਾਉਣ ਵਿਚ ਨਾਕਾਮ ਰਹੇ।

ਉਧਰ, ਸੀ.ਪੀ.ਐਮ. ਤੇ ਕਾਂਗਰਸ ਨੇ ਪੱਛਮੀ ਬੰਗਾਲ ਸਰਕਾਰ ਵੱਲੋਂ ਲਿਆਂਦੇ ਮਤੇ ਦੀ ਹਮਾਇਤ ਕੀਤੀ। ਹਾਲਾਂਕਿ ਦੋਵਾਂ ਪਾਰਟੀਆਂ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਪਿਛਲੇ ਕੁਝ ਸਾਲਾਂ ਵਿਚ ਲਿਆਂਦੇ ਮਿਲਦੇ ਜੁਲਦੇ ਕਾਨੂੰਨਾਂ ਨੂੰ ਵੀ ਵਾਪਸ ਲਏ। ਇਸ ਦੌਰਾਨ ਅਸੈਂਬਲੀ 'ਚ ਮੌਜੂਦ ਭਾਜਪਾ ਵਿਧਾਇਕ ਮਤੇ ਦਾ ਵਿਰੋਧ ਕਰਦਿਆਂ 'ਜੈ ਸ੍ਰੀ ਰਾਮ' ਦੇ ਨਾਅਰੇ ਲਾਉਂਦਿਆਂ ਸਦਨ 'ਚੋਂ ਵਾਕਆਊਟ ਕਰ ਗਏ। ਇਸ ਤੋਂ ਪਹਿਲਾਂ ਸੂਬਾਈ ਅਸੈਂਬਲੀ 'ਚ ਮਤਾ ਪੇਸ਼ ਕਰਨ ਮੌਕੇ ਭਾਜਪਾ ਆਗੂ ਮਨੋਜ ਟਿੱਗਾ ਦੀ ਅਗਵਾਈ ਵਿਚ ਭਾਜਪਾ ਵਿਧਾਇਕਾਂ ਨੇ ਸਦਨ ਦੇ ਐਨ ਵਿਚਾਲੇ ਜਾ ਕੇ ਰੌਲਾ ਰੱਪਾ ਪਾਇਆ। ਭਾਜਪਾ ਵਿਧਾਇਕਾਂ ਨੇ ਦਾਅਵਾ ਕੀਤਾ ਕਿ ਤ੍ਰਿਣਮੂਲ ਕਾਂਗਰਸ ਸਰਕਾਰ ਖੇਤੀ ਕਾਨੂੰਨਾਂ ਖਿਲਾਫ 'ਦੁਰਪ੍ਰਚਾਰ' ਕਰ ਰਹੀ ਹੈ।

# ਪੰਜਾਬ ਵਿਚ ਦਰਜਨਾਂ ਗੋਦਾਮਾਂ 'ਤੇ ਸੀ. ਬੀ. ਆਈ. ਨੇ ਛਾਪੇ ਮਾਰੇ

**ਚੰਡੀਗੜ੍ਹ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਕਿਸਾਨ ਅੰਦੋਲਨ ਦੌਰਾਨ ਪੰਜਾਬ 'ਚ ਤਕਰੀਬਨ ਚਾਰ ਦਰਜਨ ਗੋਦਾਮਾਂ 'ਤੇ ਛਾਪੇ ਮਾਰੇ ਗਏ ਹਨ, ਜਿਨ੍ਹਾਂ 'ਤੇ ਪੰਜਾਬ ਸਰਕਾਰ ਨੇ ਪੂਰੀ ਨਜ਼ਰ ਰੱਖੀ। ਕਿਸਾਨ ਘੋਲ ਦੌਰਾਨ ਇਨ੍ਹਾਂ ਛਾਪਿਆਂ ਨੂੰ ਸ਼ੱਕੀ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ। ਸੀ.ਬੀ.ਆਈ. ਨੇ ਤੜਕਸਾਰ ਤੋਂ ਹੀ ਭਾਰਤੀ ਖੁਰਾਕ ਨਿਗਮ ਦੇ ਗੋਦਾਮਾਂ 'ਤੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਸੀ.ਆਰ.ਪੀ.ਐਫ. ਦੀ ਸੁਰੱਖਿਆ ਛੱਤਰੀ ਹੇਠ ਇਹ ਅਪਰੇਸ਼ਨ ਪੂਰਾ ਦਿਨ ਚੱਲਦਾ ਰਿਹਾ। ਵੇਰਵਿਆਂ ਅਨੁਸਾਰ ਸੀ.ਬੀ.ਆਈ. ਵੱਲੋਂ ਫਿਲਹਾਲ ਭਾਰਤੀ ਖੁਰਾਕ ਨਿਗਮ ਦੇ ਗੋਦਾਮਾਂ ਵਿਚ ਪਏ ਕਣਕ ਅਤੇ ਚੌਲਾਂ ਦੇ ਭੰਡਾਰ ਦੀ ਮਿਕਦਾਰ ਤੇ ਗੁਣਵੱਤਾ ਚੈੱਕ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਕਣਕ ਤੇ ਚੌਲਾਂ ਦੇ ਨਮੂਨੇ ਲਏ ਜਾ ਰਹੇ ਹਨ। ਅਨਾਜ ਭੰਡਾਰਨ ਦਾ ਰਿਕਾਰਡ ਨਾਲ ਮਿਲਾਣ ਵੀ ਕੀਤਾ ਜਾ ਰਿਹਾ ਹੈ। ਸੀ.ਬੀ.ਆਈ. ਦੀਆਂ ਕਈ ਟੀਮਾਂ ਵੱਲੋਂ ਇਕੋ ਸਮੇਂ ਚੈਕਿੰਗ ਸ਼ੁਰੂ ਕੀਤੀ ਗਈ ਹੈ। ਉਸ ਅਨਾਜ



ਦੇ ਨਮੂਨੇ ਵੀ ਲਏ ਗਏ ਹਨ, ਜੋ ਐਫ.ਸੀ.ਆਈ. ਦਾ ਪਨਗਰੇਨ ਤੇ ਵੇਅਰਹਾਊਸ ਦੇ ਗੋਦਾਮਾਂ ਵਿਚ ਪਿਆ ਹੈ।

ਪੰਜਾਬ ਸਰਕਾਰ ਕੋਲ ਜੋ ਕਣਕ ਪਈ ਹੈ, ਉਸ ਦੇ ਨਮੂਨੇ ਹਾਲੇ ਨਹੀਂ ਭਰੇ ਗਏ ਹਨ। ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਜਗਰਾਉਂ, ਪਟਿਆਲਾ ਦੇ ਨਾਭਾ ਤੇ ਸਮਾਣਾ, ਫਿਰੋਜ਼ਪੁਰ ਦੇ ਪਿੰਡ ਗੋਖੀਵਾਲਾ, ਮੋਗਾ ਦੇ ਪਿੰਡ ਢੁੱਡੀਕੇ ਅਤੇ ਤਰਨ ਤਾਰਨ ਆਦਿ ਵਿਚ ਐਫ.ਸੀ.ਆਈ. ਦੇ ਗੋਦਾਮਾਂ 'ਤੇ ਛਾਪੇ ਮਾਰੇ ਗਏ ਹਨ। ਭਾਰਤੀ ਖੁਰਾਕ ਨਿਗਮ ਦੇ ਅਧਿਕਾਰੀ ਵੀ ਛਾਪਿਆਂ ਦੌਰਾਨ ਹਾਜ਼ਰ ਰਹੇ। ਚੈਕਿੰਗ ਦੌਰਾਨ ਸਾਲ 2019-20 ਅਤੇ ਸਾਲ 2020-21 ਦੀ ਕਣਕ ਅਤੇ ਚੌਲ ਦੇ ਨਮੂਨੇ ਲਏ ਗਏ ਹਨ।

ਸੀ.ਬੀ.ਆਈ. ਦਾ ਕਹਿਣਾ ਹੈ ਕਿ ਪੰਜਾਬ ਅਤੇ ਹਰਿਆਣਾ 'ਚੋਂ ਭਾਰਤੀ ਖੁਰਾਕ ਨਿਗਮ ਵੱਲੋਂ ਖਰੀਦ ਕੀਤੀ ਕਣਕ ਅਤੇ ਚੌਲ ਦੀ ਮਿਕਦਾਰ ਅਤੇ ਗੁਣਵੱਤਾ ਦੀ ਚੈਕਿੰਗ ਕੀਤੀ ਜਾ ਰਹੀ ਹੈ। ਸੂਤਰ ਦੱਸਦੇ ਹਨ ਕਿ ਸੀ.ਬੀ.ਆਈ. ਵੱਲੋਂ ਉਸ ਅਨਾਜ 'ਤੇ ਵੀ ਸ਼ੱਕੀ ਨਜ਼ਰ ਰੱਖੀ ਜਾ ਰਹੀ ਹੈ ਜੋ ਬਿਹਾਰ 'ਚੋਂ ਪੰਜਾਬ ਪੁੱਜਿਆ ਸੀ। ਪਤਾ ਲੱਗਾ ਹੈ ਕਿ ਇਕ ਅੱਧੀ ਥਾਂ 'ਤੇ ਇਹ ਸ਼ੱਕ ਹਕੀਕਤ 'ਚ ਵੀ ਬਦਲਿਆ ਹੈ ਪਰ ਪੁਸ਼ਟੀ ਨਹੀਂ ਹੋ ਸਕੀ। ਚਰਚੇ ਰਹੇ ਕਿ ਕਿਸਾਨੀ ਘੋਲ ਦੌਰਾਨ ਸੀ.ਬੀ.ਆਈ. ਦੀ ਪੰਜਾਬ 'ਚ ਆਮਦ ਦੀ ਖੈਰ ਨਹੀਂ ਜਾਪ ਰਹੀ।

ਸੀ.ਬੀ.ਆਈ. ਟੀਮਾਂ ਨੇ ਪੰਜਾਬ ਵਿਚ ਕਰੀਬ 45 ਗੋਦਾਮਾਂ ਵਿਚ ਚੈਕਿੰਗ ਕੀਤੀ ਹੈ ਜਦੋਂ ਕਿ 10 ਕੁ ਥਾਵਾਂ 'ਤੇ ਹਰਿਆਣਾ ਵਿਚ ਵੀ ਚੈਕਿੰਗ ਹੋਈ ਹੈ। ਹਰਿਆਣਾ ਦੇ ਸਿਰਸਾ, ਪੰਨੀਵਾਲਾ ਅਤੇ ਏਲਨਾਬਾਦ ਵਿਚ ਛਾਪੇ ਮਾਰੇ ਗਏ। ਦੋਵੇਂ ਸੂਬਿਆਂ ਵਿਚ ਛਾਪੇਮਾਰੀ ਕਰਕੇ ਭਾਰਤੀ ਖੁਰਾਕ ਨਿਗਮ ਦੇ ਅਧਿਕਾਰੀਆਂ ਦੇ ਸਾਹ ਸੁੱਕੇ ਰਹੇ। ਪਤਾ ਲੱਗਾ ਹੈ ਕਿ ਸੀ.ਬੀ.ਆਈ. ਨੇ ਚੈਕਿੰਗ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਭਰੋਸੇ ਵਿਚ ਨਹੀਂ ਲਿਆ। ਹਾਲਾਂਕਿ ਪਿਛੇ ਜਿਹੇ ਹੀ ਪੰਜਾਬ ਸਰਕਾਰ ਨੇ ਸੀ.ਬੀ.ਆਈ. ਲਈ ਪੰਜਾਬ ਲਈ ਰਾਜ ਸਰਕਾਰ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਕਰ ਦਿੱਤੀ ਸੀ।

ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਦਾ ਕਹਿਣਾ ਸੀ ਕਿ ਜੋ ਕਿਸਾਨੀ ਘੋਲ ਕਰਕੇ ਮੌਜੂਦਾ ਹਾਲਾਤ ਚੱਲ ਰਹੇ ਹਨ, ਉਨ੍ਹਾਂ ਮੁਤਾਬਕ ਛਾਪਿਆਂ 'ਤੇ ਸ਼ੱਕ ਜਾਣਾ ਤਾਂ ਕੁਦਰਤੀ ਹੈ ਪਰ ਹਾਲੇ ਕੇਂਦਰ ਦੀ ਇਸ ਪਿੱਛੇ ਨੀਅਤ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਫਿਲਹਾਲ ਤਾਂ ਐਫ.ਸੀ.ਆਈ. ਦਾ ਅਨਾਜ ਹੀ ਚੈੱਕ ਕਰ ਰਹੇ ਹਨ। ਉਨ੍ਹਾਂ ਦੇ ਵਿਭਾਗ ਨੇ ਨਿਗ੍ਹਾ ਰੱਖੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸੀ.ਬੀ.ਆਈ. ਵੱਲੋਂ ਐਫ.ਸੀ.ਆਈ. ਦਾ ਅਨਾਜ ਹੀ ਚੈੱਕ ਕੀਤਾ ਜਾ ਰਿਹਾ ਹੈ, ਜਿਸ ਕਰਕੇ ਪੰਜਾਬ ਸਰਕਾਰ ਤੋਂ ਅਗਾਊਂ ਪ੍ਰਵਾਨਗੀ ਲੈਣ ਦੀ ਕੋਈ ਲੋੜ ਨਹੀਂ ਹੈ।

## ਪੰਜਾਬੀ ਨੂੰ ਭਾਸ਼ਾ ਸੂਚੀ 'ਚ ਦਰਜੇ ਲਈ ਮੋਦੀ ਨੂੰ ਪੱਤਰ

**ਚੰਡੀਗੜ੍ਹ:** ਪੰਜਾਬੀ ਭਾਸ਼ਾ ਦਾ ਜੰਮੂ ਤੇ ਕਸ਼ਮੀਰ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਇਤਿਹਾਸਕ ਸਬੰਧਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀ ਨੂੰ ਕੇਂਦਰ ਸ਼ਾਸਿਤ ਪ੍ਰਦੇਸ ਦੀਆਂ ਅਧਿਕਾਰਤ ਭਾਸ਼ਾਵਾਂ ਦੀ ਸੂਚੀ 'ਚ ਦਰਜ ਕਰਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਖਲ ਮੰਗਿਆ।


ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ 'ਚ ਕੈਪਟਨ ਅਮਰਿੰਦਰ ਸਿੰਘ ਨੇ ਅਪੀਲ ਕੀਤੀ ਹੈ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸਲਾਹ ਦੇਣ ਕਿ ਯੂ.ਟੀ. ਜੰਮੂ ਤੇ ਕਸ਼ਮੀਰ ਦੀਆਂ ਅਧਿਕਾਰਤ ਭਾਸ਼ਾਵਾਂ ਦੀ ਸੂਚੀ ਉਤੇ ਪੁਨਰ ਵਿਚਾਰ ਕਰਦੇ ਹੋਏ ਇਸ ਦੀ ਸਮੀਖਿਆ ਕੀਤੀ ਜਾਵੇ ਅਤੇ ਪੰਜਾਬੀ



ਭਾਸ਼ਾ ਨੂੰ ਇਸ ਸੂਚੀ 'ਚ ਸ਼ਾਮਲ ਕੀਤਾ ਜਾਵੇ। ਅਧਿਕਾਰਤ ਭਾਸ਼ਾਵਾਂ ਦੀ ਸੂਚੀ 'ਚ ਪੰਜਾਬੀ ਭਾਸ਼ਾ ਨੂੰ ਬਾਹਰ ਕਰਨ ਦੇ ਮਾਮਲੇ ਉਤੇ ਪੰਜਾਬੀ ਭਾਈਚਾਰੇ 'ਚ ਪਾਈ ਜਾ ਰਹੀ ਨਾਰਾਜ਼ਗੀ ਦੀ ਤਰਜਮਾਨੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਜੰਮੂ ਤੇ ਕਸ਼ਮੀਰ, ਪੰਜਾਬ ਦਾ ਹਿੱਸਾ ਰਿਹਾ ਹੈ ਅਤੇ ਇਸ ਖਿੱਤੇ ਦੀ ਪੰਜਾਬੀ ਇਕ ਖੇਤਰੀ ਭਾਸ਼ਾ ਰਹੀ ਹੈ।

ਉਨ੍ਹਾਂ ਪੱਤਰ ਵਿਚ ਲਿਖਿਆ ਕਿ ਜਦੋਂ ਜੰਮੂ ਤੇ ਕਸ਼ਮੀਰ ਆਜ਼ਾਦ ਸੂਬੇ ਵਜੋਂ ਹੋਂਦ 'ਚ ਆਇਆ ਤਾਂ ਇਸ ਸੂਬੇ 'ਚ ਪੰਜਾਬੀ ਜ਼ੁਬਾਨ ਵੱਡੇ ਪੱਧਰ ਉਤੇ ਬੋਲੀ ਜਾਂਦੀ ਸੀ ਅਤੇ ਹੁਣ ਕਸ਼ਮੀਰ ਘਾਟੀ 'ਚ ਪੰਜਾਬੀ ਭਾਈਚਾਰੇ ਵਲੋਂ ਬੋਲੀ ਜਾਂਦੀ ਇਸ ਭਾਸ਼ਾ ਦੇ ਨਾਲ ਜੰਮੂ ਖਿੱਤੇ ਵਿਚ ਪੰਜਾਬੀ ਸਾਰੇ ਪੰਜਾਬੀਆਂ ਦੀ ਮਾਂ ਬੋਲੀ ਹੈ।

## ਦਿੱਲੀ 'ਚ ਇਜ਼ਰਾਇਲੀ ਦੂਤਾਵਾਸ ਦੇ ਬਾਹਰ ਧਮਾਕਾ




**ਨਵੀਂ ਦਿੱਲੀ:** ਦਿੱਲੀ ਵਿਚ ਇਜ਼ਰਾਇਲੀ ਦੂਤਾਵਾਸ ਦੇ ਬਾਹਰ ਹਲਕਾ ਆਈ.ਈ.ਡੀ. ਧਮਾਕਾ ਹੋਇਆ। ਪੁਲਿਸ ਮੁਤਾਬਕ ਲੁਟੀਅਨ ਖੇਤਰ ਵਿਚ ਹੋਏ ਇਸ ਧਮਾਕੇ ਵਿਚ ਕੋਈ ਜ਼ਖਮੀ ਨਹੀਂ ਹੋਇਆ। ਏ.ਪੀ.ਜੇ. ਅਬਦੁਲ ਕਲਾਮ ਮਾਰਗ 'ਤੇ ਦੂਤਾਵਾਸ ਦੇ ਬਾਹਰ ਹੋਏ ਇਸ ਧਮਾਕੇ ਵਿਚ ਸੜਕ ਕਿਨਾਰੇ ਖੜ੍ਹੀਆਂ ਕਈ ਕਾਰਾਂ ਦਾ ਨੁਕਸਾਨ ਹੋਇਆ ਹੈ। ਦਿੱਲੀ ਪੁਲਿਸ ਦੇ ਅਧਿਕਾਰੀ ਅਨਿਲ ਮਿੱਤਲ ਨੇ ਦੱਸਿਆ ਕਿ ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਸਨਸਨੀ ਫੈਲਾਉਣ ਲਈ ਕੀਤੀ ਸ਼ਰਾਰਤ ਹੋ ਸਕਦੀ ਹੈ। ਪੁਲਿਸ ਮੁਤਾਬਕ ਹਲਕਾ ਧਮਾਕਾ ਸ਼ਾਮ ਕਰੀਬ 5.05 ਵਜੇ ਹੋਇਆ। ਕੁਝ ਵਾਹਨਾਂ ਦੇ ਇਸ ਨਾਲ ਸ਼ੀਸ਼ੇ ਟੁੱਟ ਗਏ। ਦਿੱਲੀ ਪੁਲਿਸ ਦੀ ਬੰਬ ਨਕਾਰਾ ਕਰਨ ਵਾਲੀ ਟੀਮ ਮੌਕੇ ਉਤੇ ਪੁੱਜ ਗਈ ਤੇ ਇਲਾਕੇ ਵਿਚ ਹੋਰ ਧਮਾਕਾਖੇਜ਼ ਸਮੱਗਰੀ ਦੀ ਮੌਜੂਦਗੀ ਬਾਰੇ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਘਟਨਾ ਸਥਾਨ ਤੋਂ ਥੋੜ੍ਹੀ ਦੂਰ ਹੀ ਰਾਜਪਥ ਉਤੇ 'ਬੀਟਿੰਗ ਰੀਟ੍ਰੀਟ' ਸਮਾਰੋਹ ਚੱਲ ਰਿਹਾ ਸੀ। ਅੱਗ ਬੁਝਾਊ ਅਮਲੇ ਨੂੰ ਕਰੀਬ 5.11 'ਤੇ ਘਟਨਾ ਬਾਰੇ ਜਾਣਕਾਰੀ ਦਿੱਤੀ ਗਈ। ਏ.ਪੀ.ਜੇ. ਅਬਦੁੱਲ ਕਲਾਮ ਮਾਰਗ ਉਤੇ ਭਾਰੀ ਗਿਣਤੀ ਵਿਚ ਪੁਲਿਸ ਤਾਇਨਾਤ ਕੀਤੀ ਗਈ ਹੈ ਤੇ ਪੂਰੇ ਇਲਾਕੇ ਨੂੰ ਘੇਰਾ ਪਾ ਲਿਆ ਗਿਆ ਹੈ। ਅਧਿਕਾਰੀ ਨੇੜਲੇ ਸਥਾਨਾਂ ਉਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਵੀ ਕਰ ਰਹੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸ਼ਾਂਤੀ ਭੰਗ ਕਰਨ ਦੇ ਕਿਸੇ ਵੀ ਯਤਨ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

## 'ਆਪ' ਵਿਧਾਇਕ ਸੋਮਨਾਥ ਭਾਰਤੀ ਦੀ ਸਜ਼ਾ ਮੁਅੱਤਲ



**ਨਵੀਂ ਦਿੱਲੀ:** ਦਿੱਲੀ ਦੀ ਇਕ ਵਿਸ਼ੇਸ਼ ਅਦਾਲਤ ਨੇ ਆਮ ਆਦਮੀ ਪਾਰਟੀ (ਆਪ) ਵਿਧਾਇਕ ਸੋਮਨਾਥ ਭਾਰਤੀ ਦੀ ਦੋ ਸਾਲਾਂ ਦੀ ਸਜ਼ਾ ਮੁਅੱਤਲ ਕਰ ਦਿੱਤੀ। ਵਿਧਾਇਕ ਭਾਰਤੀ ਨੂੰ ਲੰਘੀ 23 ਜਨਵਰੀ ਨੂੰ ਇਹ ਸਜ਼ਾ ਉਨ੍ਹਾਂ ਖਿਲਾਫ 2016 'ਚ ਦਰਜ ਏਮਸ ਦੇ ਸਟਾਫ 'ਤੇ ਹਮਲੇ ਕਰਨ ਦੇ ਮਾਮਲੇ 'ਚ ਸੁਣਾਈ ਗਈ ਸੀ। ਵਿਸ਼ੇਸ਼ ਅਦਾਲਤ ਵੱਲੋਂ ਇਹ ਹੁਕਮ ਵਿਧਾਇਕ ਭਾਰਤੀ ਵੱਲੋਂ ਮੈਜਿਸਟਰੇਟੀ ਅਦਾਲਤ ਦੇ ਹੁਕਮਾਂ ਕੀਤੀ ਗਈ ਅਪੀਲ 'ਤੇ ਸੁਣਾਏ ਗਏ। ਵਿਸ਼ੇਸ਼ ਅਦਾਲਤ ਨੇ ਵਿਧਾਇਕ ਨੂੰ 20 ਹਜ਼ਾਰ ਰੁਪਏ ਦਾ ਜ਼ਮਾਨਤੀ ਮੁਚੱਲਕਾ ਭਰਨ ਦੇ ਨਿਰਦੇਸ਼ ਵੀ ਦਿੱਤੇ ਹਨ।

## ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 1.31 ਕਰੋੜ ਰੁਪਏ ਦੀ ਵਜ਼ੀਫਾ ਰਾਸ਼ੀ ਵੰਡੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 1 ਕਰੋੜ 31 ਲੱਖ ਰੁਪਏ ਦੀ ਵਜ਼ੀਫਾ ਰਾਸ਼ੀ ਵੰਡੀ ਗਈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਵੀ ਲਾਂਚ ਕੀਤੀ ਗਈ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕੀਤੇ ਗਏ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ 2636 ਵਿਦਿਆਰਥੀਆਂ ਨੂੰ ਵਿੱਦਿਅਕ ਸੈਸ਼ਨ 2020-21 ਲਈ ਵਜ਼ੀਫ਼ੇ ਵੰਡੇ। ਕਮੇਟੀ ਦੇ ਫੈਸਲੇ ਅਨੁਸਾਰ ਛੇਵੀਂ ਤੋਂ ਦਸਵੀਂ ਤੱਕ 3500 ਰੁਪਏ, ਗਿਆਰਵੀਂ ਤੋਂ ਬਾਰ੍ਹਵੀਂ ਤਕ 5000 ਰੁਪਏ, ਗ੍ਰੈਜੂਏਸ਼ਨ ਪੱਧਰ ਲਈ 8000 ਰੁਪਏ ਅਤੇ ਪੋਸਟ ਗ੍ਰੈਜੂਏਸ਼ਨ ਲਈ 10000 ਰੁਪਏ ਦੀ ਵਜ਼ੀਫਾ ਰਾਸ਼ੀ ਹਰ ਸਾਲ ਦਿੱਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ 'ਚ ਪੜ੍ਹਨ ਵਾਲੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸਨਮਾਨ ਵਜੋਂ ਵਜ਼ੀਫਾ ਦਿੱਤਾ ਜਾਂਦਾ ਹੈ।

## ਗਿਆਸਪੁਰਾ ਵੱਲੋਂ ਲੋਕ ਇਨਸਾਫ ਪਾਰਟੀ ਤੋਂ ਅਸਤੀਫੇ ਦਾ ਐਲਾਨ

**ਕੁੱਪ ਕਲਾਂ:** ਲੋਕ ਇਨਸਾਫ ਪਾਰਟੀ ਦੇ ਨੇਤਾ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਉਹ ਲੋਕ ਇਨਸਾਫ ਪਾਰਟੀ ਕੋਰ ਕਮੇਟੀ ਮੈਂਬਰ, ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਅਤੇ ਹੋਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਹਨ। ਗਿਆਸਪੁਰਾ ਨੇ ਆਖਿਆ ਕਿ ਪਾਰਟੀ ਵੱਲੋਂ ਕਿਸਾਨੀ ਸੰਘਰਸ਼ ਅਤੇ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਜੋ ਨੀਤੀ ਅਪਣਾਈ ਜਾ ਰਹੀ ਹੈ, ਉਨ੍ਹਾਂ ਦੀਆਂ ਨੀਤੀਆਂ ਨਾਲ ਉਹ ਮੇਲ ਨਹੀਂ ਖਾ ਰਹੀ। ਗਿਆਸਪੁਰਾ ਨੇ ਕਿਹਾ ਕਿ ਉਹ ਹਾਲੇ ਕਿਸੇ ਵੀ ਸਿਆਸੀ ਪਾਰਟੀ ਦਾ ਹਿੱਸਾ ਨਹੀਂ ਬਣ ਰਹੇ, ਸਿਰਫ ਸੇਵਾ ਨੂੰ ਤਰਜੀਹ ਦਿੰਦਿਆਂ ਕਿਸਾਨਾਂ ਨਾਲ ਖੜ੍ਹਨਗੇ।

## ਯੂ.ਏ.ਈ. ਵੱਲੋਂ ਵਿਦੇਸ਼ੀ ਪੇਸ਼ੇਵਰਾਂ ਨੂੰ ਨਾਗਰਿਕਤਾ ਦੇਣ ਦਾ ਐਲਾਨ



**ਦੁਬਈ:** ਸੰਯੁਕਤ ਅਰਬ ਇਮਰਾਤ (ਯੂ.ਏ.ਈ.) ਨੇ ਐਲਾਨ ਕੀਤਾ ਹੈ ਕਿ ਉਸ ਵਲੋਂ ਇਸ ਤੇਲ ਨਾਲ ਭਰਪੂਰ ਦੇਸ ਵਿਚ ਕੁਝ ਪੇਸ਼ੇਵਰ ਵਿਦੇਸ਼ੀ ਲੋਕਾਂ ਨੂੰ ਨਾਗਰਿਕਤਾ ਦਿੱਤੀ ਜਾਵੇਗੀ। ਜਾਣਕਾਰੀ ਅਨੁਸਾਰ ਇਹ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਆਰਥਿਕਤਾ ਨੂੰ ਸਥਿਰ ਰੱਖਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ।

ਇਸ ਤੋਂ ਪਹਿਲਾਂ ਵੀ ਯੂ.ਏ.ਈ. ਵਲੋਂ ਉਨ੍ਹਾਂ ਫਿਲਿਸਤੀਨੀ ਲੋਕਾਂ ਅਤੇ ਹੋਰਨਾਂ ਨੂੰ ਨਾਗਰਿਕਤਾ ਦਿੱਤੀ ਗਈ ਸੀ ਜਿਨ੍ਹਾਂ ਨੇ 1971 ਵਿਚ ਇਸ ਦੇ ਗਠਨ ਤੋਂ ਬਾਅਦ ਸਰਕਾਰ ਬਣਾਉਣ ਵਿਚ ਮਦਦ ਕੀਤੀ ਸੀ। ਹੋਰਨਾਂ ਨੂੰ ਵੀ ਸਮੇਂ ਦੇ ਹਿਸਾਬ ਨਾਲ ਨਾਗਰਿਕਤਾ ਦਿੱਤੀ ਜਾਂਦੀ ਰਹੀ ਹੈ। ਇਹ ਐਲਾਨ ਦੁਬਈ ਦੇ ਸ਼ਾਸਕ, ਦੇਸ ਦੇ ਪ੍ਰਧਾਨ ਮੰਤਰੀ ਅਤੇ ਉਪ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਨੇ ਕਰਦੇ ਹੋਏ ਕਿਹਾ ਕਿ ਕਲਾਕਾਰ, ਲਿਖਾਰੀ, ਡਾਕਟਰ, ਇੰਜੀਨੀਅਰ, ਵਿਗਿਆਨੀ ਅਤੇ ਉਨ੍ਹਾਂ ਦੇ ਪਰਿਵਾਰ ਇਸ ਲਈ ਅਰਜ਼ੀ ਦੇ ਸਕਦੇ ਹਨ। ਇਹ ਵੀ ਕਿਹਾ ਗਿਆ ਹੈ ਕਿ ਯੂ.ਏ.ਈ. ਦਾ ਨਾਗਰਿਕ ਬਣਨ ਤੋਂ ਬਾਅਦ ਵੀ ਉਕਤ ਵਿਅਕਤੀ ਆਪਣੀ ਪੁਰਾਣੀ ਨਾਗਰਿਕਤਾ ਬਰਕਰਾਰ ਰੱਖ ਸਕਦਾ ਹੈ, ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਕੀ ਨਾਗਰਿਕਤਾ ਪਾਉਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਵੀ ਉਹੀ ਅਧਿਕਾਰ ਦਿੱਤੇ ਜਾਣਗੇ ਜੋ ਇਥੋਂ ਦੇ ਮੂਲ ਨਾਗਰਿਕਾਂ ਨੂੰ ਪ੍ਰਾਪਤ ਹਨ।

### ਅਮਰੀਕਾ 'ਚ ਆਮਦਨ ਮਾਮਲੇ 'ਚ ਭਾਰਤੀਆਂ ਦੀ ਝੰਡੀ

**ਵਾਸ਼ਿੰਗਟਨ:** ਅਮਰੀਕੀ-ਭਾਰਤੀ ਪਰਿਵਾਰਾਂ ਨੇ ਸਾਲਾਨਾ ਆਮਦਨ ਦੇ ਮਾਮਲੇ 'ਚ ਨਸਲੀ ਧੜਿਆਂ ਤੇ ਗੋਰੇ ਅਮਰੀਕੀਆਂ ਨੂੰ ਪਛਾੜ ਦਿੱਤਾ ਹੈ। ਭਾਰਤੀ-ਅਮਰੀਕੀਆਂ ਦੀ ਸਾਲਾਨਾ ਔਸਤ ਆਮਦਨ 1.20 ਲੱਖ ਡਾਲਰ (87 ਲੱਖ ਰੁਪਏ ਤੋਂ ਵੱਧ) ਹੈ। ਏਸ਼ੀਆ ਪ੍ਰਸ਼ਾਂਤ ਅਮਰੀਕੀ ਭਾਈਚਾਰਾ ਵਿਕਾਸ ਬਾਰੇ ਕੌਮੀ ਗੱਠਜੋੜ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਪ੍ਰਾਪਤ ਅੰਕੜਿਆਂ ਅਨੁਸਾਰ ਅਮਰੀਕਾ 'ਚ ਭਾਰਤੀ ਪਰਿਵਾਰ ਸਭ ਤੋਂ ਵੱਧ 1,19,858 ਡਾਲਰ ਸਾਲਾਨਾ ਕਮਾਈ ਕਰ ਰਹੇ ਹਨ ਜਦਕਿ ਬਰਮਾ ਦੇ ਪਰਿਵਾਰ ਸਾਲਾਨਾ 45,348 ਡਾਲਰ, ਸਿਆਹਫਾਮ 41511 ਅਤੇ ਲਾਤੀਨੀ ਅਮਰੀਕੀ ਸਾਲਾਨਾ ਆਮਦਨ 51,404 ਡਾਲਰ ਕਮਾਈ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਰਿਪੋਰਟ ਵੱਖ ਵੱਖ ਵਰਗਾਂ ਦੇ ਘਰੇਲੂ ਖਰਚਿਆਂ, ਗਰੀਬੀ ਦਰ ਤੇ ਕਿਰਾਏ-ਭਾੜੇ ਦੇ ਅਧਿਐਨ ਤੋਂ ਬਾਅਦ ਤਿਆਰ ਕੀਤੀ ਗਈ ਹੈ।

### ਜੀਵਨ ਸਾਥੀ ਨੂੰ ਕੰਮ ਤੋਂ ਰੋਕਣ ਵਾਲਾ ਹੁਕਮ ਵਾਪਸ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੱਤਾ ਸੰਭਾਲਣ ਤੋਂ ਹਫਤੇ ਬਾਅਦ ਟਰੰਪ ਦੇ ਯੁੱਗ ਦੇ ਉਸ ਹੁਕਮ ਨੂੰ ਵਾਪਸ ਲੈ ਲਿਆ ਜਿਸ ਵਿਚ ਐੱਚ-1 ਬੀ ਵੀਜ਼ਾਧਾਰਕਾਂ ਦੇ ਜੀਵਨ ਸਾਥੀਆਂ ਨੂੰ ਕੰਮ ਕਰਨ ਦੀ ਆਗਿਆ ਦੇਣ ਵਾਲੇ ਐੱਚ-4 ਵੀਜ਼ਾ ਉਤੇ ਪਾਬੰਦੀ ਲਗਾ ਦਿੱਤੀ ਗਈ ਸੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਭਾਰਤੀ ਔਰਤਾਂ ਹਨ। ਐੱਚ-4 ਵੀਜ਼ਾ, ਐੱਚ-1 ਬੀ ਵੀਜ਼ਾਧਾਰਕਾਂ ਦੇ ਪਤੀ/ਪਤਨੀ ਜਾਂ 21 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਜਾਰੀ ਕੀਤੇ ਜਾਂਦੇ ਹਨ।

# 2022 ਵਿਚ ਜੀ.ਡੀ.ਪੀ. 11 ਫੀਸਦੀ ਰਹਿਣ ਦੀ ਪੇਸ਼ੀਨਗੋਈ



**ਨਵੀਂ ਦਿੱਲੀ:** ਸੰਸਦ ਵਿਚ ਈ-ਫਾਰਮੈਟ ਵਿਚ ਰੱਖੇ ਗਏ ਆਰਥਿਕ ਸਰਵੇਖਣ ਵਿਚ ਅਗਲੇ ਵਿੱਤੀ ਸਾਲ (2022-23) ਵਿਚ ਭਾਰਤ ਦੀ ਵਿਕਾਸ ਦਰ (ਜੀ.ਡੀ.ਪੀ.) 11 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ (ਕਰੋਨਾ) ਮਹਾਮਾਰੀ ਦੇ ਝੰਬੇ ਅਰਥਚਾਰੇ ਵਿਚ 'ਵੀ-ਆਕਾਰ' ਦਾ ਸੁਧਾਰ ਵੇਖਿਆ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਸਦਨ ਵਿਚ ਰੱਖੇ ਆਰਥਿਕ ਸਰਵੇਖਣ 2020-21 ਮੁਤਾਬਕ 31 ਮਾਰਚ 2021 ਨੂੰ ਖਤਮ ਹੋ ਰਹੇ ਮੌਜੂਦਾ ਵਿੱਤੀ ਸਾਲ ਵਿਚ ਦੇਸ਼ ਦੀ ਵਿਕਾਸ ਦਰ ਦੇ ਰਿਕਾਰਡ ਮਨਫੀ 7.7 ਫੀਸਦ ਰਹਿਣ ਦੇ ਆਸਾਰ ਹਨ। ਇਸ ਤੋਂ ਪਹਿਲਾਂ ਵਿੱਤੀ ਸਾਲ 1979-80 ਵਿਚ ਭਾਰਤ ਦੀ ਜੀ.ਡੀ.ਪੀ. ਮਨਫੀ 5.2 ਫੀਸਦ ਰਹੀ ਸੀ।

ਆਰਥਿਕ ਸਰਵੇਖਣ ਮੁਤਾਬਕ ਲੌਕਡਾਊਨ ਦੌਰਾਨ ਖੇਤੀ ਸੈਕਟਰ ਹੀ ਇਕੋ-ਇਕ ਅਜਿਹਾ ਖੇਤਰ ਸੀ, ਜਿਥੇ ਤੇਜੀ ਨਾਲ ਵਾਧਾ ਬਰਕਰਾਰ ਰਿਹਾ ਜਦੋਂਕਿ ਸੇਵਾਵਾਂ, ਨਿਰਮਾਣ ਤੇ ਉਸਾਰੀ ਖੇਤਰ ਨੂੰ ਕੋਵਿਡ-19 ਮਹਾਮਾਰੀ ਨੂੰ ਠੱਲ੍ਹ ਪਾਉਣ ਲਈ ਆਇਦ ਤਾਲਾਬੰਦੀ ਦੀ ਸਭ ਤੋਂ ਵੱਧ ਮਾਰ ਪਈ। ਅਪਰੈਲ ਤੋਂ ਨਵੰਬਰ 2020 ਤੱਕ ਉਪਲਬਧ ਰੁਝਾਨਾਂ ਦੇ ਆਧਾਰ 'ਤੇ ਮੌਜੂਦਾ ਵਿੱਤੀ ਸਾਲ ਦੌਰਾਨ ਵਿੱਤੀ ਘਾਟਾ ਨਿਰਧਾਰਿਤ ਟੀਚੇ ਨਾਲੋਂ ਵੱਧ ਰਹਿਣ ਦਾ ਅਨੁਮਾਨ ਹੈ। ਸਰਵੇਖਣ ਕਹਿੰਦਾ ਹੈ ਕਿ ਵਸਤਾਂ ਤੇ ਸੇਵਾਵਾਂ ਦੀ ਦਰਾਮਦ ਦੇ ਰੁਝਾਨ ਨੂੰ ਵੇਖਦਿਆਂ ਅਜਿਹੀ ਆਸ ਕੀਤੀ ਜਾਂਦੀ ਹੈ ਕਿ 17 ਸਾਲਾਂ ਦੇ ਵਕਫੇ ਮਗਰੋਂ ਮੌਜੂਦਾ ਵਿੱਤੀ ਸਾਲ ਵਿੱਚ ਚਾਲੂ ਖਾਤੇ ਵਿਚ ਸਾਲਾਨਾ ਸਰਪਲੱਸ ਰਹੇਗਾ, ਜੋ ਜੀ.ਡੀ.ਪੀ. ਦਾ ਘੱਟੋ-ਘੱਟ 2 ਫੀਸਦ ਹੋਵੇਗਾ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਵਿੱਤੀ ਸਾਲ ਵਿਚ ਵਿਕਾਸ ਦਰ ਮਨਫੀ 7.7 ਫੀਸਦ ਰਹਿਣ ਦਾ ਮੁੱਖ ਕਾਰਨ ਮਹਾਮਾਰੀ ਕਰਕੇ ਆਮ ਸਰਗਰਮੀਆਂ ਵਿਚ ਪਿਆ ਅੜਿੱਕਾ ਹੈ।

ਸਰਵੇਖਣ ਵਿਚ ਅਗਲੇ ਦੋ ਸਾਲਾਂ ਵਿਚ ਭਾਰਤੀ ਅਰਥਚਾਰੇ ਦੇ ਤੇਜੀ ਨਾਲ ਵਧਣ ਫੁੱਲਣ ਦੀ ਉਮੀਦ ਜਤਾਈ ਗਈ ਹੈ। ਚੇਤੇ ਰਹੇ ਕਿ ਕੌਮਾਂਤਰੀ ਮੁਦਰਾ ਫੰਡ ਨੇ ਪਿਛਲੇ ਹਫਤੇ ਭਾਰਤ ਦੀ ਵਿਕਾਸ ਦਰ 11.5 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ। ਕੌਮੀ ਅੰਕੜਾ ਦਫਤਰ (ਐਨ.ਐਸ.ਓ.) ਵੱਲੋਂ ਜਾਰੀ ਕੌਮੀ ਆਮਦਨ ਦੇ ਅਗਾਊਂ ਅਨੁਮਾਨਾਂ ਮੁਤਾਬਕ ਭਾਰਤ ਦੀ ਜੀ.ਡੀ.ਪੀ. ਰਿਕਾਰਡ ਮਨਫੀ 7.7 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਉਧਰ, ਕੁਝ ਹੋਰਨਾਂ ਆਲਮੀ ਏਜੰਸੀਆਂ ਵੱਲੋਂ ਲਾਏ ਅਨੁਮਾਨਾਂ ਵਿਚ ਵੀ ਵਿੱਤੀ ਸਾਲ 2020-21 ਵਿਚ ਭਾਰਤ ਦੀ ਆਰਥਿਕ ਵਿਕਾਸ ਦਰ ਸੁੰਗੜਨ ਦਾ ਦਾਅਵਾ ਕੀਤਾ ਗਿਆ ਹੈ।

## ਵਿਅਕਤੀਗਤ ਸਿਹਤ ਸੂਚੀ 'ਚ ਭਾਰਤ ਨੂੰ 10ਵਾਂ ਸਥਾਨ

**ਨਵੀਂ ਦਿੱਲੀ:** ਵਿਅਕਤੀਗਤ ਸਿਹਤ ਸੇਵਾ ਦੀ ਤਰੱਕੀ ਨੂੰ ਲੈ ਕੇ ਹਾਲ ਹੀ 'ਚ ਜਾਰੀ ਕੀਤੀ ਗਈ ਏਸ਼ੀਆ-ਪ੍ਰਸ਼ਾਂਤ ਦੇ 11 ਦੇਸ਼ਾਂ ਦੀ ਸੂਚੀ 'ਚ ਭਾਰਤ 10ਵੇਂ ਸਥਾਨ 'ਤੇ ਰਿਹਾ। ਇਕੌਨਮਿਸਟ ਇੰਟੈਲੀਜੈਂਸ ਯੂਨਿਟ (ਈ.ਆਈ.ਯੂ.) ਨੇ ਆਪਣੀ ਏਸ਼ੀਆ-ਪ੍ਰਸ਼ਾਂਤ ਵਿਅਕਤੀਗਤ ਸਿਹਤ ਸੂਚੀ ਰਿਪੋਰਟ 'ਚ ਇਸ ਖੇਤਰ ਦੇ 11 ਮੁਲਕਾਂ ਦੀ ਸਿਹਤ ਸੇਵਾ ਨਾਲ ਸਬੰਧਤ ਤਿਆਰੀਆਂ ਦਾ ਜਾਇਜ਼ਾ ਲਿਆ। ਇਨ੍ਹਾਂ ਮੁਲਕਾਂ 'ਚ ਆਸਟਰੇਲੀਆ, ਚੀਨ, ਜਪਾਨ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ, ਸਿੰਗਾਪੁਰ, ਦੱਖਣੀ ਕੋਰੀਆ, ਤਾਇਵਾਨ, ਥਾਈਲੈਂਡ ਅਤੇ ਨਿਊਜੀਲੈਂਡ ਸ਼ਾਮਲ ਹੈ। ਇਸ ਦੌਰਾਨ ਸਹੀ ਸਮੇਂ 'ਤੇ ਸਹੀ ਵਿਅਕਤੀ ਨੂੰ ਢੁਕਵੀਂ ਸਿਹਤ ਸੇਵਾ ਮੁਹੱਈਆ ਕਰਨ ਬਾਰੇ ਮੁਲਾਂਕਣ ਕੀਤਾ ਗਿਆ। ਰਿਪੋਰਟ ਅਨੁਸਾਰ ਸਿਹਤ ਸੂਚਨਾ ਤਹਿਤ ਭਾਰਤ 41 ਅੰਕਾਂ ਨਾਲ 10ਵੇਂ ਸਥਾਨ 'ਤੇ ਰਿਹਾ ਜਦਕਿ ਸਿਹਤ ਸੇਵਾਵਾਂ ਤਹਿਤ ਭਾਰਤ 24 ਅੰਕਾਂ ਨਾਲ 11ਵੇਂ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਵਿਅਕਤੀਗਤ ਤਕਨੀਕ ਤਹਿਤ ਭਾਰਤ 30 ਅੰਕਾਂ ਨਾਲ 9ਵੇਂ ਸਥਾਨ ਜਦਕਿ ਨੀਤੀ ਸੰਦਰਭ ਤਹਿਤ ਭਾਰਤ 48 ਅੰਕਾਂ ਨਾਲ ਪੰਜਵੇਂ ਸਥਾਨ 'ਤੇ ਰਿਹਾ। ਇਸ ਸੂਚੀ 'ਚ ਪਹਿਲੇ ਸਥਾਨ 'ਤੇ ਸਿੰਗਾਪੁਰ ਜਦਕਿ ਆਖਰੀ ਸਥਾਨ 'ਤੇ ਇੰਡੋਨੇਸ਼ੀਆ ਰਿਹਾ।

## ਜੈਸ਼ੰਕਰ ਤੇ ਬਲਿੰਕਨ ਦਰਮਿਆਨ ਪਲੇਠੀ ਗੱਲਬਾਤ

**ਵਾਸ਼ਿੰਗਟਨ:** ਨਵੇਂ ਅਮਰੀਕੀ ਵਿਦੇਸ਼ ਮੰਤਰੀ ਟੌਨੀ ਬਲਿੰਕਨ ਨੇ ਕਿਹਾ ਕਿ ਭਾਰਤੀ-ਪ੍ਰਸ਼ਾਂਤ ਖਿੱਤੇ ਵਿਚ ਅਮਰੀਕਾ ਦੇ ਭਾਈਵਾਲ ਵਜੋਂ ਭਾਰਤ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਆਪਣੇ ਭਾਰਤੀ ਹਮਰੁਤਬਾ ਐੱਸ. ਜੈਸ਼ੰਕਰ ਨਾਲ ਫੋਨ ਉਤੇ ਪਹਿਲੀ ਵਾਰ ਗੱਲਬਾਤ ਕੀਤੀ।

ਇਸ ਮੌਕੇ ਦੋਵਾਂ ਨੇ ਖੇਤਰ ਤੇ ਉਸ ਤੋਂ ਬਾਹਰ ਚੁਣੌਤੀਆਂ ਦੇ ਟਾਕਰੇ ਤੇ ਨਵੇਂ ਮੌਕਿਆਂ 'ਤੇ ਕੰਮ ਕਰਨ ਬਾਰੇ ਵਿਚਾਰ-ਚਰਚਾ ਕੀਤੀ। ਇਸ ਤੋਂ ਇਲਾਵਾ ਦੋਵਾਂ ਆਗੂਆਂ ਨੇ ਸਾਂਝੇ ਫਿਕਰਾਂ ਜਿਵੇਂ ਕਿ ਕੋਵਿਡ ਮਹਾਮਾਰੀ, ਖੇਤਰੀ ਉਥਲ-ਪੁਥਲ ਉਤੇ ਵੀ ਗੱਲਬਾਤ ਕੀਤੀ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੈੱਡ ਪ੍ਰਾਈਸ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਵਿਚਾਲੇ ਦੁਵੱਲੇ ਸਬੰਧਾਂ ਨੂੰ ਮਜਬੂਤ ਕਰਨ ਬਾਰੇ ਵੀ ਇਸ ਮੌਕੇ ਗੱਲਬਾਤ ਕੀਤੀ ਗਈ। ਬਲਿੰਕਨ ਨੇ ਖੇਤਰੀ ਤਾਲਮੇਲ ਤੇ 'ਕੁਆਡ' ਦੇ ਮਹੱਤਵ ਨੂੰ ਵੀ ਇਸ ਦੌਰਾਨ ਉਭਾਰਿਆ। ਦੋਵੇਂ ਜਲਦੀ ਹੀ ਨਿੱਜੀ ਤੌਰ ਉਤੇ ਮਿਲਣ ਲਈ ਵੀ ਸਹਿਮਤ ਹੋਏ। ਨਵੀਂ ਦਿੱਲੀ ਵਿਚ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਜੈਸ਼ੰਕਰ ਤੇ ਬਲਿੰਕਨ ਨੇ ਦੋਵਾਂ ਮੁਲਕਾਂ ਵਿਚਾਲੇ ਰਣਨੀਤਕ ਭਾਈਵਾਲੀ ਨੂੰ ਹਰ ਪੱਖ ਤੋਂ ਮਜਬੂਤ ਕਰਨ ਤੇ ਇਸ ਦਾ ਵਿਸਤਾਰ ਕਰਨ ਬਾਰੇ ਵਚਨਬੱਧਤਾ ਪ੍ਰਗਟ ਕੀਤੀ ਹੈ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵਾਂ ਆਗੂਆਂ ਨੇ ਰੱਖਿਆ ਤਾਲਮੇਲ, ਵੱਧ ਰਹੇ ਆਰਥਿਕ ਸਹਿਯੋਗ, ਸਿਹਤ ਖੇਤਰ ਵਿਚ ਹੋ ਰਹੇ ਸਹਿਯੋਗ ਉਤੇ ਤਸੱਲੀ ਪ੍ਰਗਟ ਕੀਤੀ।

## ਭ੍ਰਿਸ਼ਟਾਚਾਰ ਇੰਡੈਕਸ 'ਚ ਭਾਰਤ 86ਵੇਂ ਸਥਾਨ 'ਤੇ ਖਿਸਕਿਆ



**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਧਾਰਨਾ ਇੰਡੈਕਸ (ਸੀ.ਪੀ.ਆਈ.) 2020 ਮੁਤਾਬਕ 180 ਦੇਸ਼ਾਂ ਦੀ ਸੂਚੀ ਵਿਚ ਭਾਰਤ ਛੇ ਸਥਾਨ ਹੇਠਾਂ ਖਿਸਕ ਕੇ 86ਵੇਂ ਸਥਾਨ 'ਤੇ ਪਹੁੰਚ ਗਿਆ ਹੈ। 'ਟਰਾਂਸਪੇਰੈਂਸੀ ਇੰਟਰਨੈਸ਼ਨਲ' (ਟੀ.ਆਈ.) ਦਾ ਸਾਲ 2020 ਦਾ ਸਬੰਧ ਭ੍ਰਿਸ਼ਟਾਚਾਰ ਪਾਰਦਰਸ਼ਤਾ ਇੰਡੈਕਸ ਜਾਰੀ ਕੀਤਾ ਗਿਆ। ਇਸ ਇੰਡੈਕਸ 'ਚ ਭ੍ਰਿਸ਼ਟਾਚਾਰ ਮਾਪ ਲਈ 0 ਤੋਂ 100 ਨੰਬਰ ਤਕ ਦਾ ਪੈਮਾਨਾ ਵਰਤਿਆ ਜਾਂਦਾ ਹੈ। ਸਭ ਤੋਂ ਵੱਧ ਭ੍ਰਿਸ਼ਟਾਚਾਰ ਲਈ 0 ਅਤੇ ਸਭ ਤੋਂ ਵੱਧ ਪਾਰਦਰਸ਼ਤਾ ਲਈ 100 ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤ 40 ਅੰਕਾਂ ਨਾਲ 180 ਦੇਸ਼ਾਂ ਵਿਚੋਂ 86ਵੇਂ ਸਥਾਨ ਰਿਹਾ ਹੈ। ਇੰਡੈਕਸ ਵੱਲੋਂ ਦੱਸਿਆ ਗਿਆ, 'ਸਾਲ 2019 'ਚ 180 ਦੇਸ਼ਾਂ ਵਿਚੋਂ ਭਾਰਤ ਦਾ 80ਵਾਂ ਸਥਾਨ ਸੀ। ਭਾਰਤ ਦਾ ਸੀ.ਪੀ.ਆਈ. ਸਕੋਰ ਹਾਲੇ ਵੀ ਘੱਟ ਹੈ।' ਦੂਜੇ ਪਾਸੇ ਇਸ ਵਰ੍ਹੇ ਨਿਊਜੀਲੈਂਡ ਅਤੇ ਡੈਨਮਾਰਕ 88 ਸਕੋਰ ਨਾਲ ਪਹਿਲੇ ਸਥਾਨ 'ਤੇ ਰਹੇ ਹਨ। ਸੋਮਾਲੀਆ ਅਤੇ ਦੱਖਣੀ ਸੂਡਾਨ 12 ਸਕੋਰ ਨਾਲ 179ਵੇਂ ਸਥਾਨ 'ਤੇ ਰਹੇ ਹਨ।

### ਪਾਕਿਸਤਾਨ 124ਵੇਂ ਸਥਾਨ 'ਤੇ ਪੁੱਜਾ

ਟਰਾਂਸਪੇਰੈਂਸੀ ਇੰਟਰਨੈਸ਼ਨਲ ਦੇ ਤਾਜ਼ਾ ਭ੍ਰਿਸ਼ਟਾਚਾਰ ਪ੍ਰਾਪਤੀ ਸੂਚਕ ਅੰਕ (ਸੀ.ਪੀ.ਆਈ. 2020) 'ਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ 'ਨਵਾਂ ਪਾਕਿਸਤਾਨ' ਚਾਰ ਸਥਾਨ ਹੋਰ ਹੇਠਾਂ ਡਿਗ ਗਿਆ ਹੈ, ਜਿਸ ਨਾਲ ਪਾਕਿ 'ਚ ਸਿਆਸਤ ਗਰਮਾ ਗਈ ਹੈ। ਦੁਨੀਆਂ ਦੇ 180 ਦੇਸਾਂ ਦੀ ਇਸ ਰੈਂਕਿੰਗ 'ਚ ਭਾਰਤ 86ਵੇਂ ਨੰਬਰ ਉਤੇ ਹੈ। ਇਸ ਦੌਰਾਨ ਪਾਕਿਸਤਾਨ ਦੀਆਂ ਵਿਰੋਧੀ ਪਾਰਟੀਆਂ ਨੇ ਦੇਸ ਦੇ ਹੋਰ ਭ੍ਰਿਸ਼ਟ ਹੋਣ ਨੂੰ ਲੈ ਕੇ ਇਮਰਾਨ ਖਾਨ ਦੀ ਸਰਕਾਰ 'ਤੇ ਜ਼ੋਰਦਾਰ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਲ 2020 ਅਤੇ 2019 'ਚ ਪਾਕਿ 120ਵੇਂ ਸਥਾਨ 'ਤੇ ਸੀ ਅਤੇ ਹੁਣ ਇਹ 124ਵੇਂ ਸਥਾਨ 'ਤੇ ਪਹੁੰਚ ਗਿਆ ਹੈ।

## ਸੋਸ਼ਲ ਮੀਡੀਆ ਕੰਪਨੀਆਂ ਦੀ ਤਾਕਤ ਤੋਂ ਗੁਟੇਰੇਜ ਚਿੰਤਤ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਕਿਹਾ ਹੈ ਕਿ ਉਹ ਸੋਸ਼ਲ ਮੀਡੀਆ ਕੰਪਨੀਆਂ ਦੀ ਤਾਕਤ ਤੋਂ 'ਚਿੰਤਤ' ਹਨ। ਲੋਕਾਂ ਬਾਰੇ ਐਨੀ ਜਾਣਕਾਰੀ ਇਕੱਠੀ ਕਰਨਾ, ਨਿੱਜੀ ਜਾਣਕਾਰੀ 'ਤੇ ਕਾਬੂ ਨਾ ਹੋਣਾ, ਇਕੱਤਰ ਜਾਣਕਾਰੀ ਦਾ ਇਸਤੇਮਾਲ ਸਿਆਸੀ ਪੱਖ ਤੋਂ ਕਰ ਕੇ ਨਾਗਰਿਕਾਂ ਨੂੰ 'ਕਾਬੂ' ਕਰਨ ਜਿਹੇ ਕਈ ਜੋਖਮ ਹਨ, ਜਿਨ੍ਹਾਂ ਉਤੇ ਸਕੱਤਰ ਜਨਰਲ ਨੇ ਚਿੰਤਾ ਪ੍ਰਗਟ ਕੀਤੀ ਹੈ।




ਉਨ੍ਹਾਂ ਕਿਹਾ ਕਿ ਇਨ੍ਹਾਂ ਉਤੇ ਵਿਚਾਰ-ਚਰਚਾ ਦੀ ਲੋੜ ਹੈ। ਮੈਂਬਰ ਮੁਲਕਾਂ ਨਾਲ '2021 ਦੀਆਂ ਤਰਜੀਹਾਂ' ਬਾਰੇ ਆਪਣੇ ਗੈਰਰਸਮੀ ਰਾਬਤੇ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਗੁਟੇਰੇਜ ਨੇ ਕਿਹਾ ਕਿ ਉਨ੍ਹਾਂ ਮੁਤਾਬਕ 'ਐਨੀ ਜਿਆਦਾ ਤਾਕਤ ਇਸ ਸੰਸਾਰ ਵਿਚ ਕੁਝ ਕੰਪਨੀਆਂ ਨੂੰ ਨਹੀਂ ਦਿੱਤੀ ਜਾ ਸਕਦੀ।' ਉਨ੍ਹਾਂ ਕਿਹਾ ਕਿ ਸਵਾਲ ਇਹ ਹੈ ਕਿ ਕੀ ਕੋਈ ਕੰਪਨੀ ਜਾਂ ਇਕਾਈ, ਜਿਸ ਕੋਲ ਇਨ੍ਹਾਂ ਮੁੱਦਿਆਂ 'ਤੇ ਫੈਸਲੇ ਲੈਣ ਦੀ ਤਾਕਤ ਹੈ, ਉਹ ਕਿਸੇ ਰੈਗੂਲੇਟਰੀ ਢਾਂਚੇ ਜਾਂ ਨੇਮਾਂ ਤਹਿਤ ਕੰਮ ਕਰ ਰਹੀ ਹੈ।

ਉਨ੍ਹਾਂ ਨਾਲ ਹੀ ਸਵਾਲ ਕੀਤਾ ਕਿ ਕੀ ਇਸ ਲਈ ਕੋਈ ਢਾਂਚਾ ਕਾਇਮ ਕੀਤਾ ਜਾਣਾ ਚਾਹੀਦਾ ਹੈ। ਗੁਟੇਰੇਜ ਨੇ ਕਿਹਾ ਕਿ ਜਿਸ ਤਰ੍ਹਾਂ ਨਿੱਜੀ ਜਾਣਕਾਰੀ ਦਾ ਇਸਤੇਮਾਲ ਸਿਆਸੀ ਲਾਭ ਲਈ ਲੋਕਾਂ ਦਾ ਵਿਹਾਰ ਬਦਲਣ ਲਈ ਕੀਤਾ ਜਾ ਰਿਹਾ ਹੈ, ਉਸ 'ਤੇ ਗੰਭੀਰ ਵਿਚਾਰ-ਵਟਾਂਦਰੇ ਦੀ ਲੋੜ ਹੈ। ਚੀਨ ਵੱਲੋਂ 'ਤਾਨਾਸ਼ਾਹ ਏਜੰਡਾ' ਚਲਾਉਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸਕੱਤਰ ਜਨਰਲ ਨੇ ਕਿਹਾ ਕਿ 'ਸੰਯੁਕਤ ਰਾਸ਼ਟਰ ਸ਼ਾਂਤੀ, ਸੁਰੱਖਿਆ, ਵਿਕਾਸ ਤੇ ਮਨੁੱਖੀ ਹੱਕਾਂ ਨਾਲ ਜੁੜੀਆਂ ਸਾਰੀਆਂ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧ ਹੈ।'

## ਕੈਲੀਫੋਰਨੀਆ 'ਚ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ

**ਨਵੀਂ ਦਿੱਲੀ:** ਭਾਰਤ ਨੇ ਕੈਲੀਫੋਰਨੀਆ ਦੇ ਡੇਵਿਸ ਸ਼ਹਿਰ 'ਚ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ ਦੀ ਨਿਖੇਧੀ ਕਰਦਿਆਂ ਇਹ ਮਾਮਲਾ ਅਮਰੀਕਾ ਕੋਲ ਉਠਾਇਆ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਵਾਸ਼ਿੰਗਟਨ ਸਥਿਤ ਭਾਰਤੀ ਸਫਾਰਤਖਾਨੇ ਨੇ ਇਹ ਮਾਮਲਾ ਅਮਰੀਕੀ ਵਿਦੇਸ਼ ਵਿਭਾਗ ਕੋਲ ਉਠਾਉਂਦਿਆਂ ਦੋਸ਼ੀਆਂ ਖਿਲਾਫ ਢੁਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਹ ਬੁੱਤ ਭਾਰਤ ਵੱਲੋਂ ਤੋਹਫੇ 'ਚ ਦਿੱਤਾ ਗਿਆ ਸੀ ਅਤੇ ਸੈਂਟਰਲ ਪਾਰਕ 'ਚ ਲੱਗੇ ਇਸ ਬੁੱਤ ਦੀ ਭੰਨ-ਤੋੜ 28 ਜਨਵਰੀ ਨੂੰ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਂ ਫਰਾਂਸਿਸਕੋ 'ਚ ਕੌਂਸਲੇਟ ਜਨਰਲ ਆਫ ਇੰਡੀਆ ਨੇ ਵੀ ਵੱਖਰੇ ਤੌਰ 'ਤੇ ਇਹ ਮਾਮਲਾ ਡੇਵਿਸ ਸ਼ਹਿਰ ਦੇ ਅਧਿਕਾਰੀਆਂ ਕੋਲ ਉਠਾਇਆ ਹੈ ਜਿਨ੍ਹਾਂ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਵਿਦੇਸ਼ ਵਿਭਾਗ ਨੇ ਕਿਹਾ ਕਿ ਡੇਵਿਸ ਦੇ ਮੇਅਰ ਨੇ ਘਟਨਾ 'ਤੇ ਅਫਸੋਸ ਜਤਾਉਂਦਿਆਂ ਕਿਹਾ ਹੈ ਕਿ ਭੰਨ-ਤੋੜ ਲਈ



ਜਿੰਮੇਵਾਰ ਵਿਅਕਤੀਆਂ ਖਿਲਾਫ ਜਾਂਚ ਮਗਰੋਂ ਕਾਰਵਾਈ ਕੀਤੀ ਜਾਵੇਗੀ।

## ਅਨੋਖੀ ਯਾਦ ਸ਼ਕਤੀ ਵਾਲੀ ਚਾਰ ਵਰ੍ਹਿਆਂ ਦੀ ਸਿੱਖ ਬੱਚੀ 'ਮੇਨਸਾ' ਕਲੱਬ 'ਚ ਸ਼ਾਮਲ

**ਲੰਡਨ:** ਚਾਰ ਸਾਲ ਦੀ ਦਯਾਲ ਕੌਰ ਬਰਤਾਨੀਆ 'ਚ ਸਭ ਤੋਂ ਛੋਟੀ ਉਮਰ ਦੀ ਬੱਚੀ ਬਣ ਗਈ ਹੈ ਜੋ ਆਪਣੀ ਬੁੱਧੀਮਾਨੀ ਕਾਰਨ ਵੱਕਾਰੀ ਮੇਨਸਾ ਕਲੱਬ 'ਚ ਸ਼ਾਮਲ ਹੋ ਗਈ ਹੈ। ਬਰਮਿੰਘਮ 'ਚ ਪਰਿਵਾਰ ਨਾਲ ਰਹਿੰਦੀ ਦਯਾਲ ਕੌਰ 'ਚ ਛੋਟੇ ਹੁੰਦਿਆਂ ਤੋਂ ਹੀ ਸਿੱਖਣ ਦੀ ਯੋਗਤਾ ਸੀ ਅਤੇ ਉਹ ਜਦੋਂ 14 ਮਹੀਨਿਆਂ ਦੀ ਸੀ ਤਾਂ ਉਸ ਨੇ ਪੂਰੀ ਏਬੀਸੀ ਸਿੱਖ ਲਈ ਸੀ। ਤਾਲਾਬੰਦੀ ਕਾਰਨ ਉਸ ਨੇ ਆਨਲਾਈਨ ਹੀ ਮੇਨਸਾ ਟੈਸਟ ਦਿੱਤਾ ਅਤੇ 145 ਆਈ.ਕਿਊ. ਅੰਕ ਹਾਸਲ ਕਰਕੇ ਉਹ ਬਰਤਾਨੀਆ ਦੀ ਆਬਾਦੀ ਦੇ ਮੂਹਰਲੇ ਇਕ ਫੀਸਦੀ 'ਚ ਸ਼ੁਮਾਰ ਹੋ ਗਈ ਜਿਨ੍ਹਾਂ ਦੀ ਯਾਦ ਸ਼ਕਤੀ ਅਨੋਖੀ ਹੈ। ਬ੍ਰਿਟਿਸ਼ ਮੇਨਸਾ ਦੇ ਮੁੱਖ ਕਾਰਜਕਾਰੀ ਜੌਹਨ ਸਟੀਵਨੇਜ ਨੇ ਦਯਾਲ ਦਾ ਕਲੱਬ 'ਚ ਸਵਾਗਤ ਕਰਦਿਆਂ ਕਿਹਾ ਕਿ ਉਹ ਕਰੀਬ 2 ਹਜਾਰ ਜੂਨੀਅਰ ਅਤੇ ਕਿਸ਼ੋਰ ਮੈਂਬਰਾਂ 'ਚ ਸ਼ਾਮਲ ਹੋ ਗਈ ਹੈ। ਦਯਾਲ ਦੇ ਪਿਤਾ ਸਰਬਜੀਤ ਸਿੰਘ ਨੂੰ ਆਪਣੀ ਧੀ ਦੀ ਇਸ ਕਮਾਲ ਦੀ ਯਾਦ ਸ਼ਕਤੀ ਨੂੰ ਸਾਬਤ ਕਰਨ ਲਈ ਕਈ ਪਾਪੜ ਵੇਲਣੇ ਪਏ।

## ਰਾਜ ਕਪੂਰ ਦੀ ਜੱਦੀ ਹਵੇਲੀ ਵੇਚਣ ਤੋਂ ਨਾਂਹ ਕੀਤੀ

**ਪਿਸ਼ਾਵਰ:** ਬੌਲੀਵੁੱਡ ਅਦਾਕਾਰ ਰਾਜ ਕਪੂਰ (ਮਰਹੂਮ) ਦੇ ਪਿਸ਼ਾਵਰ ਵਿਚਲੇ ਜੱਦੀ ਘਰ (ਹਵੇਲੀ) ਦੇ ਮਾਲਕਾਂ ਨੇ ਘਰ ਦੀ ਇਮਾਰਤ ਖੈਬਰ ਪਖਤੂਨਖਵਾ ਸਰਕਾਰ ਵੱਲੋਂ ਤੈਅ ਕੀਤੇ ਸਰਕਾਰੀ ਭਾਅ 'ਤੇ ਵੇਚਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਹਿਮ ਸਥਾਨ 'ਤੇ ਸਥਿਤ ਇਸ ਜਾਇਦਾਦ ਕੀਮਤ ਘੱਟ ਮਿਥੀ ਗਈ ਹੈ।



ਇਸ ਤੋਂ ਪਹਿਲਾਂ ਇਸੇ ਮਹੀਨੇ ਖੈਬਰ ਪਖਤੂਨਖਵਾ ਸਰਕਾਰ ਵੱਲੋਂ ਰਾਜ ਕਪੂਰ ਸਨਮਾਨ ਵਜੋਂ ਉਨ੍ਹਾਂ ਦੀ ਹਵੇਲੀ ਨੂੰ ਅਜਾਇਬ ਘਰ 'ਚ ਬਦਲਣ ਲਈ ਡੇਢ ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਹਾਜੀ ਅਲੀ ਸਾਬਿਰ, ਜੋ ਹਵੇਲੀ ਦਾ ਮੌਜੂਦਾ ਮਾਲਕ ਹੈ, ਨੇ ਇਕ ਨਿੱਜੀ ਚੈਨਲ ਨਾਲ ਗੱਲਬਾਤ ਦੌਰਾਨ ਉਕਤ ਜਾਇਦਾਦ 1.5 ਕਰੋੜ ਰੁਪਏ 'ਚ ਵੇਚਣ ਤੋਂ ਸਪੱਸ਼ਟ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ, 'ਇਥੋਂ ਤਕ ਕਿ ਇਸ ਇਲਾਕੇ 'ਚ ਅੱਧਾ ਮਰਲਾ ਥਾਂ ਵੀ 1.5 ਕਰੋੜ ਰੁਪਏ 'ਚ ਨਹੀਂ ਮਿਲਦਾ। ਅਸੀਂ ਛੇ ਮਰਲਿਆਂ ਦੀ ਜਾਇਦਾਦ 1.5 ਕਰੋੜ ਰੁਪਏ 'ਚ ਕਿਵੇਂ ਵੇਚ ਸਕਦੇ ਹਾਂ।' ਸਾਬਿਰ ਮੁਤਾਬਕ ਇਸ ਜਾਇਦਾਦ ਦੀ ਸਹੀ ਕੀਮਤ 200 ਕਰੋੜ ਰੁਪਏ ਬਣਦੀ ਹੈ। ਜਿਕਰਯੋਗ ਹੈ ਕਿ ਪਿਸ਼ਾਵਰ ਦੇ ਕਿੱਸਾ ਖਵਾਨੀ ਬਾਜਾਰ 'ਚ ਸਥਿਤ ਰਾਜ ਕਪੂਰ ਦੇ ਪੁਰਖਿਆਂ ਦੇ ਘਰ ਨੂੰ 'ਕਪੂਰ ਹਵੇਲੀ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਉਸਾਰੀ ਰਾਜ ਕਪੂਰ ਦੇ ਦਾਦਾ ਦੀਵਾਨ ਬਸ਼ੇਸਵਰਨਾਥ ਕਪੂਰ ਨੇ 1918 ਤੋਂ 1922 ਦਰਮਿਆਨ ਕਰਵਾਈ ਸੀ। ਰਾਜ ਕਪੂਰ ਅਤੇ ਉਸ ਦੇ ਚਾਚਾ ਤਿਰਲੋਕ ਕਪੂਰ ਦਾ ਜਨਮ ਉਥੇ ਹੀ ਹੋਇਆ ਸੀ। ਇਸ ਇਮਾਰਤ ਨੂੰ ਖੈਬਰ ਪਖਤੂਨਖਵਾ ਸਰਕਾਰ ਵੱਲੋਂ ਕੌਮੀ ਵਿਰਾਸਤ ਐਲਾਨਿਆ ਹੋਇਆ ਹੈ।

## ਚੀਨ ਨੇ 18,489 ਨਾਜਾਇਜ਼ ਵੈੱਬਸਾਈਟਾਂ ਬੰਦ ਕੀਤੀਆਂ

**ਪੇਈਚਿੰਗ:** ਚੀਨ ਨੇ ਸਾਲ 2020 ਵਿਚ 18,489 ਨਾਜਾਇਜ਼ 'ਵੈੱਬਸਾਈਟਾਂ' ਬੰਦ ਕਰ ਦਿੱਤੀਆਂ ਅਤੇ 4,551 ਆਨਲਾਈਨ ਪਲੇਟਫਾਰਮਾਂ ਨੂੰ ਨੋਟਿਸ ਜਾਰੀ ਕੀਤੇ ਗਏ। ਅਧਿਕਾਰਤ ਮੀਡੀਆ ਵੱਲੋਂ ਦੱਸਿਆ ਗਿਆ ਕਿ ਕੁਝ ਵੈੱਬਸਾਈਟਾਂ ਨੂੰ ਆਨਲਾਈਨ ਪਾਠਕ੍ਰਮ ਦੀ ਆੜ 'ਚ ਆਨਲਾਈਨ ਗੇਮਾਂ ਨੂੰ ਬੜ੍ਹਾਵਾ ਦੇਣ ਅਤੇ ਡੇਟਿੰਗ ਸਬੰਧੀ ਸੂਚਨਾ ਦੇਣ ਦੋਸ਼ ਹੇਠ ਜਦਕਿ ਕਈ ਹੋਰਨਾਂ ਨੂੰ ਅਸ਼ਲੀਲ ਅਤੇ ਹਿੰਸਕ ਸਮੱਗਰੀ ਵਰਗੀਆਂ ਨਾਜਾਇਜ਼ ਚੀਜਾਂ ਪ੍ਰਸਾਰਿਤ ਕਰਨ ਦੇ ਦੋਸ਼ ਬੰਦ ਕੀਤਾ ਗਿਆ। ਦੂਜੇ ਪਾਸੇ ਆਲੋਚਕਾਂ ਨੇ ਦੋਸ਼ ਲਾਇਆ ਕਿ ਸਰਕਾਰ ਵੱਲੋਂ ਇਹ ਕਦਮ ਆਲੋਚਨਾਤਮਕ ਸਮੱਗਰੀ ਦੀ ਵਜ੍ਹਾ ਕਰਕੇ ਚੁੱਕਿਆ ਗਿਆ, ਜਿਸ ਨੂੰ ਉਹ ਪਸੰਦ ਨਹੀਂ ਕਰਦੀ।

# ਕਿਸਾਨ ਅੰਦੋਲਨ ਦਾ ਰੁਖ ਅਤੇ ਸਰਕਾਰ ਦਾ ਰਵੱਈਆ

26 ਤੋਂ 28 ਜਨਵਰੀ ਦਰਮਿਆਨ ਦਿੱਲੀ ਵਿਚ ਜੋ ਕੁਝ ਹੋਇਆ, ਉਹ ਕਿਸਾਨ ਅੰਦੋਲਨ ਦੇ ਬੁਨਿਆਦੀ ਕਿਰਦਾਰ ਅਤੇ ਮੋਦੀ ਸਰਕਾਰ ਵਲੋਂ ਉਸ ਪ੍ਰਤੀ ਅਪਨਾਏ ਗਏ ਰਵੱਈਏ 'ਤੇ ਡੂੰਘੀ ਵਿਚਾਰ-ਚਰਚਾ ਦੀ ਮੰਗ ਕਰਦਾ ਹੈ। ਇਸ ਘਟਨਾਚੱਕਰ ਤੋਂ ਨਿਕਲ ਕੇ ਸਾਹਮਣੇ ਇਹ ਗੱਲ ਆਈ ਹੈ ਕਿ ਜੇਕਰ ਕਿਸੇ ਆਰਥਿਕ ਮੰਗਾਂ ਵਾਲੇ 'ਧਰਮ-ਨਿਰਪੱਖ' ਅਤੇ ਗੈਰ-ਧਾਰਮਿਕ ਅੰਦੋਲਨ ਦੇ ਪਿੱਛੇ ਧਰਮ ਅਤੇ ਭਾਈਚਾਰੇ ਦਾ ਸਮਰਥਨ ਹੋਵੇ ਅਤੇ ਸ਼ਕਤੀ ਹੋਵੇ ਤਾਂ ਉਸ ਨੂੰ ਸਰਬ-ਸ਼ਕਤੀਮਾਨ ਸਰਕਾਰ ਅਤੇ ਉਸ ਦੇ ਸਮਰਥਕ ਮੀਡੀਆ ਵਲੋਂ ਵੀ ਹਰਾਉਣਾ ਸੌਖਾ ਨਹੀਂ ਹੁੰਦਾ।

**ਅਭੈ ਕੁਮਾਰ ਦੂਬੇ**

ਅਜਿਹਾ ਅੰਦੋਲਨ ਵਿਰੋਧ ਦੀਆਂ ਉਨ੍ਹਾਂ ਹੱਦਾਂ ਦੇ ਮੁਕਾਬਲੇ ਜ਼ਿਆਦਾ ਟਿਕਾਊ ਹੁੰਦਾ ਹੈ, ਜੋ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਦਲਿਤਾਂ ਆਦਿ ਦੇ ਨਾਂ 'ਤੇ ਅਕਸਰ ਕੀਤਾ ਜਾਂਦਾ ਹੈ।

ਗਣਤੰਤਰ ਦਿਵਸ 'ਤੇ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਅੰਦੋਲਨਕਾਰੀਆਂ ਦੇ ਇਕ ਧੜੇ ਵਲੋਂ ਤੈਅਸ਼ੁਦਾ ਪ੍ਰੋਗਰਾਮ ਅਤੇ ਰਾਹ ਨੂੰ ਛੱਡਦਿਆਂ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਅੰਦੋਲਨਕਾਰੀਆਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ਸਰਕਾਰ ਨੂੰ ਲੱਗਾ ਕਿ ਇਸ ਵਾਰਦਾਤ ਦਾ ਲਾਭ ਉਠਾ ਕੇ ਉਹ ਕਿਸਾਨਾਂ ਨੂੰ ਦਿੱਲੀ ਦੀਆਂ ਸਰਹੱਦਾਂ ਤੋਂ ਹਟਾ ਸਕਦੀ ਹੈ। ਇਸ ਲਈ ਉਸ ਨੇ ਤਿੰਨ ਤਰ੍ਹਾਂ ਦੇ ਕਦਮ ਚੁੱਕੇ। ਸਭ ਤੋਂ ਪਹਿਲਾਂ ਤਾਂ ਰਾਤ ਵਿਚ ਸਰਹੱਦਾਂ 'ਤੇ ਕਿਸਾਨਾਂ ਦੇ ਇਕੱਠ ਨੂੰ ਮਿਲਣ ਵਾਲੀਆਂ ਸਹੂਲਤਾਂ (ਬਿਜਲੀ, ਪਾਣੀ, ਆਦਿ) ਬੰਦ ਕਰ ਦਿੱਤੀਆਂ ਗਈਆਂ। ਦੂਜਾ, ਸਵੇਰ ਹੁੰਦਿਆਂ ਹੀ ਇਨ੍ਹਾਂ ਸਰਹੱਦਾਂ 'ਤੇ ਸੁਰੱਖਿਆ ਬਲਾਂ ਦੀ ਗਿਣਤੀ ਕਈ ਗੁਣਾ ਵਧਾ ਦਿੱਤੀ ਗਈ ਅਤੇ ਪ੍ਰਸ਼ਾਸਨ ਨੇ ਧਰਨਾ ਦੇ ਰਹੇ ਕਿਸਾਨਾਂ ਨੂੰ ਅਲਟੀਮੇਟਮ ਦੇ ਦਿੱਤਾ ਕਿ ਉਹ ਸਰਹੱਦਾਂ ਨੂੰ ਖਾਲੀ ਕਰ ਦੇਣ, ਨਹੀਂ ਤਾਂ ਉਨ੍ਹਾਂ ਨੂੰ ਬਲ ਦੀ ਵਰਤੋਂ ਕਰਕੇ ਹਟਾ ਦਿੱਤਾ ਜਾਵੇਗਾ। ਤੀਜਾ, ਭਾਜਪਾ ਵਰਕਰਾਂ ਤੋਂ ਕਿਸਾਨਾਂ ਖਿਲਾਫ ਹਿੰਸਕ ਪ੍ਰਦਰਸ਼ਨ ਕਰਵਾਏ ਗਏ ਅਤੇ ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਕਿ ਲਾਲ ਕਿਲ੍ਹੇ 'ਤੇ ਹੋਏ ਤਿਰੰਗੇ ਦੇ ਕਥਿਤ ਅਪਮਾਨ ਨੂੰ ਲੋਕਾਂ ਵਲੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ। ਇਹ ਪ੍ਰਦਰਸ਼ਨਕਾਰੀ ਖੁੱਲ੍ਹ ਕੇ ਕਿਸਾਨਾਂ ਨੂੰ ਖਾਲਿਸਤਾਨੀ ਏਜੰਟ ਕਹਿ ਰਹੇ ਸਨ ਅਤੇ ਅੰਨ੍ਹਾ ਵੀ ਵੇਖ ਸਕਦਾ ਸੀ ਕਿ ਪੁਲਿਸ ਕਿਸ ਤਰ੍ਹਾਂ ਉਨ੍ਹਾਂ ਦੀ ਮਦਦ ਕਰ ਰਹੀ ਹੈ। ਇਹ ਵੀ ਕਿ ਲਾਲ ਕਿਲ੍ਹੇ ਵਾਲੀ ਘਟਨਾ ਵਿਚ ਜ਼ਖਮੀ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਵੀ ਪ੍ਰਦਰਸ਼ਨ ਵਿਚ ਉਤਾਰ ਦਿੱਤਾ ਗਿਆ। ਸਰਕਾਰ ਨੂੰ ਉਮੀਦ ਸੀ ਕਿ ਇਸ ਤਿੰਨਪਾਸੜ ਰਣਨੀਤੀ ਨਾਲ ਕਿਸਾਨਾਂ 'ਤੇ ਜ਼ਬਰਦਸਤ ਦਬਾਅ ਪਵੇਗਾ ਅਤੇ ਲਾਲ ਕਿਲ੍ਹੇ ਵਾਲੀ ਘਟਨਾ ਨਾਲ ਅੰਦੋਲਨ ਵਿਚ ਜੋ ਨਿਰਾਸ਼ਾ ਆਈ ਹੈ, ਉਸ ਦਾ ਲਾਭ ਮਿਲੇਗਾ।

ਪਰ 24 ਘੰਟਿਆਂ ਵਿਚ ਬਾਜ਼ੀ ਪਲਟ ਗਈ। ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾਉਣ ਤੋਂ ਸਰਕਾਰ ਨੂੰ ਲੱਗਣ ਲੱਗਾ ਸੀ ਕਿ ਸਾਰੇ ਪੱਤੇ ਉਸ ਦੇ ਹੱਥਾਂ ਵਿਚ ਆ ਗਏ ਹਨ। ਇਸ ਨਾਲ ਉਹ ਜੋਸ਼ ਵਿਚ ਆ ਗਈ ਅਤੇ ਗਰਮ ਲੋਹੇ 'ਤੇ ਜ਼ੋਰ ਨਾਲ ਸੱਟ ਮਾਰਨ ਦੇ ਚੱਕਰ ਵਿਚ ਉਸ ਨੇ ਖੁਦ ਆਪਣੇ ਆਪ ਨੂੰ ਜ਼ਖਮੀ ਕਰ ਲਿਆ। ਹੋਇਆ ਇਹ ਕਿ ਗਾਜ਼ੀਪੁਰ ਸਰਹੱਦ 'ਤੇ ਜਦੋਂ ਤੱਕ ਪੁਲਿਸ ਵਾਲੇ ਧਰਨਾ ਦੇਣ ਵਾਲੇ ਕਿਸਾਨਾਂ 'ਤੇ ਦਬਾਅ ਪਾ ਰਹੇ ਸਨ, ਉਦੋਂ ਤੱਕ ਤਾਂ ਪਲੜਾ ਸਰਕਾਰ ਦੇ ਪੱਖ ਵਿਚ ਝੁਕਿਆ ਹੋਇਆ ਸੀ। ਕਿਸਾਨ ਨੇਤਾ ਰਾਕੇਸ਼ ਟਿਕੈਤ ਅਤੇ ਉਨ੍ਹਾਂ ਦੇ ਸਾਥੀ ਪ੍ਰਸ਼ਾਸਨ ਨਾਲ ਗੱਲਬਾਤ ਦੌਰਾਨ ਆਪਣੀਆਂ ਗ੍ਰਿਫਤਾਰੀਆਂ ਦੇਣ ਲਈ ਤਿਆਰ ਹੋ ਗਏ ਸਨ। ਅਜਿਹਾ ਲੱਗ ਰਿਹਾ ਸੀ ਕਿ ਥੋੜ੍ਹੀ ਹੀ ਦੇਰ ਵਿਚ ਇਨ੍ਹਾਂ ਲੋਕਾਂ ਦੀ ਗ੍ਰਿਫਤਾਰੀ ਹੋ ਜਾਵੇਗੀ ਅਤੇ ਕੌਮੀ ਸ਼ਾਹਰਾਹ 24 ਖਾਲੀ ਕਰਵਾ ਲਿਆ ਜਾਵੇਗਾ ਪਰ ਉਦੋਂ ਹੀ ਸਰਹੱਦਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਚੁਣੇ ਗਏ ਭਾਜਪਾ ਦੇ ਦੋ ਵਿਧਾਇਕਾਂ ਨੇ ਆਪਣੇ ਹਥਿਆਰਬੰਦ ਸਮਰਥਕਾਂ ਨਾਲ ਆ ਕੇ ਸਥਿਤੀ ਵਿਚ ਦਖਲਅੰਦਾਜ਼ੀ ਕੀਤੀ। ਇਹ ਲੋਕ ਸਰਕਾਰੀ ਪਾਰਟੀ ਦੇ ਸਨ ਪਰ ਸਰਕਾਰ ਅਤੇ ਪ੍ਰਸ਼ਾਸਨ ਦੇ ਨੁਮਾਇੰਦੇ ਨਹੀਂ ਸਨ। ਗੱਲ ਵਿਗੜ ਗਈ। ਟਿਕੈਤ ਨੇ ਮੰਚ 'ਤੇ ਆ ਕੇ ਹਟਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਲੱਗਾ ਕਿ ਜੇਕਰ ਉਹ ਗ੍ਰਿਫਤਾਰੀ ਦੇ ਕੇ ਮੌਕੇ ਤੋਂ ਚਲੇ ਗਏ ਤਾਂ ਭਾਜਪਾ ਦੇ ਹਥਿਆਰਬੰਦ ਲੋਕ ਉਥੇ ਹਾਜ਼ਰ ਬਾਕੀ ਕਿਸਾਨਾਂ ਨਾਲ ਰੱਜ ਕੇ ਕੁੱਟਮਾਰ ਕਰਨਗੇ। ਇਸ ਤੋਂ ਬਾਅਦ ਜੋ ਹੋਇਆ, ਉਹ ਇਤਿਹਾਸ ਬਣ ਗਿਆ। ਭਾਵੁਕ ਹੋਏ ਟਿਕੈਤ ਦੇ ਹੰਝੂਆਂ ਨੇ ਉਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਜਾਟ ਅਤੇ ਕਿਸਾਨ ਭਾਈਚਾਰੇ ਦੀਆਂ ਖਾਪ ਪੰਚਾਇਤਾਂ ਨੂੰ ਉਤੇਜਿਤ ਕਰ ਦਿੱਤਾ। ਵਿਸ਼ਾਲ ਮਹਾਂਪੰਚਾਇਤਾਂ ਦਾ ਦੌਰ ਚੱਲਿਆ। ਜੋ ਕਿਸਾਨ ਚਲੇ ਗਏ ਸਨ, ਉਹ ਤਾਂ ਵਾਪਸ ਅੰਦੋਲਨ ਵੱਲ ਪਰਤ ਹੀ ਆਏ ਸਗੋਂ ਹੋਰ ਕਿਸਾਨਾਂ ਨੇ ਵੀ ਅੰਦੋਲਨ ਵਾਲੀਆਂ ਥਾਵਾਂ 'ਤੇ ਆਪਣੀ ਮੌਜੂਦਗੀ ਨਾਲ ਕਿਸਾਨ ਅੰਦੋਲਨ ਵਿਚ ਨਵੀਂ ਊਰਜਾ ਭਰ ਦਿੱਤੀ। ਇਸ ਸਮੇਂ ਹਾਲਤ ਇਹ ਹੈ ਕਿ ਸਰਕਾਰ



ਦੇ ਹੱਥਾਂ ਵਿਚ ਇਕ ਵੀ ਪੱਤਾ ਨਹੀਂ ਹੈ। ਉਸ ਦੇ ਰਣਨੀਤੀਕਾਰ ਨਹੀਂ ਕਹਿ ਸਕਦੇ ਕਿ ਹੁਣ ਇਹ ਅੰਦੋਲਨ ਕਿੰਨਾ ਸਮਾਂ ਹੋਰ ਚੱਲੇਗਾ? ਜੋ ਸਰਕਾਰ ਅਜੇ ਤੱਕ ਕਿਸਾਨਾਂ ਨਾਲ ਸਿੱਧੇ ਮੂੰਹ ਗੱਲਬਾਤ ਹੀ ਨਹੀਂ ਕਰ ਰਹੀ ਸੀ, ਉਸ ਨੂੰ ਮਜਬੂਰਨ ਸਰਬ ਪਾਰਟੀ ਮੀਟਿੰਗ ਸੱਦ ਕੇ ਸਮਝੌਤੇ ਦੀ ਪ੍ਰਕਿਰਿਆ ਨੂੰ ਹੋਰ ਵਿਸਤ੍ਰਿਤ ਬਣਾਉਣਾ ਪਿਆ।

80 ਦੇ ਦਹਾਕੇ ਵਿਚ ਰਾਕੇਸ਼ ਟਿਕੈਤ ਦੇ ਪਿਤਾ ਮਹਿੰਦਰ ਸਿੰਘ ਟਿਕੈਤ (ਜਿਨ੍ਹਾਂ ਨੂੰ ਮਹਾਤਮਾ ਟਿਕੈਤ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਸੀ) ਪੱਛਮੀ ਉਤਰ ਪ੍ਰਦੇਸ਼ ਦੇ ਜ਼ਬਰਦਸਤ ਕਿਸਾਨ ਨੇਤਾ ਬਣ ਕੇ ਉਭਰੇ ਸਨ। ਉਨ੍ਹਾਂ ਨੇ ਉਤਰ ਪ੍ਰਦੇਸ਼ ਦੀ ਤਤਕਾਲੀ ਵੀਰ ਬਹਾਦਰ ਸਿੰਘ ਸਰਕਾਰ ਨੂੰ ਆਪਣੇ ਸਾਹਮਣੇ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਸੀ। ਇਸੇ ਤਰ੍ਹਾਂ ਦਿੱਲੀ ਵਿਚ ਰਾਜੀਵ ਗਾਂਧੀ ਦੀ ਸਰਕਾਰ ਨੂੰ ਵੀ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਪਈਆਂ ਸਨ। ਟਿਕੈਤ ਦੇ ਕਿਸਾਨ ਅੰਦੋਲਨਕਾਰੀ ਜਿੱਥੇ ਬੈਠ ਜਾਂਦੇ ਸਨ, ਉਥੋਂ ਉਦੋਂ ਤੱਕ ਨਹੀਂ ਉਠਦੇ ਸਨ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਸਨ। ਮੈਨੂੰ ਯਾਦ ਹੈ ਕਿ ਉਸ ਸਮੇਂ 'ਜਨਸੱਤਾ' ਅਖਬਾਰ ਵਿਚ ਇਕ ਸੁਰਖੀ ਛਪੀ, 'ਟਿਕੇ ਰਹਿਣਗੇ ਟਿਕੈਤ'। ਇਹ ਸੁਰਖੀ ਹਿੰਦੀ ਦੇ ਅਲੰਕਾਰ 'ਤੇ ਹੀ ਆਧਾਰਿਤ ਨਹੀਂ ਸੀ ਸਗੋਂ ਇਸ ਵਿਚ ਭਾਈਚਾਰਕ ਸ਼ਕਤੀ ਨਾਲ ਗ੍ਰਸਤ ਇਕ ਭਾਈਚਾਰੇ ਦੀ ਲੋਕਤੰਤਰੀ ਦ੍ਰਿੜ੍ਹਤਾ ਦਾ ਪ੍ਰਗਟਾਵਾ ਵੀ ਸੀ।

ਹੁਣ ਆਧੁਨਿਕ ਰਾਜਨੀਤੀ ਦੀ ਅਹਿਲਕਾਰੀ ਕਰਨ ਵਾਲੇ ਸਮੀਖਿਅਕਾਂ ਦੀਆਂ ਅੱਖਾਂ ਸਾਹਮਣੇ ਸਪਸ਼ਟ ਹੋ ਗਿਆ ਹੈ ਕਿ ਪਰੰਪਰਾ, ਭਾਈਚਾਰੇ ਅਤੇ ਧਰਮ ਤੋਂ ਨਿਕਲਣ ਵਾਲੀਆਂ ਤਾਕਤਾਂ ਨੂੰ ਗੈਰ-ਧਾਰਮਿਕ ਅਤੇ ਗੈਰ-ਭਾਈਚਾਰਕ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਇਸ ਅੰਦੋਲਨ ਤੋਂ ਪਹਿਲਾਂ ਹੁੰਦਾ ਇਹ ਸੀ ਕਿ ਭਾਈਚਾਰੇ ਆਪਣੇ ਹਿਤਾਂ ਲਈ ਹੋਣ ਵਾਲੇ ਅੰਦੋਲਨਾਂ ਲਈ ਸਰਗਰਮ ਹੁੰਦੇ ਸਨ। ਇਸ ਦੀ ਉਦਾਹਰਨ ਗੁੱਜਰਾਂ ਵਲੋਂ ਅਕਸਰ ਕੀਤਾ ਜਾਣ ਵਾਲਾ ਅੰਦੋਲਨ ਹੈ, ਜਿਸ ਵਿਚ ਉਹ ਆਪਣੇ ਭਾਈਚਾਰੇ ਨੂੰ ਓ.ਬੀ.ਸੀ. ਸ਼੍ਰੇਣੀ ਤੋਂ ਹਟਾ ਕੇ ਆਦਿਵਾਸੀ ਰਾਖਵਾਂਕਰਨ ਦੀ ਸ਼੍ਰੇਣੀ ਵਿਚ ਪਾਉਣ ਦੀ ਮੰਗ ਕਰਦੇ ਦਿਖਾਈ ਦਿੰਦੇ ਹਨ। ਇਸੇ ਤਰ੍ਹਾਂ ਮਹਾਂਰਾਸ਼ਟਰ ਦੀਆਂ ਸੜਕਾਂ 'ਤੇ ਮਰਾਠਿਆਂ ਵਲੋਂ ਕੱਢੇ ਗਏ ਵਿਸ਼ਾਲ ਮੌਨ ਜਲੂਸਾਂ ਨੂੰ ਵੀ ਵੇਖਿਆ ਜਾ ਸਕਦਾ ਹੈ, ਜਿਸ ਵਿਚ ਉਹ ਆਪਣੇ ਲਈ ਰਾਖਵਾਂਕਰਨ ਦੀ ਮੰਗ ਕਰਦੇ ਹਨ। ਇਸ ਰਵੱਈਏ ਤੋਂ ਹਟਦਿਆਂ ਇਹ ਕਿਸਾਨ ਅੰਦੋਲਨ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਿਹਾ ਹੈ, ਜਿਸ ਦੇ ਦਾਇਰੇ ਵਿਚ ਮਹਾਰਾਸ਼ਟਰ, ਗੁਜਰਾਤ, ਕਰਨਾਟਕ, ਉਤਰਾਖੰਡ ਅਤੇ ਮੱਧ ਪ੍ਰਦੇਸ਼ ਦੇ ਕਿਸਾਨ ਵੀ ਆਉਂਦੇ ਹਨ। ਜੇਕਰ ਸਰਕਾਰ ਨੇ ਇਸ ਵਿਰੋਧ ਨੂੰ ਛੇਤੀ ਨਾ ਸਮਝਿਆ ਤਾਂ ਹੋ ਸਕਦਾ ਹੈ ਕਿ ਫਰਵਰੀ ਵਿਚ ਸਿਆਲ ਘੱਟ ਹੁੰਦਿਆਂ ਹੀ ਇਨ੍ਹਾਂ ਦੂਰ ਦੁਰਾਡੇ ਦੇ ਇਲਾਕਿਆਂ ਤੋਂ ਵੀ ਕਿਸਾਨ ਦਿੱਲੀ ਦੀਆਂ ਸਰਹੱਦਾਂ ਵੱਲ ਕੂਚ ਕਰਨ।

ਜੇਕਰ ਰਾਜਧਾਨੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਦੇ ਵਿਸ਼ਾਲ ਕਿਰਦਾਰ ਨੂੰ ਵੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੇ ਪਿੱਛੇ ਖਾਪ ਪੰਚਾਇਤਾਂ ਅਤੇ ਸਿੱਖ ਗੁਰਦੁਆਰਿਆਂ ਦੀ ਉਹ ਸੰਗਠਨ ਸ਼ਕਤੀ ਹੈ, ਜਿਸ ਲਈ ਇਹ ਭਾਈਚਾਰਾ ਅਤੇ ਧਰਮ ਪਰੰਪਰਾਗਤ ਰੂਪ ਨਾਲ ਜਾਣਿਆ ਜਾਂਦਾ ਹੈ। ਜੇਕਰ ਸਰਕਾਰ ਪਾਣੀ ਬੰਦ ਕਰ ਦੇਵੇਗੀ ਤਾਂ ਮੇਰੇ ਪਿੰਡ ਤੋਂ ਪਾਣੀ ਆ ਜਾਵੇਗਾ, ਇਹ ਦਾਅਵਾ ਕੋਈ ਉਦੋਂ ਹੀ ਕਰ ਸਕਦਾ ਹੈ ਜਦੋਂ ਉਸ ਨੂੰ ਪਤਾ ਹੋਵੇ ਕਿ ਉਸ ਦੇ ਪਿੱਛੇ ਕੌਣ ਖੜ੍ਹਾ ਹੈ। ਇਸੇ ਤਰ੍ਹਾਂ 9 ਵਾਰ ਕਿਸਾਨ ਭਵਨ ਜਾ ਕੇ ਸਰਕਾਰ ਨਾਲ ਗੱਲ ਕਰਨਾ ਅਤੇ ਇਕ ਵਾਰ ਵੀ ਸਰਕਾਰ ਦੀ ਚਾਹ ਅਤੇ ਭੋਜਨ ਨੂੰ ਸਵੀਕਾਰ ਨਾ ਕਰਨਾ, ਹਰ ਵਾਰ ਗੁਰਦੁਆਰੇ ਦੇ ਲੰਗਰ ਨਾਲ ਕਿਸਾਨ ਨੇਤਾਵਾਂ ਲਈ ਭੋਜਨ ਆਉਣਾ, ਇਹ ਵੀ ਅਜਿਹਾ ਹੀ ਪ੍ਰਤੀਕ ਹੈ।

ਇਹ ਘਟਨਾਚੱਕਰ ਸਾਨੂੰ ਮਹਾਤਮਾ ਗਾਂਧੀ ਦੀ ਵੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਉਪਨਿਵੇਸ਼ਵਾਦ ਵਿਰੋਧੀ ਆਪਣੇ ਅੰਦੋਲਨ ਵਿਚ ਲੋਕਾਂ ਨੂੰ ਇਕੱਠਾ ਕਰਨ ਲਈ ਆਪਣੇ ਵਿਅਕਤੀਤਵ ਦੇ ਧਾਰਮਿਕ ਨੁਕਤਿਆਂ ਦੀ ਵਰਤੋਂ ਕਰਨ ਵਿਚ ਕਦੀ ਸੰਕੋਚ ਨਹੀਂ ਕੀਤਾ ਸੀ। ਗਾਂਧੀ ਦੇ ਅੰਦੋਲਨਾਂ ਦੀ ਸਫਲਤਾ ਦੇ ਪਿੱਛੇ ਧਰਮ ਅਤੇ ਪਰੰਪਰਾ ਦੀ ਸ਼ਕਤੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਸਮੀਖਿਅਕਾਂ ਨੂੰ ਚਾਹੀਦਾ ਹੈ ਕਿ ਉਹ ਦਿੱਲੀ ਦੀਆਂ ਸਰਹੱਦਾਂ 'ਤੇ ਵਾਪਰ ਰਹੇ ਇਤਿਹਾਸ ਨੂੰ ਧਿਆਨ ਨਾਲ ਵੇਖਣ ਅਤੇ ਫਿਰ ਅੰਦਾਜ਼ਾ ਲਗਾਉਣ ਕਿ ਇਸ ਘਟਨਾਚੱਕਰ ਦਾ ਨੇੜ ਭਵਿੱਖ ਵਿਚ ਚੋਣ ਰਾਜਨੀਤੀ 'ਤੇ ਕੀ ਅਸਰ ਪਵੇਗਾ।

# ਸਾਈਬਰ ਪਾਲਿਸੀ ਅਤੇ ਆਮ ਲੋਕ

ਵ੍ਹੱਟਸਐਪ ਵਲੋਂ ਹਾਲ ਹੀ ਵਿਚ ਨਿੱਜੀ ਜਾਣਕਾਰੀ ਦੀ ਸੁਰੱਖਿਆ ਬਾਰੇ ਆਪਣੀ ਨੀਤੀ (ਸਾਈਬਰ ਪਾਲਿਸੀ) ਵਿਚ ਆਪਣੇ ਤੌਰ ਉਤੇ ਬਦਲਾਓ ਦੀ ਪੇਸ਼ਕਦਮੀ ਕਰ ਕੇ ਉਪਜੇ ਵਿਵਾਦ ਨੇ ਭਾਰਤੀ ਅਵਾਮ ਨੂੰ ਨੀਂਦ ਤੋਂ ਜਗਾਉਣ ਦਾ ਕੰਮ ਕੀਤਾ ਹੈ।

ਇਹ ਨੀਤੀ ਭਾਵੇਂ ਫਿਲਹਾਲ ਟਲ ਗਈ ਹੈ ਪਰ ਵ੍ਹੱਟਸਐਪ ਨਿੱਜੀ ਜਾਣਕਾਰੀ ਦੀ ਸੁਰੱਖਿਆ ਬਾਰੇ ਆਪਣੀ ਨੀਤੀ ਨੂੰ ਲਾਗੂ ਕਰਨ, ਇਕਤਰਫਾ ਤੌਰ ਤੇ ਇਸ ਨੂੰ ਸੋਧਣ ਲਈ ਦ੍ਰਿੜ੍ਹ ਹੈ ਜਿਸ ਦਾ ਮਤਲਬ ਲੋਕਾਂ ਦਾ ਸੰਵੇਦਨਸ਼ੀਲ ਨਿੱਜੀ ਡੇਟਾ ਨਾ ਕੇਵਲ ਫੇਸਬੁੱਕ ਅਤੇ ਫੇਸਬੁੱਕ ਕੰਪਨੀ ਸਮੂਹ ਨਾਲ ਸਾਂਝਾ ਕਰਨਾ ਹੀ ਨਹੀਂ ਹੋਵੇਗਾ ਸਗੋਂ ਇਹ ਡੇਟਾ ਵੱਖੋ ਵੱਖਰੀਆਂ ਸਹਾਇਕ ਕਾਰੋਬਾਰੀ

**ਪਵਨ ਦੁੱਗਲ**

ਇਕਾਈਆਂ, ਤੀਜੀਆਂ ਧਿਰਾਂ ਅਤੇ ਸੇਵਾਕਾਰ ਕੰਪਨੀਆਂ ਨਾਲ ਵੀ ਸਾਂਝਾ ਕੀਤਾ ਜਾ ਸਕੇਗਾ। ਇਹ ਪ੍ਰਸਤਾਵਿਤ ਨੀਤੀ ਇਸ ਵੇਲੇ ਅਮਲ ਵਿਚ ਆ ਰਹੇ ਕਾਨੂੰਨ ਦੀ ਖਿਲਾਫਵਰਜ਼ੀ ਕਰਦੀ ਜਾਪਦੀ ਹੈ। ਬਹਰਹਾਲ, ਇਸ ਘਟਨਾ ਨੇ ਇਕ ਵਾਰ ਫਿਰ ਭਾਰਤੀ ਜਨਮਾਨਸ ਨੂੰ ਆਪਣੇ ਸਾਇਬਰ ਡੇਟਾ ਦੀ ਪ੍ਰਾਈਵੇਸੀ ਦੀ ਸਾਂਭ ਸੰਭਾਲ ਕਰਨ ਦੀ ਲੋੜ ਉਜਾਗਰ ਕੀਤੀ ਹੈ।

ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅੱਜ ਦੇ ਯੁੱਗ ਵਿਚ ਡੇਟਾ ਤੇਲ ਜਿੰਨਾ ਹੀ ਬੇਸ਼ਕੀਮਤੀ ਬਣ ਗਿਆ ਹੈ। ਡੇਟਾ ਅਜਿਹੀ ਬੁਨਿਆਦ ਬਣ ਗਿਆ ਹੈ ਜਿਸ ਦੇ ਆਧਾਰ ਤੇ ਨਵਾਂ ਅਰਥਚਾਰਾ ਉਸਾਰਿਆ ਜਾਣਾ ਹੈ। ਲਿਹਾਜ਼ਾ, ਇਸ ਨਾਲ ਜੁੜੀ ਹਰ ਇਕ ਧਿਰ ਵਰਤੋਂਕਾਰਾਂ ਦੇ ਡੇਟਾ ਤੱਕ ਰਸਾਈ ਦੀ ਖਾਹਸ਼ਮੰਦ ਹੈ ਤਾਂ ਕਿ ਇਸ ਨੂੰ ਵਿੱਤੀ ਵਸਤ ਦਾ ਰੂਪ ਦਿੱਤਾ ਜਾ ਸਕੇ। ਇਸ ਪ੍ਰਸੰਗ ਤੋਂ ਭਾਰਤੀ ਮਾਰਕਿਟ ਵਧੇਰੇ ਜ਼ਰਖੇਜ਼ ਨਜ਼ਰ ਆਉਂਦੀ ਹੈ। ਅੱਜ ਭਾਰਤ ਦੀ ਆਬਾਦੀ ਵਧ ਰਹੀ ਹੈ ਜਿਸ ਕਰ ਕੇ ਇਸ ਦੇ ਡਿਜੀਟਲ ਵਰਤੋਂਕਾਰਾਂ ਦੀ ਸੰਖਿਆ ਵੀ ਛੜੱਪੇ ਮਾਰ ਕੇ ਵਧ ਰਹੀ ਹੈ। 2020 ਵਿਚ ਭਾਰਤ ਭਰ ਵਿਚ ਕਰੀਬ 70 ਕਰੋੜ ਇੰਟਰਨੈੱਟ ਵਰਤੋਂਕਾਰ ਮੌਜੂਦ ਸਨ। 2025 ਤੱਕ ਇਹ ਸੰਖਿਆ ਵਧ ਕੇ 97 ਕਰੋੜ 40 ਲੱਖ ਹੋ ਜਾਣ ਦਾ ਅਨੁਮਾਨ ਹੈ। ਦਰਅਸਲ, ਭਾਰਤ ਨੂੰ 2019 ਵਿਚ ਦੁਨੀਆ ਭਰ ਵਿਚ ਚੀਨ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਆਨਲਾਈਨ ਮਾਰਕਿਟ ਗਿਣਿਆ ਗਿਆ ਸੀ। ਸਾਰੇ ਡਿਜੀਟਲ ਵਰਤੋਂਕਾਰਾਂ ਨੂੰ ਇੰਟਰਨੈੱਟ ਨੇ ਬਦਲ ਕੇ ਆਲਮੀ ਲੇਖਕ, ਆਲਮੀ ਡੇਟਾ ਬ੍ਰਾਡਕਾਸਟਰ ਬਣਾ ਦਿੱਤਾ ਹੈ। ਲਿਹਾਜ਼ਾ, ਸਾਇਬਰ ਸਪੇਸ ਵਿਚ ਜਿਸ ਕਦਰ ਭਾਰਤੀਆਂ ਵਲੋਂ ਅਥਾਹ ਡੇਟਾ ਪੈਦਾ ਕੀਤਾ ਜਾ ਰਿਹਾ ਹੈ, ਉਸ ਤੋਂ ਭਾਰਤੀ ਡੇਟਾ ਯਕਦਮ ਆਲਮੀ ਪੱਧਰ ਦੀਆਂ ਡਿਜੀਟਲ ਧਿਰਾਂ ਦੀ ਨਜ਼ਰ ਵਿਚ ਆ ਗਿਆ ਹੈ। ਉਂਜ, ਫਿਲਹਾਲ ਭਾਰਤ ਵਿਚ ਸਾਇਬਰ ਡੇਟਾ ਪ੍ਰਾਈਵੇਸੀ ਦੀ ਸੁਰੱਖਿਆ ਦੇ ਮੁਤੱਲਕ ਖਲਾਅ ਬਣਿਆ ਹੋਇਆ ਹੈ।

ਭਾਰਤ ਵਿਚ ਖਾਸ ਤੌਰ ਤੇ ਪ੍ਰਾਈਵੇਸੀ ਲਈ ਕਾਨੂੰਨ ਨਹੀਂ ਹੈ। ਇਸ ਤੱਥ ਦੇ ਬਾਵਜੂਦ ਇਹ ਹਾਲਤ ਚੱਲ ਰਹੀ ਹੈ ਕਿ ਜਸਟਿਸ ਪੁੱਟਾਸਵਾਮੀ ਬਨਾਮ ਭਾਰਤ ਸਰਕਾਰ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਪਹਿਲਾਂ ਹੀ ਪ੍ਰਾਈਵੇਸੀ ਦੇ ਅਧਿਕਾਰ ਨੂੰ ਸੰਵਿਧਾਨ ਦੀ ਧਾਰਾ 21 ਤਹਿਤ ਬੁਨਿਆਦੀ ਅਧਿਕਾਰ ਵਜੋਂ ਪ੍ਰਵਾਨ ਕਰ ਲਿਆ ਹੈ ਪਰ ਪ੍ਰਾਈਵੇਸੀ ਦੀ ਰਾਖੀ ਲਈ ਕਿਸੇ ਸਿੱਧੇ ਕਾਨੂੰਨੀ ਉਪਬੰਧ ਦੀ ਅਣਹੋਂਦ ਵਿਚ ਇਸ ਮੰਤਵ ਲਈ ਹੋਰ ਕਾਨੂੰਨੀ ਵਿਵਸਥਾਵਾਂ ਤਲਾਸ਼ ਕਰਨੀਆਂ ਪੈਣਗੀਆਂ। ਭਾਰਤ ਕੋਲ ਇਲੈਕਟ੍ਰਾਨਿਕ ਰੂਪਾਂ ਦੀ ਖਾਤਰ ਮਾਤਰੀ ਕਾਨੂੰਨ (ਮਦਰ ਐਕਟ) ਦੇ ਤੌਰ ਤੇ ਸੂਚਨਾ ਤਕਨਾਲੋਜੀ ਐਕਟ-2000 ਮੌਜੂਦ ਹੈ। ਇਸ ਕਾਨੂੰਨ ਵਿਚ ਹਾਲਾਂਕਿ ਪ੍ਰਾਈਵੇਸੀ ਦੀ ਖਿਲਾਫਵਰਜ਼ੀ ਮੁਤੱਲਕ ਕੁਝ ਮੱਦਾਂ ਦਰਜ ਹਨ ਪਰ ਇਹ ਕੋਈ ਪ੍ਰਾਈਵੇਸੀ ਕੇਂਦਰਤ ਕਾਨੂੰਨ ਨਹੀਂ ਹੈ। ਮਿਸਾਲ ਦੇ ਤੌਰ ਤੇ ਇਸ ਦੀ ਧਾਰਾ 66ਈ ਜਿਸ ਤਹਿਤ ਜੇ ਕੋਈ ਜਾਣੇ ਅਣਜਾਣੇ ਕਿਸੇ ਵਿਅਕਤੀ ਜਾਂ ਨਿੱਜੀ ਖੇਤਰ ਦੀ ਉਸ ਦੀ ਮਰਜ਼ੀ ਤੋਂ ਬਗ਼ੈਰ ਤਸਵੀਰ ਖਿੱਚ ਕੇ ਕਿਸੇ ਨੂੰ ਭੇਜਦਾ ਹੈ ਤਾਂ ਇਹ ਉਸ ਵਿਅਕਤੀ ਦੀ ਪ੍ਰਾਈਵੇਸੀ ਦੀ ਉਲੰਘਣਾ ਗਿਣੀ ਜਾਂਦੀ ਹੈ। ਇਸ ਅਪਰਾਧ ਬਦਲੇ ਤਿੰਨ ਸਾਲ ਤੱਕ ਦੀ ਕੈਦ ਜਾਂ ਦੋ ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।

ਉਂਜ, ਇਹ ਕਾਨੂੰਨ ਖਾਸ ਤੌਰ ਤੇ ਡੇਟਾ ਪ੍ਰਾਈਵੇਸੀ ਦੇ ਮੁੱਦੇ ਨਾਲ ਨਹੀਂ ਨਜਿੱਠਦਾ। ਭਾਰਤ ਸਰਕਾਰ ਨੇ ਨਿੱਜੀ ਡੇਟਾ ਸੁਰੱਖਿਆ ਬਿੱਲ-2019 ਸੰਸਦ ਵਿਚ ਪੇਸ਼ ਕੀਤਾ ਸੀ ਜੋ ਸਾਂਝੀ ਸੰਸਦੀ ਕਮੇਟੀ ਕੋਲ ਭੇਜਿਆ ਗਿਆ ਸੀ। ਸੁਣਨ ਵਿਚ ਆਇਆ ਹੈ ਕਿ ਇਸ ਤੇ ਅਜੇ ਤੱਕ ਸੋਚ ਵਿਚਾਰ ਚੱਲ ਰਹੀ ਹੈ। ਬਹੁਤ ਸਾਰੀਆਂ ਡਿਜੀਟਲ ਧਿਰਾਂ ਨੇ ਜਲਦੀ ਹੀ ਮਹਿਸੂਸ ਕਰ ਲਿਆ ਸੀ ਕਿ ਭਾਰਤ ਤਬਦੀਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ ਜਿੱਥੇ ਸਾਇਬਰ ਡੇਟਾ ਪ੍ਰਾਈਵੇਸੀ ਸੁਰੱਖਿਆ ਬਾਰੇ ਖਲਾਅ ਬਣਿਆ ਹੋਇਆ ਹੈ। ਸਿੱਟੇ ਵਜੋਂ ਸਾਰੀਆਂ ਧਿਰਾਂ ਇਸ ਨੀਤੀਗਤ ਖਲਾਅ ਦਾ ਲਾਹਾ ਲੈਣਾ ਚਾਹੁੰਦੀਆਂ ਹਨ ਅਤੇ ਭਾਰਤੀ ਨਾਗਰਿਕਾਂ ਦੇ ਡੇਟਾ ਤੱਕ ਰਸਾਈ ਦੀਆਂ ਵੱਖ ਵੱਖ ਕੋਸ਼ਿਸ਼ਾਂ ਹੋ ਰਹੀਆਂ ਹਨ ਤਾਂ ਕਿ ਇਸ ਦਾ ਵਿੱਤੀ ਮੁੱਲ ਵੱਟਿਆ ਜਾ ਸਕੇ। ਵ੍ਹੱਟਸਐਪ ਵਲੋਂ ਆਪਣੀ ਪ੍ਰਾਈਵੇਸੀ ਨੀਤੀ ਵਿਚ ਬਦਲਾਓ ਦੀ ਪੇਸ਼ਕਦਮੀ ਵੀ ਇਸੇ ਦਿਸ਼ਾ ਵੱਲ ਪੇਸ਼ਕਦਮੀ ਦਾ ਸੰਕੇਤ ਹੈ।

ਸਾਫ ਜ਼ਾਹਿਰ ਹੈ ਕਿ ਭਾਰਤੀ ਸਾਇਬਰ ਕਾਨੂੰਨ ਮੌਜੂਦਾ ਸਮਿਆਂ ਦੀ ਲੋੜ ਪੂਰੀ ਕਰਨ ਦੇ ਸਮੱਰਥ ਨਹੀਂ ਹੈ ਅਤੇ 2008 ਤੋਂ ਬਾਅਦ ਇਸ ਵਿਚ ਕੋਈ ਸੋਧ ਹੀ ਨਹੀਂ ਕੀਤੀ ਗਈ ਜਿਸ ਕਰ ਕੇ ਇਹ ਵੇਲਾ ਵਿਹਾਅ ਚੁੱਕਿਆ ਹੈ। ਵ੍ਹੱਟਸਐਪ ਜਿਹੇ ਸੇਵਾਵਾਂ ਦੇਣ ਵਾਲੇ ਵਿਚੋਲਿਆਂ ਦੀ ਹਾਲੀਆ ਪੇਸ਼ਕਦਮੀ ਨੇ ਇਹ ਦਰਸਾਇਆ ਹੈ ਕਿ ਸੂਚਨਾ ਤਕਨਾਲੋਜੀ ਐਕਟ ਵਿਚ ਫੌਰੀ ਸੋਧ ਕਰਨ ਦੀ ਲੋੜ ਹੈ।

ਇਸ ਤੋਂ ਵੀ ਅਗਾਂਹ ਵਿਚੋਲਿਆਂ ਦੀ ਜਵਾਬਦੇਹੀ ਬਾਰੇ ਭਾਰਤੀ ਕਾਨੂੰਨ ਨੂੰ ਵੀ ਵਧੇਰੇ ਸਖਤ ਬਣਾਉਣ ਦੀ ਲੋੜ ਹੈ। ਵਿਚੋਲਿਆਂ ਦੀ ਦੇਣਦਾਰੀ ਬਾਰੇ ਕਾਨੂੰਨੀ ਪਹੁੰਚ ਅਪਣਾਏ ਜਾਣ ਦੀ ਲੋੜ ਹੈ। ਇਸ ਮਾਮਲੇ ਵਿਚ ਭਾਰਤ ਅਮਰੀਕਾ ਤੋਂ ਸਬਕ ਲੈ ਸਕਦਾ ਹੈ ਜਿਸ ਨੇ ਸੰਚਾਰ ਕਾਨੂੰਨ ਦੀ ਧਾਰਾ 230 ਦੀ ਸਮੀਖਿਆ ਲੈਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੂੰ ਬੇਈਮਾਨ ਸੇਵਾਕਾਰ ਕੰਪਨੀਆਂ ਦੇ ਹੱਥੋਂ ਵਰਤੋਂਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨੀ ਅਮਲ ਨੂੰ ਪੁਖਤਾ ਬਣਾਉਣ ਦੀ ਲੋੜ ਹੈ ਤੇ ਉਸ ਸੂਰਤ ਵਿਚ ਵਿਚੋਲੇ ਵੀ ਕਾਨੂੰਨੀ ਚੌਖਟੇ ਨੂੰ ਵਿਅਰਥ ਨਹੀਂ ਸਮਝਣਗੇ।

ਭਾਰਤ ਨੂੰ ਆਪਣੇ ਵਰਤੋਂਕਾਰਾਂ ਦੇ ਹਿੱਤਾਂ ਦੀ ਰਾਖੀ ਵਾਸਤੇ ਮਜ਼ਬੂਤ ਕਾਨੂੰਨੀ ਚੌਖਟਾ ਤਿਆਰ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਤੇਜ਼ੀ ਨਾਲ ਕਦਮ ਚੁੱਕਣ ਅਤੇ ਆਈਟੀ ਐਕਟ ਦੀ ਧਾਰਾ 87 ਤਹਿਤ ਸਖਤ ਨੇਮ ਤੇ ਵਿਧੀਆਂ ਬਣਾਉਣ ਦੀ ਲੋੜ ਹੈ ਤਾਂ ਕਿ ਵੱਖ ਵੱਖ ਸੇਵਾਕਾਰ ਕੰਪਨੀਆਂ ਅਤੇ ਡੇਟਾ ਸੇਵਾਵਾਂ ਮੁਹੱਈਆ ਕਰਾਉਣ ਵਾਲੀਆਂ ਇਕਾਈਆਂ ਦੇ ਵਰਤੋਂਕਾਰਾਂ ਦੀ ਹਿਫਾਜ਼ਤ ਕੀਤੀ ਜਾ ਸਕੇ।

ਪਰਸਨਲ ਡੇਟਾ ਪ੍ਰੋਟੈਕਸ਼ਨ ਬਿੱਲ-2019 ਦੀ ਅਜੇ ਤਾਈਂ ਉਡੀਕ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਆਸ ਕੀਤੀ ਜਾਂਦੀ ਹੈ ਕਿ ਇਹ ਬਿੱਲ ਸਾਇਬਰ ਡੇਟਾ ਦੇ ਉਤਪਾਦਕਾਂ, ਵਰਤੋਂਕਾਰਾਂ ਦੀਆਂ ਮੁਸ਼ਕਿਲਾਂ ਨੂੰ ਸੁਲਝਾਵੇਗਾ ਪਰ ਇਸ ਕਾਨੂੰਨ ਬਾਰੇ ਵਰਤੋਂਕਾਰਾਂ ਦੀ ਉਡੀਕ ਹੋਰ ਲੰਮੀ ਨਹੀਂ ਹੋਣੀ ਚਾਹੀਦੀ। ਇਹ ਗੱਲ ਜ਼ਰੂਰੀ ਹੈ ਕਿ ਉਹ ਇਸ ਬਾਰੇ ਨਿੱਠ ਕੇ ਵਿਚਾਰ ਚਰਚਾ ਕਰਨ ਅਤੇ ਉਨ੍ਹਾਂ ਦੇ ਡੇਟਾ ਅਤੇ ਵਿਅਕਤੀਗਤ ਪ੍ਰਾਈਵੇਸੀ ਦੀ ਰਾਖੀ ਲਈ ਜੋ ਕੁਝ ਵੀ ਕਰਨਾ ਬਣਦਾ ਹੈ, ਉਹ ਕੀਤਾ ਜਾਵੇ। ਸਾਨੂੰ ਇਹ ਤੱਥ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੋਵਿਡ-19 ਨੇ ਇਕ ਉਭਰ ਰਹੇ ਨਵੇਂ ਸਾਇਬਰ ਸੰਸਾਰ ਵਿਵਸਥਾ ਦਾ ਅਮਲ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਹੈ ਜਿਸ ਨੂੰ ਪਿਛਾਂਹ ਨਹੀਂ ਮੋੜਿਆ ਜਾ ਸਕਦਾ।

ਵ੍ਹੱਟਸਐਪ ਦੀ ਇਸ ਘਟਨਾ ਤੋਂ ਸਰਕਾਰ ਦੀ ਨੀਂਦ ਖੁੱਲ੍ਹਣੀ ਚਾਹੀਦੀ ਹੈ ਅਤੇ ਇਸ ਨੂੰ ਹਰਕਤ ਵਿਚ ਆਉਣਾ ਚਾਹੀਦਾ ਹੈ। ਰਾਸ਼ਟਰ ਦੇ ਤੌਰ ਤੇ ਭਾਰਤ ਨੂੰ ਇਹ ਮਹਿਸੂਸ ਕਰਨਾ ਪਵੇਗਾ ਕਿ ਇਸ ਦੇ ਸਾਇਬਰ ਪ੍ਰਭੁਤਾਪੂਰਨ ਹਿੱਤਾਂ ਦੀ ਸੁਰੱਖਿਆ ਦਾ ਮੁੱਦਾ ਸਿੱਧੇ ਤੌਰ ਤੇ ਡੇਟਾ ਅਤੇ ਲਗਾਤਾਰ ਵਧ ਫੁੱਲ ਰਹੀ ਭਾਰਤੀ ਡੇਟਾ ਪ੍ਰਭੁਤਾ ਦੀ ਸੁਰੱਖਿਆ ਨਾਲ ਜੁੜੀ ਹੋਈ ਹੈ। ਆਸ ਹੈ ਕਿ ਸਰਕਾਰ ਕਿ ਸਾਇਬਰ ਡੇਟਾ ਪ੍ਰਾਈਵੇਸੀ ਦੀ ਰਾਖੀ ਨਾਲ ਜੁੜੇ ਵੱਖ ਵੱਖ ਮੁੱਦਿਆਂ ਨਾਲ ਸਿੱਝਣ ਲਈ ਕਾਰਗਰ ਪ੍ਰਬੰਧ ਤਿਆਰ ਕਰ ਕੇ ਸਾਹਮਣੇ ਆਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਫਰਵਰੀ 2021*

## ਕਿਸਾਨ ਸੰਘਰਸ਼ ਦਾ ਅਗਲਾ ਪੜਾਅ

26 ਜਨਵਰੀ ਵਾਲੇ ਘਟਨਾਕ੍ਰਮ ਤੋਂ ਬਾਅਦ ਤਕੜੇ ਝਟਕੇ ਤੋਂ ਬਾਅਦ ਕਿਸਾਨ ਸੰਘਰਸ਼ ਹੌਲੀ-ਹੌਲੀ ਮੁੜ ਪੈਰਾਂ ਸਿਰ ਹੋ ਰਿਹਾ ਹੈ। 26 ਜਨਵਰੀ ਨੂੰ ਕਿਸ ਸ਼ਖਸ ਜਾਂ ਧਿਰ ਨੇ ਕੀ ਭੂਮਿਕਾ ਨਿਭਾਈ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ ਪਰ ਇਕ ਗੱਲ ਸ਼ੀਸ਼ੇ ਵਾਂਗ ਸਾਫ ਹੈ ਕਿ ਇਸ ਘਟਨਾਕ੍ਰਮ ਨੇ ਇਕ ਵਾਰ ਤਾਂ ਸੰਘਰਸ਼ ਨੂੰ ਹਿਲਾ ਦਿੱਤਾ ਸੀ। ਕੇਂਦਰ ਸਰਕਾਰ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਚਿਰਾਂ ਤੋਂ ਇਹ ਘਾਤ ਲਾ ਕੇ ਬੈਠੀਆਂ ਸਨ ਕਿ ਕਿਸਾਨ ਕਦੋਂ ਕੋਈ ਮੌਕਾ ਦੇਣ ਅਤੇ ਇਹ ਆਪਣੀ ਅਗਲੀ ਕਾਰਵਾਈ ਕਰ ਕੇ ਸੰਘਰਸ਼ ਨੂੰ ਖਤਮ ਕਰ ਦੇਣ। ਇਸੇ ਯੋਜਨਾ ਤਹਿਤ ਗਾਜ਼ੀਪੁਰ ਵਾਲੇ ਬਾਰਡਰ 'ਤੇ ਬੈਠੇ ਕਿਸਾਨ ਆਗੂ ਰਾਕੇਸ਼ ਟਿਕੈਤ ਨਾਲ ਸੱਤਾਧਿਰ ਨੇ ਤਾਲਮੇਲ ਵੀ ਬਿਠਾ ਲਿਆ। ਬੱਸ, ਉਸ ਨੂੰ ਗ੍ਰਿਫਤਾਰ ਕਰਨਾ ਬਾਕੀ ਸੀ ਅਤੇ ਉਸ ਬਾਰਡਰ ਤੋਂ ਕਿਸਾਨਾਂ ਨੂੰ ਖਦੇੜ ਦਿੱਤਾ ਜਾਣਾ ਸੀ। ਇਸ ਤੋਂ ਬਾਅਦ ਫਿਰ ਦੂਜੇ ਬਾਰਡਰਾਂ ਦੀ ਵਾਰੀ ਆਉਣੀ ਸੀ ਪਰ ਇਸੇ ਦੌਰਾਨ ਘਟਨਾਵਾਂ ਕੁਝ ਇਸ ਤਰੀਕੇ ਨਾਲ ਵਾਪਰ ਗਈਆਂ ਕਿ ਸਾਰਾ ਕੁਝ ਉਲਟ-ਪੁਲਟ ਹੋ ਗਿਆ। ਜਿਸ ਰਾਕੇਸ਼ ਟਿਕੈਤ ਨੂੰ ਗ੍ਰਿਫਤਾਰ ਕੀਤਾ ਜਾਣਾ ਸੀ, ਉਸ ਦੇ ਹੰਝੂ ਭਾਵੁਕਤਾ ਵੱਸ ਇਸ ਕਦਰ ਵਹੇ ਕਿ ਕਿਸਾਨ ਅੰਦੋਲਨ ਇਕ ਵਾਰ ਫਿਰ ਉਠ ਪਿਆ ਅਤੇ ਰਾਤੋ-ਰਾਤ ਉਤਰ ਪ੍ਰਦੇਸ਼ ਤੇ ਹਰਿਆਣਾ ਦੇ ਕਿਸਾਨਾਂ ਨੇ ਮੁੜ ਬਾਰਡਰ ਮੱਲ ਲਿਆ। ਭਾਰਤੀ ਜਨਤਾ ਪਾਰਟੀ ਨੇ ਆਪਣੇ ਗੁੰਡਿਆਂ ਰਾਹੀਂ ਸਿੰਘੂ ਬਾਰਡਰ 'ਤੇ ਕਿਸਾਨਾਂ ਉਤੇ ਹਮਲਾ ਕਰ ਕੇ ਉਨ੍ਹਾਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਪਰ ਸੱਤਾਧਾਰੀਆਂ ਵੱਲੋਂ ਹਰ ਹਰਬਾ ਵਰਤਣ ਦੇ ਬਾਵਜੂਦ ਕਿਸਾਨਾਂ ਨੇ ਸਰਕਾਰ ਦਾ ਇਹ ਵਾਰ ਵੀ ਪੂਰੇ ਸੰਜਮ ਅਤੇ ਸਬਰ ਨਾਲ ਝੱਲ ਲਿਆ।

ਅਸਲ ਵਿਚ ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਸੰਘਰਸ਼ ਦਾ ਅਗਲਾ ਪੜਾਅ ਹੁਣ ਸ਼ੁਰੂ ਹੋਇਆ ਹੈ। ਇਹ ਗੱਲ ਕਿਸਾਨ ਆਗੂ ਵੀ ਚਿਤਾਰ ਰਹੇ ਹਨ ਅਤੇ ਆਮ ਲੋਕਾਂ ਦੀ ਜ਼ਬਾਨ 'ਤੇ ਵੀ ਇਹੀ ਸ਼ਬਦ ਹਨ। ਕਿਸਾਨ ਆਗੂ ਮੁੱਢ ਤੋਂ ਹੀ ਕਹਿ ਰਹੇ ਹਨ ਕਿ ਇਸ ਸੰਘਰਸ਼ ਨੂੰ ਪੂਰਨ ਰੂਪ ਵਿਚ ਸ਼ਾਂਤੀਮਈ ਰੱਖਿਆ ਜਾਵੇਗਾ। ਇਹ ਗੱਲ ਸੱਚ ਵੀ ਸੀ। ਸਰਕਾਰ ਨੇ ਇਸ ਸੰਘਰਸ਼ ਨੂੰ ਲੀਹੋਂ ਲਾਹੁਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋ ਸਕੀ। ਕੁਝ ਸਿਆਸੀ ਵਿਸ਼ਲੇਸ਼ਕਾਂ ਨੂੰ ਇਹ ਲੱਗਣ ਲੱਗ ਪਿਆ ਕਿ ਸਰਕਾਰ 26 ਜਨਵਰੀ ਤੋਂ ਪਹਿਲਾਂ-ਪਹਿਲਾਂ ਇਹ ਮਸਲਾ ਹੱਲ ਕਰ ਸਕਦੀ ਹੈ। ਇਸ ਲਈ ਹੌਲੀ-ਹੌਲੀ ਕਰ ਕੇ ਸੰਘਰਸ਼ ਦਾ ਸਾਰਾ ਧਿਆਨ 26 ਜਨਵਰੀ 'ਤੇ ਕੇਂਦਰਤ ਹੋ ਗਿਆ। ਇਹ ਤੱਥ ਜੱਗ-ਜ਼ਾਹਿਰ ਹੈ ਕਿ ਕਿਸਾਨ ਸੰਘਰਸ਼ ਅੰਦਰ ਵੱਖ-ਵੱਖ ਧਿਰਾਂ ਜੂਝ ਰਹੀਆਂ ਹਨ ਅਤੇ ਕੁਝ ਮਸਲਿਆਂ ਬਾਰੇ ਇਨ੍ਹਾਂ ਸੀ ਸਮਝ ਵੀ ਵੱਖਰੀ-ਵੱਖਰੀ ਹੈ। ਇਸੇ ਕਰ ਕੇ ਇਸ ਮਸਲੇ 'ਤੇ ਕੁਝ-ਕੁਝ ਤਕਰਾਰ ਵਾਲੇ ਹਾਲਾਤ ਬਣਨੇ ਆਰੰਭ ਹੋ ਗਏ। ਇਸ ਸੰਘਰਸ਼ ਬਾਰੇ ਇਕ ਤੱਥ ਹੋਰ ਵੀ ਸਵੀਕਾਰ ਕਰਨ ਵਾਲਾ ਹੈ ਕਿ ਇਸ ਵਿਚ ਸ਼ਾਮਿਲ ਧਿਰਾਂ ਆਪੋ-ਆਪਣੀ ਸਮਝ ਮੁਤਾਬਕ ਆਪਣੀ ਪੈਂਠ ਬਣਾਉਣ ਲਈ ਵੀ ਜੂਝ ਰਹੀਆਂ ਹਨ। ਇਸ ਸਭ ਕੁਝ ਦੇ ਬਾਵਜੂਦ ਇਹ ਤੱਥ ਸਭ ਦੇ ਸਾਹਮਣੇ ਹੈ ਕਿ ਕਿਸਾਨ ਸੰਘਰਸ਼ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਵਾਲੀਆਂ ਸਿਰਫ ਤੇ ਸਿਰਫ ਕਿਸਾਨ ਜਥੇਬੰਦੀਆਂ ਹੀ ਹਨ। ਇਸ ਸੰਘਰਸ਼ ਦਾ ਇਕ ਦੌਰ ਉਹ ਵੀ ਸੀ ਜਦੋਂ ਕਰੋਨਾ ਕਾਲ ਦੌਰਾਨ ਪੰਜਾਬ ਦੀ ਕੈਪਟਨ ਸਰਕਾਰ ਨੇ ਵੀ ਕਿਸਾਨ ਆਗੂਆਂ ਦੀ ਸਰਗਰਮੀ ਡੱਕਣ ਲਈ ਉਨ੍ਹਾਂ ਖਿਲਾਫ ਪਰਚੇ ਦਾਇਰ ਕਰਨੇ ਆਰੰਭ ਕਰ ਦਿੱਤੇ ਸਨ ਪਰ ਕਿਸਾਨ ਆਗੂ ਜ਼ਬਤ ਰੱਖ ਕੇ ਅੱਗੇ ਵਧੇ, ਪਹਿਲਾਂ ਆਪਸੀ ਸਾਂਝ ਬਣਾਈ ਅਤੇ ਫਿਰ ਸਾਂਝਾ ਮੋਰਚਾ ਬਣਾ ਕੇ ਸਰਗਰਮੀਆਂ ਆਰੰਭ ਦਿੱਤੀਆਂ। ਇਸ ਦੇ ਨਾਲ-ਨਾਲ ਕਿਸਾਨ ਆਗੂਆਂ ਦਾ ਸੁਨੇਹਾ ਇਹੀ ਸੀ ਕਿ ਸੰਘਰਸ਼ ਲੰਮਾ ਚੱਲਣਾ ਹੈ। 26 ਜਨਵਰੀ ਵਾਲੀ ਟਰੈਕਟਰ ਪਰੇਡ ਬਾਰੇ ਵੀ ਕਿਸਾਨ ਜਥੇਬੰਦੀਆਂ ਦੀ ਇਹੀ ਰਾਏ ਸੀ ਅਤੇ ਇਹ ਸਰਕਾਰ ਨੂੰ ਕੋਈ ਮੌਕਾ ਨਹੀਂ ਸੀ ਦੇਣਾ ਚਾਹੁੰਦੀਆਂ ਪਰ ਸੰਘਰਸ਼ ਵਿਚ ਸ਼ਾਮਿਲ ਕੁਝ ਧਿਰਾਂ ਆਪਣੇ ਵਧਵੇਂ ਐਕਸ਼ਨ ਰਾਹੀਂ ਆਪਣੀ ਹੋਂਦ ਵਧੇਰੇ ਪ੍ਰਚੰਡ ਰੂਪ ਵਿਚ ਦਿਖਾਉਣ ਦੇ ਰਾਹ ਪੈ ਗਈਆਂ, ਇਸ ਲਈ ਉਹੀ ਕੁਝ ਵਾਪਰ ਗਿਆ ਜਿਸ ਬਾਰੇ ਖਦਸ਼ਾ ਕਈ ਮਹੀਨਿਆਂ ਤੋਂ ਪ੍ਰਗਟਾਇਆ ਜਾ ਰਿਹਾ ਸੀ।

ਇਸ ਪੜਾਅ ਉਤੇ ਹੁਣ ਕਿਸਾਨ ਆਗੂਆਂ ਉਤੇ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਹੁਣ ਇਹ ਗੱਲ ਵੀ ਵਿਚਾਰੀ ਜਾਣ ਲੱਗੀ ਹੈ ਕਿ ਕੇਂਦਰ ਸਰਕਾਰ ਜਿਸ ਹਿਸਾਬ ਨਾਲ ਚੱਲ ਰਹੀ ਹੈ, ਉਸ ਤੋਂ ਜਾਪਦਾ ਨਹੀਂ ਕਿ ਇਹ ਖੇਤੀ ਕਾਨੂੰਨ ਰੱਦ ਕਰਨ ਲਈ ਤਿਆਰ ਵੀ ਹੈ। ਅਸਲ ਵਿਚ ਇਹ ਸਰਕਾਰ ਦੀ ਪਾਲਿਸੀ ਦਾ ਮਸਲਾ ਹੈ। ਹੁਣ ਸਵਾਲ ਇਹ ਹੈ ਕਿ ਜਿਹੜੀਆਂ ਆਰਥਿਕ ਨੀਤੀਆਂ ਪਿਛਲੇ ਤੀਹ ਸਾਲ ਤੋਂ ਚੱਲ ਰਹੀਆਂ ਹਨ, ਉਸ ਨੂੰ ਇਕੋ ਹੱਲੇ ਕਿਸ ਤਰ੍ਹਾਂ ਮੋੜਿਆ ਜਾ ਸਕਦਾ ਹੈ? ਇਸੇ ਕਰ ਕੇ ਕਿਸਾਨ ਸੰਘਰਸ਼ ਨੂੰ ਨੇੜਿਓਂ ਦੇਖਣ ਵਾਲੇ ਆਖ ਰਹੇ ਹਨ ਕਿ ਇਸ ਸੰਘਰਸ਼ ਦਾ ਅਗਲਾ ਪੜਾਅ ਹੁਣ ਖੇਤੀ ਕਾਨੂੰਨਾਂ ਦੇ ਨਾਲ-ਨਾਲ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਵੰਗਾਰਨ ਦਾ ਹੋਣਾ ਚਾਹੀਦਾ ਹੈ। ਇਹ ਲੜਾਈ ਬਹੁਤ ਔਖੀ ਅਤੇ ਲੰਮੀ ਹੈ ਪਰ ਇਸ ਰਾਹ ਉਤੇ ਪਏ ਬਗੈਰ ਨਾ ਕਿਸਾਨਾਂ ਦੀ ਅਤੇ ਨਾ ਹੀ ਆਮ ਲੋਕਾਂ ਦੀ ਬੰਦਖਲਾਸੀ ਹੋ ਸਕਦੀ ਹੈ। ਲੋਕ ਲੜਨ ਲਈ ਤਿਆਰ ਹੋ ਰਹੇ ਹਨ। ਹਜ਼ਾਰਾਂ ਲੱਖਾਂ ਲੋਕ ਆਪੋ-ਆਪਣੇ ਘਰ-ਬਾਰ ਛੱਡ ਕੇ ਦਿੱਲੀ ਦੇ ਬਾਰਡਰਾਂ ਉਤੇ ਡਟੇ ਹੋਏ ਹਨ। ਹੁਣ ਮੁੱਖ ਮਸਲਾ ਇਹੀ ਹੈ ਕਿ ਇਸ ਸੰਘਰਸ਼ ਨੂੰ ਵੱਡਾ ਰੂਪ ਕਿਸ ਤਰ੍ਹਾਂ ਦਿੱਤਾ ਜਾਵੇ। ਕੇਂਦਰ ਸਰਕਾਰ ਇਸ ਸਰਕਾਰ ਨੂੰ ਸਿਰਫ ਪੰਜਾਬ ਜਾਂ ਹਰਿਆਣਾ ਤੱਕ ਸੀਮਤ ਕਰ ਕੇ ਇਸ ਨੂੰ ਦਬਾਉਣ ਲਈ ਤਤਪਰ ਹੈ। ਇਸ ਲਈ ਇਸ ਸੰਘਰਸ਼ ਨੂੰ ਬਚਾਉਣ ਦਾ ਇਕੋ-ਇਕ ਤਰੀਕਾ ਇਸ ਨੂੰ ਦੇਸ਼ ਪੱਧਰੀ ਬਣਾਉਣ ਦਾ ਹੀ ਹੈ। ਉਂਜ ਵੀ ਪੰਜਾਬ ਦੇ ਮਸਲੇ ਦੇਸ਼ ਦੀ ਸਿਆਸਤ ਨਾਲ ਡੂੰਘੇ ਜੁੜੇ ਹੋਏ ਹਨ ਜਿਸ ਉਤੇ ਅੱਜਕੱਲ੍ਹ ਕੱਟੜਪੰਥੀ ਤਾਕਤਾਂ ਕਾਬਜ਼ ਹੈ। ਸੰਘਰਸ਼ ਵਿਚ ਹਿੱਸਾ ਲੈਣ ਵਾਲਿਆਂ ਨੂੰ ਇਹ ਤੱਥ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਹਾਲਾਤ-ਏ-ਸੰਘਰਸ਼ !

ਦਿਲ ਵਿਚ 'ਕਰੋ ਜਾਂ ਮਰੋ' ਨੂੰ ਧਾਰ ਬੈਠੇ, ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਵਾਲੇ।
ਕਈ ਭਾਈ ਘਨੱਈਏ ਵਿਚ ਲੰਗਰਾਂ ਦੇ, ਕਰਕੇ ਸੇਵਾ ਇਤਿਹਾਸ ਦੁਹਰਾਉਣ ਵਾਲੇ।
ਮਾਂ-ਬੋਲੀ ਦੇ ਗਾਇਕ ਨੇ ਫੇਰ 'ਗੱਜੇ', ਵਾਰਾਂ ਬੰਦੇ ਬਹਾਦਰ ਦੀਆਂ ਗਾਉਣ ਵਾਲੇ।
ਹਾਕਮ ਹੋਛੇ ਹਥਿਆਰਾਂ 'ਤੇ ਉਤਰ ਆਏ, 'ਬਾਤ-ਚੀਤ' ਦਾ ਨਾਟਕ ਰਚਾਉਣ ਵਾਲੇ।
ਚੱਲ ਰਹੇ ਅੰਦੋਲਨ ਦੇ ਮੋਢਿਆਂ 'ਤੇ, ਦਿਸ ਗਏ 'ਆਪਣੀ ਰਫਲ' ਚਲਾਉਣ ਵਾਲੇ।
ਪੱਤਰਕਾਰ ਮੂੰਹ ਮੋੜਦੇ 'ਗੋਦੀਆਂ' ਦਾ, ਦਿੱਲੀ ਦੁਆਲਿਉਂ 'ਲਾਈਵ' ਦਿਖਾਉਣ ਵਾਲੇ!

# ਕਿਸਾਨ ਘੋਲ ਅਤੇ ਸੱਤਾ ਦੀ ਤਾਸੀਰ

***ਕਈ ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਘੋਲ ਵੱਖ-ਵੱਖ ਰਾਹਾਂ ਤੋਂ ਹੁੰਦਾ ਹੋਇਆ ਹੁਣ ਖਾਸ ਮੁਕਾਮ 'ਤੇ ਪਹੁੰਚ ਗਿਆ ਹੈ। ਘੋਲ ਨੂੰ ਇਸ ਮੁਕਾਮ ਤੱਕ ਅਪੜਾਉਣ ਵਿਚ ਕਈ ਕਾਰਕਾਂ ਨੇ ਬਣਦਾ ਰੋਲ ਨਿਭਾਇਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋ. ਜਤਿੰਦਰ ਸਿੰਘ ਨੇ ਇਸ ਘੋਲ ਨੂੰ ਇਤਿਹਾਸ ਨਾਲ ਜੋੜ ਕੇ ਪੜ੍ਹਨ-ਗੁੜਨ ਦਾ ਯਤਨ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

ਕਿਸੇ ਅੰਦੋਲਨ ਨੂੰ ਲੜਨ ਅਤੇ ਪ੍ਰਵਾਨ ਚੜ੍ਹਾਉਣ ਲਈ ਸੰਘਰਸ਼ੀ ਲੋਕਾਂ ਦੇ ਚੇਤਿਆਂ ਅੰਦਰ ਵਸੇ ਬਿੰਬਾਂ, ਇਤਿਹਾਸਕ ਘਟਨਾਵਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਕਿਸਾਨੀ ਦੀ ਅਗਵਾਈ ਵਿਚ ਲੜੇ ਜਾ ਰਹੇ ਮੌਜੂਦਾ ਸੰਘਰਸ਼ ਉਤੇ ਝਾਤ ਮਾਰਿਆਂ ਇਹ ਸਮਝ ਪੈਂਦੀ ਹੈ ਕਿ ਇਤਿਹਾਸ ਅੰਦਰ ਵਾਪਰੇ ਜ਼ੁਲਮ ਖਿਲਾਫ ਜੰਗਾਂ ਤੇ ਕੁਰਬਾਨੀਆਂ ਵਾਲਾ ਫਲਸਫਾ ਭਾਰੂ ਰਿਹਾ ਹੈ। ਪੰਜਾਬ ਵਿਚੋਂ ਉਠੇ ਰੋਹ ਦਾ ਇਨ੍ਹਾਂ ਬਿੰਬਾਂ, ਚਿੰਨ੍ਹਾਂ, ਪਲਾਂ ਨਾਲ ਲਬਰੇਜ਼ ਇਤਿਹਾਸ ਦਾ ਲੋਕ-ਦੋਖੀ ਨਿਜ਼ਾਮ ਖਿਲਾਫ ਅਹਿਮ ਹਿੱਸਾ ਬਣਨਾ ਬੜਾ ਸੁਭਾਵਿਕ ਹੈ। ਇਸ ਦਾ ਮੁੱਖ



ਜਤਿੰਦਰ ਸਿੰਘ
ਫੋਨ: +91-97795-30032

ਕਾਰਨ ਕਿਸਾਨੀ ਦਾ ਸਿੱਖ ਧਰਮ ਨਾਲ ਸਬੰਧਿਤ ਹੋਣਾ ਹੈ। ਇਸ ਫਲਸਫੇ ਦਾ ਚੇਤਿਆਂ ਵਿਚ ਵਾਸਾ ਸਿਦਕ ਤੇ ਧਰਵਾਸ ਦਿੰਦਾ ਹੈ। ਵੈਰੀ ਨਾਲ ਆਖਰੀ ਸੁਆਸ ਤੱਕ ਲੜਨ ਦਾ ਜਜ਼ਬਾ ਦਿੰਦਾ ਹੈ। ਨਾਬਰੀ ਦੀ ਵਿਰਾਸਤ ਡਾਢਿਆਂ ਨੂੰ ਹਾਣ ਦਾ ਹੋ ਕੇ ਘੇਰਨ ਦਾ ਬਲ ਬਖਸ਼ਦੀ ਹੈ। ਤਨ ਮਨ ਨੂੰ ਅਡੋਲ ਰੱਖਣ ਵਿਚ ਸਹਾਈ ਹੁੰਦੀ ਹੈ। ਸੰਘਰਸ਼ ਦੌਰਾਨ ਦਰਪੇਸ਼ ਮੁਸ਼ਕਿਲਾਂ ਨੂੰ ਖਿੜੇ ਮੱਥੇ ਕਬੂਲ ਕਰਨ ਦਾ ਸੁਨੇਹਾ ਦਿੰਦੀ ਹੈ। 'ਮਿਠਾ ਲਾਗੈ ਤੇਰਾ ਭਾਣਾ ਰਾਮ' ਦਾ ਸਮੂਹਿਕ ਉਚਾਰਨ ਸੰਜਮੀ ਹੋਣ ਦਾ ਹੌਂਸਲਾ ਦਿੰਦਾ ਹੈ।

ਅੰਗਰੇਜ਼ ਬਸਤਾਨਾਂ ਨੇ ਜਦੋਂ ਹਿੰਦੋਸਤਾਨੀ ਸੱਭਿਅਤਾ ਨੂੰ ਹੀਣਾ ਹੋਣ ਦਾ ਤਾਅਨਾ ਮਾਰਿਆ ਤਾਂ ਇਸ ਖਿੱਤੇ ਦੇ ਅਨੇਕਾਂ ਇਤਿਹਾਸਕਾਰਾਂ ਨੇ ਪੁਰਾਤਨ ਸਮਿਆਂ ਨੂੰ ਘੋਖਣਾ ਸ਼ੁਰੂ ਕੀਤਾ। ਉਨ੍ਹਾਂ ਸਿੱਟਾ ਕੱਢਿਆ ਕਿ ਹਿੰਦੋਸਤਾਨ ਦਾ ਵਿਰਸਾ ਬੜਾ 'ਅਮੀਰ' ਹੈ। ਉਹ ਸੰਸਥਾਵਾਂ ਅਤੇ ਸਿਧਾਂਤ ਜਿਨ੍ਹਾਂ ਰਾਹੀਂ ਬਸਤਾਨ ਆਪਣੇ ਆਪ ਨੂੰ ਸੱਭਿਅਕ ਹੋਣ ਦਾ ਦਾਅਵਾ ਕਰਦੇ ਹਨ, ਇਸ ਖਿੱਤੇ ਦੇ ਪ੍ਰਾਚੀਨ ਸਮਿਆਂ ਵਿਚ ਮੌਜੂਦ ਸਨ। ਸੋ, ਅਸੀਂ ਅੰਗਰੇਜ਼ ਜਾਂ ਅੰਗਰੇਜ਼ੀ ਹਕੂਮਤ ਤੋਂ ਬੌਧਿਕ ਤੇ ਸੰਸਥਾਈ ਪੱਖਾਂ ਤੋਂ ਊਣੇ ਨਹੀਂ ਹਾਂ। ਉਨ੍ਹਾਂ ਆਖਿਆ ਕਿ 'ਸੁਨਿਹਰੀ' ਸਮਿਆਂ ਨੂੰ ਪਛਾਣ ਕੇ, ਆਪਣੇ ਹੀਣੇ ਤੇ ਕਮਜ਼ੋਰ ਹੋਣ ਦੀ ਭਾਵਨਾ ਨੂੰ ਤਿਆਗ ਕੇ ਬਸਤਾਨਾਂ ਖਿਲਾਫ ਬਰਾਬਰ ਦੀ ਧਿਰ ਬਣ ਕੇ ਲੜਨਾ ਚਾਹੀਦਾ ਹੈ। ਸਿਆਹਫਾਮ ਲੋਕ ਆਪਣਾ ਸੰਘਰਸ਼ ਲੜਦੇ ਅਕਸਰ ਜ਼ਿਕਰ ਕਰਦੇ ਹਨ ਕਿ ਗੋਰਿਆਂ ਨੇ ਉਨ੍ਹਾਂ ਦੇ ਇਤਿਹਾਸ ਵੱਲ ਜਾਂਦੇ ਰਾਹਾਂ ਤੇ ਬੈਰੀਕੇਡ ਲਾ ਕੇ ਭਵਿੱਖ ਵੱਲ ਜਾਂਦੇ ਰਾਹ ਰੋਕ ਲਏ ਹਨ। ਦਲਿਤਾਂ, ਘੱਟ-ਗਿਣਤੀਆਂ ਤੇ ਔਰਤਾਂ ਨੇ ਵੀ ਇਤਿਹਾਸ ਵਿਚ ਪਏ ਆਪਣੇ ਨਾਬਰੀ ਦੇ ਪਲਾਂ ਅਤੇ ਸ਼ਖਸੀਅਤਾਂ ਨੂੰ ਲੱਭਣ ਦਾ ਕੰਮ ਆਰੰਭਿਆ।

ਇਤਿਹਾਸ ਦੀ ਅਜਿਹੀ ਪੇਸ਼ਕਾਰੀ ਵਿਚੋਂ ਸਮੂਹ ਆਪਣੀ ਖਾਸ ਕਿਸਮ ਦੀ ਸਿਰਜਣਾ ਕਰ ਰਿਹਾ ਹੁੰਦਾ ਹੈ। ਆਪਣੀ ਪਛਾਣ ਨੂੰ ਖਾਸ ਦਿਸ਼ਾ ਵੱਲ ਘੜ ਰਿਹਾ ਹੁੰਦਾ ਹੈ। ਦੂਜੀ ਧਿਰ ਨਾਲ ਟਾਕਰੇ ਦਾ ਦੌਰ ਸਮੂਹ ਦੀ ਆਪਣੀ ਸਿਰਜਣਾ ਤੇ ਪੁਨਰ-ਸਿਰਜਣਾ ਦਾ ਸਮਾਂ ਵੀ ਹੁੰਦਾ ਹੈ। 'ਦੁਸ਼ਮਣ' ਜਿੰਨਾ ਵੱਧ ਤਾਕਤਵਰ ਤੇ ਜ਼ਾਲਮ ਹੋਵੇਗਾ, ਸੰਘਰਸ਼ੀ ਸਮੂਹ ਜਾਂ ਧਿਰਾਂ ਬਰਾਬਰ ਦੀ ਧਿਰ ਬਣਨ ਲਈ ਆਪਣੇ ਆਪ ਤੇ ਓਨਾ ਹੀ ਮਾਣ ਮਹਿਸੂਸ ਕਰਨ ਦੇ ਅਮਲ ਦਾ ਹਿੱਸਾ ਬਣਨਗੀਆਂ। ਇਤਿਹਾਸ ਨੂੰ ਇਸ ਲੋੜ ਵਿਚੋਂ ਘੋਖੇ ਤੇ ਬੁਣੇ ਜਾਣ ਦਾ ਅਮਲ ਸ਼ੁਰੂ ਹੁੰਦਾ ਹੈ। ਇਤਿਹਾਸ ਦਾ ਹਿੱਸਾ ਬਣੇ ਯੁੱਧ ਤੇ ਸ਼ਹਾਦਤ ਦੇ ਬਿੰਬਾਂ ਤੇ ਘਟਨਾਵਾਂ ਨੂੰ ਅਣਗਿਣਤ ਦੁਹਰਾਓ ਜ਼ਰੀਏ ਸਮੂਹ ਦੇ ਚੇਤਿਆਂ ਵਿਚ ਗੂੜ੍ਹਾ ਕੀਤਾ ਜਾਂਦਾ ਹੈ। ਚੇਤਾ ਅਤੇ ਇਤਿਹਾਸ ਦੋਵੇਂ ਰਲਗੱਡ ਹੋ ਜਾਂਦੇ ਹਨ। ਸਮੇਂ ਅਤੇ ਸਥਾਨ ਨੂੰ ਧਿਆਨ ਵਿਚ ਰੱਖਦਿਆਂ ਇਤਿਹਾਸ ਜਾਂ ਬੀਤੇ ਸਮਿਆਂ ਦੇ ਕੁਝ ਖਾਸ ਪਲਾਂ ਨੂੰ ਉਭਾਰਨ ਦਾ ਅਮਲ ਸ਼ੁਰੂ ਹੁੰਦਾ ਹੈ। ਇਹ ਵਿਧੀ ਸਮੇਂ ਦੀ ਅਣਸਰਦੀ ਜ਼ਰੂਰਤ ਵੀ ਹੁੰਦੀ ਹੈ। ਇਸ ਤਰ੍ਹਾਂ ਚੇਤਾ ਬੁਣਨ ਦਾ ਅਮਲ ਸਹਿਜੇ ਜਾਂ ਅਸਹਿਜੇ ਤੌਰ ਤੇ ਸਿਆਸੀ ਅਮਲ ਹੋ ਨਿਬੜਦਾ ਹੈ। ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦਾ ਹਰ ਤਰੱਦਦ ਦਰਅਸਲ ਸਿਆਸੀ ਅਮਲ ਹੁੰਦਾ ਹੈ।

ਚੇਤਿਆਂ ਦੀ ਇਹ ਬੁਣਤਰ ਸਮੂਹਾਂ ਨੂੰ ਸੰਘਰਸ਼ੀ ਸਮਿਆਂ ਵਿਚ ਅਡੋਲ ਰਹਿਣ ਦਾ ਸਾਹਸ ਬਖਸ਼ਦੀ ਹੈ। ਸਮੂਹਿਕ ਤੌਰ 'ਤੇ ਝੱਲੀਆਂ ਦੁੱਖ-ਤਕਲੀਫਾਂ ਸਮੂਹ ਵਿਚ ਸ਼ਾਮਿਲ ਲੋਕਾਈ ਦਾ ਇੱਕ-ਦੂਜੇ ਨਾਲ ਰਿਸ਼ਤਾ ਗੂੜ੍ਹਾ ਕਰਦੀਆਂ ਹਨ। ਇਤਿਹਾਸਕ ਹਸਤੀਆਂ ਅਤੇ ਘਟਨਾਵਾਂ ਨਾਲ ਰਚਿਆ ਜਾ ਰਿਹਾ ਚੇਤਾ ਵਿਅਕਤੀ ਵਿਸ਼ੇਸ਼ ਤੋਂ ਸਮੂਹਿਕ ਚੇਤਾ ਬਣਨ ਦਾ ਸਫਰ ਤੈਅ ਕਰਦਾ ਹੈ। ਇਹ ਅਮਲ ਸਮੂਹ ਨੂੰ ਮਜ਼ਬੂਤ ਕਰਨ ਅਤੇ ਇੱਕ ਪਛਾਣ ਦੇਣ ਵਿਚ ਸਹਾਈ ਹੁੰਦਾ ਹੈ। ਚੇਤਿਆਂ ਦੀ ਅਜਿਹੀ ਸਿਰਜਣਾ ਸੰਘਰਸ਼ੀ ਸਮਿਆਂ ਵਿਚ ਲੋਕਾਈ ਨਾਲ ਖਾਸ ਤਰ੍ਹਾਂ ਦਾ ਸੰਵਾਦ ਰਚਾਉਣ ਲਈ ਕੀਤੀ ਜਾਂਦੀ ਹੈ। ਇਤਿਹਾਸ ਦੀਆਂ ਚੋਣਵੀਆਂ ਘਟਨਾਵਾਂ ਨੂੰ ਚੇਤਿਆਂ ਵਿਚ ਵਸਾਉਣਾ ਵਰਤਮਾਨ ਨੂੰ ਖਾਸ ਦਿਸ਼ਾ ਵੱਲ ਸੇਧਿਤ ਕਰਨ ਦਾ ਯਤਨ ਹੁੰਦਾ ਹੈ। ਚੇਤਾ ਸਿਆਸੀ ਸੰਚਾਰ ਦਾ ਸਾਧਨ ਬਣਦਾ ਹੈ ਪਰ ਇਤਿਹਾਸ ਦੇ ਇਨ੍ਹਾਂ ਪਲਾਂ ਨੂੰ ਚੇਤਿਆਂ ਅੰਦਰ ਵਸਾਉਂਦਿਆਂ ਇਸ ਗੱਲ ਦਾ ਹਮੇਸ਼ਾਂ ਖਦਸ਼ਾ ਰਹਿੰਦਾ ਹੈ ਕਿ ਸਮੂਹ ਇਨ੍ਹਾਂ ਪਲਾਂ ਅੰਦਰ ਕੈਦ ਹੋ ਕੇ ਨਾ ਰਹਿ ਜਾਵੇ। ਮੌਜੂਦਾ ਚੁਣੌਤੀਆਂ ਨੂੰ ਇਤਿਹਾਸਕ ਪ੍ਰਸੰਗ ਤੋਂ ਹੀ ਨਾ ਦੇਖਦਾ ਰਹਿ ਜਾਵੇ। ਮਨੁੱਖਤਾ ਨੇ ਉਨ੍ਹਾਂ ਸਾਹਸੀ ਤੇ ਸੰਜਮੀ ਇਤਿਹਾਸਕ ਪਲਾਂ ਤੋਂ ਸਦੀਆਂ ਦਾ ਸਫਰ ਤੈਅ ਕੀਤਾ ਹੈ। ਗਿਆਨ ਦੀਆਂ ਅਨੇਕਾਂ ਧਾਰਾਵਾਂ ਨੂੰ ਜਨਮ ਦਿੱਤਾ ਹੈ।

ਉਨ੍ਹਾਂ ਸਮਿਆਂ ਤੋਂ ਚਲੇ ਆ ਰਹੇ ਸਵਾਲਾਂ ਨੂੰ ਵਿਸਥਾਰ ਨਾਲ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਮੌਜੂਦਾ ਢਾਂਚਿਆਂ ਦੀ ਸਮਝ ਬਣਾਉਣ ਲਈ ਬਾਕੀ ਰਹਿ ਗਏ ਗਿਆਨ ਨੂੰ ਆਪਣੇ ਚੇਤਿਆਂ ਅੰਦਰ ਵਸਾਉਣ ਦਾ ਅਮਲ ਅਤਿਅੰਤ ਜ਼ਰੂਰੀ ਹੈ। ਗਿਆਨ ਦੀ ਹਰ ਧਾਰਾ ਸਾਨੂੰ ਸਮੇਂ ਦੇ ਹਾਣ ਦਾ ਬਣਨ ਵਿਚ ਮਦਦ ਕਰਦੀ ਹੈ। ਗਿਆਨ ਦੇ ਇਸ ਵਿਸਥਾਰ ਨੂੰ ਧਿਆਨ ਵਿਚ ਰੱਖਦਿਆਂ ਅਨੇਕਾਂ ਸਵਾਲ ਪੈਦਾ ਹੁੰਦਾ ਹਨ। ਕੀ ਮਹਿਜ਼ ਮੱਧਕਾਲੀਨ ਪੰਜਾਬ ਦੇ ਜੰਗਾਂ ਅਤੇ ਸ਼ਹਾਦਤਾਂ ਦੇ ਸ਼ਾਨਾਮੱਤੇ ਪਲਾਂ ਦੇ ਦੁਹਰਾਓ ਨਾਲ ਹੀ ਇੱਕੀਵੀਂ ਸਦੀ ਦੇ ਨਿਜ਼ਾਮ ਨੂੰ ਠੱਲ੍ਹਿਆ ਜਾ ਸਕਦਾ ਹੈ? ਕੀ ਅਸੀਂ ਲੋਕ-ਦੋਖੀ ਰਾਜਸ਼ਾਹੀ ਖ਼ਿਲਾਫ ਮੱਧਕਾਲੀਨ ਪੰਜਾਬ ਦੇ ਸੂਰਮਿਆਂ ਦੀ ਬਗਾਵਤ ਦਾ ਪਾਠ ਕੰਠ ਕਰਦਿਆਂ ਵੋਟਾਂ ਰਾਹੀਂ ਚੁਣ ਕੇ ਆਈ ਸਰਕਾਰ ਦਾ ਭੇਤ ਪਾ ਸਕਦੇ ਹਾਂ? ਭਾਰਤੀ ਸਟੇਟ ਦੀ ਢਾਂਚਾਗਤ ਬਣਤਰ ਨੂੰ ਸਮਝ ਸਕਦੇ ਹਾਂ? ਨਫਰਤੀ ਹਿੰਦੂਤਵੀ ਸੋਚ ਦੀਆਂ ਸੰਸਥਾਵਾਂ ਅੰਦਰ ਫੈਲ ਰਹੀਆਂ ਡੂੰਘੀਆਂ ਜੜ੍ਹਾਂ ਫਰੋਲ ਸਕਦੇ ਹਾਂ? ਆਲਮੀ ਪੂੰਜੀਵਾਦ ਦੇ ਵਿਸਥਾਰ ਦੀਆਂ ਪਰਤਾਂ ਦਾ ਹਿਸਾਬ ਲਾ ਸਕਦੇ ਹਾਂ? ਕਮਾਈ ਦੇ ਸਾਧਨਾਂ ਦੀ ਕੁਝ ਹੱਥਾਂ ਵਿਚ ਸਿਮਟ ਜਾਣ ਦੇ ਅਮਲ ਦੀਆਂ ਬਰੀਕ ਤੰਦਾਂ ਫੜ ਸਕਦੇ ਹਾਂ? ਜ਼ਮੀਨ ਦੀ ਕਾਣੀ ਵੰਡ ਦੇ ਸਵਾਲ ਨਾਲ ਨਜਿੱਠ ਸਕਦੇ ਹਾਂ? ਜਾਤੀਵਾਦ ਤੇ ਪਿਤਾ ਪੁਰਖੀ ਸਮਾਜ ਦੇ ਆਪਸੀ ਸਬੰਧਾਂ ਦਾ ਭੇਤ ਪਾ ਸਕਦੇ ਹਾਂ?

ਸਮਾਜ ਦੀਆਂ ਇਹ ਗੰਢਾਂ ਖੋਲ੍ਹਣ ਲਈ ਜਿਨ੍ਹਾਂ ਵਿਦਵਾਨਾਂ ਦੇ ਉਮਰਾਂ ਲਾਈਆਂ, ਕੀ ਉਹ ਸਾਡੇ ਇਤਿਹਾਸਕ ਪਲਾਂ ਰਾਹੀਂ ਸਿਰਜੇ ਜਾ ਰਹੇ ਚੇਤਿਆਂ ਅੰਦਰ ਕੋਈ ਖਾਸ ਥਾਂ ਬਣਾ ਸਕਣਗੇ? ਇਹ ਸਵਾਲ ਮੌਜੂਦਾ ਸੰਘਰਸ਼ ਦੇ ਹੀ ਨਹੀਂ ਬਲਕਿ ਸਮੁੱਚੇ ਪੰਜਾਬੀ ਖਿੱਤੇ ਸਨਮੁੱਖ ਖੜ੍ਹੇ ਹਨ। ਮੌਜੂਦਾ ਪੰਜਾਬ ਵਿਚ ਭਾਰੂ ਵਿਚਾਰ ਪ੍ਰਵਾਹ ਨੂੰ ਮਹਿਸੂਸ ਕਰਦਿਆਂ ਇੰਜ ਲੱਗਦਾ ਹੈ, ਜਿਵੇਂ ਇਤਿਹਾਸ ਨੇ ਸਦੀਆਂ ਲੰਮੀ ਛਲਾਂਗ ਮਾਰੀ ਹੋਵੇ। ਜਿਵੇਂ ਅਸੀਂ ਮੱਧਕਾਲੀਨ ਪੰਜਾਬ ਤੋਂ ਸਿੱਧੇ ਇੱਕਵੀਂ ਸਦੀ ਵਿਚ ਆ ਡਿੱਗੇ ਹੋਈਏ। ਇਸ ਖਦਸ਼ੇ ਪ੍ਰਤੀ ਚੇਤੰਨ ਰਹਿਣਾ ਜ਼ਰੂਰੀ ਹੈ ਕਿ ਕੁਝ ਊਣਤਾਈਆਂ ਕਾਰਨ 'ਯੁੱਗ ਪਲਟਾਊ' ਘੋਲਾਂ ਦੇ ਬਾਵਜੂਦ ਲੋਕਾਈ ਦੇ ਗਿਆਨ ਵਿਹੂਣੇ ਰਹਿ ਜਾਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਸਵਾਲ ਇਹ ਹੈ ਕਿ ਸਿਰਜਣਾ ਤੇ ਪੁਨਰ-ਸਿਰਜਣਾ ਦੇ ਇਸ ਅਮਲ ਵਿਚੋਂ ਲੰਘ ਰਿਹਾ ਸਮੂਹ ਆਤਮ ਚਿੰਤਨ, ਸਵੈ ਪੜਚੋਲ, ਅੰਦਰੂਨੀ ਦਵੰਦ, ਅੰਦਰੂਨੀ ਗੁੰਝਲਾਂ ਤੇ ਸੂਖਮ ਤੱਤਾਂ ਦੇ ਪ੍ਰਗਟਾਵੇ ਲਈ ਥਾਂ ਛੱਡਦਾ ਹੈ ਕਿ ਨਹੀਂ; ਆਲੋਚਨਾਤਮਿਕ ਸੰਵਾਦ ਦਾ ਹਿੱਸਾ ਬਣਦਾ ਹੈ ਕਿ ਨਹੀਂ।

ਸ਼ਹਾਦਤਾਂ ਦਾ ਉਹੀ ਦੌਰ ਹੋ ਸਕਦਾ ਹੈ। ਮਹੀਨਾ ਉਹੀ ਪੋਹ ਦਾ ਹੋ ਸਕਦਾ ਹੈ। ਪੁੱਤ ਵੀ ਉਹੀ ਹੋ ਸਕਦੇ ਹਨ। ਹਕੂਮਤਾਂ ਵੀ ਉਹੀ ਹੋ ਸਕਦੀਆਂ। ਰਾਹ ਵੀ ਉਹੀ ਹੋ ਸਕਦੇ। ਬੱਚਿਆਂ ਵਿਚ ਕੁਰਬਾਨ ਹੋਏ ਸਾਹਿਬਜ਼ਾਦਿਆਂ ਦੀਆਂ ਝਲਕਾਂ ਵੀ ਨੇ। ਨਿਜ਼ਾਮ ਦੀ ਜ਼ਾਲਮਾਨਾ ਤਰਬੀਅਤ ਵੀ ਭਾਵੇਂ ਉਹੀ ਹੈ ਪਰ ਇਸ ਗੱਲ ਦਾ ਵਿਖਰੇਵਾਂ ਕਰਨਾ ਜ਼ਰੂਰੀ ਹੈ ਕਿ ਜ਼ਾਲਮ ਦਾ ਤਰੀਕਾਕਾਰ ਉਨ੍ਹਾਂ ਸਮਿਆਂ ਨਾਲੋਂ ਬੜਾ ਵੱਖਰਾ ਹੈ। ਜ਼ਾਲਮ ਦਾ ਸੱਤਾ ਹਾਸਿਲ ਕਰਨਾ ਤੇ ਕਾਬਜ਼ ਰਹਿਣ ਦਾ ਢੰਗ ਉਨ੍ਹਾਂ ਸਮਿਆਂ ਨਾਲੋਂ ਬਿਲਕੁਲ ਵੱਖਰਾ ਹੈ। ਸੱਤਾ ਦੀ ਸਥਾਪਤੀ ਵਿਚ ਲੱਗਿਆ ਢਾਂਚਾ ਉਸ ਯੁੱਗ ਨਾਲੋਂ ਅੱਡਰਾ ਹੈ। ਮੌਜੂਦਾ ਭਾਰਤ ਦੀ ਭੂਗੋਲਿਕ ਤੇ ਸੱਭਿਆਚਾਰਕ ਬਣਤਰ ਬਿਲਕੁਲ ਵੱਖਰੀ ਹੈ। ਚੋਣਾਂ ਦੀ ਖੇਡ ਰਾਹੀਂ ਸੱਤਾ ਦੀ ਕੁਰਸੀ ਨੂੰ ਜੱਫਾ ਪਾਈ ਬੈਠੇ ਸੱਤਾਧਾਰੀ ਨੂੰ ਮੱਧਕਾਲੀਨ ਰਾਜੇ ਵਾਂਗ ਜੰਗ-ਏ-ਮੈਦਾਨ ਅੰਦਰ ਫਤਿਹ ਨਹੀਂ ਕੀਤਾ ਜਾ ਸਕਦਾ; ਗੱਦੀਓਂ ਲਾਹਿਆ ਨਹੀਂ ਜਾ ਸਕਦਾ।

ਮੈਦਾਨ-ਏ-ਜੰਗ ਤਾਂ ਹੈ ਪਰ ਉਸ ਦਾ ਚਿਹਰਾ-ਮੋਹਰਾ ਵੱਖਰਾ ਹੈ। ਭਾਜਪਾ ਦਾ ਲੋਕ ਸਭਾ ਵਿਚ ਬੇਕਿਰਕ ਬਹੁਮਤ ਇਸ ਦੀ ਸਿਆਸੀ ਜ਼ਮੀਨ ਦੀ ਗਵਾਹੀ ਭਰਦਾ ਹੈ। ਇਸ ਦੀ ਸਿਆਸੀ ਜ਼ਮੀਨ ਦਾ ਖੁਰਨਾ ਬੜਾ ਜ਼ਰੂਰੀ ਹੈ। ਚੋਣਾਂ ਅੰਦਰ ਸਿਰਫ ਇੱਕ ਵੋਟ ਨਾਲ ਜਿੱਤਿਆ ਉਮੀਦਵਾਰ ਵੀ ਆਪਣੇ ਅਤੇ ਆਪਣੀ ਪਾਰਟੀ ਦੇ ਕੀਤੇ ਕੰਮਾਂ ਤੇ ਬਣਾਈਆਂ ਨੀਤੀਆਂ ਉਤੇ ਸਮੂਹ ਜਨਤਾ ਵੱਲੋਂ ਲੱਗੀ ਮੋਹਰ ਦੇ ਰੂਪ ਵਿਚ ਪੇਸ਼ ਕਰਦਾ ਹੈ। ਮਿਸਾਲ ਵਜੋਂ 2016 ਵਿਚ ਕੀਤੀ ਨੋਟੀਬੰਦੀ, 2017 ਵਿਚ ਸ਼ੁਰੂ ਕੀਤੇ ਜੀ.ਐਸ.ਟੀ. ਦੇ ਮਾਰੂ ਨਤੀਜਿਆਂ ਦੇ ਬਾਵਜੂਦ ਚੋਣਾਂ ਵਿਚ ਜਿੱਤਾਂ ਨੂੰ ਲੋਕਾਂ ਦੀ ਇਨ੍ਹਾਂ ਨੀਤੀਆਂ ਨੂੰ ਪ੍ਰਵਾਨਗੀ ਵਜੋਂ ਪੇਸ਼ ਕੀਤਾ ਗਿਆ। ਨਵੰਬਰ 2020 ਦੀਆਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ-ਜੇ.ਡੀ. (ਯੂ.) ਗਠਜੋੜ ਦੀ ਜਿੱਤ ਸਾਡੇ ਸਾਹਮਣੇ ਹੈ। ਮੁੱਖ ਮੰਤਰੀ ਉਹੀ ਬਣਿਆ ਜਿਸ ਦੀ ਕਰੋਨਾ ਕਾਲ ਦੌਰਾਨ ਅਥਾਹ ਕਸ਼ਟ ਸਹਿ ਕੇ ਬਿਹਾਰ ਪਹੁੰਚੇ ਮਜ਼ਦੂਰਾਂ ਨੇ ਘੋਰ ਨਿੰਦਾ ਕੀਤੀ ਸੀ। ਚੋਣਾਂ ਦੀ ਸਿਆਸਤ ਵਿਚ ਜਨਤਕ ਰੋਹ ਦੀ ਕਦਰ ਨੇਤਾਵਾਂ ਤੇ ਪਾਰਟੀਆਂ ਦੀ ਹਾਰ ਦੀ ਸੰਭਾਵਨਾ ਉਤੇ ਟਿਕੀ ਹੁੰਦੀ ਹੈ। 'ਨੋਟਾ' ਦਾ ਬਟਨ ਦੱਬਣਾ ਵੀ ਕੋਈ ਸਾਰਥਿਕ ਦਖਲ ਨਹੀਂ ਦੇ ਸਕਿਆ। ਮਸਲਾ ਤਾਂ ਸਭ ਤੋਂ ਵੱਧ ਵੋਟਾਂ ਹਾਸਿਲ ਕਰਨ ਹੈ। ਹੁੰਮ-ਹੁਮਾ ਕੇ ਭਾਜਪਾ ਵਿਰੋਧੀ (ਕੌਮੀ ਜਾਂ ਖੇਤਰੀ) ਪਾਰਟੀਆਂ ਨੂੰ ਵੋਟਾਂ ਦੇ ਗੱਫੇ ਦੇਣਾ ਵੀ ਹੱਲ ਨਹੀਂ। ਇਨ੍ਹਾਂ ਵਿਚਕਾਰ ਨੀਤੀਆਂ ਪੱਖੋਂ ਕੋਈ ਫਰਕ ਨਹੀਂ ਹੈ। ਲੋਕ-ਪੱਖੀ ਸਿਆਸੀ ਬਦਲ ਦੀ ਤਲਾਸ਼ ਕਰਨਾ ਜ਼ਰੂਰੀ ਸਵਾਲ ਹੈ।

ਸੂਬਿਆਂ ਦੇ ਸਿਆਸੀ ਸਮੀਕਰਨਾਂ ਨੂੰ ਸਮਝਣਾ ਜ਼ਰੂਰੀ ਹੈ। ਮੌਜੂਦਾ ਭਾਰਤ ਦੀ ਚੋਣ ਸਿਆਸਤ ਦੀ ਮਹੀਨ ਸਮਝ ਰੱਖਣਾ ਜ਼ਰੂਰੀ ਹੈ। ਸੰਘਰਸ਼ ਦਾ ਪੁਰਜ਼ੋਰ ਹਿੱਸਾ ਨਾ ਬਣ ਰਹੇ ਤਬਕਿਆਂ ਤੇ ਰਾਜਾਂ ਦੀ ਤਾਸੀਰ ਨੂੰ ਪਛਾਣਨਾ ਅਹਿਮ ਹੈ। ਸਮਕਾਲੀ ਸਿਆਸਤ ਧਾਰਨਾਵਾਂ ਤੇ ਚੱਲਦੀ ਹੈ, ਤੱਥਾਂ ਆਧਾਰਿਤ ਨਹੀਂ। ਪ੍ਰਧਾਨ ਮੰਤਰੀ ਅਤੇ ਭਾਜਪਾ ਸਰਕਾਰ ਪ੍ਰਤੀ ਤੱਥਾਂ ਨੂੰ ਆਧਾਰ ਬਣਾ ਕੇ ਲੋਕਾਈ ਦੀ ਧਾਰਨਾ ਬਦਲਣ ਦਾ ਕੰਮ ਅਜੇ ਸ਼ੁਰੂ ਹੋਇਆ ਹੈ। ਪਿੜ ਮਘਣ ਲੱਗਾ ਹੈ। ਇਸ ਦੀ ਮਜ਼ਬੂਤੀ ਗਿਆਨ ਦੀਆਂ ਸਾਰੀਆਂ ਵੰਨਗੀਆਂ ਦੇ ਸੁਮੇਲ ਨਾਲ ਬੱਝਣੀ ਹੈ। ਸਮੂਹ ਤੋਂ ਕੁੱਲ ਲੋਕਾਈ ਦਾ ਸਫਰ ਤੈਅ ਕਰਨਾ ਅਜੇ ਬਾਕੀ ਹੈ।

# ਯੁਗ ਪਲਟਾਊ ਸੰਗਰਾਮ: ਖਤਰਨਾਕ ਚੁਣੌਤੀਆਂ ਦਾ ਸਾਹਮਣਾ

**ਬੂਟਾ ਸਿੰਘ**
ਫੋਨ: +91-94634-74342

26 ਜਨਵਰੀ ਦੀ ਟਰੈਕਟਰ ਪਰੇਡ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਮਹੀਨਿਆਂ ਤੋਂ ਚੱਲ ਰਹੇ ਪੱਕੇ ਮੋਰਚੇ ਵਿਚ ਨਿਵੇਕਲੇ ਪੜਾਅ ਵਜੋਂ ਦਰਜ ਹੋ ਗਈ ਜਿਸ ਨੇ ਸੰਘਰਸ਼ਾਂ ਦੇ ਇਤਿਹਾਸ ਵਿਚ ਨਿਆਰਾ ਅਤੇ ਨਿਵੇਕਲਾ ਰੰਗ ਭਰ ਦਿੱਤਾ। ਇਹ ਫਾਸ਼ੀਵਾਦੀ ਸੱਤਾ ਵਿਰੁੱਧ ਸੰਘਰਸ਼ਸ਼ੀਲ ਕਿਸਾਨਾਂ ਦਾ ਇਤਿਹਾਸ-ਸਿਰਜਕ ਮਾਰਚ ਸੀ। ਟਰੈਕਟਰ ਮਾਰਚ ਕਾਰਪੋਰੇਟ ਹਿਤੈਸ਼ੀ ਰਾਜ ਤੋਂ ਰੋਟੀ-ਰੋਜ਼ੀ ਬਚਾਉਣ ਦੀ ਲੋਕ ਇਕਜੁੱਟਤਾ ਦਾ ਪ੍ਰਤੀਕ ਸੀ। ਇਹ ਪੈਦਾਵਾਰੀ ਸ਼ਕਤੀ ਦੇ ਚਿੰਨ੍ਹ ਟਰੈਕਟਰਾਂ ਦਾ ਉਸ ਘਿਨਾਉਣੀ ਪਰੰਪਰਾ ਵਿਰੁੱਧ ਮਾਰਚ ਸੀ ਜਿਸ ਵਿਚ ਜੰਗਬਾਜ਼ ਭਾਰਤੀ ਸਟੇਟ 26 ਜਨਵਰੀ ਨੂੰ ਆਧੁਨਿਕ ਫੌਜੀ ਸਾਜ਼ੋ-ਸਮਾਨ ਦਾ ਹੋਛਾ ਦਿਖਾਵਾ ਕਰ ਕੇ ਮਾਣ ਮਹਿਸੂਸ ਕਰਦਾ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਜਨਵਰੀ ਦੇ ਸ਼ੁਰੂ ਤੋਂ ਹੀ ਜੰਗੀ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਸਨ। ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦਾ ਹਰ ਪਿੰਡ ਸੰਯੁਕਤ ਕਿਸਾਨ ਮੋਰਚੇ ਦੇ ਇਸ ਸੱਦੇ ਉਪਰ ਫੁੱਲ ਚੜ੍ਹਾਉਣ ਲਈ ਪੱਬਾਂ ਭਾਰ ਹੋ ਗਿਆ। ਪੰਜਾਬ ਵਿਚ ਤਕਰੀਬਨ ਹਰ ਇਲਾਕੇ ਵਿਚ ਸਥਾਨਕ ਰਿਹਰਸਲਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਕਈ ਕਈ ਸੌ ਟਰੈਕਟਰ ਸ਼ਾਮਲ ਹੁੰਦੇ ਰਹੇ। 23 ਜਨਵਰੀ ਨੂੰ ਦਿੱਲੀ ਨੂੰ ਜਾ ਰਹੇ ਟਰੈਕਟਰਾਂ ਦੇ ਕਾਫਲੇ ਇਉਂ ਜਾਪਦੇ ਸਨ, ਜਿਵੇਂ ਕੋਈ ਫੌਜ ਯੁੱਧ ਦੇ ਮੁਹਾਜ਼ ਵੱਲ ਜਾ ਰਹੀ ਹੁੰਦੀ ਹੈ। 25 ਜਨਵਰੀ ਤੱਕ ਦਿੱਲੀ ਦੇ ਐਂਟਰੀ ਮਾਰਗਾਂ ਉਪਰ ਕਈ ਕਈ ਮੀਲ ਤੱਕ ਟਰੈਕਟਰ ਖੜ੍ਹੇ ਕਰਨ ਲਈ ਜਗ੍ਹਾ ਨਹੀਂ ਮਿਲ ਰਹੀ ਸੀ। 26 ਜਨਵਰੀ ਨੂੰ ਵੀ ਪੰਜਾਬ-ਹਰਿਆਣਾ ਤੋਂ ਆਉਣ ਵਾਲੇ ਟਰੈਕਟਰਾਂ ਦਾ ਤਾਂਤਾ ਲੱਗਿਆ ਹੋਇਆ ਸੀ। ਹਰ ਕੋਈ ਇਸੇ ਚਿੰਤਾ ਵਿਚ ਸੀ ਕਿ ਅੱਗੇ ਜਾ ਕੇ ਇਸ ਮਹਾਂ ਮਾਰਚ ਵਿਚ ਸ਼ਾਮਲ ਹੋਣ ਦਾ ਮੌਕਾ ਨਾ ਖੁੰਝ ਜਾਵੇ। ਫਿਰ ਵੀ, ਕੋਈ ਅੱਗੇ ਵਧਣ ਲਈ ਇਕ ਦੂਜੇ ਦੇ ਪੈਰ ਨਹੀਂ ਮਿੱਧ ਰਿਹਾ ਸੀ, ਹਰ ਕੋਈ ਤਹੱਮਲ ਨਾਲ ਆਪਣੀ ਵਾਰੀ ਦੀ ਇੰਤਜ਼ਾਰ ਵਿਚ ਸੀ। ਸਰਕਾਰੀ ਪਰੇਡ ਦੀ ਜਾਅਲੀ ਸ਼ਾਨ ਸਮਾਨੰਤਰ ਪਰੇਡ ਦੀ ਚਰਚਾ ਨੇ ਹੀ ਫਿੱਕੀ ਪਾ ਦਿੱਤੀ ਸੀ। ਇਸ ਨੇ ਸਿਖਰਾਂ ਛੂਹ ਕੇ ਇਕ ਅਸਲੋਂ ਹੀ ਨਿਵੇਕਲਾ ਮੰਜ਼ਰ ਪੇਸ਼ ਕਰਨਾ ਸੀ ਜਿਸ ਉਪਰ ਕੌਮਾਂਤਰੀ ਮੀਡੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਇਸ ਮੌਕੇ ਖੇਤੀਬਾੜੀ, ਸ਼ਾਨਾਮੱਤੇ ਇਤਿਹਾਸਕ ਵਿਰਸੇ, ਸਾਰੇ ਧਰਮਾਂ ਦੇ ਲੋਕਾਂ ਦੀ ਏਕਤਾ ਆਦਿ ਦੀਆਂ ਝਾਕੀਆਂ ਨੇ ਦੇਸ਼-ਵਿਦੇਸ਼ ਦੇ ਲੋਕਾਂ ਉਪਰ ਬਹੁਤ ਡੂੰਘਾ ਪ੍ਰਭਾਵ ਪਾਉਣਾ ਸੀ ਅਤੇ ਇਹ ਭਗਵੇਂ ਫਾਸ਼ੀਵਾਦ ਦੇ ਪਾਟਕ ਪਾਊ ਪ੍ਰੋਜੈਕਟ ਉਪਰ ਵਦਾਣੀ ਸੱਟ ਸਾਬਤ ਹੋਣਾ ਸੀ। ਅਫਸੋਸ ਕਿ ਘਿਨਾਉਣੀ ਸਾਜ਼ਿਸ਼ ਕਾਰਨ ਦੁਨੀਆ ਇਹ ਸਿਖਰਲਾ ਨਜ਼ਾਰਾ ਦੇਖਣ ਤੋਂ ਵਾਂਝੀ ਰਹਿ ਗਈ ਕਿਉਂਕਿ ਸੱਤਾ ਨੇ ਇਸ ਮਹਾਂ ਸੰਗਰਾਮ ਨੂੰ ਢਾਹ ਲਾਉਣ ਲਈ ਆਪਣੀ ਪੂਰੀ ਤਾਕਤ ਝੋਕੀ ਹੋਈ ਹੈ। ਦੀਪ ਸਿੱਧੂ ਗੈਂਗ ਇਕ ਕਿਸਾਨ ਜਥੇਬੰਦੀ ਅਤੇ ਕੁਝ ਹੋਰ ਧੜਿਆਂ ਦੀ ਮਦਦ ਨਾਲ ਇਸ ਮਹਾਂ ਮਾਰਚ ਨੂੰ ਲੀਹੋਂ ਲਾਹ ਕੇ ਤਾਰਪੀਡੋ ਕਰਨ ਵਿਚ ਕਾਮਯਾਬ ਹੋ ਗਿਆ।

ਪੂਰੀ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਦੀਪ ਸਿੱਧੂ ਗਰੁੱਪ ਨੂੰ ਟਰੈਕਟਰ ਪਰੇਡ ਦੇ ਮਿੱਥੇ ਵਕਤ ਤੋਂ ਘੰਟੇ ਪਹਿਲਾਂ ਹੀ ਤੈਅਸ਼ੁਦਾ ਰੂਟ ਦੀ ਉਲੰਘਣਾ ਕਰਵਾ ਕੇ ਲਾਲ ਕਿਲ੍ਹੇ ਵੱਲ ਲਿਜਾਇਆ ਗਿਆ ਅਤੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਲਗਾਉਣ ਨੂੰ ਮੁੱਦਾ ਬਣਾ ਦਿੱਤਾ ਗਿਆ। ਇਸ ਗਰੁੱਪ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਰਾਤ ਨੂੰ ਸਟੇਜ ਉਪਰ ਕਬਜ਼ਾ ਕਰ ਕੇ ਸਿੱਖ ਨੌਜਵਾਨਾਂ ਦੇ ਜਜ਼ਬਾਤ ਭੜਕਾਏ ਅਤੇ ਅਗਲੇ ਦਿਨ ਉਨ੍ਹਾਂ ਨੂੰ ਆਪਣੇ ਮਨਸੂਬਿਆਂ ਲਈ ਵਰਤਣ ਵਿਚ ਕਾਮਯਾਬ ਹੋ ਗਏ ਪਰ ਉਹ ਨੌਜਵਾਨਾਂ ਨੂੰ ਸੱਤਾ ਦੇ ਬੁਲਡੋਜ਼ਰ ਅੱਗੇ ਸੁੱਟ ਕੇ ਉਥੋਂ ਭੱਜ ਗਿਆ। ਇਕ ਨੌਜਵਾਨ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ। ਹੁਣ ਆਮ ਕਿਸਾਨ ਵੀ ਇਹ ਗੱਲ ਕਹਿ ਰਹੇ ਹਨ ਕਿ ਦੀਪ ਸਿੱਧੂ ਨੂੰ ਸੰਘ ਬ੍ਰਿਗੇਡ ਅਤੇ ਹੋਰ ਤਾਕਤਾਂ ਵੱਲੋਂ ਸੰਘਰਸ਼ ਨੂੰ ਢਾਹ ਲਾਉਣ ਲਈ ਉਚੇਚੇ ਤੌਰ 'ਤੇ ਪ੍ਰੋਮੋਟ ਕੀਤਾ ਗਿਆ ਸੀ। ਜੇ ਬਿੰਦ ਕੁ ਲਈ ਇਹ ਵੀ ਮੰਨ ਲਿਆ ਜਾਵੇ ਕਿ ਸਿੱਧੂ ਦੀ ਸਰਕਾਰ ਨਾਲ ਕੋਈ ਗੰਢਤੁੱਪ ਨਹੀਂ ਸੀ, ਜਿਵੇਂ ਕੁਝ ਹਿੱਸੇ ਪੇਸ਼ ਕਰਨ ਦੀ ਸਿਰਤੋੜ ਵਾਹ ਲਾ ਰਹੇ ਹਨ, ਫਿਰ ਵੀ ਉਸ ਦੀ ਇਸ ਕਾਰਵਾਈ ਨੇ ਇਹ ਤਾਂ ਸਾਬਤ ਕਰ ਹੀ ਦਿੱਤਾ ਹੈ ਕਿ ਉਹ ਪੂਰੀ ਤਰ੍ਹਾਂ ਨਖਿੱਧ ਸ਼ਖਸ ਹੈ ਜਿਸ ਵਿਚ ਸੰਘਰਸ਼ ਨੂੰ ਅਗਵਾਈ ਦੇਣ ਦੀ ਮੁੱਢਲੀ ਕਾਬਲੀਅਤ ਵੀ ਨਹੀਂ ਹੈ। ਉਧਰ ਪੰਧੇਰ-ਪੰਨੂ ਧੜੇ ਦੇ ਆਗੂਆਂ ਨੇ ਫਾਸ਼ੀਵਾਦੀ ਹਕੂਮਤ ਦੇ ਹੱਥਾਂ ਵਿਚ ਖੇਡ ਕੇ ਨਾ ਸਿਰਫ ਸੰਘਰਸ਼ ਨੂੰ ਢਾਹ ਲਾਈ ਹੈ ਸਗੋਂ ਉਨ੍ਹਾਂ ਦੀ ਵੱਖਰੇ ਰਹਿ ਕੇ ਬਾਕੀਆਂ ਨਾਲੋਂ ਖੁਦ ਨੂੰ ਵੱਧ ਲੜਾਕੂ ਸਾਬਤ ਕਰਨ ਦੀ ਅੰਨ੍ਹੀ ਧੁੱਸ 'ਚੋਂ ਇਨ੍ਹਾਂ ਆਗੂਆਂ ਨੇ ਆਪਣੀ ਲੀਡਰਸ਼ਿਪ ਦੀ ਭਰੋਸੇਯੋਗਤਾ ਵੀ ਗੁਆ ਲਈ ਹੈ। ਇਨ੍ਹਾਂ ਸਭ ਨੇ ਰਲ ਕੇ ਹਕੂਮਤ ਨੂੰ ਸੰਘਰਸ਼ ਬਾਰੇ ਆਮ ਲੋਕਾਂ ਅੰਦਰ ਭੁਲੇਖੇ ਖੜ੍ਹਾ ਕਰਨ ਦਾ ਮੌਕਾ ਦੇ ਦਿੱਤਾ ਹੈ ਜਿਸ ਦੀ ਉਹ ਲੰਮੇ ਸਮੇਂ ਤੋਂ ਭਾਲ ਵਿਚ ਸਨ। ਕਿੱਥੇ ਕੌਮਾਂਤਰੀ ਮੀਡੀਆ ਨੇ ਲੱਖਾਂ ਟਰੈਕਟਰਾਂ ਦੇ ਮਾਰਚ ਦੇ ਬੇਮਿਸਾਲ ਦ੍ਰਿਸ਼ ਦਿਖਾਉਣੇ ਸਨ ਅਤੇ ਬੇਮਿਸਾਲ ਸੰਘਰਸ਼ ਦਾ ਸੰਦੇਸ਼ ਕੁਲ ਆਲਮ ਤੱਕ ਪਹੁੰਚਣਾ ਸੀ, ਇਸ ਦੀ ਬਜਾਏ ਹਕੂਮਤ ਇਸ ਨੂੰ ਲੀਹੋਂ ਲਾਹ ਕੇ ਕਿਸਾਨ ਸੰਘਰਸ਼ ਦੇ ਹਿੰਸਕ ਹੋਣ ਦੀ ਝੂਠੀ ਕਹਾਣੀ ਪ੍ਰਚਾਰਨ, ਵਕਤੀ ਘਚੋਲਾ ਪਾਉਣ, ਅਵਾਮ ਨੂੰ ਨਿਰਾਸ਼ਤਾ 'ਚ ਸੁੱਟਣ ਵਿਚ ਕਾਮਯਾਬ ਹੋ ਗਈ।

ਇਹ ਸੰਘਰਸ਼ ਲਈ ਬਹੁਤ ਵੱਡੀ ਸੱਟ ਹੈ, ਇਸ ਦੇ ਬਾਵਜੂਦ ਸੰਘਰਸ਼ਸ਼ੀਲ ਕਾਫਲਿਆਂ ਦੇ ਹੌਸਲੇ ਬੁਲੰਦ ਹਨ ਅਤੇ ਉਹ ਮੁੜ ਸਟੇਟ ਦੇ ਜਾਬਰ ਹਮਲੇ ਦਾ ਟਾਕਰਾ ਕਰਨ ਲਈ ਤਿਆਰੀਆਂ ਵਿਚ ਜੁੱਟ ਗਏ ਹਨ। ਇਸ ਵਕਤੀ ਪਛਾੜ ਦਾ ਵਿਸ਼ਲੇਸ਼ਣ ਕਰਦਿਆਂ ਇਹ ਹਕੀਕਤ ਨਜ਼ਰਅੰਦਾਜ਼ ਨਹੀਂ ਕੀਤੀ ਜਾਣੀ ਚਾਹੀਦੀ ਕਿ ਇਸ ਬੇਮਿਸਾਲ ਸੰਘਰਸ਼ ਦਾ ਮੱਥਾ ਕਿੰਨੀ ਖਤਰਨਾਕ ਫਾਸ਼ੀਵਾਦੀ ਤਾਕਤ ਨਾਲ ਲੱਗਿਆ ਹੋਇਆ ਹੈ। ਭਾਰਤ ਦੀ ਪੂਰੀ ਸਟੇਟ ਮਸ਼ੀਨਰੀ, ਆਰ.ਐਸ.ਐਸ.-ਬੀ.ਜੇ.ਪੀ. ਦੀ ਸਮੁੱਚੀ ਤਾਕਤ, ਕਾਰਪੋਰੇਟ ਲਾਣਾ ਅਤੇ ਗੋਦੀ ਮੀਡੀਆ ਮਿਲ ਕੇ ਸੰਘਰਸ਼ ਨੂੰ ਤੋੜਨ ਲਈ ਦਿਨ-ਰਾਤ ਸਰਗਰਮ ਹੈ। ਕੋਈ ਠੋਸ ਵਿਰੋਧ ਜਥੇਬੰਦ ਕਰਨ ਦੇ ਨਾਕਾਬਿਲ ਪਾਰਲੀਮੈਂਟਰੀ ਵਿਰੋਧੀ ਧਿਰ ਸ਼ਬਦੀ ਚਾਂਦਮਾਰੀ ਵਿਚ ਮਸਰੂਫ ਰਹਿ ਕੇ ਸੱਤਾ ਲਈ ਭਰੋਸੇਯੋਗ ਸਹਿਯੋਗੀ ਸਾਬਤ ਹੋ ਰਹੀ ਹੈ।

ਟਰੈਕਟਰ ਪਰੇਡ ਆਪਣੇ ਅੰਜਾਮ 'ਤੇ ਨਾ ਪਹੁੰਚ ਸਕਣ ਕਾਰਨ ਆਮ ਲੋਕ ਨਿਰਾਸ਼ ਜ਼ਰੂਰ ਹੋਏ, ਲੇਕਿਨ ਇਹ ਨਿਰਾਸ਼ਾ ਆਰਜ਼ੀ ਸੀ। ਦਰਅਸਲ, ਪਰੇਡ ਦਾ ਕਾਫੀ ਹਿੱਸਾ ਤਾਂ ਪਹਿਲਾਂ ਹੀ ਨੇਪਰੇ ਚੜ੍ਹ ਚੁੱਕਾ ਸੀ ਜਦ ਲੱਖਾਂ ਟਰੈਕਟਰ



ਨਵੀਂ ਦਿੱਲੀ ਵਿਚ 26 ਜਨਵਰੀ ਮੌਕੇ ਟਰੈਕਟਰ ਪਰੇਡ ਦੇ ਦਿੱਲੀ ਦਾਖਲ ਹੁੰਦਿਆਂ ਹੀ ਫੁੱਲਾਂ ਦਾ ਮੀਂਹ ਬਰਸਾ ਰਹੇ ਦਿੱਲੀ ਦੇ ਲੋਕ।

ਗੜਗੱਜ ਪਾਉਂਦੇ ਦਿੱਲੀ ਜਾ ਪਹੁੰਚੇ। ਹੰਕਾਰੇ ਹੋਏ ਭਗਵੇਂ ਹੁਕਮਰਾਨ ਅੰਦਰੋਂ ਬੁਰੀ ਤਰ੍ਹਾਂ ਡਰੇ ਹੋਏ ਸਨ। ਉਨ੍ਹਾਂ ਦਾ ਅਸਲ ਡਰ ਇਹ ਸੀ ਕਿ ਟਰੈਕਟਰ ਪਰੇਡ ਦੀ ਕਾਮਯਾਬੀ ਨਾ ਸਿਰਫ ਸੰਘਰਸ਼ ਨੂੰ ਹੋਰ ਹੁਲਾਰਾ ਦੇਵੇਗੀ ਸਗੋਂ ਦਿੱਲੀ ਦੇ ਆਮ ਲੋਕਾਂ ਵਿਚ ਸੰਘਰਸ਼ ਨਾਲ ਹਮਦਰਦੀ ਵਧੇਗੀ। ਬਹੁਤ ਸਾਰੇ ਥਾਈਂ ਦਿੱਲੀ ਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕਰ ਕੇ ਕੀਤੇ ਗਏ ਸਵਾਗਤ ਇਸ ਸੱਚੀ ਹਮਦਰਦੀ ਦੀ ਪ੍ਰਤੱਖ ਝਲਕ ਹਨ।

26 ਜਨਵਰੀ ਤੋਂ ਲੈ ਕੇ ਆਰ.ਐਸ.ਐਸ.-ਬੀ.ਜੇ.ਪੀ. ਲਗਾਤਾਰ ਘਿਨਾਉਣੀਆਂ ਹਰਕਤਾਂ 'ਤੇ ਉਤਰੀ ਹੋਈ ਹੈ। ਆਮ ਲੋਕਾਂ ਦੇ ਨਾਂਅ ਹੇਠ ਆਪਣੇ ਤਿਰੰਗਿਆਂ ਵਾਲੇ ਗੁੰਡਾ ਗਰੋਹ ਲਿਆ ਕੇ ਮੋਰਚਿਆਂ ਉਪਰ ਹਮਲੇ ਕਰਵਾਏ ਜਾ ਰਹੇ ਹਨ। ਇਹ ਫਾਸ਼ੀਵਾਦੀ ਸੰਘੀਆਂ ਦਾ ਲੋਕ ਸੰਘਰਸ਼ਾਂ ਨੂੰ ਦਬਾਉਣ ਦਾ ਸਿੱਕੇਬੰਦ ਦਹਿਸ਼ਤਵਾਦੀ ਤਰੀਕਾ ਹੈ। ਪਿਛਲੇ ਸਾਲਾਂ ਵਿਚ ਜੇ.ਐਨ.ਯੂ., ਜਾਮੀਆ ਮਿਲੀਆ ਇਸਲਾਮੀਆ, ਬਨਾਰਸ ਹਿੰਦੂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ਾਂ ਅਤੇ ਸ਼ਾਹੀਨ ਬਾਗ਼ ਦੇ ਮੋਰਚਿਆਂ ਨੂੰ ਤੋੜਨ ਲਈ ਇਸੇ ਤਰ੍ਹਾਂ ਪਹਿਲਾਂ ਸੜਕਾਂ ਜਾਮ ਰਹਿਣ ਕਾਰਨ ਆਮ ਲੋਕਾਂ ਨੂੰ ਮੁਸ਼ਕਿਲ ਆਉਣ ਦਾ ਹੋ-ਹੱਲਾ ਮਚਾਇਆ ਗਿਆ, ਆਰ.ਐਸ.ਐਸ. ਦੀਆਂ ਜਥੇਬੰਦੀਆਂ ਵੱਲੋਂ ਪੁਲਿਸ ਨੂੰ ਜਾਮ ਖੁੱਲ੍ਹਵਾਉਣ ਦੇ ਭੜਕਾਊ ਅਲਟੀਮੇਟਮ ਦਿੱਤੇ ਗਏ ਅਤੇ ਫਿਰ ਹਥਿਆਰਾਂ ਨਾਲ ਲੈਸ ਗੁੰਡਾ ਗਰੋਹ ਅਤੇ ਪੁਲਿਸ ਦੀ ਥੋਕ ਨਫਰੀ ਭੇਜ ਕੇ ਖੂਨੀ ਹਮਲੇ ਕੀਤੇ ਗਏ। ਇਸੇ ਨਮੂਨੇ 'ਤੇ ਹੁਣ ਗਾਜ਼ੀਪੁਰ, ਸਿੰਘੂ ਅਤੇ ਟੀਕਰੀ ਹੱਦਾਂ ਉਪਰ ਜੁੜੇ ਸੰਘਰਸ਼ਸ਼ੀਲ ਇਕੱਠਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਗਾਜ਼ੀਪੁਰ ਹੱਦ ਉਪਰ ਪੁਲਿਸ ਅਤੇ ਸੰਘ ਬ੍ਰਿਗੇਡ ਦੇ ਸਾਂਝੇ ਹਮਲੇ ਨੂੰ ਰਾਕੇਸ਼ ਟਕੈਤ ਦੀ ਅਗਵਾਈ 'ਚ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਨੇ ਨਾਕਾਮ ਬਣਾ ਦਿੱਤਾ। ਰਾਕੇਸ਼ ਟਕੈਤ ਦੀ ਭਾਵੁਕ ਅਪੀਲ ਨੇ ਮੋਰਚੇ ਵਿਚ ਨਵੀਂ ਰੂਹ ਫੂਕ ਦਿੱਤੀ ਅਤੇ ਰਾਤੋ-ਰਾਤ ਦਹਿ-ਹਜ਼ਾਰਾਂ ਕਿਸਾਨ ਸੰਘਰਸ਼ ਦੀ ਹਮਾਇਤ 'ਚ ਪਹੁੰਚ ਗਏ।

ਸਿੰਘੂ ਹੱਦ ਉਪਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੋਰਚੇ ਨੂੰ ਖਤਮ ਕਰਾਉਣ ਲਈ ਵੱਡਾ ਹਮਲਾ ਕੀਤਾ ਗਿਆ। ਪੁਲਿਸ ਅਤੇ ਸੰਘ ਦੇ ਗਰੋਹਾਂ ਨੇ ਪੈਟਰੋਲ ਬੰਬ ਅਤੇ ਹੋਰ ਘਾਤਕ ਹਥਿਆਰਾਂ ਦੀ ਸ਼ਰੇਆਮ ਵਰਤੋਂ ਕੀਤੀ। ਹਾਜ਼ਰ ਲੋਕਾਂ ਨੇ ਸ਼ਾਂਤਮਈ ਵਿਰੋਧ ਨਾਲ ਇਸ ਨੂੰ ਪਛਾੜਿਆ। ਮੀਡੀਆ ਕੈਮਰਿਆਂ ਦੇ ਬਾਵਜੂਦ ਪੁਲਿਸ ਅਤੇ ਸੰਘ ਦੇ ਗੁੰਡਿਆਂ ਵੱਲੋਂ ਆਮ ਨਿਹੱਥੇ ਕਿਸਾਨਾਂ ਨੂੰ ਬੇਕਿਰਕੀ ਨਾਲ ਕੁੱਟ-ਕੁੱਟ ਕੇ ਲਹੂ-ਲੁਹਾਣ ਕਰ ਦਿੱਤਾ ਗਿਆ। ਔਰਤਾਂ ਦੇ ਰੈਣ-ਬਸੇਰੇ ਤੋੜ ਦਿੱਤੇ ਗਏ। ਬਹੁਤ ਸਾਰੇ ਲੋਕਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਬਹੁਤ ਸਾਰੇ ਨੌਜਵਾਨ ਲਾਪਤਾ ਹਨ। ਕਈਆਂ ਨੂੰ ਪੁਲਿਸ ਨੇ ਸੜਕਾਂ ਤੋਂ ਚੁੱਕ ਕੇ ਝੂਠੇ ਕੇਸ ਪਾ ਕੇ ਜੇਲ੍ਹ ਵਿਚ ਡੱਕ ਦਿੱਤਾ ਹੈ। ਯੂ.ਏ.ਪੀ.ਏ. ਤਹਿਤ ਪਰਚੇ ਦਰਜ ਕਰਨ ਦੀਆਂ ਰਿਪੋਰਟਾਂ ਆ ਰਹੀਆਂ ਹਨ। ਦੋ ਪ੍ਰਤੀਬੱਧ ਪੱਤਰਕਾਰਾਂ ਮਨਦੀਪ ਪੂਨੀਆ ਅਤੇ ਧਰਮਿੰਦਰ ਸਿੰਘ ਨੂੰ ਵੀ ਪੁਲਿਸ ਨੇ 30 ਜਨਵਰੀ ਦੀ ਸ਼ਾਮ ਨੂੰ ਗ੍ਰਿਫਤਾਰ ਕਰ ਲਿਆ ਜੋ ਸਿੰਘੂ ਵਿਖੇ ਸਰਕਾਰੀ ਦਹਿਸ਼ਤਵਾਦੀ ਹਮਲੇ ਦੀ ਰਿਪੋਰਟਿੰਗ ਕਰ ਰਹੇ ਸਨ। ਇਹ 'ਦੁਨੀਆ ਦਾ ਸਭ ਤੋਂ ਬੜਾ ਲੋਕਤੰਤਰ' ਕਹਾਉਣ ਵਾਲੇ ਸਟੇਟ ਦਾ ਖੂਨੀ ਚਿਹਰਾ ਹੈ, ਜਿੱਥੇ ਦਹਿਸ਼ਤਵਾਦੀ ਗੁੰਡੇ ਅਤੇ ਕਾਤਲ ਰਾਜ ਮਸ਼ੀਨਰੀ ਦੀ ਸੁਰੱਖਿਆ ਛੱਤਰੀ ਹੇਠ ਤਿਰੰਗੇ ਝੰਡੇ ਦੀ ਓਟ ਲੈ ਕੇ ਨਿਹੱਥੇ ਪੁਰਅਮਨ ਲੋਕਾਂ ਉਪਰ ਖੂਨੀ ਹਮਲੇ ਕਰਨ ਲਈ ਨਾ ਸਿਰਫ ਆਜ਼ਾਦ ਹਨ ਸਗੋਂ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਬਣਾਈ ਪੁਲਿਸ ਉਨ੍ਹਾਂ ਨਾਲ ਮਿਲ ਕੇ ਸੱਤਾ ਦੇ ਏਜੰਡੇ ਅਨੁਸਾਰ ਹਿੰਸਕ ਹਮਲਿਆਂ ਨੂੰ ਬੇਖੌਫ ਹੋ ਕੇ ਅੰਜਾਮ ਦਿੰਦੀ ਹੈ। ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਨਿਆਂਪਸੰਦ ਅਨੁਸ਼ਾਸਿਤ ਲੋਕਾਂ ਨੂੰ ਹਿੰਸਕ ਦੱਸ ਕੇ ਭੰਡਿਆ ਜਾ ਰਿਹਾ ਹੈ ਜਦਕਿ ਪੁਲਿਸ ਨਾਲ ਮਿਲ ਕੇ ਖੁੱਲ੍ਹੇਆਮ ਕਾਨੂੰਨ ਨੂੰ ਹੱਥ ਵਿਚ ਲੈਣ ਵਾਲੇ ਦਹਿਸ਼ਤੀ ਗਰੋਹ ਤਿਰੰਗੇ ਚੁੱਕ ਕੇ ਅਮਨ-ਕਾਨੂੰਨ ਅਤੇ ਦੇਸ਼ਭਗਤੀ ਦੇ ਠੇਕੇਦਾਰ ਬਣੇ ਹੋਏ ਹਨ। ਰਾਜ ਢਾਂਚਾ ਪੂਰੀ ਤਰ੍ਹਾਂ ਲੋਕ ਦੁਸ਼ਮਣ ਚਿਹਰਾ ਦਿਖਾ ਰਿਹਾ ਹੈ। ਪੁਲਿਸ-ਫੌਜ ਅਤੇ ਨਿਆਂ ਪ੍ਰਣਾਲੀ ਸਮੇਤ ਹਰ ਸੰਸਥਾ ਉਪਰ ਆਰ.ਐਸ.ਐਸ. ਦਾ ਕੰਟਰੋਲ ਹੈ ਅਤੇ ਇਹ ਰਾਜ ਢਾਂਚੇ ਨੂੰ ਆਪਣੇ ਏਜੰਡੇ ਅਨੁਸਾਰ ਵਰਤ ਰਹੇ ਹਨ। ਜਾਂਚ ਵਿਚ ਯੂ.ਏ.ਪੀ.ਏ. ਅਤੇ ਰਾਜਧ੍ਰੋਹ ਵਰਗੇ ਕਾਲੇ ਕਾਨੂੰਨ ਜੋੜ ਦਿੱਤੇ ਗਏ ਹਨ ਤਾਂ ਜੁ ਸੰਘਰਸ਼ਸ਼ੀਲਾਂ ਨੂੰ ਵੱਧ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਸਾੜਿਆ ਜਾ ਸਕੇ।

ਸਰਕਾਰੀ ਅਤੇ ਭਗਵਾਂ ਦਹਿਸ਼ਤਵਾਦ ਸਿਰਫ ਜਿਸਮਾਨੀ ਹਮਲਿਆਂ ਤੱਕ ਸੀਮਤ ਨਹੀਂ ਹੈ। ਗਾਜ਼ੀਪੁਰ ਮੋਰਚੇ ਦੀ ਬਿਜਲੀ ਅਤੇ ਪਾਣੀ ਦੀ ਸਪਲਾਈ ਵੀ ਬੰਦ ਕਰ ਦਿੱਤੀ ਗਈ ਹੈ, ਸਿੰਘੂ-ਗਾਜ਼ੀਪੁਰ ਅਤੇ ਟੀਕਰੀ ਵਿਚ ਇੰਟਰਨੈੱਟ ਸੇਵਾਵਾਂ ਬੰਦ ਕਰ ਕੇ ਲੋਕਾਂ ਦਾ ਸੰਚਾਰ ਦਾ ਮੁੱਢਲਾ ਹੱਕ ਵੀ ਖੋਹ ਲਿਆ ਗਿਆ ਹੈ। ਹਰਿਆਣਾ ਸਰਕਾਰ ਵੱਲੋਂ 18 ਜ਼ਿਲ੍ਹਿਆਂ ਵਿਚ ਇੰਟਰਨੈੱਟ ਅਤੇ ਐਸ.ਐਮ.ਐਸ. ਸੇਵਾਵਾਂ ਬੰਦ ਕੀਤੀਆਂ ਗਈਆਂ ਹਨ।

ਕਾਰਪੋਰੇਟ-ਹਿੰਦੂਤਵਵਾਦੀ ਨਿਜ਼ਾਮ ਵੱਲੋਂ ਲੋਕ ਮਾਰੂ ਨੀਤੀਆਂ ਦੇ ਰੂਪ ਵਿਚ ਜਿੰਨਾ ਖਤਰਨਾਕ ਹਮਲਾ ਵਿੱਢਿਆ ਗਿਆ ਹੈ, ਤਸੱਲੀ ਵਾਲੀ ਗੱਲ ਇਹ ਹੈ ਕਿ ਅਵਾਮ ਨੇ ਇਸ ਖਤਰੇ ਨੂੰ ਸਮਝ ਲਿਆ ਹੈ। ਇਹੀ ਵਜ੍ਹਾ ਹੈ ਕਿ ਗਾਜ਼ੀਪੁਰ ਅਤੇ ਸਿੰਘੂ ਮੋਰਚਿਆਂ ਉਪਰ ਖੂਨੀ ਹਮਲਿਆਂ ਨਾਲ ਲੋਕ ਭੈਭੀਤ ਨਹੀਂ ਹੋਏ, ਇਸ ਨੇ ਉਨ੍ਹਾਂ ਦੇ ਇਰਾਦੇ ਹੋਰ ਮਜ਼ਬੂਤ ਕਰ ਦਿੱਤੇ ਹਨ। ਉਨ੍ਹਾਂ ਦੀ ਜ਼ਮੀਰ ਝੰਜੋੜੀ ਗਈ। ਘਰਾਂ ਨੂੰ ਪਰਤ ਰਹੀਆਂ ਟਰਾਲੀਆਂ ਵੀ ਮੁੜ ਦਿੱਲੀ ਜਾਣੀਆਂ ਸ਼ੁਰੂ ਹੋ ਗਈਆਂ ਹਨ। ਪਿੰਡਾਂ ਵਿਚ ਨਵੇਂ ਜੋਸ਼ ਨਾਲ ਮਤੇ ਪਾ ਕੇ ਦਿੱਲੀ ਵਿਚ ਡੱਟੇ ਕਾਫਲਿਆਂ ਵਿਚ ਸ਼ਾਮਲ ਹੋਣ ਦੇ ਐਲਾਨ ਹੋ ਰਹੇ ਹਨ। ਸਹਿਜੇ-ਸਹਿਜੇ ਪਛਾੜ ਦਾ ਆਮ ਲੋਕਾਂ ਉਪਰ ਨਾਂਹਪੱਖੀ ਅਸਰ ਖਤਮ ਹੋ ਰਿਹਾ ਹੈ, ਜੂਝ ਮਰਨ ਦਾ ਚਾਅ ਮੁੜ ਅੰਗੜਾਈ ਲੈ ਰਿਹਾ ਹੈ।

ਇੰਟਰਨੈੱਟ ਬੰਦ ਹੋਣ ਕਾਰਨ ਗੋਦੀ ਮੀਡੀਆ ਦੇ ਸੰਘਰਸ਼ ਨੂੰ ਬਦਨਾਮ ਕਰਨ ਦੇ ਕੂੜ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਵਾਰ-ਵਾਰ ਵਿਸ਼ੇਸ਼ ਪ੍ਰਚਾਰ ਮੁਹਿੰਮਾਂ ਚਲਾਉਣ ਦੀ ਜ਼ਰੂਰਤ ਹੈ। ਸੰਘਰਸ਼ ਨੂੰ ਬਦਨਾਮ ਕਰਨ ਵਾਲੇ ਸਿਰਫ ਵਾਪਸ ਮੁੜ ਰਹੇ ਟਰੈਕਟਰ ਦਿਖਾ ਰਿਹਾ ਹਨ, ਜਦ ਕਿ ਸੱਜਰੇ ਉਤਸ਼ਾਹ ਨਾਲ ਦਿੱਲੀ ਨੂੰ ਜਾ ਰਹੇ ਕਾਫਲਿਆਂ ਦੀ ਤਸਵੀਰ ਬਾਰੇ ਇਹ ਪੂਰੀ ਤਰ੍ਹਾਂ ਖਾਮੋਸ਼ ਹੈ। ਸੰਘਰਸ਼ ਦੀ ਅਸਲ ਤਸਵੀਰ ਆਮ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ। ਲੋਕ ਧਿਰ ਨੂੰ ਸੱਤਾ ਦੇ ਮੁਕਾਬਲੇ ਆਪਣਾ ਆਈ.ਟੀ. ਸੈੱਲ ਮਜ਼ਬੂਤ ਕਰ ਕੇ ਸਰਕਾਰੀ ਹੱਥਠੋਕਾ ਮੀਡੀਆ ਦੀਆਂ ਚਾਲਾਂ ਨੂੰ ਨਾਕਾਮ ਬਣਾਉਣਾ ਚਾਹੀਦਾ ਹੈ।

ਇਹ ਸੰਘਰਸ਼ ਦਾ ਬਹੁਤ ਹੀ ਨਾਜ਼ੁਕ ਅਤੇ ਬੇਹੱਦ ਅਹਿਮ ਪੜਾਅ ਹੈ। ਜਾਗਰੂਕ ਨੌਜਵਾਨ ਅਕਸਰ ਕਹਿੰਦੇ ਦੇਖੇ ਜਾ ਸਕਦੇ ਹਨ ਕਿ ਪਹਿਲਾਂ ਤਾਂ ਸੰਘਰਸ਼ ਮੇਲੇ ਵਰਗਾ ਸੀ, ਅਸਲ ਸੰਘਰਸ਼ ਤਾਂ ਹੁਣ ਸ਼ੁਰੂ ਹੋਇਆ ਹੈ। ਵਿਆਪਕ ਲੋਕ ਵਿਰੋਧ ਦੇ ਮੱਦੇਨਜ਼ਰ ਭਗਵੇਂ ਹੁਕਮਰਾਨ ਇਕ ਵਾਰ ਪਿੱਛੇ ਜ਼ਰੂਰ ਧੱਕੇ ਗਏ ਹਨ। ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਘਿਨਾਉਣੇ ਅਤੇ ਵਧੇਰੇ ਖਤਰਨਾਕ ਹਮਲਿਆਂ ਦਾ ਖਤਰਾ ਮੰਡਰਾ ਰਿਹਾ ਹੈ।

ਹੁਣ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਸੰਘਰਸ਼ ਦੇ 'ਗੱਦਾਰਾਂ' ਨੂੰ ਭੰਡਣ ਦੀ ਸਵੈ-ਸੰਤੁਸ਼ਟੀ ਦੀ ਬਜਾਏ ਸੰਘਰਸ਼ ਨੂੰ ਹੋਰ ਟਿਕਾਊ ਅਤੇ ਪ੍ਰਭਾਵਸ਼ਾਲੀ ਬਣਾਉਣ ਉਪਰ ਆਪਣੀ ਤਾਕਤ ਕੇਂਦਰਤ ਕਰਨੀ ਚਾਹੀਦੀ ਹੈ ਤਾਂ ਜੋ ਹੈਂਕੜਬਾਜ਼ ਸਰਕਾਰ ਉਪਰ ਸੰਘਰਸ਼ ਦਾ ਦਬਾਓ ਐਨਾ ਵਧਾਇਆ ਜਾ ਸਕੇ ਕਿ ਇਹ ਝੁਕਣ ਲਈ ਮਜਬੂਰ ਹੋ ਜਾਵੇ। ਸਟੇਟ ਦੇ ਢਾਂਚੇ ਨੂੰ ਸਿਰਫ ਵਿਸ਼ਾਲ ਲੋਕ ਰਾਇ ਦੇ ਦਬਾਓ ਨਾਲ ਹੀ ਜਵਾਬਦੇਹ ਬਣਾਇਆ ਜਾ ਸਕਦਾ ਹੈ ਅਤੇ ਇਸ ਦੇ ਖੂਨੀ ਹੱਥਾਂ ਨੂੰ ਰੋਕਿਆ ਜਾ ਸਕਦਾ ਹੈ। ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਅਤੇ ਬੇਕਸੂਰਾਂ ਉਪਰ ਤਸ਼ੱਦਦ ਦਾ ਵਿਰੋਧ ਇਕ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ। ਸੰਘਰਸ਼ ਦੇ ਮੋਹਰੀ ਆਗੂਆਂ ਨੂੰ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ।







ਟਰੈਕਟਰ ਮਾਰਚ ਦਾ ਅੰਬਰੀ ਨਜ਼ਾਰਾ, (ਵਿਚਕਾਰ) ਕਿਸਾਨ ਘੋਲ ਨੂੰ ਖਦੇੜਨ ਲਈ ਪਥਰਾਓ ਕਰ ਰਹੇ ਸਰਕਾਰ ਦੇ ਭਾੜੇ ਦੇ ਲੋਕ ਅਤੇ (ਐਨ ਸੱਜੇ) ਸਿੰਘੂ ਬਾਰਡਰ 'ਤੇ ਤਾਇਨਾਤ ਕੀਤੇ ਸੁਰੱਖਿਆ ਬਲ।

# 26 ਜਨਵਰੀ ਨੂੰ ਹੋਇਆ-ਵਾਪਰਿਆ ਤੇ ਇਸ ਪਿੱਛੋਂ ਦੇ ਪ੍ਰਭਾਵ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਸਰਕਾਰ ਦੇ ਨਵੇਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨੇ ਜਦੋਂ ਇਹ ਐਲਾਨ ਕੀਤਾ ਸੀ ਕਿ ਉਹ ਛੱਬੀ ਜਨਵਰੀ ਨੂੰ ਦਿੱਲੀ ਵਿਚ ਗਣਤੰਤਰ ਦਿਵਸ ਪਰੇਡ ਦੇ ਮੁਕਾਬਲੇ ਕਿਸਾਨ ਗਣਤੰਤਰ ਦਿਵਸ ਪਰੇਡ ਕਰਨਗੀਆਂ ਤਾਂ ਮੈਨੂੰ ਇਹ ਠੀਕ ਨਹੀਂ ਸੀ ਲੱਗਾ। ਜਿਹੜੇ ਕੁਝ ਲੋਕ ਇਨ੍ਹਾਂ ਦਿਨਾਂ ਵਿਚ ਮਿਲੇ ਤੇ ਉਨ੍ਹਾਂ ਨਾਲ ਇਸ ਬਾਰੇ ਗੱਲ ਹੋਈ, ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਕਿਸਾਨਾਂ ਨੇ ਇਹ ਗਣਤੰਤਰ ਟਰੈਕਟਰ ਪਰੇਡ ਦਾ ਮਨ ਬਣਾ ਹੀ ਲਿਆ ਹੈ ਤਾਂ ਇੱਕ ਦਿਨ ਪਹਿਲਾਂ ਜਾਂ ਇੱਕ ਦਿਨ ਪਿੱਛੋਂ ਕਰ ਲੈਣ, ਵਰਨਾ ਸਰਕਾਰ ਇਸ ਨੂੰ ਗਣਤੰਤਰ ਦਿਵਸ ਦੇ ਵਿਰੋਧ ਦਾ ਮੁੱਦਾ ਬਣਾ ਕੇ ਭੰਡੀ-ਪ੍ਰਚਾਰ ਕਰਨ ਦੀ ਨਵੀਂ ਮੁਹਿੰਮ ਸ਼ੁਰੂ ਕਰ ਦੇਵੇਗੀ। ਉਨ੍ਹਾਂ ਦੀ ਰਾਏ ਵਿਚ ਇਹ ਮੇਰਾ ਫੋਕਾ ਵਹਿਮ ਸੀ ਅਤੇ ਜੇ ਇਹ ਵਹਿਮ ਹੀ ਸਾਬਤ ਹੋਇਆ ਹੁੰਦਾ ਤਾਂ ਚੰਗਾ ਹੁੰਦਾ, ਪਰ ਜਿੱਦਾਂ ਦੇ ਹਾਲਾਤ ਉਸ ਦਿਨ ਬਣ ਗਏ, ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਇਸ ਪਰੇਡ ਲਈ ਗਣਤੰਤਰ ਦਿਵਸ ਦਾ ਮੌਕਾ ਚੁਣਨਾ ਗਲਤ ਸੀ। ਨਤੀਜੇ ਵਜੋਂ ਜੋ ਕੁਝ ਵੀ ਹੋਇਆ, ਉਹ ਚੰਗਾ ਨਹੀਂ ਕਿਹਾ ਜਾ ਸਕਦਾ। ਕਿਸਾਨ ਆਗੂ ਬੇਵੱਸ ਹੋ ਗਏ, ਉਨ੍ਹਾਂ ਦੇ ਵਿਰੋਧੀ ਇਸ ਤਰ੍ਹਾਂ ਦੀ ਚੁਸਤ ਚਾਲ ਚੱਲਣ ਵਿਚ ਕਾਮਯਾਬ ਹੋ ਗਏ, ਜਿਸ ਬਾਰੇ ਕਿਸੇ ਆਗੂ ਨੇ ਉਦੋਂ ਸੋਚਿਆ ਤੱਕ ਨਹੀਂ ਸੀ।

ਸਾਡੇ ਲੋਕ ਚੜ੍ਹਦੀ ਸੁਰ ਵਿਚ ਬੋਲ ਰਹੇ ਬੰਦਿਆਂ ਦੀ ਗੱਲ ਵੱਧ ਸੁਣਦੇ ਹਨ। ਕੋਈ ਆਗੂ ਇਹ ਕਹੇ ਕਿ ਫਸਲ ਦਾ ਦੋ ਹਜ਼ਾਰ ਰੁਪਏ ਦੀ ਥਾਂ ਢਾਈ ਹਜ਼ਾਰ ਰੁਪਏ ਕੁਇੰਟਲ ਦਾ ਭਾਅ ਚਾਹੀਦਾ ਹੈ, ਲੋਕ ਸਹਿਮਤ ਹੁੰਦੇ ਹਨ। ਦੂਸਰਾ ਇਸ ਦੇ ਅੱਗੇ ਵਧ ਕੇ ਕਹੇ ਕਿ ਢਾਈ ਹਜ਼ਾਰ ਕੀ ਹੁੰਦਾ ਹੈ, ਸਾਨੂੰ ਤਿੰਨ ਹਜ਼ਾਰ ਤੋਂ ਘੱਟ ਪੁੱਗਦਾ ਨਹੀਂ ਤਾਂ ਪਹਿਲੇ ਦੀ ਗੱਲ ਵਿਸਾਰ ਕੇ ਲੋਕ ਦੂਸਰੇ ਦੀ ਸੁਣਦੇ ਹਨ ਤੇ ਜੇ ਤੀਜਾ ਆਖੇ ਕਿ ਤਿੰਨ ਤਾਂ ਕੁਝ ਵੀ ਨਹੀਂ, ਚਾਰ ਹਜ਼ਾਰ ਤੋਂ ਘੱਟ ਸਰਕਾਰ ਕਹੇਗੀ ਤਾਂ ਅਸੀਂ ਹਨੇਰੀਆਂ ਲਿਆ ਦਿਆਂਗੇ; ਫਿਰ ਪਹਿਲੇ ਦੋਵਾਂ ਦੀ ਥਾਂ ਤੀਸਰਾ ਵੱਡਾ ਆਗੂ ਬਣ ਜਾਂਦਾ ਹੈ।

ਟਰੈਕਟਰ ਪਰੇਡ ਦੇ ਲਈ ਸੱਦਾ ਕਿਸਾਨਾਂ ਦੀ ਉਸ ਲੀਡਰਸ਼ਿਪ ਨੇ ਦਿੱਤਾ ਸੀ, ਜਿਹੜੀ ਪੰਜਾਬ ਵਿਚ ਕਈ ਹਫਤੇ ਸ਼ਾਂਤਮਈ ਸੰਘਰਸ਼ ਚਲਾ ਕੇ ਫਿਰ ਦਿੱਲੀ ਵਾਲੇ ਰਾਹ ਪਈ ਸੀ ਤੇ ਜਿਸ ਨੇ ਦਿੱਲੀ ਬਾਰਡਰਾਂ ਉੱਤੇ ਵੀ ਇਸ ਨੂੰ ਸ਼ਾਂਤਮਈ ਰੱਖਿਆ ਸੀ। ਫਿਰ ਇਸ ਦੀ ਸਟੇਜ ਤੋਂ ਉਹ ਲੋਕ ਬੋਲਣ ਲੱਗ ਪਏ, ਜਿਹੜੇ ਪਹਿਲਾਂ ਮੱਠੀ ਸੁਰ ਵਿਚ ਸ਼ਾਂਤੀ ਦੀਆਂ ਗੱਲਾਂ ਰੱਦ ਕਰ ਕੇ ਸਰਕਾਰਾਂ ਨਾਲ ਸਿੱਝ ਲੈਣ ਦੀਆਂ ਗੱਲਾਂ ਕਰਦੇ ਸਨ ਤੇ ਫਿਰ ਸ਼ਾਂਤਮਈ ਰਾਹ ਵਾਲੇ ਸੁਲਝੇ ਹੋਏ ਲੀਡਰਾਂ ਦੇ ਖਿਲਾਫ ਲੋਕਾਂ ਨੂੰ ਉਕਸਾਉਣ ਤੇ ਸਰਕਾਰ ਨਾਲ ਦੋ ਹੱਥ ਕਰਨ ਦੀਆਂ ਗੱਲਾਂ ਕਰਨ ਲੱਗ ਪਏ। ਛੱਬੀ ਜਨਵਰੀ ਨੂੰ ਟਰੈਕਟਰ ਪਰੇਡ ਕਰਨੀ ਸੀ ਤੇ ਪੰਝੀ ਜਨਵਰੀ ਦੀ ਰਾਤ ਉਨ੍ਹਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਉੱਤੇ ਕਬਜ਼ਾ ਕਰ ਕੇ ਕਈ ਦਹਾਕਿਆਂ ਦੀ ਪਰਖੀ ਹੋਈ ਲੀਡਰਸ਼ਿਪ ਨੂੰ ਮੰਦਾ-ਚੰਗਾ ਬੋਲਿਆ ਤੇ ਅਗਲੇ ਦਿਨ ਆਪਣੀ ਮਰਜ਼ੀ ਮੁਤਾਬਕ ਚੱਲਣ ਦਾ ਸੱਦਾ ਦੇ ਦਿੱਤਾ। ਕਿਸਾਨਾਂ ਦੇ ਕਈ-ਕਈ ਦਹਾਕਿਆਂ ਤੋਂ ਅਗਵਾਈ ਕਰਦੇ ਆਏ ਆਗੂ ਪਿੱਛੇ ਰਹਿ ਗਏ ਅਤੇ ਤੱਤੀਆਂ ਸੁਰਾਂ ਵਾਲਿਆਂ ਨੇ ਅਗਲੇ ਦਿਨ ਭੀੜ ਭੜਕਾ ਕੇ ਲਾਲ ਕਿਲੇ ਤੱਕ ਪੁਚਾ ਦਿੱਤੀ, ਜਿਸ ਨਾਲ ਅਸਲ ਮੁੱਦਾ ਪਿੱਛੇ ਰਹਿ ਗਿਆ ਤੇ ਭਾਰਤ ਦੇ ਤਿਰੰਗੇ ਝੰਡੇ ਦੇ ਸਨਮਾਨ ਦਾ ਮੁੱਦਾ ਕੌਮੀ ਮੀਡੀਏ ਵੱਲੋਂ ਪ੍ਰਚਾਰਨ ਦਾ ਕੰਮ ਸ਼ੁਰੂ ਹੋ ਗਿਆ। ਕਿਸਾਨ ਸੰਘਰਸ਼ ਨੂੰ ਇਸ ਨਾਲ ਢਾਹ ਲੱਗੀ, ਝਟਕਾ ਲੱਗਾ, ਪਰ ਪਰਖੇ ਹੋਏ ਲੀਡਰਾਂ ਨੇ ਫਿਰ ਵੀ ਹੱਠ ਨਹੀਂ ਛੱਡਿਆ, ਉਹ ਮੋਰਚੇ ਉੱਤੇ ਕਾਇਮ ਰਹੇ।



ਛੱਬੀ ਜਨਵਰੀ ਦੀ ਘਟਨਾ ਦੇ ਬਾਅਦ ਸਰਕਾਰ ਪੱਖੀ ਮੀਡੀਏ ਨੇ ਕੌਮੀ ਝੰਡੇ ਦੇ ਸਨਮਾਨ ਦਾ ਮੁੱਦਾ ਬਣਾ ਕੇ ਪੇਸ਼ ਕੀਤਾ ਤਾਂ ਉਹ ਇੱਕਲੇ ਨਹੀਂ, ਸਾਰੇ ਭਾਰਤ ਦੇ ਲੋਕ ਤਿਰੰਗੇ ਦੀ ਇੱਜ਼ਤ ਕਰਦੇ ਹਨ, ਪਰ ਸਵਾਲ ਵੱਡਾ ਇਹ ਹੈ ਕਿ ਇਸ ਦਾ ਸਵਾਲ ਦੂਸਰਿਆਂ ਨੂੰ ਪੁੱਛਣ ਵਾਲੇ ਲੋਕ ਆਪਣੀ ਪੀੜ੍ਹੀ ਹੇਠ ਸੋਟਾ ਕਿਉਂ ਨਹੀਂ ਮਾਰਦੇ? ਕੇਂਦਰ ਸਰਕਾਰ ਚਲਾ ਰਹੀ ਪਾਰਟੀ ਜਿਸ ਆਰ. ਐੱਸ. ਐੱਸ. ਦੀ ਸ਼ਾਖਾ ਮੰਨੀ ਜਾਂਦੀ ਹੈ, ਉਸ ਦੇ ਹੈੱਡ ਕੁਆਰਟਰ ਵਿਚ ਆਜ਼ਾਦੀ ਪਿੱਛੋਂ ਬਵੰਜਾ ਸਾਲਾਂ ਤੱਕ ਇਸ ਦੇਸ਼ ਦਾ ਤਿਰੰਗਾ ਝੰਡਾ ਨਹੀਂ ਸੀ ਝੁਲਾਇਆ ਗਿਆ। ਮੱਧ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਨੇ ਇੱਕ ਸਰਕਾਰੀ ਸਮਾਗਮ ਵਿਚ ਦੇਸ਼ ਦੇ ਝੰਡੇ ਦੀ ਥਾਂ ਭਾਜਪਾ ਦਾ ਝੰਡਾ ਲਹਿਰਾ ਕੇ ਰਾਸ਼ਟਰੀ ਗੀਤ ਗਾਉਣ ਵਾਲਾ ਕੰਮ ਕਰਵਾ ਦਿੱਤਾ ਸੀ, ਪਰ ਕਿਸੇ ਨੂੰ ਇਸ ਵਿਚ ਕੌਮੀ ਝੰਡੇ ਦਾ ਅਪਮਾਨ ਨਹੀਂ ਸੀ ਦਿੱਸਿਆ। ਇੰਟਰਨੈੱਟ ਉੱਤੇ ਉਹ ਵੀਡੀਓ ਮਿਲ ਜਾਂਦੀ ਹੈ, ਜਦੋਂ ਉੱਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਦੀ ਰੈਲੀ 'ਚ ਇੱਕੋ ਡੰਡੇ 'ਤੇ ਦੋ ਝੰਡੇ ਲੱਗੇ ਹੋਏ ਸਨ ਅਤੇ ਅਗਲੀ ਗੱਲ ਇਹ ਕਿ ਭਾਜਪਾ ਦਾ ਝੰਡਾ ਉੱਪਰ ਤੇ ਕੌਮੀ ਝੰਡਾ ਉਸੇ ਡੰਡੇ ਨਾਲ ਹੇਠਾਂ ਲਾਇਆ ਗਿਆ, ਪਰ ਇਸ 'ਚ ਕੌਮੀ ਝੰਡੇ ਦਾ ਅਪਮਾਨ ਹੁੰਦਾ ਕਿਸੇ ਨੂੰ ਨਹੀਂ ਸੀ ਦਿੱਸਿਆ। ਕਿਸਾਨਾਂ ਦੇ ਸੰਘਰਸ਼ ਦੇ ਦੌਰਾਨ ਕੁਝ ਆਪਹੁਦਰੇ ਲੋਕਾਂ ਨੇ ਜਾ ਕੇ ਲਾਲ ਕਿਲੇ ਉੱਤੇ ਸਿੱਖ ਪੰਥ ਵਾਲਾ ਝੰਡਾ ਟੰਗ ਦਿੱਤਾ ਤਾਂ ਇਸ ਨਾਲ ਕੌਮੀ ਝੰਡੇ ਤਿਰੰਗੇ ਦੇ ਅਪਮਾਨ ਦਾ ਮੁੱਦਾ ਬਣਾ ਕੇ ਬਾਕੀ ਅਸਲ ਮੁੱਦਿਆਂ ਨੂੰ ਪਿੱਛੇ ਪਾਉਣ ਵਾਸਤੇ ਸਾਰਾ ਟਿੱਲ ਲਾਇਆ ਜਾ ਰਿਹਾ ਹੈ।

ਇਸ ਦੌਰਾਨ ਇੱਕ ਮੁੱਦਾ ਉਸ ਦਿਨ ਲਾਲ ਕਿਲੇ ਉੱਤੇ ਲਾਏ ਗਏ ਸਿੱਖੀ ਦੇ ਧਾਰਮਿਕ ਝੰਡੇ ਦਾ ਵੀ ਬਣਾਇਆ ਜਾ ਰਿਹਾ ਹੈ ਤੇ ਇਸ ਨੂੰ ਸਿੱਖਾਂ ਦਾ ਝੰਡਾ ਕਹਿਣ ਦੀ ਥਾਂ ਖਾਲਿਸਤਾਨੀ ਝੰਡਾ ਦੱਸਿਆ ਜਾ ਰਿਹਾ ਹੈ। ਇਹ ਝੰਡਾ ਖਾਲਿਸਤਾਨੀ ਤਾਂ ਹੈ ਹੀ ਨਹੀਂ, ਉਨ੍ਹਾਂ ਦੇ ਝੰਡੇ ਉੱਤੇ ਨਿਸ਼ਾਨ ਸਿੱਖੀ ਦੇ ਧਾਰਮਿਕ ਨਿਸ਼ਾਨ ਦੇ ਨਾਲ ਖਾਲਿਸਤਾਨ ਲਿਖਿਆ ਹੁੰਦਾ ਹੈ ਅਤੇ ਜਿਹੜਾ ਝੰਡਾ ਲਾਲ ਕਿਲੇ ਉੱਤੇ ਲਾਇਆ ਗਿਆ, ਉਸ ਉੱਤੇ ਇਹੋ ਜਿਹਾ ਕੋਈ ਲਫਜ਼ ਨਹੀਂ ਸੀ ਛਪਿਆ। ਜਿਸ ਝੰਡੇ ਨੂੰ ਕੌਮੀ ਮੀਡੀਏ ਦਾ ਸਰਕਾਰ ਪੱਖੀ ਹਿੱਸਾ ਨਫਰਤ ਨਾਲ ਪੇਸ਼ ਕਰਦਾ ਹੈ, ਉਸ ਉੱਤੇ ਛਪੇ ਸਿੱਖੀ ਨਿਸ਼ਾਨ ਵਾਲੇ ਝੰਡੇ ਕੁਝ ਸਾਲ ਪਹਿਲਾਂ ਲਾਲ ਕਿਲੇ ਦੇ ਸਾਹਮਣੇ ਵਾਲੇ ਮੈਦਾਨ ਵਿਚ ਉਦੋਂ ਵੀ ਝੁਲਾਏ ਗਏ ਸਨ, ਜਦੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਖਾਲਸੇ ਦਾ ਫਤਹਿ ਦਿਵਸ ਮਨਾਇਆ ਸੀ। ਉਸ ਸਮਾਗਮ ਵਿਚ ਕਈ ਭਾਜਪਾ ਆਗੂ ਵੀ ਗਏ ਸਨ। ਉਦੋਂ ਇਹ ਝੰਡਾ ਉਨ੍ਹਾਂ ਨੂੰ ਏਸੇ ਲਾਲ ਕਿਲੇ ਵਾਲੇ ਮੈਦਾਨ 'ਚ ਝੁੱਲਦਾ ਬੁਰਾ ਨਹੀਂ ਸੀ ਲੱਗਾ।

ਸਾਡੇ ਕੋਲ ਕੁਝ ਏਦਾਂ ਦੀਆਂ ਤਸਵੀਰਾਂ ਵੀ ਹਨ ਕਿ ਕਿਸੇ ਗੁਰਦੁਆਰਾ ਸਾਹਿਬ ਵਿਚ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰ ਢੱਕਣ ਲਈ ਨਿਸ਼ਾਨ ਵਾਲੇ ਰੁਮਾਲ ਦੀ ਵਰਤੋਂ ਕੀਤੀ ਸੀ ਤੇ ਸਿੱਖੀ ਦਾ ਨਿਸ਼ਾਨ ਉਨ੍ਹਾਂ ਦੇ ਮੱਥੇ ਉੱਤੇ ਸੀ, ਉਦੋਂ ਸ਼ਾਇਦ ਵੋਟਾਂ ਦੀ ਝਾਕ ਹੋਣ ਕਾਰਨ ਏਦਾਂ ਦਾ ਨਿਸ਼ਾਨ ਬੁਰਾ ਨਹੀਂ ਸੀ ਲੱਗਾ, ਪਰ ਕਿਸਾਨਾਂ ਦੇ ਵਿਰੁੱਧ ਭੰਡੀ-ਪ੍ਰਚਾਰ ਲਈ ਮੁੱਦਾ ਬਣਾ ਲਿਆ ਹੈ। ਪਿਛਲੇ ਸਾਲ ਗਲਵਾਨ ਘਾਟੀ ਵਿਚ ਚੀਨੀ ਅਤੇ ਭਾਰਤੀ ਫੌਜੀਆਂ ਦੀ ਝੜੱਪ ਦੇ ਬਾਅਦ ਉਥੇ ਬਣਾਈ ਯਾਦਗਾਰ ਉੱਤੇ ਏਸੇ ਨਿਸ਼ਾਨ ਵਾਲਾ ਝੰਡਾ ਲਾਇਆ ਗਿਆ ਸੀ, ਫੌਜ ਵਿਚ ਇਸ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਸੀ। ਇਸ ਵਾਰੀ ਕਿਸਾਨਾਂ ਨਾਲ ਵਿਰੋਧ ਦੇ ਬਹਾਨੇ ਸਿੱਖੀ ਦੇ ਨਿਸ਼ਾਨ ਦਾ ਵਿਰੋਧ ਕਰ ਕੇ ਦੇਸ਼ ਵਿਚ ਹਿੰਦੂ-ਸਿੱਖ ਦਾ ਪਾੜਾ ਪਾਉਣ ਦੀ ਖੇਡ ਖੇਡੀ ਜਾ ਰਹੀ ਲੱਗਦੀ ਹੈ।

ਅਸੀਂ ਨਿੱਜੀ ਤੌਰ ਉੱਤੇ ਸਪੱਸ਼ਟ ਕਰ ਦੇਈਏ ਕਿ ਦੇਸ਼ ਦੇ ਝੰਡੇ ਦਾ ਸਨਮਾਨ ਹੋਣਾ ਚਾਹੀਦਾ ਹੈ ਅਤੇ ਦੂਸਰੀ ਗੱਲ ਇਹ ਕਿ ਧਾਰਮਿਕ ਨਿਸ਼ਾਨ ਧਾਰਮਿਕ ਅਸਥਾਨ ਵਿਚ ਅਤੇ ਕੌਮੀ ਝੰਡਾ ਉਸ ਦੀ ਮਰਿਆਦਾ ਵਾਲੇ ਥਾਂ ਹੀ ਚਾਹੀਦੇ ਹਨ, ਇੱਕ ਦੂਸਰੇ ਦੀ ਥਾਂ ਲਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ। ਏਦਾਂ ਕੀਤਿਆਂ ਇੱਕ ਝੰਡੇ ਦੀ ਨਹੀਂ, ਦੋਹਾਂ ਦੀ ਮਰਿਆਦਾ ਨੂੰ ਠੇਸ ਲੱਗਦੀ ਹੈ। ਰਾਜਸੀ ਕੰਮਾਂ ਵਿਚ ਧਾਰਮਿਕ ਝੰਡਾ ਨਹੀਂ ਵਰਤਣਾ ਚਾਹੀਦਾ। ਜਿਨ੍ਹਾਂ ਲੋਕਾਂ ਨੇ ਲਾਲ ਕਿਲ੍ਹੇ ਉੱਤੇ ਉਸ ਦਿਨ ਸਿੱਖ ਧਰਮ ਦਾ ਇਹ ਝੰਡਾ ਲਵਾਇਆ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਅਹੁਦੇਦਾਰ ਨੇ ਝੰਡੇ ਦੀ ਥਾਂ ਝੰਡੀ ਕਿਹਾ ਹੈ, ਉਨ੍ਹਾਂ ਲੋਕਾਂ ਨੇ ਗਲਤ ਕੀਤਾ ਹੈ। ਇਸ ਭੁੱਲ ਬਾਰੇ ਸਿੱਖਾਂ ਦੇ ਧਾਰਮਿਕ ਆਗੂ ਨੂੰ ਬੋਲਣਾ ਚਾਹੀਦਾ ਸੀ, ਪਰ ਉਹ ਇਸ ਬਾਰੇ ਨਹੀਂ ਬੋਲਿਆ, ਸਗੋਂ ਉਸ ਨੇ ਸੰਘਰਸ਼ ਕਰਦੇ ਕਿਸਾਨਾਂ ਨੂੰ ਇਹ ਅਕਲ ਦੇਣ ਲਈ ਬਿਆਨ ਦਾਗਿਆ ਹੈ ਕਿ ਇੱਕ ਕਦਮ ਸਰਕਾਰ ਪਿੱਛੇ ਹਟਦੀ ਹੈ ਤਾਂ ਇੱਕ ਕਦਮ ਕਿਸਾਨ ਵੀ ਪਿੱਛੇ ਹਟਣ, ਤਾਂ ਕਿ ਗੱਲ ਸਿਰੇ ਲੱਗ ਸਕੇ।

ਏਡੀ 'ਦੂਰ ਦ੍ਰਿਸ਼ਟੀ' ਵਾਲੀ ਗੱਲ ਕਿਸਾਨ ਸੰਘਰਸ਼ ਦੇ ਪਿਛਲੇ ਛੇ ਮਹੀਨੇ ਜਥੇਦਾਰ ਸਾਹਿਬ ਨੂੰ ਸੁੱਝੀ ਹੀ ਨਹੀਂ ਸੀ, ਲਾਲ ਕਿਲੇ ਦੀ ਘਟਨਾ ਤੋਂ ਤਿੰਨ ਦਿਨ ਬਾਅਦ ਅਚਾਨਕ ਕਿਉਂ ਸੁੱਝੀ ਜਾਂ ਫਿਰ ਕਿਸੇ ਨੇ ਏਦਾਂ ਦਾ ਬਿਆਨ ਦਾਗਣ ਨੂੰ ਕਿਹਾ ਹੈ, ਇਹ ਗੱਲ ਵੀ ਬੁਝਾਰਤ ਵਰਗੀ ਹੈ। ਲੱਗਦਾ ਹੈ ਕਿ ਭਾਜਪਾ ਦੇ ਨਾਲ ਚੋਵੀ ਸਾਲਾ ਮੋਹ ਕੁਝ ਅਕਾਲੀ ਆਗੂਆਂ ਦੇ ਅੰਦਰ ਫਿਰ ਜਾਗਣ ਲੱਗਾ ਹੈ, ਜਿਸ ਕਰ ਕੇ ਉਨ੍ਹਾਂ ਨੇ ਖੁਦ ਜ਼ਬਾਨ ਖੋਲ੍ਹਣ ਦੀ ਥਾਂ ਜਥੇਦਾਰ ਸਾਹਿਬ ਤੋਂ ਇਹ ਬਿਆਨ ਦਿਵਾ ਕੇ ਬੁੱਤਾ ਸਾਰਨ ਦਾ ਯਤਨ ਕੀਤਾ ਹੈ। ਜਿਵੇਂ ਧਾਰਮਿਕ ਨਿਸ਼ਾਨ ਨੂੰ ਰਾਜਨੀਤੀ ਲਈ ਵਰਤਣ ਨਾਲ ਭਰਮ ਪੈਦਾ ਹੋ ਸਕਦੇ ਹਨ, ਉਦਾਂ ਹੀ ਜਥੇਦਾਰ ਸਾਹਿਬ ਵੀ ਧਾਰਮਿਕ ਹੱਦਾਂ ਵਿਚ ਰਹਿਣ ਤਾਂ ਜ਼ਿਆਦਾ ਠੀਕ ਲੱਗੇਗਾ।

# ਟਰੈਕਟਰ ਪਰੇਡ ਬਨਾਮ ਗਣਤੰਤਰ ਦਿਵਸ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੱਲ੍ਹ ਤਕ ਕਿਸਾਨ ਪਰੇਡ ਨੂੰ ਵਿਆਪਕ ਹੁੰਗਾਰਾ ਮਿਲ ਰਿਹਾ ਸੀ, ਬਰਾਬਰੀ ਅਤੇ ਖਰੀ ਜਮਹੂਰੀਅਤ ਦਾ ਹੁੰਗਾਰਾ ਬਣ ਕੇ। ਇਹ ਮਿੱਟੀ ਦੇ ਜਾਇਆਂ ਵੱਲੋਂ 'ਸਿਆਸੀ ਜਮਹੂਰੀਅਤ' ਦੇ ਸੰਕਟ ਦਾ ਜਵਾਬ ਸੀ। 'ਵਿਰੋਧਾਂ ਭਰੀ ਜ਼ਿੰਦਗੀ' ਦੇ ਉਸ ਸੰਕਟ ਦਾ ਜਵਾਬ, ਜਿਸ ਦੀ ਬੁਨਿਆਦ ਡਾ. ਅੰਬੇਡਕਰ ਮੁਤਾਬਿਕ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕਰਨ ਦੇ ਦਿਨ ਰੱਖੀ ਗਈ ਸੀ, ਪਰ ਕੇਂਦਰ ਸਰਕਾਰ ਨੇ ਅਖੌਤੀ ਆਰਥਕ ਸੁਧਾਰਾਂ ਦੇ ਅਮਲ ਬਹਾਨੇ ਪਾਰਲੀਮਾਨੀ ਸੰਸਥਾਵਾਂ ਦੇ ਪਰ ਕੱਟਣ ਦਾ ਅਮਲ ਤੇਜ਼ ਕੀਤਾ ਹੋਇਆ ਹੈ। ਜਿਹੜੇ ਖੇਤੀ ਕਾਨੂੰਨਾਂ ਦਾ ਵਿਰੋਧ ਹੋ ਰਿਹਾ ਹੈ, ਇਹ ਪਾਰਲੀਮੈਂਟ ਨੂੰ ਬੌਣੀ ਕਰਕੇ ਪਾਸ ਕਰਾਏ ਗਏ ਹਨ। ਇਹੀਓ ਕਾਰਨ ਹੈ ਕਿ ਦੇਸ਼ ਭਰ ਵਿਚ ਕਿਸਾਨ ਸੰਗਤ ਦੇ ਵੱਡੇ ਅਤੇ ਫੈਸਲਾਕੁਨ ਦਖਲ ਦੇ ਸੰਕੇਤ ਮਿਲ ਰਹੇ ਹਨ। ਮੁਲਕ 'ਚ ਫੈਲੀਆਂ ਆਪਣੀਆਂ ਅਨੇਕਾਂ ਵੰਨਗੀਆਂ ਨਾਲ ਇਹ ਸਰਬ-ਵਿਆਪੀ ਕਿਸਾਨ ਸੰਗਤ ਲੋਕਾਂ ਦੇ ਜਮਹੂਰੀ ਦਾਅਵੇ ਦਾ ਇਸ਼ਤਿਹਾਰ ਬਣ ਗਈ ਹੈ। ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਵਾਲੀ ਕੇਂਦਰ ਦੀ ਸਰਕਾਰ ਇਸ ਸੰਘਰਸ਼ ਨੂੰ ਅਸਫਲ ਕਰਨ ਲਈ ਹਰ ਤਰ੍ਹਾਂ ਦੇ ਯਤਨ ਕਰ ਰਹੀ ਹੈ। ਦੋ ਮਹੀਨੇ ਤੋਂ ਸ਼ਾਂਤਮਈ ਢੰਗ ਨਾਲ ਚੱਲ ਰਹੇ ਇਸ ਅੰਦੋਲਨ ਵਿਚ ਗਣਤੰਤਰ ਦਿਵਸ ਦੇ ਪਵਿੱਤਰ ਮੌਕੇ ਲਾਲ ਕਿਲ੍ਹੇ ਉੱਤੇ ਹਿੰਸਕ ਕਾਰਵਾਈ ਇਸ ਦੀ ਸਿਖਰ ਹੈ। ਸਰਕਾਰ ਵਲੋਂ ਕਿਸਾਨ ਆਗੂਆਂ ਨਾਲ ਚਲ ਰਹੀ ਗੱਲਬਾਤ ਨੂੰ 25 ਜਨਵਰੀ ਤੱਕ ਲਟਕਾਉਣਾ ਅਤੇ ਦਿੱਲੀ ਦੀ ਬਾਹਰੀ ਰਿੰਗ ਰੋਡ ਤੇ ਟਰੈਕਟਰ ਪਰੇਡ ਦੀ ਆਗਿਆ ਨਾ ਦੇਣਾ ਇਸ ਦੀ ਪੁਸ਼ਟੀ ਕਰਦੇ ਹਨ। ਨਤੀਜਾ ਸਭ ਦੇ ਸਾਹਮਣੇ ਹੈ।

ਇਸ ਸਭ ਕਾਸੇ ਨੂੰ ਸੰਵਿਧਾਨ ਦੇ ਸ਼ੀਸ਼ੇ ਵਿਚ ਜੜ ਕੇ ਵੇਖਣ ਦੀ ਲੋੜ ਹੈ। ਸੰਵਿਧਾਨ ਘਾੜਿਆਂ ਨੇ ਸਮੂਹਿਕ ਤੌਰ 'ਤੇ, ਜਾਣ-ਬੁੱਝ ਕੇ ਤੇ ਨਿੱਠ ਕੇ ਖੇਤੀਬਾੜੀ ਬਾਰੇ ਕਿਸੇ ਵੀ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਜਾਂ ਪਾਰਲੀਮੈਂਟ ਨੂੰ ਨਹੀਂ ਸੀ ਦਿੱਤੀ, ਕਿਉਂਕਿ ਉਸ ਦੇਸ਼ ਦੀ ਖੇਤੀਬਾੜੀ ਉਪਜ, ਵਿਧੀਆਂ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਅਤੇ ਇਸ ਨਾਲ ਜੁੜੇ ਸਹਾਇਕ ਕਾਰਜਾਂ ਤੋਂ ਭਲੀਭਾਂਤ ਵਾਕਿਫ ਸਨ। ਇਸੇ ਕਰ ਕੇ ਕੇਂਦਰੀ ਸੂਚੀ ਦੇ ਸੱਤਵੇਂ ਅਧਿਆਏ ਵਿਚ ਦਰਜ 91 ਵਿਸ਼ਿਆਂ ਵਿਚ ਖੇਤੀਬਾੜੀ ਦੇ ਵਿਸ਼ੇ ਦਾ ਕਾਨੂੰਨਬਾਜ਼ੀ ਮੰਤਵਾਂ ਲਈ ਇਕ ਵਾਰ ਵੀ ਹਵਾਲਾ ਜਾਂ ਜ਼ਿਕਰ ਨਹੀਂ ਕੀਤਾ ਗਿਆ।

ਮਨਾਹੀ ਦੇ ਮੰਤਵ ਨਾਲ ਖੇਤੀਬਾੜੀ ਦਾ ਸ਼ਬਦ ਸਿਰਫ ਚਾਰ ਵਾਰੀ ਵਰਤਿਆ ਗਿਆ ਹੈ, ਕੇਂਦਰੀ ਸੂਚੀ ਦੀ 82ਵੀਂ ਆਈਟਮ 'ਆਮਦਨ ਤੇ ਟੈਕਸ, ਖੇਤੀਬਾੜੀ ਤੋਂ ਬਿਨਾ' ਨਾਲ ਸਬੰਧਿਤ ਹੈ। ਆਈਟਮ 86 'ਖੇਤੀਬਾੜੀ ਵਾਲੀ ਜ਼ਮੀਨ ਨੂੰ ਛੱਡ ਕੇ ਹੋਰ ਅਸਾਸਿਆਂ ਦੀ ਕੀਮਤ ਤੇ ਟੈਕਸ' ਨਾਲ ਸਬੰਧਿਤ ਹੈ। ਆਈਟਮ 87 'ਖੇਤੀਬਾੜੀ ਜ਼ਮੀਨ ਨੂੰ ਛੱਡ ਕੇ ਸੰਪਤੀ ਉੱਤੇ ਮਿਲਖ ਮਹਿਸੂਲ' ਬਾਰੇ ਹੈ, ਜਦੋਂ ਕਿ ਆਈਟਮ 88 'ਖੇਤੀਬਾੜੀ ਜ਼ਮੀਨ ਨੂੰ ਛੱਡ ਕੇ ਸੰਪਤੀ ਦੀ ਵਸੀਅਤ ਉਪਰ ਮਹਿਸੂਲ' ਨਾਲ ਸਬੰਧਿਤ ਹੈ।

ਨਿਸ਼ਚੇ ਹੀ ਸੰਵਿਧਾਨ ਨਿਰਮਾਤਾ ਜਾਣਦੇ ਸਨ ਕਿ ਭਾਰਤ ਦੇ ਬਹੁ-ਰੰਗੇ ਤੇ ਬਹੁ-ਭਾਂਤੀ ਭੂਗੋਲਿਕ ਖੇਤਰ ਲਈ ਖੇਤੀਬਾੜੀ ਦਾ ਕੀ ਮਹੱਤਵ ਹੈ। ਇਹ ਭਾਰਤ ਦੇ ਕਰੋੜਾਂ ਲੋਕਾਂ ਦੀ ਵਸੋਂ ਦੇ ਪੇਟ ਭਰਨ ਦਾ ਮਸਲਾ ਹੈ। ਉਹ ਜਾਣਦੇ ਸਨ ਕਿ ਕਿਵੇਂ ਬਰਤਾਨਵੀ ਈਸਟ ਇੰਡੀਆ ਕੰਪਨੀ ਨੇ ਆਪਣੀ ਆਮਦ ਦੇ ਪੰਜ ਸਾਲਾਂ ਦੇ ਅੰਦਰ-ਅੰਦਰ ਕਾਰੋਬਾਰੀ-ਵਪਾਰੀਆਂ ਰਾਹੀਂ ਬਰਤਾਨਵੀ ਸ਼ਾਸਕਾਂ ਦੀ ਮੁਨਾਫੇ ਦੀ ਹਵਸ ਦੀ ਪੂਰਤੀ ਕਰਦਿਆਂ ਹਿੰਦੁਸਤਾਨ ਦੀ ਸਮੁੱਚੀ ਵਸੋਂ ਨੂੰ, ਜਿਸ ਵਿਚ ਅਜੋਕਾ ਪਾਕਿਸਤਾਨ ਤੇ ਬੰਗਲਾ ਦੇਸ਼ ਵੀ ਸ਼ਾਮਲ ਸੀ, ਜਾਨ ਲੇਵਾ ਅਕਾਲਾਂ ਦੀ ਭੱਠੀ ਵਿਚ ਝੋਕ ਛਡਿਆ ਸੀ। 1943 ਦਾ ਅਕਾਲ ਤਾਂ 30 ਲੱਖ ਦੇਸ਼ਵਾਸੀਆਂ ਦੀ ਜਾਨ ਦਾ ਖੌਅ ਬਣਿਆ ਸੀ। ਇਹੀਓ ਕਾਰਨ ਹੈ ਕਿ ਸੰਵਿਧਾਨ ਘਾੜਿਆਂ ਨੇ ਖੇਤੀਬਾੜੀ ਨੂੰ ਰਾਜ ਸੂਚੀ ਦੇ ਦੂਜੇ ਅਧਿਆਏ ਵਿਚ ਦਰਜ ਕਰਦਿਆਂ, ਖੇਤੀਬਾੜੀ, ਖੇਤੀ ਖੋਜ ਤੇ ਸਿਖਿਆ ਅਤੇ ਪੌਦਿਆ ਦੇ ਰੋਗਾਂ ਤੇ ਕੀਟਾਂ ਤੋਂ ਬਚਾਓ ਦਾ ਕੰਮ ਕੇਂਦਰ ਸਰਕਾਰ ਨੂੰ ਸੌਂਪਣ ਦੀ ਥਾਂ ਰਾਜ ਸਰਕਾਰਾਂ ਲਈ ਛੱਡਿਆ ਸੀ। ਕੇਂਦਰੀ ਸੂਚੀ ਦੀ ਆਈਟਮ 82, 86, 87 ਅਤੇ 88 ਪਾਰਲੀਮੈਂਟ ਜਾਂ ਕੇਂਦਰ ਸਰਕਾਰ ਨੂੰ ਕਿਸੇ ਵੀ ਕਿਸਮ ਦੀ ਭੂਮਿਕਾ ਨਿਭਾਉਣ ਤੋਂ ਵਰਜਦੀਆਂ ਹਨ, ਉੱਥੇ ਸੂਬਾਈ ਸੂਚੀ ਦੇ ਦੂਜੇ ਅਧਿਆਏ ਦੀ ਆਈਟਮ 46, 47 ਅਤੇ 48 ਪ੍ਰਾਂਤਕ, ਸੂਬਾਈ ਵਿਧਾਨਪਾਲਿਕਾ ਸਰਕਾਰ ਨੂੰ ਇਸ ਦੀ ਪੂਰੀ ਜ਼ਿੰਮੇਵਾਰੀ ਸੌਂਪਦੀਆਂ ਹਨ।



ਸੰਵਿਧਾਨ ਵਿਚ ਦਰਜ ਹੇਠ ਲਿਖਿਆ ਪ੍ਰਣ ਵੀ ਉਪਰੋਕਤ ਧਾਰਨਾ ਉੱਤੇ ਮੋਹਰ ਲਾਉਂਦਾ ਹੈ, "ਅਸੀਂ ਭਾਰਤ ਦੇ ਲੋਕ, ਸਾਡੀ ਸੰਵਿਧਾਨ ਘੜਨੀ ਸਭਾ ਵਿਚ, 1949 ਦੇ ਨਵੰਬਰ ਮਹੀਨੇ ਦੇ ਇਸ ਛੱਬੀਵੇਂ ਦਿਨ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ ਹਾਂ, ਇਸ ਨੂੰ ਅਮਲ 'ਚ ਉਤਾਰਦੇ ਹਾਂ ਤੇ ਆਪਣੇ ਆਪ ਨੂੰ ਇਸ ਦੇ ਅਧੀਨ ਸਵੀਕਾਰ ਕਰਦੇ ਹਾਂ।"

ਸਪਸ਼ਟ ਹੈ ਕਿ ਕੇਂਦਰ ਸਰਕਾਰ ਤੇ ਪੁਲਿਸ ਦੇ ਹਥ ਕੰਡੇ ਥੋੜ੍ਹੇ ਸਮੇਂ ਲਈ ਤਾਂ ਸਫਲ ਹੋ ਸਕਦੇ ਹਨ, ਪਰ ਸਦਾ ਲਈ ਨਹੀਂ। ਦੇਸ਼ ਦੇ ਉੱਤਰ ਵਲੋਂ ਸ਼ੁਰੂ ਹੋਇਆ ਕਿਸਾਨ ਅੰਦੋਲਨ ਦੇਸ਼ ਦੇ ਦੱਖਣ ਤੱਕ ਹੀ ਨਹੀਂ, ਪੂਰਬ ਤੇ ਪੱਛਮ ਤੱਕ ਵਧ ਚੁਕਾ ਹੈ। ਸ਼ਾਂਤੀ ਇਸ ਦਾ ਧੁਰਾ ਹੈ। ਇਸ ਨੂੰ ਭੰਗ ਕਰਨ ਵਾਲਿਆਂ ਨੇ ਅੱਜ ਨਹੀਂ ਤਾਂ ਕੱਲ੍ਹ ਹਰ ਹਾਲਤ ਵਿਚ ਮੂੰਹ ਭਾਰ ਡਿਗਣਾ ਹੈ। ਆਮੀਨ!

**ਤਰਲੋਚਨ ਸਿੰਘ ਨੂੰ ਪਦਮ ਭੂਸ਼ਣ:** ਹਰਿਆਣਾ ਦੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੂੰ ਪਦਮ ਭੂਸ਼ਣ ਦਾ ਸਨਮਾਨ ਮਿਲਣਾ ਜਨ ਸੰਪਰਕ ਪ੍ਰਣਾਲੀ ਦੀ ਸ਼ੋਭਾ ਵਧਾਉਂਦਾ ਹੈ। ਉਸ ਦੀ ਪ੍ਰਤਿਭਾ ਨੂੰ ਪਛਾਣਨ ਵਾਲਾ ਪੰਜਾਬ ਦਾ ਸ਼ਕਤੀਸ਼ਾਲੀ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸੀ। ਉਸ ਤੋਂ ਪਿੱਛੋਂ ਉਹ ਹੋਰਨਾਂ ਤੋਂ ਬਿਨਾ ਗਿਆਨੀ ਜ਼ੈਲ ਸਿੰਘ ਦੀ ਨਜ਼ਰੇ ਚੜ੍ਹ ਗਿਆ ਤੇ ਰਾਸ਼ਟਰਪਤੀ ਭਵਨ ਤੱਕ ਉਹਦੇ ਨਾਲ ਗਿਆ। ਉਹ ਹਰ ਕਿਸੇ ਦੇ ਕੰਮ ਆਉਣ ਵਾਲਾ ਮਿਲਾਪੜਾ ਵਿਅਕਤੀ ਹੈ। ਹਰਿਆਣਾ ਤੋਂ ਸੰਸਦ ਮੈਂਬਰ ਬਣਨ ਤੋਂ ਪਹਿਲਾਂ ਉਹ ਦੇਸ਼ ਦੇ ਮਾਈਨਾਰਿਟੀ ਕਮਿਸ਼ਨ ਦਾ ਮੈਂਬਰ ਵੀ ਰਿਹਾ ਤੇ ਕਮਿਸ਼ਨ ਦੇ ਚੇਅਰਮੈਨ ਦੀ ਉਪਾਧੀ ਤੱਕ ਪਹੁੰਚਿਆ, ਜੋ ਦੇਸ਼ ਦੀ ਸਭ ਤੋਂ ਵੱਡੀ ਮਾਈਨਾਰਿਟੀ ਜਾਤਿ ਮੁਸਲਮਾਨਾਂ ਲਈ ਹੀ ਰਾਖਵੀਂ ਹੈ। ਉਸ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਨੀਂਹ ਉਸ ਦੀ ਜਨ ਸੰਪਰਕ ਪ੍ਰਤਿਭਾ ਨੇ ਰੱਖੀ। ਆਪਣੀ ਦੂਰ ਦ੍ਰਿਸ਼ਟੀ ਤੇ ਮਿਲਣਸਾਰਤਾ ਸਦਕਾ ਉਹ ਉਚਤਮ ਕੌਮੀ ਤੇ ਕੌਮਾਂਤਰੀ ਹਸਤੀਆਂ ਉੱਤੇ ਪਹਿਲੀ ਮਿਲਣੀ ਵਿਚ ਹੀ ਆਪਣੀ ਛਾਪ ਛੱਡਦਾ ਆਇਆ ਹੈ। ਮੁਬਾਰਕਾਂ!

**ਅੰਤਿਕਾ: ਧੀ ਧਿਆਣੀ ਦਿਵਸ 'ਤੇ**
*(ਜਸਮੇਰ ਸਿੰਘ ਬਾਲਾ)*

ਖਿੰਡੇ ਪੁੰਡੇ ਤਾਰਿਆਂ ਵਿਚੋਂ,
ਇੱਕ ਕੁੜੀ ਕੁਝ ਸੁਪਨੇ ਟੋਲੇ।
ਇੱਕ ਬਾਲੜੀ ਨਾਰ ਬਣ ਰਹੀ,
ਨਵੇਂ ਇਰਾਦੇ ਮਨ ਵਿਚ ਖੋਲ੍ਹੇ।
ਸ਼ਹੁ ਦਰਿਆ ਹੈ ਅੰਨਾ ਗਹਿਰਾ,
ਪੈਰ ਧਰੀਂ ਤੂੰ ਹੌਲੇ ਹੌਲੇ।
ਜਿਹੜੀ ਅਦਬ-ਅਦਾਬੀ ਮਹਿਫਿਲ
ਉਸ ਮਹਿਫਿਲ ਵਿਚ ਪੱਬ ਧਰ ਹੌਲੇ।

# ਭਾਰਤੀ ਸਿਆਸਤ ਵਿਚ ਲਾਲ ਕਿਲ੍ਹੇ ਦੀ ਅਹਿਮੀਅਤ



ਭਾਰਤ ਦੀ ਰਾਜਧਾਨੀ ਦਿੱਲੀ ਦੇ ਮੱਧ ਵਿਚ ਸਥਿਤ ਲਾਲ ਕਿਲ੍ਹਾ ਐਤਕੀਂ 26 ਜਨਵਰੀ ਨੂੰ ਅਚਾਨਕ ਦੁਨੀਆ ਭਰ ਦੇ ਮੀਡੀਆ ਦੀਆਂ ਸੁਰਖੀਆਂ ਦਾ ਕੇਂਦਰ ਬਣ ਗਿਆ। ਦਰਅਸਲ ਗਣਤੰਤਰ ਦਿਵਸ ਮੌਕੇ ਸੈਂਕੜੇ ਹੀ ਲੋਕ ਲਾਲ ਕਿਲ੍ਹੇ ਅੰਦਰ ਦਾਖਲ ਹੋ ਗਏ ਅਤੇ ਕਿਸਾਨ ਅੰਦੋਲਨ ਦਾ ਝੰਡਾ ਲਹਿਰਾਉਣ ਲੱਗੇ।

ਇਤਿਹਾਸਕ ਤੌਰ 'ਤੇ ਲਾਲ ਕਿਲ੍ਹਾ ਪੂਰਵ ਆਧੁਨਿਕ ਕਾਲ ਤੋਂ ਹੀ ਭਾਰਤ ਦੀ ਅਖੰਡਤਾ ਤੇ ਵੰਨ-ਸਵੰਨਤਾ ਦਾ ਪ੍ਰਤੀਕ ਰਿਹਾ ਹੈ ਅਤੇ ਸਦੀਆਂ ਤੋਂ ਲੋਕਾਂ ਦੇ ਮਨਾਂ ਵਿਚ ਇਹ ਵਿਚਾਰ ਕਾਇਮ ਰਿਹਾ ਹੈ ਕਿ ਜਿਸ ਦੇ ਕਬਜ਼ੇ ਹੇਠ ਲਾਲ ਕਿਲ੍ਹਾ ਹੋਵੇਗਾ, ਉਹੀ ਭਾਰਤ ਦੀ ਸੱਤਾ 'ਤੇ ਕਾਬਜ਼ ਹੋਵੇਗਾ। ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫੈਸਰ ਤਾਬੀਰ ਕਲਾਮ ਦਾ ਕਹਿਣਾ ਹੈ ਕਿ ਔਰੰਗਜ਼ੇਬ ਦੇ ਸ਼ਾਸਨ ਕਾਲ ਦੌਰਾਨ ਪੂਰੇ ਉਪ ਮਹਾਂਦੀਪ 'ਤੇ ਲਾਲ ਕਿਲ੍ਹੇ ਦੀ ਹਕੂਮਤ ਉਸ ਸਮੇਂ ਸਿਖਰ 'ਤੇ ਪਹੁੰਚ ਗਈ ਸੀ, ਜਦੋਂ ਉਨ੍ਹਾਂ ਨੇ ਦੱਖਣੀ ਭਾਰਤ 'ਤੇ ਵੀ ਕਬਜ਼ਾ ਕਰ ਲਿਆ ਸੀ।

1857 ਦਾ 'ਗਦਰ' ਹੋਵੇ ਜਾਂ ਫਿਰ 'ਆਜ਼ਾਦ ਹਿੰਦ ਫੌਜ' ਦੇ ਆਗੂ ਸੁਭਾਸ਼ ਚੰਦਰ ਬੋਸ ਦਾ 'ਦਿੱਲੀ ਚਲੋ' ਨਾਅਰਾ ਹੋਵੇ ਜਾਂ 15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਦੇ ਪਹਿਲੇ ਦਿਨ ਲਾਲ ਕਿਲ੍ਹੇ ਦੇ ਲਾਹੌਰ ਗੇਟ ਤੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਭਾਸ਼ਣ ਹੋਵੇ; ਇਹ ਸਭ ਲਾਲ ਕਿਲ੍ਹੇ ਅਤੇ 'ਦਿ ਆਈਡੀਆ ਆਫ ਇੰਡੀਆ' ਦੀ ਅਖੰਡਤਾ ਦਾ ਪ੍ਰਤੀਕ ਰਹੇ ਹਨ। ਇਸ ਬਾਰੇ ਵਿਸਥਾਰ ਨਾਲ ਜਾਣਨ ਤੋਂ ਪਹਿਲਾਂ ਆਓ ਲਾਲ ਕਿਲ੍ਹੇ ਦੇ ਇਤਿਹਾਸ ਅਤੇ ਇਸ ਦੇ ਨਿਰਮਾਣ ਤੋਂ ਲੈ ਕੇ ਹੁਣ ਤੱਕ ਉਸ 'ਤੇ ਜਿੱਤ ਦਰਜ ਕਰਨ ਵਾਲਿਆਂ 'ਤੇ ਇੱਕ ਝਾਤ ਮਾਰਦੇ ਹਾਂ।


## ਦਿੱਲੀ ਦੀ ਇਤਿਹਾਸਕ ਮਹੱਤਤਾ

ਪੁਰਾਣੇ ਸਮੇਂ ਤੋਂ ਹੀ ਦੱਖਣੀ ਏਸ਼ੀਆ 'ਚ ਦਿੱਲੀ ਦਾ ਕੇਂਦਰੀ ਮਹੱਤਵ ਰਿਹਾ ਹੈ ਅਤੇ ਕਿਹਾ ਜਾਂਦਾ ਹੈ ਕਿ ਇਹ ਰਾਜਾ ਇੰਦਰ ਦੀ ਰਾਜਧਾਨੀ ਇੰਦਰਪ੍ਰਸਥ ਸੀ ਪਰ ਇਸ ਦੇ ਅਧਿਕਾਰ ਖੇਤਰ ਦੇ ਬਾਰੇ 'ਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਹੈ। ਹਾਲਾਂਕਿ, 1206 'ਚ ਗੁਲਾਮ ਵੰਸ਼ ਦੇ ਸਾਮਰਾਜ ਦੀ ਸਥਾਪਨਾ ਤੋਂ ਬਾਅਦ ਹੀ ਦਿੱਲੀ ਭਾਰਤ ਦੇ ਮਹੱਤਵਪੂਰਨ ਸੂਬਿਆਂ ਦੀ ਰਾਜਧਾਨੀ ਰਹੀ ਹੈ। ਗੁਲਾਮ ਵੰਸ਼ ਤੋਂ ਬਾਅਦ ਖਿਲਜੀ ਸਾਮਰਾਜ (1330-1290) ਹੋਂਦ ਵਿਚ ਆਇਆ ਅਤੇ ਇਸ ਦੀ ਰਾਜਧਾਨੀ ਵੀ ਦਿੱਲੀ ਹੀ ਰਹੀ। ਯਾਦ ਰੱਖਣ ਵਾਲੀ ਗੱਲ ਹੈ ਕਿ ਅਜੋਕੀ ਦਿੱਲੀ 'ਤੇ ਖਿਲਜੀ ਸਾਮਰਾਜ ਤੋਂ ਬਾਅਦ ਤੁਗਲਕ, ਸਯਦ ਤੇ ਲੋਧੀਆਂ ਨੇ ਵੀ ਹਕੂਮਤ ਕੀਤੀ ਅਤੇ ਇਨ੍ਹਾਂ ਸਾਰਿਆਂ ਵੱਲੋਂ ਦਿੱਲੀ ਨੂੰ ਬਤੌਰ ਰਾਜਧਾਨੀ ਰੱਖਣ ਦੇ ਸਬੂਤ ਅੱਜ ਵੀ ਦਿੱਲੀ 'ਚ ਮੌਜੂਦ ਹਨ।

ਮੁਗਲਾਂ ਨੇ 1526 'ਚ ਦਿੱਲੀ 'ਤੇ ਜਿੱਤ ਦਰਜ ਕੀਤੀ ਪਰ ਉਨ੍ਹਾਂ ਨੇ ਦਿੱਲੀ ਤੋਂ ਲਗਭਗ ਦੋ ਕਿਲੋਮੀਟਰ ਦੂਰ ਸਥਿਤ ਆਗਰਾ ਸ਼ਹਿਰ ਨੂੰ ਆਪਣੀ ਰਾਜਧਾਨੀ ਵਜੋਂ ਚੁਣਿਆ। ਇੱਥੋਂ ਤੱਕ ਕਿ ਮੁਗਲ ਸਾਮਰਾਜ ਦੇ ਬਾਨੀ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਦੇ ਪੋਤੇ ਜਲਾਲ-ਉਦ-ਦੀਨ ਮੁਹੰਮਦ ਅਕਬਰ ਨੇ ਵੀ ਤਕਰੀਬਨ 50 ਸਾਲਾਂ ਤੱਕ ਆਗਰਾ ਤੋਂ ਹੀ ਆਪਣੀ ਹਕੂਮਤ ਚਲਾਈ ਪਰ ਅਕਬਰ ਦੇ ਪੋਤੇ ਸ਼ਾਹਜਹਾਂ ਨੇ ਇੱਕ ਵਾਰ ਫਿਰ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ 1639 ਵਿਚ ਸ਼ਾਹਜਹਾਨਾਬਾਦ ਨਾਮਕ ਸ਼ਹਿਰ ਦੀ ਸਥਾਪਨਾ ਕੀਤੀ ਜੋ ਦਿੱਲੀ ਦੇ ਖੇਤਰ ਅੰਦਰ ਹੀ ਵਸਾਇਆ ਗਿਆ ਸੀ। ਸਾਲ 1857 ਵਿਚ ਇਹ ਕ੍ਰਾਂਤੀ ਦਾ ਕੇਂਦਰ ਸੀ। ਇੱਥੋਂ ਹੀ ਬ੍ਰਿਟਿਸ਼ ਸਰਕਾਰ ਖਿਲਾਫ ਸੰਘਰਸ਼ ਦਾ ਆਗਾਜ਼ ਹੋਇਆ ਸੀ ਜੋ ਆਖਰਕਾਰ ਅਸਫਲ ਰਿਹਾ। ਇਸ ਬਗ਼ਾਵਤ ਜਾਂ ਇਨਕਲਾਬ ਤੋਂ ਬਾਅਦ ਭਾਰਤ ਵਿਚ ਪੂਰੀ ਤਰ੍ਹਾਂ ਨਾਲ ਬ੍ਰਿਟਿਸ਼ ਰਾਜ ਸਥਾਪਿਤ ਹੋ ਗਿਆ ਸੀ। ਹੁਣ ਤੱਕ ਉਹ ਪੂਰਬੀ ਸ਼ਹਿਰ ਕੋਲਕਾਤਾ ਤੋਂ ਹੀ ਰਾਜ ਕਰ ਰਹੇ ਸਨ ਪਰ ਦਿੱਲੀ ਦੀ ਇਤਿਹਾਸਕ ਅਤੇ ਭੂਗੋਲਿਕ ਉਪਯੋਗਤਾ ਨੂੰ ਧਿਆਨ ਵਿਚ ਰੱਖਦਿਆਂ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਨੂੰ ਦਿੱਲੀ ਵਿਚ ਤਬਦੀਲ ਕਰ ਲਿਆ ਸੀ।

ਲਾਲ ਕਿਲ੍ਹੇ ਦੀ ਪ੍ਰਤੀਕਾਤਮਕ ਅਹਿਮੀਅਤ ਬਹੁਤ ਰਹੀ ਹੈ। ਲਾਲ ਪੱਥਰ ਨਾਲ ਬਣੇ ਸ਼ਾਹਜਹਾਨਾਬਾਦ ਦਾ ਕਿਲ੍ਹਾ ਅੱਜ ਲਾਲ ਕਿਲ੍ਹੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਸ਼ਾਨ ਅਤੇ ਸ਼ਕਤੀ ਦਾ ਪ੍ਰਤੀਕ ਹੈ। ਅੰਗਰੇਜ਼ੀ ਵਿਚ ਇਸ ਨੂੰ 'ਰੈੱਡ ਫੋਰਟ' ਕਿਹਾ ਜਾਂਦਾ ਹੈ ਅਤੇ ਦੁਨੀਆ ਭਰ ਵਿਚ ਇਸ ਨੂੰ ਇਸੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ ਪਰ ਇਸ ਨੂੰ ਪਹਿਲਾਂ 'ਕਿਲ੍ਹਾ-ਏ-ਮੁਬਾਰਕ', ਫਿਰ 'ਕਿਲ੍ਹਾ-ਏ-ਸ਼ਾਹਜਹਾਨਾਬਾਦ' ਅਤੇ ਫਿਰ 'ਕਿਲ੍ਹਾ-ਏ-ਮੋਓਲਾ' ਕਿਹਾ ਜਾਂਦਾ ਸੀ। ਬਾਅਦ ਵਿਚ ਇਹ ਲਾਲ ਕਿਲ੍ਹੇ ਦੇ ਨਾਂ ਨਾਲ ਹੀ ਜਾਣਿਆ ਜਾਣ ਲੱਗਾ। ਕਿਲ੍ਹੇ ਅੰਦਰ ਕਈ ਇਮਾਰਤਾਂ ਦੀ ਉਸਾਰੀ ਸ਼ਾਹਜਹਾਂ ਤੋਂ ਬਾਅਦ ਹੋਈ ਹੈ। ਇੱਥੋਂ ਤੱਕ ਕਿ ਅੰਗਰੇਜ਼ਾਂ ਨੇ ਵੀ ਆਪਣੀ ਸ਼ੈਲੀ ਦੀਆਂ ਵੱਖ-ਵੱਖ ਇਮਾਰਤਾਂ ਦੀ ਉਸਾਰੀ ਕੀਤੀ ਸੀ।

ਫਿਰ ਜਦੋਂ ਈਰਾਨ ਤੋਂ ਆਏ ਨਾਦਿਰ ਸ਼ਾਹ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨੇ ਦਿੱਲੀ ਦੇ ਲਾਲ ਕਿਲ੍ਹੇ ਨੂੰ ਹੀ ਫਤਿਹ ਕੀਤਾ ਸੀ ਅਤੇ ਐਲਾਨ ਕੀਤਾ ਸੀ ਕਿ ਹੁਣ ਭਾਰਤ 'ਤੇ ਉਨ੍ਹਾਂ ਦਾ ਕਬਜ਼ਾ ਹੈ ਪਰ ਵਾਪਸ ਜਾਂਦਿਆਂ ਉਹ ਤਖਤੇ-ਤਾਊਸ, ਭਾਵ ਮਯੂਰ ਸਿਹਾਂਸਨ ਅਤੇ ਕੋਹ-ਏ-ਨੂਰ ਹੀਰਾ ਵੀ ਆਪਣੇ ਨਾਲ ਲੈ ਗਏ ਸਨ। 1739 ਵਿਚ ਨਾਦਿਰ ਸ਼ਾਹ ਦੇ ਹਮਲੇ ਤੋਂ ਬਾਅਦ ਮਰਾਠਿਆਂ, ਸਿੱਖ, ਜਾਟਾਂ, ਗੁਜਰਾਂ, ਰੋਹਿਲਾ ਤੇ ਅਫਗਾਨਾਂ ਨੇ ਹਮਲੇ ਕੀਤੇ ਅਤੇ ਮੁਗਲ ਹਕੂਮਤ ਨੂੰ ਸਖਤ ਟੱਕਰ ਦਿੱਤੀ। ਇਨ੍ਹਾਂ ਸਾਰਿਆਂ ਦਾ ਹਮੇਸ਼ਾ ਤੋਂ ਇਹ ਹੀ ਸੁਪਨਾ ਰਿਹਾ ਸੀ ਕਿ ਉਨ੍ਹਾਂ ਦਾ ਲਾਲ ਕਿਲ੍ਹੇ 'ਤੇ ਕਬਜ਼ਾ ਹੋਵੇ ਤਾਂ ਜੋ ਉਨ੍ਹਾਂ ਨੂੰ ਪੂਰੇ ਭਾਰਤ ਦੇ ਸ਼ਾਸਕ ਵਜੋਂ ਜਾਣਿਆ ਜਾਵੇ।



*ਲਾਲ ਕਿਲ੍ਹੇ ਦਾ ਮੁੱਖ ਗੇਟ।*

ਬਨਾਰਸ ਹਿੰਦੂ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਪ੍ਰੋ. ਤਾਬੀਰ ਕਲਾਮ ਨੇ ਅਜੋਕੇ ਯੁੱਗ ਵਿਚ ਲਾਲ ਕਿਲ੍ਹੇ ਦੇ ਪ੍ਰਤੀਕਾਤਮਕ ਮਹੱਤਵ ਬਾਰੇ ਦੱਸਿਆ ਕਿ ਭਾਰਤ ਵਿਚ ਕੋਈ ਹੋਰ ਦੂਜੀ ਅਜਿਹੀ ਇਮਾਰਤ ਨਹੀਂ ਹੈ ਜਿਸ ਨੂੰ ਭਾਰਤ ਦੀ ਵੰਨ-ਸਵੰਨਤਾ ਅਤੇ ਸਭਿਆਚਾਰਕ ਸਦਭਾਵਨਾ ਦਾ ਦਰਜਾ ਹਾਸਲ ਹੋਇਆ ਹੈ। ਇਹ ਮਾਨਤਾ ਸਿਰਫ ਲਾਲ ਕਿਲ੍ਹੇ ਦੇ ਹੀ ਹਿੱਸੇ ਆਈ ਹੈ। ਉਨ੍ਹਾਂ ਕਿਹਾ, "ਔਰੰਗਜ਼ੇਬ ਦੇ ਸਮੇਂ ਤੋਂ ਹੁਣ ਤੱਕ ਲਾਲ ਕਿਲ੍ਹੇ ਨੂੰ ਜੋ ਮਾਣ ਅਤੇ ਸਥਾਨ ਹਾਸਲ ਹੋਇਆ ਹੈ, ਉਹ ਕਿਸੇ ਹੋਰ ਇਮਾਰਤ ਦੇ ਹਿੱਸੇ ਨਹੀਂ ਆਇਆ ਹੈ। ਅਸੀਂ ਔਰੰਗਜ਼ੇਬ ਬਾਰੇ ਇਸ ਲਈ ਗੱਲ ਕਰ ਰਹੇ ਹਾਂ ਕਿਉਂਕਿ ਉਸ ਦੇ ਸ਼ਾਸਨ ਕਾਲ ਵਿਚ ਲਗਭਗ ਪੂਰੇ ਉਪ ਮਹਾਂਦੀਪ ਵਿਚ ਲਾਲ ਕਿਲ੍ਹੇ ਦਾ ਰਾਜ ਅਤੇ ਦਬਦਬਾ ਕਾਇਮ ਸੀ।"

ਉਨ੍ਹਾਂ ਕਿਹਾ ਕਿ ਜਦੋਂ ਮੁਗਲ ਰਾਜ ਦਾ ਪਤਨ ਹੋਣਾ ਸ਼ੁਰੂ ਹੋਇਆ ਸੀ ਤਾਂ ਬਾਦਸ਼ਾਹ ਸ਼ਾਹ ਆਲਮ ਦੇ ਸ਼ਾਸਨ ਕਾਲ ਬਾਰੇ ਇਹ ਕਿਹਾ ਜਾਣ ਲੱਗਿਆ ਸੀ ਕਿ 'ਦਿੱਲੀ ਤਾ ਪਾਮ, ਬਾਦਸ਼ਾਹੀ-ਏ ਸ਼ਾਹ ਆਲਮ' ਮਤਲਬ ਕਿ ਸ਼ਾਹ ਆਲਮ ਦਾ ਰਾਜ ਸਿਰਫ ਦਿੱਲੀ ਤੋਂ ਪਾਲਮ ਤੱਕ ਹੀ ਸੀਮਤ ਹੈ। ਹੋਰ ਸੁਤੰਤਰ ਰਾਜ ਜਿਵੇਂ ਨਿਜ਼ਾਮ ਹੈਦਰਾਬਾਦ, ਅਵਧ ਦੇ ਨਵਾਬ ਜਾਂ ਬੰਗਾਲ ਦੇ ਨਵਾਬ ਇਹ ਤਿੰਨੇ ਹੀ ਪ੍ਰਤੀਕਾਤਮਕ ਰੂਪ ਨਾਲ ਵੱਡੀਆਂ ਰਿਆਸਤਾਂ ਸਨ ਪਰ ਉਹ ਖੁਦ ਨੂੰ ਮੁਗਲ ਰਾਜ ਦੇ ਅਧੀਨ ਮੰਨਦੇ ਸਨ; ਹਾਲਾਂਕਿ ਉਹ ਆਪਣੇ ਫੈਸਲਿਆਂ ਅਤੇ ਹੋਰਨਾਂ ਮਾਮਲਿਆਂ ਵਿਚ ਸੁਤੰਤਰ ਸਨ।

## ਕਿਸਾਨ ਅੰਦੋਲਨ ਵਿਚ ਲਾਲ ਕਿਲ੍ਹੇ ਦੀ ਅਹਿਮੀਅਤ

ਮੁਗਲ ਸ਼ਾਨ ਦਾ ਪ੍ਰਤੀਕ ਮੰਨੇ ਜਾਂਦੇ ਲਾਲ ਕਿਲ੍ਹੇ ਵਿਚ ਲੰਮੇ ਸਮੇਂ ਤੋਂ ਦੇਸ਼ ਭਗਤੀ, ਹਿੰਮਤ ਅਤੇ ਬਹਾਦਰੀ ਦੀਆਂ ਕਹਾਣੀਆਂ ਗੂੰਜਦੀਆਂ ਰਹੀਆਂ ਹਨ। ਜਾਮੀਆ ਮਿਲੀਆ ਇਸਲਾਮੀਆ ਵਿਚ ਇਤਿਹਾਸ ਦੇ ਸਹਾਇਕ ਪ੍ਰੋਫੈਸਰ ਜਾਵੇਦ ਆਲਮ ਦਾ ਕਹਿਣਾ ਹੈ, "ਜਦੋਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 15 ਅਗਸਤ, 1947 ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਸੁਤੰਤਰ ਭਾਰਤ ਦਾ ਤਿਰੰਗਾ ਝੰਡਾ ਲਹਿਰਾਇਆ ਸੀ ਤਾਂ ਉਸ ਸਮੇਂ ਨਵੇਂ ਭਾਰਤ ਦਾ ਜਨਮ ਹੋਇਆ ਸੀ ਅਤੇ ਇਸ ਦੀ ਗੂੰਜ ਹਰ ਸਾਲ ਸੁਤੰਤਰਤਾ ਦਿਵਸ ਮੌਕੇ ਸੁਣਾਈ ਪੈਂਦੀ ਹੈ। ਦੇਸ ਦੇ ਪ੍ਰਧਾਨ ਮੰਤਰੀ ਹਰ ਸਾਲ ਲਾਲ ਕਿਲ੍ਹੇ ਤੋਂ ਕੌਮ ਨੂੰ ਸੰਬੋਧਨ ਕਰਦੇ ਹਨ।"





*ਲਾਲ ਕਿਲ੍ਹੇ ਤੋਂ ਸੰਬੋਧਨ ਕਰ ਰਹੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਅਤੇ (ਸੱਜੇ) 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਪੁੱਜੇ ਕਿਸਾਨ ਘੋਲ 'ਚ ਸ਼ਾਮਲ ਲੋਕ।*

ਜਾਮੀਆ ਮਿਲੀਆ ਇਸਲਾਮੀਆ ਦੇ ਰਾਜਨੀਤੀ ਵਿਗਿਆਨ ਦੇ ਸਹਾਇਕ ਪ੍ਰੋ. ਡਾ. ਨਾਵੇਦ ਜਮਾਲ ਅਨੁਸਾਰ ਲਾਲ ਕਿਲ੍ਹੇ ਦੇ ਭਾਸ਼ਣ ਵਿਚ ਭਾਰਤ ਦੀ ਨੀਤੀ ਦਾ ਵਰਣਨ ਕੀਤਾ ਜਾਂਦਾ ਹੈ, ਜੋ ਪੂਰੀ ਦੁਨੀਆ ਲਈ ਅਹਿਮ ਹੁੰਦਾ ਹੈ ਅਤੇ ਇਹ ਕੰਮ ਪਿਛਲੇ 74 ਸਾਲਾਂ ਤੋਂ ਜਾਰੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਦਿੱਲੀ ਦੀ ਇਤਿਹਾਸਕ, ਸਿਆਸੀ ਅਤੇ ਭੂਗੋਲਿਕ ਸਥਿਤੀ ਇਸ ਨੂੰ ਭਾਰਤ ਦਾ ਦਿਲ ਹੋਣ ਦਾ ਮਾਣ ਦਿੰਦੀ ਹੈ।

ਉਘੇ ਅਖਬਾਰ 'ਦਿ ਹਿੰਦੂ' ਦੇ ਇੱਕ ਲੇਖ ਵਿਚ ਸਭਿਆਚਾਰਕ ਕਾਰਕੁਨ ਅਤੇ ਇਤਿਹਾਸਕਾਰ ਵਿਕਰਮਜੀਤ ਸਿੰਘ ਰੂਪਰਾਏ ਦੇ ਹਵਾਲੇ ਵਿਚ ਲਿਖਿਆ ਗਿਆ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਅਜਿਹੀ ਜਗ੍ਹਾ ਦੀ ਚੋਣ ਕਰਨਾ, ਜਿੱਥੇ ਲੋਕ ਭਾਵਨਾਤਮਕ ਤੌਰ 'ਤੇ ਇੱਕਠੇ ਹੋ ਸਕਣ, ਇਹ ਸੁਤੰਤਰ ਭਾਰਤ ਲਈ ਬਹੁਤ ਖਾਸ ਸੀ। ਇਹ ਬਹੁਤ ਅਹਿਮ ਸੀ ਕਿ ਉਹ ਇਮਾਰਤ ਸਮਰਾਜੀ ਯੁੱਗ ਦੀ ਯਾਦ ਨਾ ਦਿਵਾਉਣ ਵਾਲੀ ਹੋਵੇ। ਇਸ ਲਈ 1947 ਵਿਚ ਦਿੱਲੀ ਨੂੰ ਦੇਸ ਦੀ ਰਾਜਧਾਨੀ ਬਣਾਉਣ ਤੋਂ ਬਾਅਦ ਲਾਲ ਕਿਲ੍ਹਾ ਹੀ ਇੱਕ ਅਜਿਹੀ ਇਮਾਰਤ ਸੀ ਜੋ ਇਨ੍ਹਾਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਸੀ।

ਇਤਿਹਾਸ ਦੇ ਪ੍ਰੋਫੈਸਰ ਅਮਰ ਫਾਰੂਕੀ ਨੇ ਇੱਕ ਜਗ੍ਹਾ ਲਿਖਿਆ ਹੈ ਕਿ ਭਾਰਤ ਦੇ ਸਭ ਤੋਂ ਅਹਿਮ ਸਮਾਗਮ ਲਈ ਲਾਲ ਕਿਲ੍ਹੇ ਦੀ ਚੋਣ ਇਸ ਲਈ ਵੀ ਕੀਤੀ ਗਈ ਸੀ, ਕਿਉਂਕਿ ਉਹ ਦਿੱਲੀ ਵਿਚ ਇਕਲੌਤੀ ਅਜਿਹੀ ਇਮਾਰਤ ਸੀ ਜੋ ਬ੍ਰਿਟਿਸ਼ ਸ਼ਾਸਨ ਦੀ ਯਾਦਗਾਰ ਨਹੀਂ ਸੀ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਲਾਲ ਕਿਲ੍ਹੇ ਦੀ ਅਹਿਮੀਅਤ ਨੂੰ ਇਸ ਤੱਥ ਤੋਂ ਵੀ ਜਾਣਿਆ ਜਾ ਸਕਦਾ ਹੈ, ਜਦੋਂ ਈਸਟ ਇੰਡੀਆ ਕੰਪਨੀ ਨੇ ਇਸ ਨੂੰ ਆਪਣੇ ਕੰਟਰੋਲ ਹੇਠ ਲਿਆ ਸੀ ਤਾਂ ਉਸ ਸਮੇਂ ਮੁਗਲ ਰਾਜਿਆਂ ਅਤੇ ਰਾਜਕੁਮਾਰਾਂ ਅਤੇ ਬਾਗੀਆਂ ਉਤੇ ਚੱਲ ਰਹੇ ਮੁਕੱਦਮਿਆਂ ਦੀ ਸੁਣਵਾਈ ਇੱਥੇ ਹੀ ਕੀਤੀ ਗਈ ਸੀ ਅਤੇ ਕੁਝ ਨੂੰ ਤਾਂ ਫਾਂਸੀ ਦੀ ਸਜ਼ਾ ਵੀ ਸੁਣਾਈ ਗਈ ਸੀ ਅਤੇ ਕਈਆਂ ਨੂੰ ਦੇਸ ਨਿਕਾਲਾ ਦੇ ਦਿੱਤਾ ਗਿਆ ਸੀ।

ਤਕਰੀਬਨ 90 ਸਾਲਾਂ ਬਾਅਦ ਆਈ.ਐਨ.ਏ. ਦੇ ਆਗੂਆਂ ਕਰਨਲ ਸ਼ਾਹਨਵਾਜ਼ ਖਾਨ, ਕਰਨਲ ਪ੍ਰੇਮ ਕੁਮਾਰ ਸਹਿਗਲ ਅਤੇ ਕਰਨਲ ਗੁਰਬਖਸ਼ ਸਿੰਘ ਦਹਿਲਾਨ ਜਿਨ੍ਹਾਂ ਨੂੰ ਦੂਜੀ ਵਿਸ਼ਵ ਜੰਗ ਦੌਰਾਨ ਬੰਦੀ ਬਣਾਇਆ ਗਿਆ ਸੀ, ਉਨ੍ਹਾਂ ਖਿਲਾਫ ਚੱਲਣ ਵਾਲੇ ਮੁਕੱਦਮੇ ਦੌਰਾਨ ਉਨ੍ਹਾਂ ਨੂੰ ਲਾਲ ਕਿਲ੍ਹੇ ਵਿਚ ਹੀ ਕੈਦ ਕਰ ਕੇ ਰੱਖਿਆ ਗਿਆ ਸੀ। ਉਸ ਸਮੇਂ ਇਹ ਨਾਅਰਾ ਬੁਲੰਦ ਹੋਇਆ ਸੀ: ਲਾਲ ਕਿਲ੍ਹੇ ਤੋਂ ਆਈ ਆਵਾਜ਼। ਸਹਿਗਲ, ਢਿੱਲੋਂ, ਸ਼ਾਹਨਵਾਜ਼।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੇ ਲਾਲ ਕਿਲ੍ਹੇ ਦੇ ਇਤਿਹਾਸਕ ਮਹੱਤਵ ਦੇ ਨਾਲ-ਨਾਲ ਭਾਰਤ ਦੇ ਸਾਰੇ ਹੀ ਧਰਮਾਂ ਅਤੇ ਕੌਮੀਅਤ ਦੇ ਲੋਕਾਂ ਦੇ ਭਾਵਨਾਤਮਕ ਲਗਾਓ ਦੀ ਵੀ ਚਰਚਾ ਕੀਤੀ ਸੀ। ਉਨ੍ਹਾਂ ਨੇ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਵਜੋਂ ਲਾਲ ਕਿਲ੍ਹੇ ਤੋਂ ਕੌਮ ਦੇ ਨਾਂ ਪਹਿਲਾ ਸੰਬੋਧਨ ਕੀਤਾ ਗਿਆ। ਉਦੋਂ ਤੋਂ ਹੀ ਰੀਤ ਹੈ ਕਿ ਦੇਸ ਦਾ ਪ੍ਰਧਾਨ ਮੰਤਰੀ ਸੁਤੰਤਰਤਾ ਦਿਵਸ ਮੌਕੇ ਦੇਸ ਨੂੰ ਲਾਲ ਕਿਲ੍ਹੇ ਤੋਂ ਸੰਬੋਧਨ ਕਰਦਾ ਹੈ।

*(ਬੀ.ਬੀ.ਸੀ. ਪੰਜਾਬੀ ਤੋਂ ਧੰਨਵਾਦ ਸਹਿਤ)*

## ਮੀਡੀਆ ਸਰਕਾਰ ਦਾ ਹਿੱਸਾ ਕਿਵੇਂ ਬਣਿਆ-3

# ਪੱਤਰਕਾਰੀ ਅਤੇ ਸੱਜੇ ਪੱਖ ਵੱਲ ਝੁਕਾਅ


*ਭਾਰਤੀ ਮੀਡੀਆ ਦਾ ਕਿਰਦਾਰ ਤੇਜ਼ੀ ਨਾਲ ਬਦਲ ਗਿਆ ਹੈ। ਇਸ ਨੇ ਸੱਤਾ ਨੂੰ ਸਵਾਲ ਕਰਨ ਦੀ ਬਜਾਏ ਸਿਰਫ ਸੱਤਾ ਦੀ ਧਿਰ ਬਣ ਕੇ ਵਿਰੋਧੀ ਧਿਰ ਨੂੰ ਭੰਡਣ ਅਤੇ ਅਸਲ ਮੁੱਦਿਆਂ ਅਤੇ ਸਮਾਜੀ ਸਰੋਕਾਰਾਂ ਤੋਂ ਧਿਆਨ ਹਟਾਉਣ ਦੀ ਘਿਨਾਉਣੀ ਭੂਮਿਕਾ ਅਖਤਿਆਰ ਕਰ ਲਈ ਹੈ। ਆਪਣੇ ਲੰਮੇ ਲੇਖ ਵਿਚ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ ਕਾਰਵਾਂ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਹਨ, ਨੇ ਇਸ ਬਦਲਾਓ ਦਾ ਬਾਖੂਬੀ ਵਿਸ਼ਲੇਸ਼ਣ ਕੀਤਾ ਹੈ। ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। 'ਕਾਰਜਕਾਰੀ (ਅਤੇ) ਸੰਪਾਦਕ' ਸਿਰਲੇਖ ਹੇਠ ਛਪੇ ਇਸ ਲੇਖ ਦੀ ਤੀਜੀ ਕਿਸ਼ਤ ਪੇਸ਼ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*



*ਦਿੱਲੀ ਵਿਚ ਦੰਗਿਆਂ ਦੌਰਾਨ ਮੱਚੀ ਤਬਾਹੀ ਦਾ ਮੰਜ਼ਰ।*

ਮੁਸਲਮਾਨਾਂ ਉਪਰ ਹਜੂਮੀ ਹਿੰਸਾ ਦੀਆਂ ਜੋ ਵਾਰਦਾਤਾਂ ਲਗਾਤਾਰ ਹੋ ਰਹੀਆਂ ਹਨ, ਮੀਡੀਆ ਨੇ ਇਸ ਵਿਚ ਸ਼ਾਮਲ ਲੋਕਾਂ ਅਤੇ ਇਸ ਜੁਰਮ ਪਿੱਛੇ ਕੰਮ ਕਰਦੀ ਵਿਚਾਰਧਾਰਾ ਬਾਰੇ 'ਫਤਵਾ ਦਿੱਤੇ' ਬਗੈਰ ਕਿਸ ਤਰ੍ਹਾਂ ਦੀ ਰਿਪੋਰਟਿੰਗ ਕੀਤੀ ਹੈ? 'ਹੋਰ ਭਵਿੱਖਨਕਸ਼ੇ ਨੂੰ ਇਕ ਮੌਕਾ' ਕਿਵੇਂ ਦਿੱਤਾ ਜਾਵੇ, ਜਦ ਕੁਝ ਲੋਕ ਘੱਟਗਿਣਤੀਆਂ ਨਾਲ ਧੱਕੇ ਤੇ ਜਬਰ ਦੀ ਨਿਖੇਧੀ ਕਰਦੇ ਹਨ ਅਤੇ ਹੋਰ ਲੋਕ ਇਸ ਦੇ ਜਸ਼ਨ ਮਨਾਉਂਦੇ ਹਨ? ਰਿਪਬਲਿਕ ਦਾ ਤੌਰ-ਤਰੀਕਾ ਇਸ ਬੁਝਾਰਤ ਦਾ ਸਿੱਕੇਬੰਦ ਜਵਾਬ ਦੇ ਸਕਦਾ ਹੈ?

ਇੰਡੀਅਨ ਐਕਸਪ੍ਰੈੱਸ ਨੇ ਦੂਜੇ ਭਵਿੱਖਨਕਸ਼ੇ ਨੂੰ ਇਕ ਮੌਕਾ ਦਿੱਤਾ ਹੈ, ਮਸਲਨ ਉਸ ਦੇ ਸੰਪਾਦਕੀ ਪੰਨੇ ਇਸ ਦੇ ਗਵਾਹ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੌਮੀ ਅੰਬਰ



ਉਪਰ ਚਮਕਣ ਦੇ ਵਰ੍ਹਿਆਂ ਵਿਚ - ਇਤਫਾਕ ਨਾਲ ਇਹੀ ਸਾਲ ਅਖਬਾਰ ਵਿਚ ਗੋਇਨਕਾ ਦੇ ਸ਼ੁਰੂਆਤੀ ਸਾਲ ਵੀ ਸਨ - ਮੁੱਖ ਤੌਰ 'ਤੇ ਪ੍ਰਤਾਪ ਭਾਨੂ ਮਹਿਤਾ ਅਤੇ ਆਸ਼ੂਤੋਸ਼ ਵਾਰਸ਼ਨੇ ਵਰਗੇ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ**

ਪ੍ਰਤੱਖ ਉਦਾਰਵਾਦੀ ਕਾਲਮਨਵੀਸਾਂ ਨੇ ਰਾਜ ਨੇਤਾਵਾਂ ਦਾ ਉਨ੍ਹਾਂ ਦੇ ਆਲੋਚਕਾਂ ਤੋਂ ਬਚਾਓ ਕਰਨਾ ਸ਼ੁਰੂ ਕਰ ਦਿੱਤਾ (ਇਸ ਬਾਰੇ ਪ੍ਰਵੀਨ ਦੋਂਤੀ ਨੇ ਆਪਣੇ ਲੇਖ 'ਬੌਧਿਕ ਸੰਕਟ' ਵਿਚ ਵਿਸਤਾਰ ਨਾਲ ਲਿਖਿਆ ਹੈ ਜੋ ਕਾਰਵਾਂ ਰਸਾਲੇ ਦੇ ਜੂਨ 2019 ਅੰਕ ਵਿਚ ਛਪਿਆ ਸੀ)। ਪਿੱਛੇ ਜਿਹੇ ਮੋਦੀ ਸਰਕਾਰ ਦੇ ਮੈਂਬਰਾਂ ਅਤੇ ਸੱਜੇ ਪੱਖੀ ਸਿਧਾਂਤਕਾਰਾਂ -ਰਾਮ ਮਾਧਵ ਤੇ ਰਾਕੇਸ਼ ਸਿਨਹਾ - ਨੂੰ ਜਗ੍ਹਾ ਦਿੱਤੀ ਗਈ ਹੈ। ਇਹ ਦੋਨੋਂ ਨਾਮ ਇਸ ਦੀ ਮਿਸਾਲ ਹਨ।

ਐਕਸਪ੍ਰੈੱਸ ਨੇ ਵਾਰ-ਵਾਰ ਸੱਜੇ ਪੱਖੀ ਕਾਲਮਨਵੀਸਾਂ ਨੂੰ ਆਪਣੇ ਪੰਨਿਆਂ ਉਪਰ ਛਾਪਿਆ ਹੈ ਜੋ ਸਾਫ ਤੌਰ 'ਤੇ ਆਰ.ਐਸ.ਐਸ. ਅਤੇ ਸਰਕਾਰ ਦੇ ਏਜੰਡੇ ਵਾਲੇ ਹਨ। ਉਨ੍ਹਾਂ ਦੇ ਲੇਖ ਇਕ ਵਿਚਾਰ ਦੇ ਰੂਪ 'ਚ ਪੇਸ਼ ਕੀਤੇ ਜਾ ਸਕਦੇ ਹਨ ਲੇਕਿਨ ਉਨ੍ਹਾਂ ਵਿਚ ਤੱਥਾਂ ਦੀ ਸਚਾਈ ਦੀ ਜਾਂਚ ਦੇ ਬੁਨਿਆਦੀ ਨਿਯਮਾਂ ਦੇ ਅਪਮਾਨ ਦਾ ਕੋਈ ਬਹਾਨਾ ਨਹੀਂ ਚੱਲ ਸਕਦਾ, ਖਾਸ ਤੌਰ 'ਤੇ ਜਦ ਉਹ ਆਪਣੇ ਤੱਥਪੂਰਨ ਦਾਅਵਿਆਂ ਨੂੰ ਅਸਲੀ ਬਣਾ ਕੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਝੂਠਾਂ ਨੂੰ ਆਪਣੇ ਅਖਬਾਰ ਦੇ ਪੰਨਿਆਂ ਉਪਰ ਛਾਪਣ ਦੀ ਇਜਾਜ਼ਤ ਦੇ ਕੇ, ਇਉਂ ਜਾਪਦਾ ਹੈ ਕਿ ਐਕਸਪ੍ਰੈੱਸ ਨੇ ਮਾਨੋ ਛਾਣਬੀਣ ਦੇ ਤੌਰ-ਤਰੀਕੇ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਹੈ। ਜਦਕਿ ਉਹ ਇਉਂ ਨਹੀਂ ਕਰਦੇ। ਇਸ ਤਰ੍ਹਾਂ ਉਹ ਆਪਣੀ ਸਾਖ ਨੂੰ ਉਨ੍ਹਾਂ ਦੇ ਝੂਠ ਨੂੰ ਸੱਚ ਬਣਾ ਕੇ ਫੈਲਾਉਣ ਦੀ ਚਾਕਰੀ ਵਿਚ ਲੱਗ ਜਾਣ ਦਿੰਦੇ ਹਨ। ਪਾਠਕਾਂ ਨਾਲ ਇਸ ਧੋਖਾਧੜੀ ਜਾਂ ਬੇਈਮਾਨੀ ਲਈ ਖੁਦ ਉਸ ਕਾਲਮਨਵੀਸ-ਲੇਖਕ-ਪੱਤਰਕਾਰ ਦੇ ਨਾਲ-ਨਾਲ ਉਸ ਅਖਬਾਰ ਦੇ ਮਾਲਕ ਜਾਂ ਲੀਡਰਸ਼ਿਪ ਦੀ ਵੀ ਬਰਾਬਰ ਜ਼ਿੰਮੇਵਾਰੀ ਹੈ।

ਉਸ ਸਮੱਗਰੀ ਨੂੰ ਸਰਸਰੀ ਤੌਰ 'ਤੇ ਪੜ੍ਹਨ ਨਾਲ ਹੀ ਇਹ ਮਿਸਾਲਾਂ ਸਪਸ਼ਟ ਹੋ ਜਾਂਦੀਆਂ ਹਨ। ਜਦ ਮੋਦੀ ਨੇ ਸੰਵਿਧਾਨ ਦੀ ਧਾਰਾ 35-ਏ ਤਹਿਤ ਜੰਮੂ ਕਸ਼ਮੀਰ ਨੂੰ ਦਿੱਤੀਆਂ ਵਿਸ਼ੇਸ਼ ਸੰਵਿਧਾਨਕ ਵਿਵਸਥਾਵਾਂ ਨੂੰ 2019 'ਚ ਧੱਕੇ ਨਾਲ ਖੋਹ ਲਿਆ ਸੀ, ਇਸ ਦੇ ਤੁਰੰਤ ਬਾਅਦ ਨਵੰਬਰ ਵਿਚ ਇਕ ਲੇਖ ਵਿਚ ਰਾਮ ਮਾਧਵ ਨੇ ਮੋਦੀ ਦੀ ਇਸ ਕਾਰਵਾਈ ਦੀ ਤੁਲਨਾ ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਦੇ ਉਸ ਇਤਿਹਾਸਕ ਮਹੱਤਵ ਵਾਲੇ ਕੰਮ ਨਾਲ ਕੀਤੀ ਜਿਸ ਵਿਚ ਉਨ੍ਹਾਂ ਨੇ ਅਮਰੀਕਾ ਵਿਚ ਜਾਰੀ ਗੁਲਾਮਦਾਰੀ ਦਾ ਖਾਤਮਾ ਕਰ ਦਿੱਤਾ ਸੀ ਅਤੇ ਖਾਨਾਜੰਗੀ ਵਿਚ ਆਪਣੀ ਸਰਕਾਰ ਨੂੰ ਫਤਹਿ ਹਾਸਲ ਕਰਵਾਈ ਸੀ। ਰਾਮ ਮਾਧਵ ਦੀ ਲਿੰਕਨ ਦੇ ਵਿਸ਼ਲੇਸ਼ਣ ਦੀ ਟੂਕ ਇਹ ਹੈ:

"ਉਨ੍ਹਾਂ ਨੇ ਹੈਬੀਅਸ ਕਾਰਪਸ ਨੂੰ ਮੁਅੱਤਲ ਕਰ ਦਿੱਤਾ ਲੇਕਿਨ ਸਿਰਫ ਆਪਣੇ ਸੰਵਿਧਾਨ ਨੂੰ ਬਚਾਇਆ। ਤੇ ਸਭ ਤੋਂ ਮਹੱਤਵਪੂਰਨ ਇਹ ਕਿ ਲਿੰਕਨ ਅਮਰੀਕੀ ਲੋਕਾਂ ਦਾ ਇਖਲਾਕੀ ਪੱਧਰ ਉਚਾ ਚੁੱਕਣ ਦੇ ਕੰਮ 'ਚ ਜੁਟੇ ਰਹੇ ਸਨ। ਇਨ੍ਹਾਂ ਸਭ ਗੱਲਾਂ ਨੂੰ ਦੇਖਦੇ ਹੋਏ ਲਿੰਕਨ ਉਦਾਰ ਲੋਕਤੰਤਰ ਦੇ ਮਹਾਨ ਆਗੂ ਸਨ। ਐਸੇ ਵਿਅਕਤੀ ਨੂੰ ਰਾਸ਼ਟਰਪਤੀ ਵਜੋਂ ਨਿਯੁਕਤ ਕਰ ਕੇ ਅਮਰੀਕਾ ਨੇ ਨਾ ਸਿਰਫ ਆਪਣੇ ਸੰਵਿਧਾਨ ਦੀ ਰਾਖੀ ਕੀਤੀ ਸਗੋਂ ਖੁਦ ਸੁਤੰਤਰਤਾ, ਲੋਕਤੰਤਰ ਅਤੇ ਮਨੁੱਖਤਾ ਨੂੰ ਵੀ ਬਚਾ ਲਿਆ।"

ਉਸ ਨੇ ਅੱਗੇ ਲਿਖਿਆ:

"ਕਸ਼ਮੀਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਾਰਵਾਈ ਨੂੰ ਭਵਿੱਖ ਵਿਚ ਇਸੇ ਰੋਸ਼ਨੀ ਵਿਚ ਦੇਖਿਆ ਜਾਵੇਗਾ... ਯੂਰਪੀ ਉਦਾਰਵਾਦੀ ਉਦੋਂ ਲਿੰਕਨ ਦੇ ਉਦਾਰ ਸਮਾਨਤਾਵਾਦੀ ਸਿਧਾਂਤ ਦੇ ਹੱਕ 'ਚ ਖੜ੍ਹੇ ਸਨ। ਹੁਣ ਜਦ ਯੂਰਪੀ ਸੰਸਦ ਮੈਂਬਰਾਂ ਦੇ ਵਫਦ ਨੇ ਘਾਟੀ ਦਾ ਦੌਰਾ ਕਰਨ ਤੋਂ ਬਾਅਦ ਮੋਦੀ ਦੀ ਕਾਰਵਾਈ ਦੀ ਹਮਾਇਤ ਕਰ ਕੇ ਉਸੇ ਸਿਧਾਂਤ ਨੂੰ ਦੁਹਰਾਇਆ ਹੈ ਤਾਂ ਭਾਰਤੀ ਉਦਾਰਵਾਦੀ ਇਸ ਦੀ ਨਿਖੇਧੀ ਕਰਦੇ ਹਨ ਅਤੇ ਉਨ੍ਹਾਂ ਸੰਸਦ ਮੈਂਬਰਾਂ ਉਪਰ ਸੱਜੇ ਪੱਖੀ ਹੋਣ ਦਾ ਠੱਪਾ ਲਾਉਂਦੇ ਹਨ।"

ਮਾਧਵ ਨੂੰ ਲਿੰਕਨ ਅਤੇ ਮੋਦੀ ਵਿਚ ਮਨਮਰਜ਼ੀ ਨਾਲ ਸਮਾਨਤਾਵਾਂ ਲੱਭਣ ਅਤੇ ਉਨ੍ਹਾਂ ਨੂੰ ਪੇਸ਼ ਕਰਨ ਦਾ ਪੂਰਾ ਹੱਕ ਹੈ, ਲੇਕਿਨ ਉਸ ਨੂੰ ਤੱਥਾਂ ਨੂੰ ਮਨ-ਮਰਜ਼ੀ ਨਾਲ ਤੋੜ-ਮਰੋੜ ਕੇ ਪੇਸ਼ ਕਰਨ ਦਾ ਹੱਕ ਨਹੀਂ ਹੈ। ਉਸ ਨੇ ਜਿਨ੍ਹਾਂ ਯੂਰਪੀ ਸੰਸਦ ਮੈਂਬਰਾਂ ਦਾ ਹਵਾਲਾ ਦਿੱਤਾ, ਕਸ਼ਮੀਰ ਵਿਚ ਉਨ੍ਹਾਂ ਨੂੰ ਜਦ ਚਾਰੇ ਪਾਸੇ ਘੁੰਮਾਇਆ ਗਿਆ ਤਾਂ ਇਸ ਦੌਰਾਨ ਕਸ਼ਮੀਰੀਆਂ ਨੂੰ ਲੌਕਡਾਊਨ ਤਹਿਤ ਘਰਾਂ ਵਿਚ ਬੰਦ ਰੱਖ ਕੇ ਉਨ੍ਹਾਂ ਦੀ ਬੇਚੈਨੀ ਨੂੰ ਦਬਾਇਆ ਹੋਇਆ ਸੀ। ਭਾਰਤੀ ਉਦਾਰਵਾਦੀਆਂ ਨੇ ਉਨ੍ਹਾਂ ਯੂਰਪੀ ਸੰਸਦ ਮੈਂਬਰਾਂ ਉਪਰ ਸੱਜੇ ਪੱਖੀ ਹੋਣ ਦਾ ਠੱਪਾ ਨਹੀਂ ਲਗਾਇਆ ਸੀ, ਉਹ ਤਾਂ ਲੱਗਭੱਗ ਸਾਰੇ ਦੇ ਸਾਰੇ ਖੁਦ ਹੀ ਸੱਜੇ ਪੱਖੀ ਪਾਰਟੀਆਂ ਦੇ ਅਧਿਕਾਰਕ ਨੁਮਾਇੰਦੇ ਸਨ।

ਜਿਵੇਂ ਬੀ.ਬੀ.ਸੀ. ਨੇ ਰਿਪੋਰਟ ਕੀਤੀ:

"ਉਸ ਵਫਦ ਦੇ ਇਕ-ਤਿਹਾਈ ਤੋਂ ਜ਼ਿਆਦਾ ਮੈਂਬਰ ਯੂਰਪ ਦੀਆਂ ਘੋਰ ਸੱਜੇ ਪੱਖੀ ਪਾਰਟੀਆਂ, ਜਿਨ੍ਹਾਂ ਨੂੰ ਮੁਸਲਿਮ ਵਿਰੋਧੀ ਮੰਨਿਆ ਜਾਂਦਾ ਹੈ, ਨਾਲ ਸ਼ਰੇਆਮ ਜੁੜੇ ਹੋਏ ਸਨ। ਉਨ੍ਹਾਂ ਵਿਚੋਂ ਯੂਰਪੀ ਸੰਸਦ ਦੇ ਦੋ ਨੁਮਾਇੰਦੇ ਆਲਟ੍ਰਨੇਟਿਵ ਫਾਰ ਦਿ ਜਰਮਨੀ (ਏ.ਐਫ.ਡੀ.) ਨਾਲ ਸੰਬੰਧਤ ਸਨ ਅਤੇ 6 ਨੁਮਾਇੰਦੇ ਫਰਾਂਸ ਵਿਚ ਮਰੀਨ ਲੀ ਪੈਨ ਦੀ ਨੈਸ਼ਨਲ ਰੈਲੀ ਨਾਲ ਸੰਬੰਧਤ ਸਨ ... ਬਰਤਾਨੀਆ ਦੀ ਲਿਬਰਲ ਡੈਮੋਕਰੇਟ ਪਾਰਟੀ ਦੇ ਸੰਸਦ ਮੈਂਬਰ ਕ੍ਰਿਸ ਡੇਵਿਸ ਨੇ ਕਿਹਾ ਕਿ ਜਦ ਉਨ੍ਹਾਂ ਨੇ ਜੰਮੂ ਕਸ਼ਮੀਰ ਵਿਚ ਆਪਣੀ ਮਰਜ਼ੀ ਨਾਲ ਕਿਤੇ ਵੀ ਜਾਣ ਅਤੇ ਕਿਸੇ ਬੰਦੇ ਨਾਲ ਗੱਲਬਾਤ ਕਰਨ ਦੀ ਗੱਲ ਕਹੀ ਤਾਂ ਉਨ੍ਹਾਂ ਦਾ ਸੱਦਾ ਰੱਦ ਕਰ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਨੇ ਬੀ.ਬੀ.ਸੀ. ਦੇ ਗਗਨ ਸਭਰਵਾਲ ਨੂੰ ਕਿਹਾ- 'ਉਹ ਮੋਦੀ ਸਰਕਾਰ ਦੀ ਤਰਫੋਂ ਪੀ.ਆਰ. ਕਰਨ ਅਤੇ ਉਥੇ ਸਭ ਕੁਝ ਠੀਕ-ਠਾਕ ਹੈ, ਇਹ ਦੱਸਣ ਲਈ ਰਾਜ਼ੀ ਨਹੀਂ ਹੋਏ ਸਨ'।"

ਅਗਸਤ 2020 ਵਿਚ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਭੂਮੀ ਪੂਜਨ ਮੌਕੇ ਰਾਮ ਮਾਧਵ ਨੇ ਲੇਖ ਲਿਖਿਆ ਸੀ, 'ਅਯੁੱਧਿਆ ਰੀਪ੍ਰੈਜ਼ੈਂਟਸ ਏ ਸ਼ੇਅਰਡ ਸੈਂਟੀਮੈਂਟ ਆਫ ਸੇਕਰਡਨੈੱਸ' (ਅਯੁੱਧਿਆ ਧਾਰਮਿਕਤਾ ਦੀ ਸਾਂਝੀ ਭਾਵਨਾ ਦੀ ਨੁਮਾਇੰਦਗੀ ਕਰਦਾ ਹੈ), ਜਦਕਿ ਇਹ ਮੰਦਰ ਉਸੇ ਜਗ੍ਹਾ ਉਪਰ ਬਣਾਇਆ ਜਾ ਰਿਹਾ ਹੈ, ਜਿੱਥੇ ਬਣੀ ਬਾਬਰੀ ਮਸਜਿਦ ਨੂੰ ਅਤਿਵਾਦੀ ਹਿੰਦੂ ਹਜੂਮ ਨੇ 6 ਦਸੰਬਰ 1992 ਨੂੰ ਤੋੜ ਦਿੱਤਾ ਸੀ। ਮਾਧਵ ਨੇ ਆਪਣੇ ਇਸ ਦਾਅਵੇ ਕਿ ਅਯੁੱਧਿਆ ਸਿਰਫ ਹਿੰਦੂਆਂ ਲਈ ਹੀ ਪਾਵਨ ਭੂਮੀ ਨਹੀਂ ਹੈ, ਦੀ ਪੁਰਜ਼ੋਰ ਵਜਾਹਤ ਕਰਦੇ ਹੋਏ ਕਿਹਾ ਕਿ "ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਰਾਮ ਜਨਮ ਭੂਮੀ ਮੁਗਲਾਂ ਤੋਂ ਵਾਪਸ ਲੈਣ ਦੀ ਲੜਾਈ ਵਿਚ ਵੈਸ਼ਣਵ ਦਾਸ ਦੀ ਹਮਾਇਤ ਕਰਨ ਲਈ ਅਯੁੱਧਿਆ ਵਿਚ ਇਕ ਫੌਜ ਦੀ ਅਗਵਾਈ ਕੀਤੀ ਸੀ।"

ਇਸ ਬਾਬਤ ਜਦ ਮੈਂ ਸਿੱਖਾਂ ਦੇ ਮਸ਼ਹੂਰ ਇਤਿਹਾਸਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਦੇ ਸਾਬਕਾ ਵਾਈਸ ਚਾਂਸਲਰ ਜੇ.ਐਸ. ਗਰੇਵਾਲ ਤੋਂ ਜਾਣਕਾਰੀ ਮੰਗੀ ਤਾਂ ਉਨ੍ਹਾਂ ਨੇ ਦੱਸਿਆ, "ਮੈਂ ਹਾਲ ਹੀ ਵਿਚ ਗੁਰੂ ਗੋਬਿੰਦ ਸਿੰਘ ਉਪਰ ਕਿਤਾਬ ਲਿਖੀ ਹੈ ਅਤੇ ਇਸ ਨੂੰ ਲਿਖਣ ਦੀ ਤਿਆਰੀ ਵਿਚ ਮੈਂ 18ਵੀਂ ਤੋਂ ਲੈ ਕੇ 19ਵੀਂ ਸਦੀ ਦੇ ਪਿਛਲੇ ਅੱਧ ਦਾ ਸਮੁੱਚਾ ਇਤਿਹਾਸ ਫਰੋਲਿਆ ਹੈ। ਮੈਨੂੰ ਉਥੇ ਇਸ ਤਰ੍ਹਾਂ ਦਾ ਕੋਈ ਦ੍ਰਿਸ਼ਟਾਂਤ ਨਹੀਂ ਮਿਲਿਆ। ਮੇਰੀ ਜਾਣਕਾਰੀ ਅਨੁਸਾਰ ਇਹ ਤੱਥ ਸਹੀ ਨਹੀਂ ਹੈ।"

ਮਾਧਵ ਨੇ ਆਪਣੇ ਇਸ ਅਪੁਸ਼ਟ ਦਾਅਵੇ ਨੂੰ ਪਹਿਲਾਂ ਸੰਘ ਦੇ ਤਰਜਮਾਨ ਰਸਾਲੇ 'ਆਰਗੇਨਾਈਜ਼ਰ' ਵਿਚ ਛਪਵਾਇਆ ਸੀ। ਹੁਣ ਜਦ ਕੋਈ ਹੋਰ ਸ਼ਖਸ ਇਸੇ ਤੱਥ ਨੂੰ ਸੰਘ ਦੀ ਕਲਪਨਾ ਦੀ ਘਾੜਤ ਕਹੇਗਾ ਤਾਂ ਉਹ ਤੱਥ ਦੀ ਪ੍ਰਮਾਣਿਕਤਾ ਲਈ ਬਦਨਾਮ 'ਆਰਗੇਨਾਈਜ਼ਰ' ਦੀ ਬਜਾਏ ਇੰਡੀਅਨ ਐਕਸਪ੍ਰੈੱਸ ਵਿਚ ਛਪੇ ਲੇਖ ਨੂੰ ਅੱਗੇ ਕਰ ਦੇਣਗੇ ਅਤੇ ਇਸ ਤਰ੍ਹਾਂ ਇਕ ਹੋਰ ਖਤਰਨਾਕ ਮਿੱਥ ਨੂੰ ਇਤਿਹਾਸ ਵਿਚ ਵਾੜ ਦਿੱਤਾ ਜਾਵੇਗਾ। ਭਾਰਤ ਵਰਗੇ ਐਸੇ ਮੁਲਕ ਜਿੱਥੇ ਸੁਪਰੀਮ ਕੋਰਟ ਅਯੁੱਧਿਆ ਉਪਰ ਹਿੰਦੂਆਂ ਦੀ ਮਾਲਕੀ ਦਰਸਾਉਣ ਲਈ ਆਪਣੇ ਫੈਸਲੇ ਵਿਚ ਸਿੱਖ ਮਿੱਥ ਨੂੰ ਹਵਾਲੇ ਵਜੋਂ ਇਸਤੇਮਾਲ ਕਰਦੀ ਹੈ, ਵਿਚ ਤਾਂ ਰਾਮ ਮਾਧਵ ਦਾ ਲੇਖ ਛਾਪਣ ਤੋਂ ਪਹਿਲਾਂ ਉਸ ਵਿਚ ਦਿੱਤੇ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਦਾ ਨਤੀਜਾ ਖਤਰਨਾਕ ਸਿੱਧ ਹੋਵੇਗਾ।

ਬੀ.ਜੇ.ਪੀ. ਦੇ ਰਾਜ ਸਭਾ ਮੈਂਬਰ ਰਾਕੇਸ਼ ਸਿਨਹਾ ਨੇ ਵੀ ਇੰਡੀਅਨ ਐਕਸਪ੍ਰੈੱਸ ਦੇ ਆਪਣੇ ਕਾਲਮ ਵਿਚ ਆਰ.ਐਸ.ਐਸ. ਨੂੰ ਰਾਸ ਆਉਂਦੇ ਇਤਿਹਾਸ ਉਪਰ ਲਿੱਪਾਪੋਚੀ ਦਾ ਕੰਮ ਕੀਤਾ ਸੀ। ਉਸ ਨੇ 2018 ਵਿਚ ਛਪੇ ਆਪਣੇ ਲੇਖ ਵਿਚ ਲਿਖਿਆ:

"ਸੁਤੰਤਰਤਾ ਪ੍ਰਾਪਤੀ ਦੇ ਪਹਿਲੇ ਤਿੰਨ ਦਹਾਕਿਆਂ ਵਿਚ ਆਰ.ਐਸ.ਐਸ. ਅਤੇ ਵਿਰੋਧੀ ਤਾਕਤਾਂ ਦਰਮਿਆਨ ਅਸਹਿਮਤੀ ਇਕ ਦੂਜੇ ਨਾਲ ਜੰਗੀ ਪੈਮਾਨੇ 'ਤੇ ਨਹੀਂ ਸੀ। ਆਰ.ਐਸ.ਐਸ. ਦੇ ਵਿਰੋਧੀ ਉਸ ਦੇ ਫਲਸਫੇ ਨੂੰ ਜਾਣਦੇ ਸਨ ਅਤੇ ਜਦ ਕਦੇ ਮੁਲਕ ਦੀਆਂ ਸਮਾਜੀ ਤੇ ਰਾਜਨੀਤਕ ਸੰਸਥਾਵਾਂ ਸਾਹਮਣੇ ਸੰਕਟ ਆਉਂਦਾ, ਉਹ ਸੰਘ ਪ੍ਰਤੀ ਲਚਕੀਲਾ ਰੁਖ ਰੱਖਦੇ ਸਨ... ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ 1950ਵਿਆਂ ਵਿਚ ਮੁਲਕ ਵਿਚ ਅੰਨ ਮੁਹਿੰਮ 'ਚ ਆਰ.ਐਸ.ਐਸ. ਨੂੰ ਸ਼ਾਮਲ ਕਰਨ ਦੀ ਖੁਰਾਕ ਸਕੱਤਰ ਦੀ ਤਜਵੀਜ਼ ਮੰਨ ਲਈ ਸੀ। ਲੱਗਭੱਗ ਇਸੇ ਵਕਤ, ਕਾਂਗਰਸ ਕਾਰਜਕਾਰਨੀ ਨੇ ਆਰ.ਐਸ.ਐਸ. ਦੇ ਕਾਰਿੰਦਿਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਮਤਾ ਪਾਸ ਕੀਤਾ ਸੀ। ਇਹ ਕਾਂਗਰਸ ਸਰਕਾਰ ਦੀ ਆਪਣੀ ਉਸ ਗਲਤੀ ਨੂੰ ਸੁਧਾਰਨ ਦਾ ਹਿੱਸਾ ਸੀ ਜਿਸ ਵਿਚ ਉਨ੍ਹਾਂ ਨੇ ਮਹਾਤਮਾ ਗਾਂਧੀ ਦੇ ਕਤਲ ਵਿਚ ਆਰ.ਐਸ.ਐਸ. ਦੇ ਗੰਢ-ਚਿਤਰਾਵੇ ਦਾ ਝੂਠਾ ਇਲਜ਼ਾਮ ਲਗਾਇਆ ਸੀ।"

ਰਾਕੇਸ਼ ਸਿਨਹਾ ਦਾ ਇਹ ਦਾਅਵਾ ਕਿ ਆਰ.ਐਸ.ਐਸ. ਨਾਲ ਨਹਿਰੂ ਦਾ ਕੋਈ ਝਗੜਾ ਨਹੀਂ ਸੀ, ਇਸ ਨੂੰ ਲੈ ਕੇ ਵਾਦ-ਵਿਵਾਦ ਹੋ ਸਕਦਾ ਹੈ; ਲੇਕਿਨ ਇਹ ਕਹਿਣਾ ਕਿ ਕਾਂਗਰਸ ਨੇ ਸੰਘ ਦੇ ਕਾਰਿੰਦਿਆਂ ਦਾ ਆਪਣੀ ਪਾਰਟੀ ਵਿਚ ਸਵਾਗਤ ਕੀਤਾ ਸੀ, ਪੂਰੀ ਤਰ੍ਹਾਂ ਝੂਠ ਹੈ। ਆਰ.ਐਸ.ਐਸ. ਨਾਲ ਹਮਦਰਦੀ ਰੱਖਣ ਵਾਲੇ ਲੇਖਕ ਵਾਲਟਰ ਐਂਡਰਸਨ ਲਿਖਦੇ ਹਨ ਕਿ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਆਰ.ਐਸ.ਐਸ. ਉਪਰ ਲਗਾਈ ਪਾਬੰਦੀ ਨੂੰ ਅਕਤੂਬਰ 1949 ਵਿਚ ਹਟਾ ਦਿੱਤੇ ਜਾਣ ਤੋਂ ਬਾਅਦ ਕਾਂਗਰਸ ਕਾਰਜਕਾਰਨੀ ਨੇ ਆਰ.ਐਸ.ਐਸ. ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦੀ ਵਿਵਸਥਾ ਕੀਤੀ ਸੀ। ਕਾਰਜਕਾਰਨੀ ਦੇ ਇਸ ਫੈਸਲੇ ਉਪਰ ਕਾਂਗਰਸ ਦੇ ਅੰਦਰ ਤੁਰੰਤ ਵਿਰੋਧ ਸ਼ੁਰੂ ਹੋ ਗਿਆ। ਸਰਦਾਰ ਵਲਭ ਭਾਈ ਪਟੇਲ ਦੇ ਹਮਾਇਤੀ ਇਸ ਮਤੇ ਦੇ ਹੱਕ ਵਿਚ ਸਨ ਜਦਕਿ ਪੰਡਿਤ ਜਵਾਹਰਲਾਲ ਨਹਿਰੂ ਦੇ ਹਮਾਇਤੀ ਇਸ ਦਾ ਵਿਰੋਧ ਕਰ ਰਹੇ ਸਨ।

ਆਖਿਰਕਾਰ ਨਹਿਰੂ ਨੂੰ ਇਸ ਵਾਦ-ਵਿਵਾਦ ਵਿਚ ਆਉਣਾ ਪਿਆ। ਉਸ ਨੇ ਕਾਰਜਕਾਰਨੀ ਨੂੰ ਕਿਹਾ ਕਿ ਆਰ.ਐਸ.ਐਸ. ਦੇ ਕਾਰਿੰਦਿਆਂ ਨੂੰ ਇਸ ਸ਼ਰਤ 'ਤੇ ਕਾਂਗਰਸ ਵਿਚ ਲਿਆ ਜਾਵੇਗਾ, ਜਦ ਉਹ ਆਰ.ਐਸ.ਐਸ. ਦੀ ਮੈਂਬਰੀ ਛੱਡ ਦੇਣਗੇ।

ਦਰਅਸਲ, ਜਿੰਨਾ ਕੁ ਸਾਹਮਣੇ ਆਇਆ, ਉਸ ਤੋਂ ਕਿਤੇ ਜ਼ਿਆਦਾ ਹਿੱਸਾ ਲੁਕਿਆ ਹੋਇਆ ਸੀ। ਜਦ ਨਹਿਰੂ ਵਿਦੇਸ਼ ਦੌਰੇ 'ਤੇ ਸੀ ਤਾਂ ਵਲਭ ਭਾਈ ਪਟੇਲ ਨੇ ਆਰ.ਐਸ.ਐਸ. ਦੇ ਕਾਰਿੰਦਿਆਂ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਮਤਾ ਕਾਰਜਕਾਰਨੀ ਵਿਚ ਪੇਸ਼ ਕੀਤਾ ਸੀ। ਨਹਿਰੂ ਇਸ ਮਤੇ ਉਪਰ ਹੱਕਾ-ਬੱਕਾ ਰਹਿ ਗਿਆ ਅਤੇ ਮੁਲਕ ਪਰਤ ਕੇ ਉਸ ਨੇ ਇਹ ਫੈਸਲਾ ਵਾਪਸ ਕਰਾਇਆ ਸੀ। ਇਸ ਤਰ੍ਹਾਂ ਕਾਰਜਕਾਰਨੀ ਦਾ ਇਹ ਮਤਾ ਮਸਾਂ ਹੀ ਮਹੀਨਾ ਕੁ ਰਿਹਾ ਸੀ, ਜਦਕਿ ਸਿਨਹਾ ਦੀ ਪੇਸ਼ਕਾਰੀ ਵਿਚ ਇਸ ਵਾਕਿਆ ਨੂੰ ਆਰ.ਐਸ.ਐਸ. ਪ੍ਰਤੀ ਨਹਿਰੂ ਦੇ ਆਦਰ-ਮਾਣ ਦੇ ਸਬੂਤ ਦੇ ਰੂਪ 'ਚ ਪੇਸ਼ ਕਰ ਦਿੱਤਾ ਗਿਆ ਹੈ।

ਰਾਕੇਸ਼ ਸਿਨਹਾ ਨੇ 2018 ਵਿਚ ਹੀ ਲਿਖੇ ਆਪਣੇ ਇਕ ਹੋਰ ਲੇਖ ਵਿਚ ਆਰ.ਐਸ.ਐਸ. ਅਤੇ ਹਿੰਦੂ ਮਹਾਸਭਾ ਨੂੰ ਇੱਕੋ ਜਿਹੀ ਪ੍ਰਵਿਰਤੀ ਵਾਲੀਆਂ ਸੰਸਥਾਵਾਂ ਦੱਸਣ ਉਪਰ ਇਤਰਾਜ਼ ਜ਼ਾਹਿਰ ਕੀਤਾ ਸੀ। ਉਸ ਨੇ ਲਿਖਿਆ ਕਿ "ਮਹਾਸਭਾ ਦੇ ਆਗੂ ਬੀ.ਐਸ. ਮੂੰਜੇ ਨੂੰ ਆਰ.ਐਸ.ਐਸ. ਦੇ ਮੁੱਖ ਉਸਰੱਈਏ ਵਜੋਂ ਪੇਸ਼ ਕੀਤਾ ਜਾਂਦਾ ਹੈ" ਲੇਕਿਨ "ਮਹੱਤਵਪੂਰਨ ਮੁੱਦਿਆਂ ਉਪਰ ਮੂੰਜੇ ਅਤੇ ਆਰ.ਐਸ.ਐਸ. ਦੇ ਮੱਤਭੇਦ ਸਨ ਅਤੇ ਆਰ.ਐਸ.ਐਸ. ਨੇ ਕਦੇ ਇਹ ਲੁਕੋ ਨਹੀਂ ਰੱਖਿਆ।"

ਵਿਦਵਾਨ ਮਾਰਜ਼ੀਆ ਕੈਸੋਲਰੀ ਨੇ ਸੰਨ 2000 ਵਿਚ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਛਪੇ ਆਪਣੇ ਇਕ ਲੇਖ ਵਿਚ ਲਿਖਿਆ, "ਪ੍ਰਵਾਨਤ ਵਿਚਾਰ ਅਨੁਸਾਰ, ਤੇ ਜਿਸ

**(ਬਾਕੀ ਅਗਲੇ ਸਫੇ 'ਤੇ)**

*ਸਾਵਰਕਰ ਦਾ ਭਾਈ ਗਣੇਸ਼ ਦਾਮੋਦਰ ਸਾਵਰਕਰ ਉਨ੍ਹਾਂ ਪੰਜ ਜਣਿਆਂ ਵਿਚ ਸ਼ਾਮਲ ਸੀ ਜੋ 27 ਸਤੰਬਰ 1925 ਨੂੰ ਨਾਗਪੁਰ ਵਿਚ ਆਰ.ਐਸ.ਐਸ.ਦੀ ਸਥਾਪਨਾ ਕੀਤੇ ਜਾਣ ਦੇ ਮੌਕੇ ਮੌਜੂਦ ਸਨ। ਮੂੰਜੇ ਨੇ 1931 ਵਿਚ ਬੈਨਿਤੋ ਮੁਸੋਲਿਨੀ ਨਾਲ ਆਰ.ਐਸ.ਐਸ. ਦੇ ਬਾਨੀ ਅਤੇ ਹਿੰਦੂ ਮਹਾਸਭਾ ਦੇ ਪ੍ਰਧਾਨ ਦੀ ਹੈਸੀਅਤ ਵਿਚ ਮੁਲਾਕਾਤ ਕੀਤੀ ਸੀ। ਮੂੰਜੇ, ਆਰ.ਐਸ.ਐਸ. ਅਤੇ ਹਿੰਦੂ ਮਹਾਸਭਾ ਦੇ ਜੀਵਨ ਚੱਕਰ ਹਮੇਸ਼ਾ ਹੀ ਡੂੰਘੇ ਰੂਪ 'ਚ ਗੁੰਦੇ ਰਹੇ। ਇਨ੍ਹਾਂ ਜਥੇਬੰਦੀਆਂ ਦਰਮਿਆਨ ਪਾਟਕ ਦੀ ਮਿੱਥ ਸਿਰਫ ਇਸ ਲਈ ਪ੍ਰਚਾਰੀ ਗਈ ਸੀ ਤਾਂ ਜੋ ਮਹਾਤਮਾ ਗਾਂਧੀ ਦੇ ਕਤਲ ਨਾਲ ਆਰ.ਐਸ.ਐਸ. ਦਾ ਕਿਸੇ ਤਰ੍ਹਾਂ ਦੇ ਸਬੰਧ ਹੋਣ ਜਾਂ ਇਸ ਵਿਚ ਕਿਸੇ ਤਰ੍ਹਾਂ ਦਾ ਹੱਥ ਹੋਣ ਦੇ ਇਲਜ਼ਾਮ ਨੂੰ ਰੱਦ ਕੀਤਾ ਜਾ ਸਕੇ।*

# ਪੱਤਰਕਾਰੀ ਅਤੇ ਸੱਜੇ ਪੱਖ ਵੱਲ ਝੁਕਾਅ

*(ਪਿਛਲੇ ਸਫੇ ਦੀ ਬਾਕੀ)*

ਦੀ ਹਮਾਇਤ ਗਰਮਖਿਆਲ ਹਿੰਦੂਵਾਦੀ ਜਥੇਬੰਦੀਆਂ ਵੀ ਕਰਦੀਆਂ ਹਨ, ਆਰ. ਐਸ. ਐਸ. ਅਤੇ ਹਿੰਦੂ ਮਹਾਸਭਾ ਦਰਮਿਆਨ ਖਾਸ ਮਾਇਨਿਆਂ ਵਿਚ ਕਦੇ ਨੇੜਤਾ ਨਹੀਂ ਰਹੀ ਹੈ।" ਇਸ ਵਿਚਾਰ ਤਹਿਤ ਮਾਰਜ਼ੀਆ ਨੇ ਅੱਗੇ ਲਿਖਿਆ, ਐਸਾ ਸਮਝਿਆ ਜਾਂਦਾ ਹੈ ਕਿ 1937 ਤੋਂ ਬਾਅਦ ਆਰ.ਐਸ.ਐਸ. ਅਤੇ ਮਹਾਸਭਾ ਦੀ ਅਣਬਣ ਹੋ ਗਈ, ਜਦ ਵੀ.ਡੀ. ਸਾਵਰਕਰ ਨੇ ਸੰਘ ਦੀ ਵਾਗਡੋਰ ਮੂੰਜੇ ਤੋਂ ਲੈ ਲਈ। ਕੈਸੋਲਰੀ ਨੇ ਲਿਖਿਆ ਕਿ ਦਰਅਸਲ ਬੇਸ਼ੁਮਾਰ ਇਤਿਹਾਸਕ ਸਬੂਤ ਦਿਖਾਉਂਦੇ ਹਨ ਕਿ ਇਸ ਤਰ੍ਹਾਂ ਦੀ ਵੰਡ ਕਦੇ ਨਹੀਂ ਹੋਈ ਬਲਕਿ ਦੋਨੋਂ ਜਥੇਬੰਦੀਆਂ ਵਿਚ ਹਮੇਸ਼ਾ ਹੀ ਗੂੜ੍ਹਾ ਰਿਸ਼ਤਾ ਰਿਹਾ ਹੈ।"

ਸਾਵਰਕਰ ਦਾ ਭਾਈ ਗਣੇਸ਼ ਦਾਮੋਦਰ ਸਾਵਰਕਰ ਉਨ੍ਹਾਂ ਪੰਜ ਜਣਿਆਂ 'ਚ ਸ਼ਾਮਲ ਸੀ ਜੋ 27 ਸਤੰਬਰ 1925 ਨੂੰ ਨਾਗਪੁਰ ਵਿਚ ਆਰ.ਐਸ.ਐਸ.ਦੀ ਸਥਾਪਨਾ ਕੀਤੇ ਜਾਣ ਦੇ ਮੌਕੇ ਮੌਜੂਦ ਸਨ। ਮੂੰਜੇ ਨੇ 1931 ਵਿਚ ਬੈਨਿਤੋ ਮੁਸੋਲਿਨੀ ਨਾਲ ਆਰ.ਐਸ.ਐਸ. ਦੇ ਬਾਨੀ ਅਤੇ ਹਿੰਦੂ ਮਹਾਸਭਾ ਦੇ ਪ੍ਰਧਾਨ ਦੀ ਹੈਸੀਅਤ 'ਚ ਮੁਲਾਕਾਤ ਕੀਤੀ ਸੀ। ਮੂੰਜੇ, ਆਰ.ਐਸ.ਐਸ. ਅਤੇ ਹਿੰਦੂ ਮਹਾਸਭਾ ਦੇ ਜੀਵਨ ਚੱਕਰ ਹਮੇਸ਼ਾ ਹੀ ਡੂੰਘੇ ਰੂਪ 'ਚ ਗੁੰਦੇ ਰਹੇ। ਇਨ੍ਹਾਂ ਜਥੇਬੰਦੀਆਂ ਦਰਮਿਆਨ ਪਾਟਕ ਦੀ ਮਿੱਥ ਸਿਰਫ ਇਸ ਲਈ ਪ੍ਰਚਾਰੀ ਗਈ ਸੀ ਤਾਂ ਜੋ ਮਹਾਤਮਾ ਗਾਂਧੀ ਦੇ ਕਤਲ ਨਾਲ ਆਰ.ਐਸ.ਐਸ. ਦਾ ਕਿਸੇ ਤਰ੍ਹਾਂ ਦੇ ਸਬੰਧ ਹੋਣ ਜਾਂ ਇਸ ਵਿਚ ਕਿਸੇ ਤਰ੍ਹਾਂ ਦਾ ਹੱਥ ਹੋਣ ਦੇ ਇਲਜ਼ਾਮ ਨੂੰ ਰੱਦ ਕੀਤਾ ਜਾ ਸਕੇ। ਗਾਂਧੀ ਦੇ ਕਾਤਲ ਨੱਥੂਰਾਮ ਗੌਡਸੇ ਦਾ ਆਰ.ਐਸ.ਐਸ. ਅਤੇ ਹਿੰਦੂ ਮਹਾਸਭਾ, ਦੋਨਾਂ ਜਥੇਬੰਦੀਆਂ ਨਾਲ ਲੰਮਾ ਸਬੰਧ ਰਿਹਾ ਹੈ ਲੇਕਿਨ ਸੰਘ ਬਜ਼ਿੱਦ ਹੈ ਕਿ ਇਹ ਜੁਰਮ ਕਰਨ ਤੋਂ ਬਹੁਤ ਪਹਿਲਾਂ ਗੌਡਸੇ ਨੇ ਸੰਘ ਛੱਡ ਦਿੱਤਾ ਸੀ। ਬਹੁਤ ਸਾਰੇ ਇਤਿਹਾਸਕ ਸਬੂਤਾਂ ਨੇ ਇਸ ਮਾਨਤਾ ਦੇ ਪਰਖੱਚੇ ਉਡਾ ਦਿੱਤੇ ਹਨ (ਦੇਖੋ, ਧੀਰੇਂਦਰ ਕੇ. ਝਾਅ ਦਾ ਲੇਖ 'ਨੱਥੂਰਾਮ ਗੌਡਸੇ: ਨਫਰਤ ਦਾ ਪ੍ਰਚਾਰਕ' ਜੋ ਇਸੇ ਰਸਾਲੇ ਦੇ ਜਨਵਰੀ 2020 ਅੰਕ ਵਿਚ ਛਪਿਆ ਸੀ)।

ਸ਼ੋਮਾ ਚੌਧਰੀ ਨਾਲ ਇੰਟਰਵਿਊ ਦੌਰਾਨ ਗੋਇਨਕਾ ਤੋਂ ਪੁੱਛਿਆ ਗਿਆ ਸੀ ਕਿ ਅੱਜ ਮੀਡੀਆ ਦੀ ਇਸ ਦੁਰਦਸ਼ਾ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਉਸ ਦਾ ਬੇਲਾਗ ਜਵਾਬ ਸੀ: "ਕੋਈ ਇਕ ਆਦਮੀ ਜਿਸ ਦੀ ਇਹ ਸਭ ਕਾਸੇ ਦੀ ਜਵਾਬਦੇਹੀ ਹੁੰਦੀ ਹੈ? ਸੰਸਥਾ ਦਾ ਮਾਲਕ (ਇਕ) ਨਿਸ਼ਚਿਤ ਫਾਰਮੈੱਟ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ, (ਇਹ) ਉਸ ਦੇ ਨਿਰਦੇਸ਼ 'ਤੇ ਚੱਲਦਾ ਹੈ। ਆਪਣੀ ਹੀ ਰਾਇ ਮੁਤਾਬਿਕ ਐਕਸਪ੍ਰੈੱਸ ਦੇ ਇਸ ਘਾਲੇਮਾਲੇ ਲਈ ਓੜਕ ਇਲਜ਼ਾਮ ਖੁਦ ਅਨੰਤ ਗੋਇਨਕਾ ਅਤੇ ਉਸ ਦੇ ਪਿਤਾ ਤੇ ਐਕਸਪ੍ਰੈੱਸ ਸਮੂਹ ਦੇ ਪ੍ਰਧਾਨ ਵਿਵੇਕ ਗੋਇਨਕਾ ਉਪਰ ਜਾ ਟਿਕਦਾ ਹੈ।

---

ਕੌਮਾਂਤਰੀ ਨਿਗਰਾਨੀ ਸਮੂਹ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਅਤੇ ਇਕ ਸਥਾਨਕ ਹਿੱਸੇਦਾਰ ਦੀ ਭਾਰਤ ਬਾਰੇ ਛਪੀ ਆਪਣੀ ਰਿਪੋਰਟ 2019 ਮੀਡੀਆ ਮੀਡੀਆ ਮਾਲਕੀ ਮਾਨੀਟਰ ਵਿਚ ਛਪਣ ਸੰਖਿਆ ਅਤੇ 'ਆਮ ਰਾਇ ਬਣਾਉਣ 'ਚ ਉਨ੍ਹਾਂ ਦੇ ਅਸਰ' ਦੇ ਆਧਾਰ 'ਤੇ ਮੁਲਕ ਦੀਆਂ ਚੋਟੀ ਦੀਆਂ 8 ਮੀਡੀਆ ਕੰਪਨੀਆਂ ਦੀ ਪਛਾਣ ਕੀਤੀ ਗਈ ਹੈ। ਇਹ ਸਮੂਹ ਹਨ: ਜ਼ੀ ਸਮੂਹ, ਟੀ.ਵੀ. ਟੂਡੇ, ਏ.ਬੀ.ਪੀ. ਗਰੁੱਪ, ਨੈੱਟਵਰਕ 18, ਦਿ ਟਾਈਮਜ਼ ਗਰੁੱਪ, ਦੈਨਿਕ ਭਾਸਕਰ ਸਮੂਹ ਤੇ ਪ੍ਰਸਾਰ ਭਾਰਤੀ। ਇਨ੍ਹਾਂ ਵਿਚੋਂ ਚਾਰ ਸਮੂਹਾਂ - ਜ਼ੀ, ਦੈਨਿਕ ਭਾਸਕਰ, ਦਿ ਟਾਈਮਜ਼ ਗਰੁੱਪ ਅਤੇ ਐਚ.ਟੀ. ਮੀਡੀਆ ਦੀ ਮਾਲਕ ਇਕ ਹੀ ਮਾਰਵਾੜੀ ਜਾਤੀ ਹੈ; ਤੇ ਨੈੱਟਵਰਕ 18 ਦਾ ਮਾਲਕ ਮੁਕੇਸ਼ ਅੰਬਾਨੀ ਹੈ ਜੋ ਗੁਜਰਾਤੀ ਬਾਣੀਆ ਹੈ, ਇਹ ਸ਼ਾਹੂਕਾਰ ਜਾਤੀ ਮੰਨੀ ਜਾਂਦੀ ਹੈ। ਮੀਡੀਆ ਵਿਚ ਮਾਰਵਾੜੀ ਜਾਤੀ ਦੀ ਜਕੜ ਡੈਕਨ ਦੇ ਉਤਰ ਦੀਆਂ ਕੰਪਨੀਆਂ - ਜਾਗਰਨ ਪ੍ਰਕਾਸ਼ਨ, ਰਾਜਸਥਾਨ ਸਮੂਹ, ਲੋਕਮਤ ਮੀਡੀਆ ਅਤੇ ਦਿ ਐਕਸਪ੍ਰੈੱਸ ਗਰੁੱਪ - ਤੱਕ ਫੈਲ ਗਈ ਹੈ।

REPORTERS WITHOUT BORDERS

FOR FREEDOM OF INFORMATION

***ਕੌਮਾਂਤਰੀ ਨਿਗਰਾਨੀ ਸਮੂਹ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਅਤੇ ਇਕ ਸਥਾਨਕ ਹਿੱਸੇਦਾਰ ਦੀ ਭਾਰਤ ਬਾਰੇ ਛਪੀ ਆਪਣੀ ਰਿਪੋਰਟ 2019 ਮੀਡੀਆ ਮੀਡੀਆ ਮਾਲਕੀ ਮਾਨੀਟਰ ਵਿਚ ਛਪਣ ਸੰਖਿਆ ਅਤੇ 'ਆਮ ਰਾਇ ਬਣਾਉਣ ਵਿਚ ਉਨ੍ਹਾਂ ਦੇ ਅਸਰ' ਦੇ ਆਧਾਰ 'ਤੇ ਮੁਲਕ ਦੀਆਂ ਚੋਟੀ ਦੀਆਂ 8 ਮੀਡੀਆ ਕੰਪਨੀਆਂ ਦੀ ਪਛਾਣ ਕੀਤੀ ਗਈ ਹੈ। ਇਹ ਸਮੂਹ ਹਨ: ਜ਼ੀ ਸਮੂਹ, ਟੀ.ਵੀ. ਟੂਡੇ, ਏ.ਬੀ.ਪੀ. ਗਰੁੱਪ, ਨੈੱਟਵਰਕ 18, ਦਿ ਟਾਈਮਜ਼ ਗਰੁੱਪ, ਦੈਨਿਕ ਭਾਸਕਰ ਸਮੂਹ ਤੇ ਪ੍ਰਸਾਰ ਭਾਰਤੀ। ਇਨ੍ਹਾਂ ਵਿਚੋਂ ਚਾਰ ਸਮੂਹਾਂ - ਜ਼ੀ, ਦੈਨਿਕ ਭਾਸਕਰ, ਦਿ ਟਾਈਮਜ਼ ਗਰੁੱਪ ਅਤੇ ਐਚ.ਟੀ. ਮੀਡੀਆ ਦੀ ਮਾਲਕ ਇਕ ਹੀ ਮਾਰਵਾੜੀ ਜਾਤੀ ਹੈ; ਤੇ ਨੈੱਟਵਰਕ 18 ਦਾ ਮਾਲਕ ਮੁਕੇਸ਼ ਅੰਬਾਨੀ ਹੈ ਜੋ ਗੁਜਰਾਤੀ ਬਾਣੀਆ ਹੈ, ਇਹ ਸ਼ਾਹੂਕਾਰ ਜਾਤੀ ਮੰਨੀ ਜਾਂਦੀ ਹੈ। ਮੀਡੀਆ ਵਿਚ ਮਾਰਵਾੜੀ ਜਾਤੀ ਦੀ ਜਕੜ ਡੈਕਨ ਦੇ ਉਤਰ ਦੀਆਂ ਕੰਪਨੀਆਂ - ਜਾਗਰਨ ਪ੍ਰਕਾਸ਼ਨ, ਰਾਜਸਥਾਨ ਸਮੂਹ, ਲੋਕਮਤ ਮੀਡੀਆ ਅਤੇ ਦਿ ਐਕਸਪ੍ਰੈੱਸ ਗਰੁੱਪ - ਤੱਕ ਫੈਲ ਗਈ ਹੈ।***

ਜਿਵੇਂ ਅਨੰਤ ਗੋਇਨਕਾ ਨੇ ਨਿਸ਼ਾਨਦੇਹੀ ਕੀਤੀ ਹੈ ਕਿ ਭਾਰਤੀ ਮੀਡੀਆ ਉਪਰ ਉਨ੍ਹਾਂ ਦੇ ਮਾਲਕਾਂ ਦਾ ਬਹੁਤ ਪ੍ਰਭਾਵ ਪੈਂਦਾ ਹੈ। ਲੱਗਭੱਗ ਇਨ੍ਹਾਂ ਤਮਾਮ ਸੂਚੀਬੱਧ ਕੰਪਨੀਆਂ ਵਿਚ ਇਨ੍ਹਾਂ ਦੇ ਮਾਲਕ, ਅਖਬਾਰ ਜਾਂ ਚੈਨਲ ਦੀ ਸੰਪਾਦਕੀ ਨੀਤੀ ਤੈਅ ਕਰਨ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਹਨ - ਜਾਂ ਤਾਂ ਸੰਪਾਦਕੀ ਫੈਸਲਿਆਂ ਉਪਰ ਆਪਣਾ ਸਿੱਧਾ ਕੰਟਰੋਲ ਰੱਖਦੇ ਹਨ, ਜਾਂ ਫਿਰ ਪਸੰਦ ਦੇ ਸੰਪਾਦਕਾਂ ਜਿਨ੍ਹਾਂ ਨੂੰ ਵਿਆਪਕ ਤੌਰ 'ਤੇ ਮਾਲਕਾਂ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ, ਦੇ ਮਾਧਿਅਮ ਜ਼ਰੀਏ ਆਪਣਾ ਰਸੂਖ ਰੱਖਦੇ ਹਨ। ਇਸ ਪ੍ਰਸੰਗ ਵਿਚ ਮੀਡੀਆ ਨੂੰ ਇਕ ਨਿਸ਼ਚਿਤ ਨੁਹਾਰ ਦੇਣ ਵਿਚ ਮਾਰਵਾੜੀ ਖਾਸੀਅਤ ਦੀ ਭੂਮਿਕਾ ਖਾਸ ਹੋ ਜਾਂਦੀ ਹੈ ਅਤੇ ਇਸ ਦਾ ਸੰਦੇਸ਼ ਭਾਰਤੀਆਂ ਦੀ ਬਹੁਤ ਬੜੀ ਤਾਦਾਦ ਤੱਕ ਪਹੁੰਚਦਾ ਹੈ।

ਜਰਨਲਿਸਟ ਅਕਸ਼ੇ ਮੁਕੁਲ ਨੇ ਆਪਣੀ ਮਸ਼ਹੂਰ ਕਿਤਾਬ 'ਗੀਤਾ ਪ੍ਰੈੱਸ ਐਂਡ ਦਿ ਮੇਕਿੰਗ ਆਫ ਹਿੰਦੂ ਇੰਡੀਆ' ਵਿਚ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਮਾਰਵਾੜੀ ਭਾਈਚਾਰੇ ਦੇ ਵਿਕਾਸ ਦੀ ਥਾਹ ਪਾਈ ਹੈ। ਮਾਰਵਾੜੀ ਆਪਣੇ ਮੂਲ ਨਿਵਾਸ ਸਥਾਨ ਰਾਜਸਥਾਨ ਤੋਂ ਕਾਰੋਬਾਰ ਅਤੇ ਵਪਾਰ ਦੇ ਮੌਕਿਆਂ ਦੀ ਤਲਾਸ਼ ਵਿਚ ਪੂਰੇ ਮੁਲਕ 'ਚ ਫੈਲ ਗਏ। ਇਸ ਵਿਚ ਉਨ੍ਹਾਂ ਨੂੰ ਬੜੀ ਕਾਮਯਾਬੀ ਮਿਲੀ ਅਤੇ ਉਹ ਮੁਲਕ ਦੇ ਚੋਟੀ ਦੇ ਕਾਰੋਬਾਰੀ ਘਰਾਣਿਆਂ ਦੀ ਪੱਕੇ ਪੈਰੀਂ ਨੁਮਾਇੰਦਗੀ ਕਰਨ ਲੱਗੇ; ਲੇਕਿਨ ਉਨ੍ਹਾਂ ਦੀ ਵਿਤੀ ਹਾਲਤ ਉਨ੍ਹਾਂ ਦੀ ਸਮਾਜੀ ਹੈਸੀਅਤ ਨਾਲ ਮੇਲ ਨਹੀਂ ਖਾਂਦੀ ਸੀ, ਕਿਉਂਕਿ ਸ਼ਾਹੂਕਾਰ ਜਾਤੀਆਂ ਨੂੰ ਰਵਾਇਤੀ ਵਰਣ ਆਸ਼ਰਮ ਪ੍ਰਣਾਲੀ ਵਿਚ ਤੀਜੇ ਪੌਡੇ ਉਪਰ ਰੱਖਿਆ ਜਾਂਦਾ ਸੀ। ਇਨ੍ਹਾਂ ਮਾਰਵਾੜੀਆਂ ਨੇ ਸੱਤਾ ਨਾਲ ਮੇਲਜੋਲ ਬਣਾਉਣ ਅਤੇ ਆਪਣੇ ਹਿੱਸੇ ਦੇ ਧਨ ਨੂੰ ਪ੍ਰਭਾਵਿਤ ਕਰਨ ਦੇ ਲਿਹਾਜ਼ ਨਾਲ ਸਮਾਜੀ ਪ੍ਰਵਾਨਗੀ ਦੀ ਭਾਲ ਸ਼ੁਰੂ ਕਰ ਦਿੱਤੀ।

ਵਧੇਰੇ ਮਾਣ-ਸਨਮਾਨ ਦੀ ਭਾਲ ਵਿਚ ਉਨ੍ਹਾਂ ਨੇ ਮੰਦਰਾਂ, ਧਰਮਸ਼ਾਲਾਵਾਂ ਤੇ ਸਿੱਖਿਆ ਸੰਸਥਾਵਾਂ ਅਤੇ ਕਈ ਗਊ ਰੱਖਿਆ ਸਭਾਵਾਂ ਬਣਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਦੀ ਸਰਪ੍ਰਸਤੀ ਕੀਤੀ। ਭਾਰਤ ਵਿਚ ਮੀਡੀਆ ਦੇ ਮੁੱਢਲੇ ਪਸਾਰਾ ਵਿਚ ਵੀ ਮਾਰਵਾੜੀ ਸੇਠਾਂ ਦਾ ਵੱਡਾ ਹੱਥ ਸੀ।

ਗੀਤਾ ਪ੍ਰੈੱਸ ਦੀ ਸਥਾਪਨਾ 1923 ਵਿਚ ਹੋਈ ਅਤੇ ਇਸ ਦਾ ਸੰਚਾਲਨ ਮਾਰਵਾੜੀ ਵਿੱਤੀ ਸਹਾਇਤਾ ਉਪਰ ਪਲਣ ਵਾਲੇ ਟਰੱਸਟ ਨੇ ਕੀਤਾ। ਛੇਤੀ ਹੀ ਇਹ ਪ੍ਰਕਾਸ਼ਨ ਮਿਆਰੀ ਹਿੰਦੂ ਧਾਰਮਿਕ ਗ੍ਰੰਥਾਂ ਦੇ ਵਿਆਪਕ ਪ੍ਰਸਾਰ ਦੀ ਬੜੀ ਤਾਕਤ ਬਣ ਗਿਆ। ਇਸ ਨੇ 'ਕਲਿਆਣ' ਨਾਮ ਦਾ ਰਸਾਲਾ ਸ਼ੁਰੂ ਕੀਤਾ ਜਿਸ ਨੇ ਰਵਾਇਤੀ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਜ਼ਰੀਏ ਆਪਣੀਆਂ ਸੇਵਾਵਾਂ ਦਿੱਤੀਆਂ।

ਮਾਰਵਾੜੀਆਂ ਅਤੇ ਸਾਰੇ ਹਿੰਦੂਆਂ ਲਈ ਪ੍ਰਕਾਸ਼ਨ ਹਾਊਸ ਆਪਣੀਆਂ ਧਾਰਨਾਵਾਂ ਨੂੰ ਅੱਗੇ ਵਧਾਉਣ ਦਾ ਜ਼ਰੀਆ ਬਣ ਗਿਆ। ਪ੍ਰਕਾਸ਼ਨ ਘਰਾਣੇ ਨੇ ਇਸ ਧਾਰਨਾ ਦਾ ਪੱਖ ਪੂਰਿਆ ਕਿ ਮਾਰਵਾੜੀਆਂ ਅਤੇ ਸਾਰੇ ਹਿੰਦੂਆਂ ਲਈ ਅੱਗੇ ਦਾ ਰਾਸਤਾ ਉਸ ਵਿਚਾਰ ਨੂੰ ਅਪਨਾਉਣ 'ਚ ਨਿਹਿਤ ਹੈ, ਜਿਸ ਵਿਚਾਰ ਨੂੰ ਹਿੰਦੂ ਧਰਮ ਯਾਨੀ ਸਨਾਤਨ ਧਰਮ ਦੇ ਸਦੀਵੀ ਸੱਚ ਦੇ ਰੂਪ 'ਚ ਦੇਖਿਆ ਜਾਂਦਾ ਹੈ।

ਮੁਕੁਲ ਮਾਰਵਾੜੀ ਜਾਤੀ ਦੇ ਅੰਦਰ ਸਮਾਜੀ ਲਾਮਬੰਦੀ ਦੇ ਮੁਤਵਾਜ਼ੀ ਮਾਰਗ ਦੇ ਰੂਪ ਵਿਚ ਜ਼ੋਰਦਾਰ ਤੱਤਪਰਤਾ ਨੂੰ ਨੋਟ ਕਰਦੇ ਹਨ ਜਿਸ ਦੀ ਅਗਵਾਈ ਜੀ.ਡੀ. ਬਿਰਲਾ ਅਤੇ ਜਮੁਨਾ ਲਾਲ ਬਜਾਜ ਵਰਗਿਆਂ ਨੇ ਕੀਤੀ। ਉਨ੍ਹਾਂ ਨੇ ਆਧੁਨਿਕ ਸਿੱਖਿਆ ਅਤੇ ਸੰਜਮੀ ਜ਼ਿੰਦਗੀ ਜਿਊਣ ਉਪਰ ਜ਼ੋਰ ਦਿੱਤਾ। ਆਖਿਰਕਾਰ ਗੀਤਾ ਪ੍ਰੈੱਸ ਦਾ ਸਥਾਪਿਤ ਨਜ਼ਰੀਆ ਵਿਆਪਕ ਰੂਪ 'ਚ ਪ੍ਰਚਲਤ ਹੋ ਗਿਆ।

ਫੇਅਰ ਆਬਜ਼ਰਵਰ ਨੂੰ ਦਿੱਤੀ ਇੰਟਰਵਿਊ ਵਿਚ ਮੁਕੁਲ ਕਹਿੰਦੇ ਹਨ, "ਇਕ ਮਾਇਨੇ ਵਿਚ ਜੋ ਹੋਣਾ ਸ਼ੁਰੂ ਹੋਇਆ ਸੀ, ਉਹ ਇਹ ਸੀ ਕਿ ਮਾਰਵਾੜੀਆਂ ਦਾ ਬ੍ਰਾਹਮਣੀਕਰਨ ਹੋ ਗਿਆ ਸੀ ਅਤੇ ਹਿੰਦੂਤਵ ਦਾ ਮਾਰਵਾੜੀਕਰਨ।" ਇਸ ਦੇ ਕੇਂਦਰ ਵਿਚ ਸੀ ਧਨ ਉਪਰ ਮਾਰਵਾੜੀਆਂ ਦਾ ਕੰਟਰੋਲ ਹੋਣਾ ਅਤੇ ਇਹ ਉਨ੍ਹਾਂ ਦੀ ਸਿੱਖਿਆ ਜਾਂ ਗਊ ਸਰਪ੍ਰਸਤੀ ਨੂੰ ਪ੍ਰਵਾਨਗੀ ਦੇਣ ਦੀ ਇਜਾਜ਼ਤ ਦਿੰਦਾ ਸੀ, ਅਸੀਂ ਇੱਥੇ ਕੁਝ ਮਾਮਲਿਆਂ ਦਾ ਜ਼ਿਕਰ ਕਰ ਸਕਦੇ ਹਾਂ। ਭਗਤੀ ਦਾ ਬਾਣੀਆ ਮਾਡਲ ਸੌਖਿਆਂ ਹੀ ਅਤੇ ਛੇਤੀ ਹੀ ਖੁਸ਼ੀ ਹਾਸਲ ਕਰਨ ਉਪਰ ਆਧਾਰਿਤ ਸੀ। ਇਸ ਮਾਡਲ ਤੋਂ ਮੇਰਾ ਭਾਵ ਹੈ ਜਿਸ ਤਰ੍ਹਾਂ ਬਾਣੀਆ ਫਟਾਫਟ ਅਤੇ ਤੈਅਸ਼ੁਦਾ ਮੁਨਾਫਾ ਚਾਹੁੰਦਾ ਹੈ, ਗੀਤਾ ਪ੍ਰੈੱਸ ਨੇ ਪ੍ਰਚਾਰ ਕੀਤਾ ਕਿ ਜੇ ਲੋਕ ਕੁਝ ਤੈਅਸ਼ੁਦਾ ਨੇਮਾਂ ਦਾ ਪਾਲਣ ਕਰਨ ਤਾਂ ਉਨ੍ਹਾਂ ਨੂੰ ਤੁਰੰਤ ਲਾਭ ਹੋਵੇਗਾ।

ਮੁਕੁਲ ਟਾਈਮਜ਼ ਗਰੁੱਪ ਦੇ ਅਖਬਾਰ 'ਦਿ ਟਾਈਮਜ਼ ਆਫ ਇੰਡੀਆ' ਨਾਲ ਲੰਮੇ ਸਮੇਂ ਤੱਕ ਜੁੜੇ ਰਹੇ ਹਨ। ਉਨ੍ਹਾਂ ਨੇ ਮਾਰਵਾੜੀ ਕਦਰਾਂ ਨੂੰ ਮੁਲਕ ਦੇ ਸਭ ਤੋਂ ਵੱਡੇ ਅਖਬਾਰ ਵਿਚ ਪ੍ਰਤੀਬਿੰਬਤ ਹੁੰਦੇ ਨੇੜਿਓਂ ਦੇਖਿਆ ਹੈ। ਜਦ ਮੈਂ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ, "ਇਹ ਗੱਲ ਅੰਗਰੇਜ਼ੀ ਦੇ ਸਭ ਤੋਂ ਬੜੇ ਅਖਬਾਰ ਟਾਈਮਜ਼ ਆਫ ਇੰਡੀਆ ਗਰੁੱਪ ਅਤੇ ਹਿੰਦੀ ਅਖਬਾਰ ਦੈਨਿਕ ਜਾਗਰਣ ਦੋਨਾਂ ਨਾਲ ਜੁੜੀ ਹੋਈ ਹੈ।" ਚਾਹੇ ਪਹਿਲੀ ਸਰਕਾਰ ਰਹੀ ਹੋਵੇ ਜਾਂ ਮੌਜੂਦਾ ਸੱਤਾ, "ਇਨ੍ਹਾਂ ਸਮੂਹਾਂ ਦੀ ਮੂਲ ਫਿਤਰਤ ਕਈ ਮਾਇਨਿਆਂ ਵਿਚ ਇਕੋ ਜਿਹੀ ਹੈ।" ਮੁਕੁਲ ਕਹਿੰਦੇ ਹਨ, "ਟਾਈਮਜ਼ ਗਰੁੱਪ ਵਰਗੀਆਂ ਸੰਸਥਾਵਾਂ ਨੇ ਸਰਕਾਰ ਚਾਹੇ ਕਿਸੇ ਵੀ ਪਾਰਟੀ ਜਾਂ ਗੱਠਜੋੜ ਦੀ ਰਹੀ ਹੋਵੇ, ਉਸ ਨਾਲ ਕੰਮ ਕਰਨ ਦਾ ਵੱਲ ਸਿੱਖ ਲਿਆ ਹੈ। ਮੁਨਾਫੇ ਉਪਰ ਕੇਂਦਰਤ, ਅਨੇਕ ਬੜੀਆਂ ਮੀਡੀਆ ਸੰਸਥਾਵਾਂ ਕਿਸੇ ਨੂੰ ਵੀ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ, ਲੇਕਿਨ ਮੌਜੂਦਾ ਸੱਤਾ ਨਾਲ ਚੀਜ਼ਾਂ ਇਸ ਚੌਖਟੇ ਤੋਂ ਬਾਹਰ ਚਲੀਆਂ ਗਈਆਂ ਹਨ। ਬਹੁਤ ਸਾਰੇ ਮਾਰਵਾੜੀ ਮਾਲਕਾਂ ਲਈ ਲਾਭ ਅਤੇ ਪ੍ਰਤੀਬੱਧਤਾ ਇਕਮਿੱਕ ਹੋ ਗਈ ਹੈ, ਇਹ ਦੋਨਾਂ ਲਈ ਲਾਹੇਵੰਦ ਹਾਲਤ ਹੈ।"

ਇਕ ਖਾਸ ਮੌਕੇ ਉਪਰ ਜਦ ਇੰਡੀਅਨ ਐਕਸਪ੍ਰੈੱਸ ਇੰਦਰਾ ਗਾਂਧੀ ਖਿਲਾਫ ਡੱਟ ਗਿਆ, ਇਹ ਮਿਸਾਲ ਉਲਟੀ ਹੋ ਗਈ ਸੀ। ਉਦੋਂ ਉਸ ਨੇ ਉਸ ਜ਼ਮਾਨੇ ਦੇ ਸਭ ਤੋਂ ਤਾਕਤਵਰ ਵਿਅਕਤੀਆਂ ਦੀ ਨਾਰਾਜ਼ਗੀ ਸਹੇੜ ਕੇ ਆਪਣੇ ਲਈ ਗੰਭੀਰ ਵਿੱਤੀ ਸੰਕਟ ਮੁੱਲ ਲੈ ਲਿਆ ਸੀ। ਉਦੋਂ ਇਸ ਦੇ ਮਾਲਕ ਰਾਮ ਨਾਥ ਗੋਇਨਕਾ (ਵਿਵੇਕ ਗੋਇਨਕਾ ਦੇ ਮੁਤਬੰਨੇ ਬਾਪ) ਦੀ ਮਨੋਬਿਰਤੀ ਕਾਰੋਬਾਰੀ ਨਾਲੋਂ ਕੋਈ ਵਡੇਰੀ ਚੀਜ਼ ਸੀ। ਜਿਵੇਂ ਮੁਕੁਲ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ, ਇਸ ਮੀਡੀਆ ਰਾਠ ਨੇ 1971 ਵਿਚ ਜਨਸੰਘ ਦੇ ਟਿਕਟ ਉਪਰ ਲੋਕ ਸਭਾ ਚੋਣ ਲੜੀ ਸੀ ਅਤੇ ਜੇਤੂ ਵੀ ਰਿਹਾ ਸੀ। ਉਦੋਂ ਗੀਤਾ ਪ੍ਰੈੱਸ ਦੇ ਟਰੱਸਟੀ ਅਤੇ ਪ੍ਰਤੀਬੱਧ ਹਿੰਦੂ ਰਾਸ਼ਟਰਵਾਦੀ ਹਨੂਮਾਨ ਪ੍ਰਸਾਦ ਪੋਦਾਰ ਨੇ ਉਸ ਦੇ ਹੱਕ 'ਚ ਅਪੀਲ ਕੀਤੀ ਸੀ।

ਜਨਸੰਘ ਬੀ.ਜੇ.ਪੀ. ਦੀ ਪੁਰਖਾ ਪਾਰਟੀ ਹੈ ਅਤੇ ਇਹ ਇੰਦਰਾ ਗਾਂਧੀ ਅਤੇ ਉਸ ਦੀ ਕਾਂਗਰਸ ਦੀ ਤਿੱਖੀ ਰਾਜਨੀਤਕ ਵਿਰੋਧੀ ਹੁੰਦੀ ਸੀ। ਸਿਆਸੀ ਨੇਤਾ ਦੇ ਰੂਪ ਵਿਚ ਗੋਇਨਕਾ ਦੀ ਸਥਿਤੀ, ਸੁਤੰਤਰ ਪੱਤਰਕਾਰੀ ਦੇ ਮਹਾਨ ਧਰਮ ਯੋਧਾ ਦੀ ਉਸ ਦੀ ਸਥਿਤੀ ਵਰਗੀ ਨਹੀਂ ਹੈ। ਅੱਜ ਦੀ ਸਥਿਤੀ ਵਿਚ ਗੋਇਨਕਾ ਦਾ ਚੋਣ ਜਿੱਤਣਾ ਬਿਲਕੁਲ ਇਉਂ ਹੋਵੇਗਾ, ਜਿਵੇਂ ਕੋਈ ਮੀਡੀਆ ਮਾਲਕ ਕਾਂਗਰਸ ਦੇ ਟਿਕਟ ਉਪਰ ਲੋਕ ਸਭਾ ਮੈਂਬਰ ਚੁਣਿਆ ਜਾਵੇ ਅਤੇ ਉਸ ਦੀ ਮੀਡੀਆ ਇਕਾਈ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਬੀ.ਜੇ.ਪੀ. ਦੀ ਆਲੋਚਨਾ ਕਰੇ।

ਬਾਣੀਆ ਅਤੇ ਉਸ ਦੀਆਂ ਸਹਿਯੋਗੀ ਜਾਤੀਆਂ ਦੀ ਵਿਚਾਰਧਾਰਾ ਦੀਆਂ ਹਮਦਰਦੀਆਂ ਕਾਰਪੋਰੇਟ ਇੰਡੀਆ ਦੇ ਰੁਝਾਨਾਂ ਵਿਚ ਸਪਸ਼ਟ ਨਜ਼ਰ ਆਉਂਦੀਆਂ ਹਨ ਜਿੱਥੇ ਇਹ ਸਮੂਹ ਮੀਡੀਆ ਦੀ ਤਰ੍ਹਾਂ ਹੀ ਆਪਣਾ ਰਸੂਖ ਤੇ ਦਖਲ ਰੱਖਦੇ ਹਨ।

*(ਚਲਦਾ)*

# ਪਹਿਲਾਂ ਕਿਸਾਨ ਸੰਘਰਸ਼ 'ਤੇ ਮਾਰੂ ਅਤੇ ਹੁਣ ਮੋਦੀ ਸਰਕਾਰ ਉੱਤੇ ਭਾਰੂ ਹਫਤਾ!

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਪਿਛਲਾ ਹਫਤੇ ਦੀਆਂ ਗਤੀਵਿਧੀਆਂ ਨੇ 26 ਜਨਵਰੀ ਨੂੰ ਆਮ ਗਣਤੰਤਰ ਦਿਵਸ ਤੋਂ ਅੱਗੇ ਲਿਜਾ ਕੇ ਹੋਰ ਵੀ ਖਾਸ ਦਿਨ ਬਣਾ ਦਿੱਤਾ ਹੈ। ਇਸੇ ਦਿਨ ਸੰਸਾਰ ਪ੍ਰਸਿੱਧ ਤੇ ਭਾਰਤ ਦੇ ਇਤਿਹਾਸ ਵਿਚ ਮੀਲ ਪੱਥਰ ਬਣਨ ਜਾ ਰਹੇ ਅਤੇ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੀ ਤੇ ਭਾਰਤ ਦੇ ਸਮੁੱਚੇ ਕਿਸਾਨਾਂ ਦੀ ਹੋਂਦ ਨੂੰ ਬਚਾਉਣ ਲਈ ਸ਼ੁਰੂ ਕੀਤੇ ਕਿਸਾਨ ਸੰਘਰਸ਼ ਨੇ ਸਾਰੇ ਸੰਸਾਰ ਵਿਚ ਧੁੰਮਾਂ ਪਾ ਦਿੱਤੀਆਂ ਹਨ। ਇਹ ਕਿਸਾਨ ਸੰਘਰਸ਼ ਭਾਰਤ ਦੇ ਅੰਦੋਲਨਾਂ ਦੇ ਇਤਿਹਾਸ ਵਿਚ ਇੱਕ ਨਿਵੇਕਲਾ ਸਥਾਨ ਗ੍ਰਹਿਣ ਕਰੇਗਾ। ਇਹ ਵੀ ਆਮ ਲੋਕਾਂ ਲਈ ਇਕ ਵਿਚਾਰ ਕਰਨ ਦਾ ਵਿਸ਼ਾ ਬਣੇਗਾ ਕਿ ਇਸ ਅੰਦੋਲਨ ਦਾ ਓਟ ਆਸਰਾ ਲੈ ਕੇ ਇਸ ਵਿਚ ਜ਼ਬਰਦਸਤੀ ਵੜੀਆਂ ਕਾਲੀਆਂ ਭੇਡਾਂ ਦੀਆਂ ਜਥੇਬੰਦੀਆਂ ਦੇ ਅਖੌਤੀ ਨੌਜਵਾਨ ਲੀਡਰਾਂ ਨੇ ਕਿਵੇਂ ਆਪਣੀਆਂ ਨਿੱਜੀ ਤਾਜਪੋਸ਼ੀਆਂ ਕਰਨ ਲਈ ਆਪਹੁਦਰੀਆਂ ਹਰਕਤਾਂ ਕਰਕੇ ਕਿਵੇਂ ਇਤਿਹਾਸਕ ਕਿਸਾਨ ਅੰਦੋਲਨ ਨੂੰ ਖੂੰਝੇ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਰੱਖੀ!

ਆਮ ਮਨੁੱਖਾਂ ਜਿਹੇ ਕਿਸਾਨਾਂ ਦੇ ਰਹਿਬਰ ਗੁਰੂ ਨਾਨਕ ਦੇ ਪ੍ਰਣਾਇਆਂ ਨੇ ਕਿਵੇਂ ਸਬਰ ਤੇ ਸਿਦਕ ਦੇ ਪੱਲੇ ਨਾਲ ਆਪਣੇ ਹੱਥੋਂ ਨਿਕਲਦੀ ਜਿੱਤ ਨੂੰ ਆਪਣੇ ਕਿਰਤੀ ਤੇ ਖੁਰਦਰੇ ਹੱਥਾਂ ਨਾਲ ਆਪਣੀ ਮੁੱਠ ਵਿਚ ਘੁੱਟ ਕੇ ਫੜ ਲਿਆ। ਨਿਰਾਕਾਰ ਰੱਬ ਦਾ ਅਜਿਹਾ ਭਾਣਾ ਵਰਤਿਆ ਕਿ ਕਿਸਾਨਾਂ ਦੇ ਹਜੂਮ ਨੇ ਆਪ ਤਾਂ ਸੱਟਾਂ ਖਾ ਲਈਆਂ, ਪਰ ਦਿੱਲੀ ਵਾਸੀਆਂ ਨੂੰ ਝਰੀਟ ਤਕ ਨਹੀਂ ਆਉਣ ਦਿੱਤੀ। ਜਦੋਂ ਕਿ ਭਾਜਪਾ ਚਾਹੁੰਦੀ ਸੀ ਕਿ ਕਿਸਾਨ ਖੜਦੁੰਮ ਮਚਾਉਣ ਅਤੇ ਉਹ ਇਸ ਦਾ ਸਿਆਸੀ ਲਾਹਾ ਲਵੇ ਤੇ ਇੰਨੀ ਸਿਰੜ ਨਾਲ ਕਾਇਮ ਕੀਤਾ ਅੰਦੋਲਨ ਉਹ ਪਲਾਂ ਵਿਚ ਤਹਿਸ-ਨਹਿਸ ਕਰ ਦੇਵੇ। ਬੇਲਗਾਮ ਤੇ ਅਖੌਤੀ ਲੀਡਰਾਂ ਅਤੇ ਉਨ੍ਹਾਂ ਦਿਆਂ ਲੋਕਾਂ ਦੇ ਕਿਸਾਨ ਸੰਘਰਸ਼ ਨੂੰ ਮੁਸੀਬਤ ਵਿਚ ਪਾਉਣ ਦੇ ਭਰਪੂਰ ਯਤਨਾਂ ਨੇ, ਖੁਦ ਉਨ੍ਹਾਂ ਨੂੰ ਹੀ ਅਜਿਹੇ ਯੱਬਾਂ ਵਿਚ ਫਸਾ ਦਿੱਤਾ ਹੈ ਕਿ ਉਹ ਹੀਰੋ ਬਣਦੇ-ਬਣਦੇ ਵੱਡਾ ਸਾਰਾ ਜੀਰੋ ਬਣ ਗਏ। ਕਿਰਤੀ ਕਿਸਾਨਾਂ ਦੀ ਪੱਤ ਖੁਦ ਹਕੀਕੀ ਕਿਸਾਨ ਗੁਰੂ ਨਾਨਕ ਨੇ ਆਪ ਰੱਖ ਲਈ। ਸਿੱਖ ਨੌਜਵਾਨੀ ਦੇ ਬਿਲਕੁਲ ਇਕ ਛੋਟੇ ਜਿਹੇ ਹਿੱਸੇ, ਜਿਨ੍ਹਾਂ ਨੇ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੀ ਅਗਵਾਈ ਕਬੂਲ ਕੇ ਸਾਰੀ ਸਿੱਖ ਨੌਜਵਾਨੀ ਨੂੰ ਦਾਗੀ ਬਣਾਉਨ ਦੇ ਯਤਨਾਂ ਦਾ ਹਿੱਸਾ ਬਣੇ ਸਨ, ਨੂੰ ਵੀ ਆਪਣੇ ਕੀਤੇ 'ਤੇ ਵਿਚਾਰ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦਾ ਸਿੱਖ ਆਪਣੇ ਹਮਸਾਏ ਸਿੱਖ ਦਾ ਸੰਗੀ ਬਣੇ, ਨਾ ਕਿ ਉਸ ਦਾ ਦੋਖੀ।

ਇਸ ਗੁਜਰੇ ਪੂਰੇ ਇਕ ਸਪਤਾਹ ਦੌਰਾਨ ਬਹੁਤ ਕੁਝ ਅਜਿਹਾ ਵੀ ਵਾਪਰਿਆ ਹੈ, ਜੋ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਸਭ ਤੋਂ ਪਹਿਲਾਂ ਤਾਂ ਗੱਲ ਆਪਣੇ ਆਪ ਤੋਂ ਸ਼ੁਰੂ ਕਰਨੀ ਬਣਦੀ ਹੈ, ਕਿਉਂਕਿ ਹੋਰਨਾਂ ਦੀਆਂ ਗੱਲਾਂ ਕਰਨੀਆਂ ਹਮੇਸ਼ਾਂ ਸੁਖਾਲੀਆਂ ਹੁੰਦੀਆਂ ਹਨ। ਸਾਨੂੰ ਸਿੱਖਾਂ ਨੂੰ ਆਪਸੀ ਏਕਾ ਅਤੇ ਸਤਿਕਾਰ ਕਰਨ 'ਤੇ ਜਰੂਰ ਵਿਚਾਰ ਕਰਨਾ ਚਾਹੀਦਾ ਹੈ। ਕਿਸੇ ਵੀ ਵਿਅਕਤੀ ਜਾਂ ਉਸ ਦੀ ਦੀ ਯੋਗਤਾ 'ਤੇ ਸਵਾਲ ਕਰਨ ਤੋਂ ਪਹਿਲਾਂ ਉਸ ਬਾਰੇ ਚੰਗੀ ਤਰ੍ਹਾਂ ਪੜਤਾਲ ਜਰੂਰ ਕਰ ਲੈਣੀ ਚਾਹੀਦੀ ਹੈ। ਖੱਬੇ ਪੱਖੀ ਵਿਚਾਰਧਾਰਾ ਜਾਂ ਹੋਰ ਰਾਜਨੀਤਕ ਵਿਚਾਰਧਾਰਾ ਵਾਲੇ ਲੋਕ ਵੀ ਬਰਾਬਰ ਦੇ ਸਿੱਖ ਹਨ। ਕਿਸੇ ਨੂੰ ਵੀ ਕਾਮਰੇਡ/ਕਾਂਗਰਸੀ ਕਹਿ ਕੇ ਖਾਰਜ ਕਰਨਾ ਠੀਕ ਨਹੀਂ। ਸਾਡਾ ਸਿੱਖਾਂ ਦਾ ਆਪਸ ਵਿਚ ਸਤਿਕਾਰ ਹੋਣਾ ਬਹੁਤ ਜਰੂਰੀ ਹੈ।

ਇਸ ਦੇ ਸਮਾਨੰਤਰ ਸਾਨੂੰ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਨੇਤਾ ਰਾਕੇਸ਼ ਟਿਕੈਤ ਅਤੇ ਉਨ੍ਹਾਂ ਦੀ ਕਿਸਾਨ ਯੂਨੀਅਨ ਤੋਂ ਵੀ ਕਾਫੀ ਕੁਝ ਸਿੱਖਣਾ ਚਾਹੀਦਾ ਹੈ। ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਵੇਂ ਗਾਜੀਪੁਰ ਬਾਰਡਰ 'ਤੇ ਕਿਸਾਨ ਧਰਨੇ ਨੂੰ ਮੁੜ ਸੁਰਜੀਤ ਕੀਤਾ ਹੈ। ਕਿਵੇਂ ਪੂਰਾ ਉੱਤਰ ਪ੍ਰਦੇਸ਼ ਕਿਸਾਨ ਅੰਦੋਲਨ ਦੀ ਰਣ ਭੂਮੀ ਬਣਦਾ ਜਾ ਰਿਹਾ ਹੈ। ਇਸੇ ਸੰਦਰਭ ਵਿਚ ਰਾਕੇਸ਼ ਟਿਕੈਤ ਦੇ ਵੱਡੇ ਭਰਾ ਨਰੇਸ਼ ਟਿਕੈਤ ਦੇ ਉਸ ਬਿਆਨ ਦਾ ਵੀ ਜ਼ਿਕਰ ਕਰਨਾ ਚਾਹੀਦਾ ਹੈ, ਜਿਸ ਵਿਚ ਉਸ ਨੇ ਕਿਹਾ ਹੈ ਕਿ "ਚੰਗਾ ਹੁੰਦਾ ਜੇ ਅਸਾਂ ਚੌਧਰੀ ਅਜੀਤ ਸਿੰਘ ਦੀ ਪਾਰਟੀ ਨੂੰ ਵੋਟਾਂ ਪਾਈਆਂ ਹੁੰਦੀਆਂ।" ਇੱਥੇ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਸਭ ਤੋਂ ਵੱਧ ਸੀਟਾਂ ਪੱਛਮੀ ਯੂ. ਪੀ. ਵਿਚੋਂ ਹੀ ਜਿੱਤੀਆਂ ਸਨ। ਇਸ ਰਾਜਸੀ ਚੋਣ ਹਿਸਾਬ-ਕਿਤਾਬ ਨੇ ਹੀ 'ਖੜਦਿਮਾਗ ਅਤੇ ਮੈਂ ਨਾ ਮਾਨੂੰ' ਨਰਿੰਦਰ ਮੋਦੀ ਨੂੰ ਕਹਿਣਾ ਪਿਆ ਕਿ ਸਰਕਾਰ ਗੱਲਬਾਤ ਲਈ ਤਿਆਰ ਹੈ। ਇਸ ਗੱਲਬਾਤ ਦੇ ਸੱਦੇ ਨੂੰ ਨਰੇਸ਼ ਟਿਕੈਤ ਦੇ ਇਸ ਬਿਆਨ ਨਾਲ ਜੋੜ ਕੇ ਵੇਖਣ ਦੀ ਲੋੜ ਹੈ।

ਮੇਰੀ ਜਾਚੇ ਸਭ ਤੋਂ ਅਹਿਮ ਗੱਲ ਜੋ ਸਾਡੇ ਲਈ ਨੋਟ ਕਰਨੀ ਬਣਦੀ ਹੈ, ਉਹ ਹੈ ਰਾਕੇਸ਼ ਟਿਕੈਤ ਦਾ ਵਿਹਾਰ। ਉਸ ਨੂੰ ਆਮ ਤੌਰ 'ਤੇ ਕੇਸਰੀ ਸਾਫਾ ਸਿਰ 'ਤੇ ਬੰਨਿਆ ਵੇਖਿਆ ਜਾ ਸਕਦਾ ਹੈ। ਕੱਲ ਉਸ ਨੂੰ ਕੇਸਰੀ ਦਸਤਾਰ ਵਿਚ ਵੇਖਿਆ ਗਿਆ। ਇਸ ਅੰਦੋਲਨ ਵਿਚ ਮੁੜ ਰੂਹ ਫੂਕਣ ਵਾਲੇ ਰੋਲ ਅਤੇ ਅਨੰਤ ਸ਼ਾਬਾਸ਼ੀ ਮਿਲਣ ਦੇ ਬਾਅਦ ਵੀ ਉਸ ਵਿਅਕਤੀ ਦੇ ਵਿਹਾਰ ਵਿਚ ਕੋਈ ਫਰਕ ਨਹੀਂ ਦਿੱਸਿਆ। ਉਸ ਨੇ ਇਕ ਵਾਰ ਨਹੀਂ, ਸਗੋਂ ਕਈ ਵਾਰ ਦੁਹਰਾਇਆ ਹੈ ਕਿ ਸਿੱਖਾਂ ਨੂੰ ਬਦਨਾਮ ਕਰਨ ਦੀ ਸ਼ਾਜਿਸ਼ ਨੂੰ ਉਹ ਸਫਲ ਨਹੀਂ ਹੋਣ ਦੇਵੇਗਾ। ਸਿੱਖਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੀ ਸੁਨਿਸ਼ਚਿਤ ਕਰਨ ਕਿ ਉਹ ਲੋੜ ਪੈਣ 'ਤੇ ਉਸ ਦੀ ਅਗਵਾਈ ਵਿਚ ਮੋਰਚਾ ਫਤਹਿ ਕਰਨ ਲਈ ਤਿਆਰ ਹਨ। ਉਸ ਦੀ ਹੋ ਰਹੀ ਬੱਲੇ-ਬੱਲੇ ਨੂੰ ਸਿੱਖ ਕਿਸਾਨ ਲੀਡਰਸ਼ਿਪ ਨੂੰ ਸਾਜ਼ਗਾਰ ਢੰਗ ਨਾਲ ਲੈਣਾ ਚਾਹੀਦਾ ਹੈ। ਉਸ ਦੀ ਸਟੇਜ ਜਾਂ ਇੰਟਰਵਿਊ ਵੇਲੇ ਸਿੱਖ ਕਿਸਾਨਾਂ ਨੂੰ ਉਸ ਦੇ ਸੱਜੇ ਜਾਂ ਖੱਬੇ ਪਾਸੇ ਆਮ ਵੇਖਿਆ ਜਾ ਸਕਦਾ ਹੈ। ਉਹ ਆਪਣੀ ਤਕਰੀਰ ਵਿਚ ਗੁਰੂ ਨਾਨਕ ਦੇ ਕਿਸਾਨੀ ਕਰਨ ਦਾ ਵੀ ਜ਼ਿਕਰ ਕਰਦਾ ਹੈ। ਸਿੱਖਾਂ ਵੱਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਬਾਰੇ ਵੀ ਉਹ ਗੱਲਾਂ ਕਰਦਾ ਹੈ। ਉਸ ਦੀ ਇਸ ਸੂਝ-ਬੂਝ ਲਈ ਉਸ ਦੀ ਸ਼ਾਬਾਸ਼ੀ ਕਰਨੀ ਬਣਦੀ ਹੈ ਅਤੇ ਸਾਨੂੰ ਵੀ ਘੱਟੋ-ਘੱਟ ਉਸ ਦੀ ਇਸ ਖਾਸੀਅਤ ਨੂੰ ਪ੍ਰਨਾਉਣਾ ਚਾਹੀਦਾ ਹੈ। ਸਿੱਖ ਕਿਸਾਨ ਲੀਡਰਸ਼ਿਪ ਨੂੰ ਹੁਣ ਅਖੌਤੀ ਨੌਜਵਾਨ ਲੀਡਰਾਂ 'ਤੇ ਵੀ ਹਰ ਪਲ ਨਜ਼ਰ ਰੱਖਣੀ ਪਵੇਗੀ, ਕਿਉਂਕਿ ਇੱਕ ਵਾਰ ਤਾਂ ਮੌਕਾ ਸੰਭਾਲਿਆ ਗਿਆ ਹੈ ਅਤੇ ਅੰਦੋਲਨ ਵੀ ਹੁਣ ਫੈਸਲਾਕੁਨ ਦੌਰ ਵਿਚ ਦਾਖਲ ਹੋ ਗਿਆ ਹੈ, ਕਿਤੇ ਕੋਈ ਸ਼ਰਾਰਤ ਕਰਕੇ ਸਿੱਖਾਂ ਦੀ ਪੱਗ ਨੂੰ ਢਾਹ ਲਾਉਣ ਦਾ ਕੋਝਾ ਯਤਨ ਨਾ ਕਰੇ!

# ਆਰਥਿਕਤਾ, ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ ਸੰਕਟ

## ਸੰਤੁਲਤ, ਦੂਰ ਦ੍ਰਿਸ਼ਟ ਤੇ ਮਨੁੱਖਤਾਪੱਖੀ ਪਹੁੰਚ ਅਪਨਾਉਣ ਦੀ ਲੋੜ?

**ਹਰਚਰਨ ਸਿੰਘ ਪਰਹਾਰ**
ਐਡੀਟਰ-ਸਿੱਖ ਵਿਰਸਾ, ਮੈਗਜ਼ੀਨ
ਫੋਨ: 403-681-8689

ਜਿਸ ਤਰ੍ਹਾਂ ਕਿ ਇਹ ਪਹਿਲਾਂ ਹੀ ਤੈਅ ਸੀ ਕਿ ਜੇ ਡੈਮੋਕ੍ਰੈਟਿਕ ਪਾਰਟੀ ਦੇ ਅਮਰੀਕਨ ਰਾਸ਼ਟਰਪਤੀ ਲਈ ਉਮੀਦਵਾਰ ਜੋਅ ਬਾਇਡਨ ਰਾਸ਼ਟਰਪਤੀ ਲਈ ਚੁਣੇ ਜਾਂਦੇ ਹਨ ਤਾਂ ਉਹ ਸਭ ਤੋਂ ਪਹਿਲਾਂ 'ਕੀ-ਸਟੋਨ ਐਕਸੈਲ ਪਾਈਪਲਾਈਨ' (KeyStone XL Pipeline) ਪ੍ਰਾਜੈਕਟ ਨੂੰ ਰੱਦ ਕਰਨਗੇ ਤੇ ਉਸੇ ਤਰ੍ਹਾਂ ਹੀ ਹੋਇਆ, ਜਦੋਂ 20 ਜਨਵਰੀ ਨੂੰ ਰਾਸ਼ਟਰਪਤੀ ਦੀ ਸਹੁੰ ਚੁੱਕਣ ਦੇ ਕੁਝ ਘੰਟਿਆਂ ਵਿਚ ਹੀ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ 'ਕੀ ਸਟੋਨ ਐਕਸੈਲ ਪਾਈਪਲਾਈਨ' ਦੇ ਚੱਲ ਰਹੇ ਪ੍ਰਾਜੈਕਟ ਨੂੰ ਰੱਦ ਕਰਨ 'ਤੇ ਸਾਈਨ ਕਰ ਦਿੱਤੇ। ਦੂਜੇ ਪਾਸੇ ਅਲਬਰਟਾ ਸਰਕਾਰ, ਜੋ ਇਸ ਪ੍ਰਾਜੈਕਟ ਵਿਚ ਹਿੱਸੇਦਾਰ ਸੀ, ਵਲੋਂ ਇਸ ਫੈਸਲੇ ਦਾ ਬਹੁਤ ਸਖਤ ਵਿਰੋਧ ਕੀਤਾ ਗਿਆ। ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਵਲੋਂ ਇਸ ਫੈਸਲੇ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ, ਇਸ ਨੂੰ ਕੈਨੇਡੀਅਨ ਤੇ ਖਾਸਕਰ ਅਲਬਰਟਾ ਦੇ ਲੋਕਾਂ ਨਾਲ ਧੋਖਾ ਦੱਸਿਆ ਅਤੇ ਕੈਨੇਡਾ ਦੀ ਟਰੂਡੋ ਫੈਡਰਲ ਲਿਬਰਲ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ ਜੋਅ ਬਾਇਡਨ ਕੋਲ ਸਖਤ ਵਿਰੋਧ ਹੀ ਕਰੇ, ਸਗੋਂ ਕੈਨੇਡਾ ਨੂੰ ਅਮਰੀਕਾ 'ਤੇ ਆਰਥਿਕ ਪਾਬੰਦੀਆਂ ਵੀ ਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਅਮਰੀਕਨ ਸਰਕਾਰ 'ਤੇ ਇਸ ਫੈਸਲੇ ਨੂੰ ਵਾਪਿਸ ਕਰਨ ਲਈ ਦਬਾਅ ਬਣਾਇਆ ਜਾ ਸਕੇ।

ਯਾਦ ਰਹੇ, ਜਿਥੇ ਕੈਨੇਡਾ ਤੇ ਅਮਰੀਕਾ ਗੁਆਂਢੀ ਦੇਸ਼ ਹਨ, ਉਥੇ ਦੋਹਾਂ ਵਿਚ ਬਹੁਤ ਸੁਖਾਵੇਂ ਦੋਸਤਾਨਾ ਸਬੰਧ ਵੀ ਹਨ। ਬੇਸ਼ਕ ਪਿਛਲੇ ਚਾਰ ਸਾਲਾਂ ਵਿਚ ਟਰੰਪ ਸਰਕਾਰ ਵਲੋਂ ਕੈਨੇਡਾ ਖਿਲਾਫ ਲਏ ਗਏ ਆਰਥਿਕ ਫੈਸਲਿਆਂ ਨਾਲ ਸਬੰਧ ਖਰਾਬ ਵੀ ਹੋਏ ਸਨ, ਜਦੋਂ ਟਰੰਪ ਸਰਕਾਰ ਨੇ ਕੈਨੇਡਾ ਤੇ ਹੋਰ ਦੇਸ਼ਾਂ ਵਾਂਗ ਕਈ ਨਵੇਂ ਟੈਕਸ ਲਾ ਦਿੱਤੇ ਸਨ, ਪਰ ਫਿਰ ਵੀ ਕੈਨੇਡਾ-ਅਮਰੀਕਾ ਸਬੰਧ ਕਦੇ ਇੰਨੇ ਜ਼ਿਆਦਾ ਖਰਾਬ ਨਹੀਂ ਹੋਏ ਸਨ ਕਿ ਨਵੇਂ ਰਾਸ਼ਟਰਪਤੀ ਵਲੋਂ ਪਾਈਪਲਾਈਨ ਸਬੰਧੀ ਕੈਨੇਡਾ ਤੇ ਅਲਬਰਟਾ ਸਰਕਾਰ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਿਨਾ ਹੀ ਇੰਨਾ ਵੱਡਾ ਫੈਸਲਾ ਲੈ ਲਿਆ ਜਾਂਦਾ?

ਅਲਬਰਟਾ ਪ੍ਰੀਮੀਅਰ ਕੈਨੀ ਦਾ ਅਕਸ ਇਸ ਫੈਸਲੇ ਨਾਲ ਕਾਫੀ ਖਰਾਬ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਦੇ ਵਿਰੋਧੀ ਪਹਿਲਾਂ ਹੀ ਕੈਨੀ ਸਰਕਾਰ ਦਾ ਇਸ ਗੱਲ ਲਈ ਵਿਰੋਧ ਕਰ ਰਹੇ ਸਨ ਕਿ ਇੱਕ ਪ੍ਰਾਈਵੇਟ ਕੰਪਨੀ ਦੇ ਪ੍ਰਾਜੈਕਟ ਵਿਚ ਭਾਗੀਦਾਰ ਬਣਨਾ ਘਾਟੇ ਵਾਲਾ ਸੌਦਾ ਹੋ ਸਕਦਾ ਹੈ, ਜੇ ਟਰੰਪ 2020 ਦੀਆਂ ਚੋਣਾਂ ਹਾਰ ਜਾਂਦਾ ਹੈ; ਪਰ ਇਸ ਦੇ ਬਾਵਜੂਦ ਕੈਨੀ ਸਰਕਾਰ ਨੇ ਕਾਰਪੋਰੇਟਾਂ ਨੂੰ ਖੁਸ਼ ਕਰਨ ਜਾਂ ਇਸ ਪ੍ਰਾਜੈਕਟ ਨੂੰ ਅੱਗੇ ਹੋ ਕੇ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ 7.5 ਬਿਲੀਅਨ (750 ਕਰੋੜ) ਟੈਕਸ ਪੇਅਰ ਮਨੀ ਦਾਅ 'ਤੇ ਲਾ ਦਿੱਤੀ ਸੀ। ਜਿਥੇ ਇਸ ਪ੍ਰਾਜੈਕਟ ਦੇ ਰੱਦ ਹੋਣ ਤੋਂ ਬਾਅਦ ਕੈਨੀ ਅਮਰੀਕਾ ਤੇ ਆਰਥਿਕ ਪਾਬੰਧੀਆਂ ਦੀ ਗੱਲ ਕਰ ਰਹੇ ਹਨ, ਉਥੇ ਇਸ ਪ੍ਰਾਜੈਕਟ ਦੇ ਸ਼ੁਰੂ ਹੋਣ ਨਾਲ ਹੋਏ ਆਰਥਿਕ ਨੁਕਸਾਨ ਲਈ ਅਮਰੀਕਨ ਸਰਕਾਰ ਤੋਂ ਮੁਆਵਜੇ ਜਾਂ ਸਰਕਾਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਵੀ ਮੰਗ ਕਰ ਰਹੇ ਹਨ। ਪਰ ਯੂ. ਸੀ. ਪੀ. ਦੇ ਵਿਰੋਧੀ ਤੇ ਖਾਸਕਰ ਐਨ. ਡੀ. ਪੀ., ਕੈਨੀ ਸਰਕਾਰ ਨੂੰ ਇਸ ਗਲਤ ਫੈਸਲੇ ਲਈ ਹਰ ਪੱਖ ਤੋਂ ਘੇਰ ਰਹੀ ਹੈ।

ਇਥੇ ਇਹ ਵੀ ਵਰਣਨਯੋਗ ਹੈ ਕਿ ਜਿਥੇ ਪਾਈਪਲਾਈਨ ਪੱਖੀ ਧਿਰਾਂ ਇਸ ਪ੍ਰਾਜੈਕਟ ਦੇ ਬੰਦ ਹੋਣ ਨਾਲ 1500 ਦੇ ਕਰੀਬ ਸਿੱਧੀਆਂ ਤੇ 5500 ਦੇ ਕਰੀਬ ਅਸਿੱਧੀਆਂ ਨੌਕਰੀਆਂ ਖਤਰੇ ਵਿਚ ਪੈਣ ਦੀ ਗੱਲ ਕਰ ਰਹੀਆਂ ਹਨ, ਉਥੇ ਵਾਤਾਵਰਣ ਪ੍ਰੇਮੀ ਧਿਰਾਂ ਇਸ ਆਰਥਿਕ ਨੁਕਸਾਨ ਨੂੰ ਪਾਈਪਲਾਈਨਾਂ ਜਾਂ ਤੇਲ ਨਾਲ ਹੋ ਰਹੇ ਪ੍ਰਦੂਸ਼ਣ ਤੇ ਗਲੋਬਲ ਵਾਰਮਿੰਗ ਪੱਖੋਂ ਬਹੁਤ ਨਿਗੁਣਾ ਆਰਥਿਕ ਘਾਟਾ ਮੰਨਦੀਆਂ ਹਨ।

'ਕੀ-ਸਟੋਨ ਪਾਈਪਲਾਈਨ ਸਿਸਟਮ' ਕੈਨੇਡਾ-ਅਮਰੀਕਾ ਵਿਚ ਪਾਈਪਲਾਈਨਾਂ ਰਾਹੀਂ ਤੇਲ ਸਪਲਾਈ ਕਰਨ ਦਾ 2010 ਵਿਚ ਹੋਇਆ ਇੱਕ ਸਮਝੌਤਾ ਸੀ, ਜਿਸ ਤਹਿਤ ਇਸ ਪ੍ਰਾਜੈਕਟ ਦੀ 'ਟੀ. ਸੀ. ਐਨਰਜੀ' (ਜਿਸ ਦਾ ਪਹਿਲਾ ਨਾਮ 'ਟਰਾਂਸ ਕੈਨੇਡਾ ਕਾਰਪੋਰੇਸ਼ਨ' ਸੀ) ਮਾਲਕ ਸੀ, ਜਿਸ ਨੇ 9 ਬਿਲੀਅਨ ਅਮਰੀਕਨ ਡਾਲਰ ਦੇ ਪ੍ਰਾਜੈਕਟ ਰਾਹੀਂ ਇਹ ਕੰਮ ਸਿਰੇ ਚਾੜ੍ਹਨਾ ਸੀ; ਪਰ ਮਾਰਚ 2020 ਵਿਚ ਅਲਬਰਟਾ ਦੀ ਕੈਨੀ ਸਰਕਾਰ ਨੇ ਇਸ ਪ੍ਰਾਜੈਕਟ ਨੂੰ ਜਲਦੀ ਨਿਪਟਾਉਣ ਲਈ ਇਸ ਵਿਚ 1.5 ਬਿਲੀਅਨ ਡਾਲਰਾਂ ਨਾਲ ਹਿੱਸੇਦਾਰੀ ਕਰ ਲਈ ਸੀ ਤੇ 2021 ਵਿਚ ਇਸ ਕੰਪਨੀ ਨੂੰ ਹੋਰ 6 ਬਿਲੀਅਨ ਡਾਲਰ ਗਾਰੰਟੀ ਲੋਨ ਦਿੱਤਾ ਜਾਣਾ ਸੀ। ਸਰਕਾਰ ਵਲੋਂ ਆਸ ਕੀਤੀ ਗਈ ਸੀ ਕਿ ਇਸ ਮਦਦ ਨਾਲ ਇਹ ਪ੍ਰਾਜੈਕਟ 2023 ਤੱਕ ਪੂਰਾ ਹੋ ਜਾਵੇਗਾ, ਜਿਸ ਨਾਲ 8,30,000 ਬੈਰਲ (13 ਕਰੋੜ, 20 ਲੱਖ ਲੀਟਰ) ਦੇ ਕਰੀਬ ਰੋਜ਼ਾਨਾ ਕਰੂਡ (ਕੱਚਾ) ਤੇਲ ਅਲਬਰਟਾ ਤੋਂ ਅਮਰੀਕਾ ਜਾਣਾ ਸੀ, ਜਿਥੋਂ ਸਾਫ ਕਰਕੇ ਅੱਗੇ ਗਲਫ ਕੋਸਟ (ਅਮਰੀਕਾ-ਮੈਕਸੀਕੋ ਦੇ ਸਮੁੰਦਰੀ ਤੱਟ) ਰਾਹੀਂ ਏਸ਼ੀਆ ਭੇਜਿਆ (ਵੇਚਿਆ) ਜਾ ਸਕਦਾ ਸੀ। ਇਹ ਪਾਈਪਲਾਈਨ 1947 ਕਿਲੋਮੀਟਰ ਲੰਬੀ ਹੋਣੀ ਸੀ। ਪਹਿਲੇ ਫੇਜ਼ ਵਿਚ ਪਾਈਪਲਾਈਨਾਂ ਵਿਛਾਉਣ ਦਾ ਕੰਮ ਪਿਛਲੀ ਜੁਲਾਈ ਵਿਚ ਸ਼ੁਰੂ ਹੋ ਚੁਕਾ ਸੀ ਤਾਂ ਕਿ ਅਲਬਰਟਾ ਤੋਂ ਸਸਕੈਚਵਨ ਰਾਹੀਂ ਅਮਰੀਕਾ ਦੇ ਬਾਰਡਰ ਤੱਕ ਪਾਈਪਲਾਈਨ ਵਿਛਾ ਦਿੱਤੀ ਜਾਵੇ।

ਅਲਬਰਟਾ ਸਰਕਾਰ ਦੇ ਅਨੁਮਾਨ ਅਨੁਸਾਰ ਦੋ ਸਾਲ ਚੱਲਣ ਵਾਲੇ ਪ੍ਰਾਜੈਕਟ ਲਈ 2000 ਤੋਂ ਵੱਧ ਵਿਅਕਤੀਆਂ ਨੂੰ ਸਿੱਧੀਆਂ ਜੌਬਾਂ ਮਿਲਣੀਆਂ ਸਨ। ਇਸ ਪ੍ਰਾਜੈਕਟ ਦੇ ਪੂਰੇ ਹੋਣ ਤੋਂ ਬਾਅਦ ਕੈਨੇਡਾ ਦੀ ਆਰਥਿਕਤਾ (GDP) ਵਿਚ ਹਰ ਸਾਲ 2.4 ਬਿਲੀਅਨ ਦਾ ਵਾਧਾ ਹੋਣਾ ਸੀ ਤੇ ਅਲਬਰਟਾ ਸਰਕਾਰ ਨੂੰ ਹਰ ਸਾਲ 7 ਮਿਲੀਅਨ ਡਾਲਰ ਪ੍ਰਾਪਰਟੀ ਟੈਕਸ ਵਿਚੋਂ ਵਾਧੂ ਆਉਣਾ ਸੀ। ਇਸ ਨਾਲ ਕਰੀਬ ਅਗਲੇ ਕੁਝ ਸਾਲਾਂ ਵਿਚ ਅਲਬਰਟਾ ਨੂੰ 30 ਬਿਲੀਅਨ ਡਾਲਰ ਦਾ ਟੈਕਸ ਤੇ ਰਾਇਲਟੀ ਦੇ ਰੂਪ ਵਿਚ ਲਾਭ ਮਿਲਣ ਦੀ ਸੰਭਾਵਨਾ ਵੀ ਜਤਾਈ ਗਈ ਸੀ।

ਅਲਬਰਟਾ ਤੇ ਕੈਨੇਡਾ ਸਰਕਾਰ ਦਾ ਇਹ ਵੀ ਮੰਨਣਾ ਸੀ ਕਿ ਇਹ ਪਾਈਪਲਾਈਨ ਟਰੇਨਾਂ, ਟਰੱਕਾਂ, ਸਮੁੰਦਰੀ ਟੈਂਕਰਾਂ ਰਾਹੀਂ ਕੱਚਾ ਤੇਲ ਸਪਲਾਈ ਕਰਨ ਨਾਲੋਂ ਵੱਧ ਫਾਇਦੇਮੰਦ ਤੇ ਵਾਤਾਵਰਣ ਪੱਖੀ ਹਨ। ਇਸ ਨਾਲ ਅਲਬਰਟਾ ਦੇ ਕੱਚੇ ਤੇਲ ਦੀ ਸਪਲਾਈ ਅਮਰੀਕਾ ਦੇ ਨਾਲ-ਨਾਲ ਕੌਮਾਂਤਰੀ ਮੰਡੀ ਵਿਚ ਲਿਜਾਣ ਲਈ ਰਾਹ ਵੀ ਖੁੱਲ੍ਹਣਾ ਸੀ, ਜਿਸ ਨਾਲ ਅਲਬਰਟਾ ਤੇ ਕੈਨੇਡਾ ਦੀ ਆਰਥਿਕਤਾ ਨੂੰ ਨਾ ਸਿਰਫ ਹੁਲਾਰਾ ਮਿਲਣਾ ਸੀ, ਸਗੋਂ ਅਲਬਰਟਾ ਦੀ ਆਪਣੇ ਕੱਚੇ ਤੇਲ ਨੂੰ ਸਿਰਫ ਅਮਰੀਕਾ ਵਿਚ ਵੇਚਣ 'ਤੇ ਨਿਰਭਰਤਾ ਵੀ ਘਟਣੀ ਸੀ, ਜਿਸ ਨਾਲ ਕੈਨੇਡਾ ਆਪਣਾ ਤੇਲ ਕੌਮਾਂਤਰੀ ਮੰਡੀ ਵਿਚ ਵੱਧ ਭਾਅ 'ਤੇ ਵੇਚ ਸਕਦਾ ਸੀ।

ਜ਼ਿਕਰਯੋਗ ਹੈ ਕਿ ਨਾਰਥ ਅਲਬਰਟਾ ਵਿਚ ਬੇਸ਼ਕ ਕੱਚੇ ਤੇਲ ਦੇ ਤਾਂ ਬਹੁਤ ਵੱਡੇ-ਵੱਡੇ ਕੁਦਰਤੀ ਭੰਡਾਰ ਹਨ, ਪਰ ਅਲਬਰਟਾ ਦੇ ਨੇੜੇ ਸਮੁੰਦਰ ਨਾ ਹੋਣ ਕਾਰਨ, ਨਾ ਅਲਬਰਟਾ ਇਥੇ ਕੋਈ ਰਿਫਾਈਨਰੀ (ਤੇਲ ਸਾਫ ਕਰਨ ਦੇ ਕਾਰਖਾਨੇ) ਲਾ ਸਕਦਾ ਹੈ, ਕਿਉਂਕਿ ਤੇਲ ਨੂੰ ਸਾਫ ਕਰਨ ਲਈ ਪਾਣੀ ਦੀ ਬਹੁਤ ਜਰੂਰਤ ਹੁੰਦੀ ਹੈ ਅਤੇ ਨਾ ਹੀ ਸਮੁੰਦਰੀ ਤੱਟ (ਬੰਦਰਗਾਹ) ਦੀ ਅਣਹੋਂਦ ਕਾਰਨ ਆਪਣਾ ਕੱਚਾ ਤੇਲ ਸਿੱਧਾ ਕਿਸੇ ਹੋਰ ਦੇਸ਼ ਵਿਚ ਵੇਚ ਸਕਦਾ ਹੈ। ਕੈਨੇਡਾ ਵਿਚ ਅਮਰੀਕਾ ਜਾਂ ਕੌਮਾਂਤਰੀ ਮਾਰਕੀਟ ਵਿਚ ਜਾਣ ਲਈ ਵੈਨਕੂਵਰ ਦਾ ਸਮੁੰਦਰੀ ਤੱਟ ਨੇੜੇ ਹੈ ਜਾਂ ਫਿਰ ਕਿਊਬੈਕ ਦੇ ਸਮੁੰਦਰੀ ਤੱਟ ਰਾਹੀਂ ਤੇਲ ਬਾਹਰ ਭੇਜਿਆ ਜਾ ਸਕਦਾ ਹੈ। ਕਿਊਬੈਕ ਅਲਬਰਟਾ ਤੋਂ ਬਹੁਤ ਦੂਰ ਵੀ ਹੈ ਤੇ ਰਸਤੇ ਵਿਚ ਨੇਟਿਵਜ਼ (ਕੈਨੇਡਾ ਦੇ ਮੂਲ ਨਿਵਾਸੀਆਂ) ਦੀ ਬਹੁਤ ਧਰਤੀ ਆਉਂਦੀ ਹੋਣ ਕਰਕੇ ਉਹ ਪਾਈਪਲਾਈਨਾਂ ਆਪਣੀ ਜਮੀਨ ਵਿਚੋਂ ਲੰਘਾਉਣ ਦੇ ਸਖਤੀ ਵਿਰੋਧੀ ਹਨ। ਇਸੇ ਤਰ੍ਹਾਂ ਬੀ. ਸੀ. ਬੇਸ਼ਕ ਅਲਬਰਟਾ ਦੇ ਨੇੜੇ ਹੈ, ਇਹੀ ਸਮੱਸਿਆ ਇਸ ਪਾਸੇ ਵੀ ਹੈ। ਨੇਟਿਵਜ਼ ਤੇ ਵਾਤਾਵਰਣ ਪ੍ਰੇਮੀ ਧਰਤੀ ਹੇਠਲੇ ਤੇਲ ਨੂੰ ਜਿਥੇ ਗਲੋਬਲ ਵਾਰਮਿੰਗ ਤੇ ਵਾਤਰਵਰਣ ਦੇ ਪ੍ਰਦੂਸ਼ਣ ਲਈ ਮੁੱਖ ਕਾਰਨ ਮੰਨਦੇ ਹਨ, ਉਥੇ ਪਾਈਪਲਾਈਨਾਂ ਰਾਹੀਂ ਤੇਲ ਭੇਜਣ ਨਾਲ ਪਾਈਪਲਾਈਨਾਂ ਫਟਣ ਤੇ ਲੀਕ ਹੋਣ ਨਾਲ ਧਰਤੀ, ਪਾਣੀ ਤੇ ਵਾਤਾਵਰਣ ਦੇ ਖਰਾਬ ਹੋਣ ਦੇ ਬਹੁਤ ਆਸਾਰ ਹੁੰਦੇ ਹਨ। ਤੇਲ ਲੀਕ ਹੋਣ ਨਾਲ ਨਾ ਸਿਰਫ ਇਸ ਦੇ ਮਨੁੱਖੀ ਜੀਵਨ 'ਤੇ ਸਗੋਂ ਜੰਗਲੀ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਦੇ ਜੀਵਨ 'ਤੇ ਵੀ ਮਾਰੂ ਪ੍ਰਭਾਵ ਪੈਂਦੇ ਹਨ।

ਹੁਣ ਅਮਰੀਕਾ ਸਰਕਾਰ ਵਲੋਂ ਇਸ ਪ੍ਰਾਜੈਕਟ ਨੂੰ ਰੱਦ ਕਰਨ ਤੋਂ ਬਾਅਦ 'ਟੀ. ਸੀ. ਐਨਰਜੀ ਕੰਪਨੀ' ਨੇ ਆਪਣਾ ਕੰਮ ਇੱਕਦਮ ਬੰਦ ਕਰ ਦਿੱਤਾ ਹੈ, ਜਿਸ ਨਾਲ ਹਜਾਰਾਂ ਲੋਕ ਜੌਬਾਂ ਤੋਂ ਹੱਥ ਧੋ ਬੈਠੇ ਹਨ; ਜਦਕਿ ਅਲਬਰਟਾ ਦੀ ਆਰਥਿਕਤਾ ਪਹਿਲਾਂ ਹੀ ਪਿਛਲੇ ਕਈ ਸਾਲਾਂ ਤੋਂ ਮੰਦਵਾੜੇ ਦਾ ਸ਼ਿਕਾਰ ਹੈ। ਅਲਬਰਟਾ ਦੇ ਲੋਕਾਂ ਨੇ 2019 ਦੀਆਂ ਚੋਣਾਂ ਵਿਚ ਲੇਬਰ ਪੱਖੀ ਸਮਾਜਵਾਦੀ ਪਾਰਟੀ ਐਨ. ਡੀ. ਪੀ. ਨੂੰ ਹਰਾ ਕੇ ਯੂ. ਸੀ. ਪੀ. ਦੀ ਕਾਰਪੋਰੇਟ ਪੱਖੀ ਕੰਜ਼ਰਵੇਟਿਵ ਸਰਕਾਰ ਇਸ ਆਸ ਨਾਲ ਬਣਾਈ ਸੀ ਕਿ ਇਹ ਅਲਬਰਟਾ ਦੀ ਦਿਨੋਂ ਦਿਨ ਡਿਗ ਰਹੀ ਆਰਥਿਕਤਾ ਨੂੰ ਤਰੱਕੀ ਵੱਲ ਲੈ ਕੇ ਜਾਵੇਗੀ।

ਪਹਿਲਾਂ ਹੀ ਆਰਥਿਕ ਮਾਰ ਝੱਲ ਰਹੇ ਅਲਬਰਟਾ ਨੂੰ ਬਾਕੀ ਦੁਨੀਆਂ ਵਾਂਗ ਪਿਛਲੇ ਸਾਲ ਤੋਂ ਕੋਵਿਡ ਦੀ ਵੀ ਮਾਰ ਪੈ ਰਹੀ ਹੈ ਤੇ ਰਹਿੰਦੀ ਖੂੰਹਦੀ ਕਸਰ ਜੋਅ ਬਾਇਡਨ ਦੇ ਫੈਸਲੇ ਨੇ ਕੱਢ ਦਿੱਤੀ ਹੈ। ਕੈਨੀ ਤੇ ਟਰੂਡੋ ਸਰਕਾਰ ਲਈ ਅਮਰੀਕਨ ਸਰਕਾਰ ਦਾ ਇਹ ਫੈਸਲਾ ਚੁਣੌਤੀਆਂ ਭਰਿਆ ਹੋ ਸਕਦਾ ਹੈ। ਬੇਸ਼ਕ ਟਰੰਪ ਸਰਕਾਰ ਤੋਂ ਪਹਿਲਾਂ 8 ਸਾਲ (2009-2016) ਰਹੀ ਓਬਾਮਾ ਸਰਕਾਰ ਵਲੋਂ ਵੀ ਗਲੋਬਲ ਵਾਰਮਿੰਗ ਦੇ ਮੱਦੇਨਜ਼ਰ ਬਹੁਤ ਸਾਰੇ ਅਜਿਹੇ ਫੈਸਲੇ ਕੀਤੇ ਗਏ ਸਨ, ਜੋ ਅਲਬਰਟਾ ਦੀ ਤੇਲ 'ਤੇ ਨਿਰਭਰ ਆਰਥਿਕਤਾ ਲਈ ਖਤਰੇ ਦੇ ਸੂਚਕ ਸਨ। ਨਵੇਂ ਬਣੇ ਰਾਸ਼ਟਰਪਤੀ ਵਲੋਂ ਆਪਣੇ ਚੋਣ ਵਾਅਦਿਆਂ ਵਿਚ ਪਹਿਲਾਂ ਹੀ ਸੰਕੇਤ ਦੇ ਦਿੱਤੇ ਗਏ ਸਨ ਕਿ ਗਲੋਬਲ ਵਾਰਮਿੰਗ ਦੇ ਮੱਦੇਨਜ਼ਰ ਉਹ ਇਹ ਪ੍ਰਾਜੈਕਟ ਬੰਦ ਕਰ ਦੇਣਗੇ, ਉਨ੍ਹਾਂ ਅਨੁਸਾਰ ਇਸ ਦੇ ਤਿੰਨ ਮੁੱਖ ਕਾਰਨ ਸਨ: 1. ਇਸ ਪ੍ਰਾਜੈਕਟ ਦੇ ਬੰਦ ਹੋਣ ਨਾਲ ਬਹੁਤ ਥੋੜ੍ਹੇ ਲੋਕਾਂ ਦੀਆਂ ਨੌਕਰੀਆਂ ਤੇ ਅਸਰ ਪਵੇਗਾ। 2. ਤੇਲ ਦੀ ਪ੍ਰੋਡਕਸ਼ਨ ਵਧਾਉਣ ਨਾਲ ਤੇਲ ਦੀਆਂ ਕੀਮਤਾਂ ਨਹੀਂ ਘਟਣਗੀਆਂ। 3. ਧਰਤੀ ਹੇਠਲੇ ਤੇਲ ਤੋਂ ਨਿਰਭਰਤਾ ਘਟਾ ਕੇ ਊਰਜਾ (Energy) ਦੇ ਹੋਰ ਸਰੋਤਾਂ ਜਿਵੇਂ ਹਾਈਡਰੋ (Hydro), ਸੋਲਰ (Solar), ਹਵਾ (Wind) ਆਦਿ ਤੋਂ ਪੈਦਾ ਹੋਣ ਵਾਲੀ ਐਨਰਜੀ 'ਤੇ ਪੈਸਾ ਖਰਚ ਕਰਨਾ ਚਾਹੀਦਾ ਹੈ ਤੇ ਉਸ ਨਾਲ ਸਬੰਧਤ ਇੰਡਸਟਰੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਦੇਖਣ-ਸੁਣਨ ਲਈ ਇਹ ਵਧੀਆ ਸੁਝਾਅ ਲਗਦਾ ਹੈ, ਜਦੋਂ ਕਿ ਅਮਰੀਕਾ ਨਾ ਸਿਰਫ ਆਪਣੀ ਤੇਲ ਦੀ ਖਪਤ ਵਧਾ ਰਿਹਾ ਹੈ, ਸਗੋਂ ਤੇਲ ਦਾ ਉਤਪਾਦਨ ਵੀ ਵਧਾ ਰਿਹਾ ਹੈ, ਪਰ ਦੂਜਿਆਂ 'ਤੇ ਪਾਬੰਦੀਆਂ ਲਾ ਰਿਹਾ ਹੈ! ਪਰ ਅਲਬਰਟਾ ਵਿਚ 1970 ਤੋਂ ਰਾਜ ਕਰਦੀ ਆ ਰਹੀ ਕੰਜ਼ਰਵੇਟਿਵ ਸਰਕਾਰ ਦੇ ਸਿਰ 'ਤੇ ਜੂੰ ਨਹੀਂ ਸਰਕ ਰਹੀ ਸੀ, ਕਿਉਂਕਿ ਉਸ ਸਮੇਂ ਤੇਲ ਵਿਚੋਂ ਸਰਕਾਰ ਨੂੰ ਚੰਗਾ ਪੈਸਾ ਮਿਲ ਰਿਹਾ ਸੀ ਅਤੇ ਉਹ ਅਲਬਰਟਾ ਦੀ ਆਰਥਿਕਤਾ ਨੂੰ ਤੇਲ ਦੀ ਨਿਰਭਰਤਾ ਤੋਂ ਘਟਾ ਕੇ ਹੋਰ ਇੰਡਸਟਰੀ ਡਿਵੈਲਪ ਕਰ ਸਕਦੀ ਸੀ, ਪਰ ਕਿਉਂਕਿ ਅਲਬਰਟਾ ਦੇ ਲੋਕ ਅੱਖਾਂ ਮੀਟ ਕੇ ਕੰਜ਼ਰਵੇਟਿਵਾਂ ਦਾ ਸਮਰਥਨ ਕਰਦੇ ਸਨ ਤੇ ਅਲਬਰਟਾ ਵਿਚ ਕੋਈ ਆਪੋਜ਼ੀਸ਼ਨ ਨਹੀਂ ਸੀ। ਅਲਬਰਟਾ ਲਿਬਰਲਜ਼ ਤੇ ਐਨ. ਡੀ. ਪੀ. ਨੂੰ ਗਿਣਤੀ ਦੀਆਂ 5-7 ਸੀਟਾਂ ਮਿਲਦੀਆਂ ਸਨ, ਜਿਸ ਨਾਲ ਅਲਬਰਟਾ ਦੇ ਕੰਜ਼ਰਵੇਟਿਵ ਵਿਹਲੜ ਤੇ ਆਲਸੀ ਹੋ ਚੁਕੇ ਸਨ।

ਅਖੀਰ ਗੁੱਸੇ ਵਿਚ ਅਲਬਰਟਾ ਵਾਸੀਆਂ ਨੇ 2015 ਵਿਚ ਐਨ. ਡੀ. ਪੀ. ਦੀ ਸਰਕਾਰ ਬਣਾਈ, ਪਰ ਜਦ ਤੱਕ ਉਸ ਦੇ ਪੈਰ ਲਗਦੇ, 2019 ਵਿਚ ਉਨ੍ਹਾਂ ਨੂੰ ਇਸ ਆਸ ਨਾਲ ਹਰਾ ਦਿੱਤਾ ਕਿ ਸ਼ਾਇਦ ਕੈਨੀ ਕੋਈ ਜਾਦੂ ਦੀ ਛੜੀ ਲੈ ਕੇ ਆਉਣਗੇ ਤੇ ਸਭ ਪਾਸੇ ਲਹਿਰਾਂ ਬਹਿਰਾਂ ਕਰ ਦੇਣਗੇ? ਪਰ ਪਿਛਲੇ 22 ਮਹੀਨਿਆਂ ਵਿਚ ਕੈਨੀ ਸਰਕਾਰ ਨੇ ਸਿਵਾਏ ਪਬਲਿਕ ਸੈਕਟਰ ਵਿਚ ਹਰ ਪਾਸੇ ਕੱਟ ਲਾਉਣ ਦੇ, ਕੋਈ ਖਾਸ ਕਾਰਗੁਜਾਰੀ ਨਹੀਂ ਦਿਖਾਈ, ਜਿਸ ਨਾਲ ਅਲਬਰਟਾ ਦੀ ਆਰਥਿਕਤਾ ਨੂੰ ਕੋਈ ਹੁਲਾਰਾ ਮਿਲਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ ਸਾਰੀ ਦੁਨੀਆਂ ਲਈ ਇੱਕ ਵੱਡੀ ਚੁਣੌਤੀ ਬਣ ਚੁਕਾ ਹੈ। ਪਿਛਲੇ 200-250 ਸਾਲਾਂ ਵਿਚ ਦੁਨੀਆਂ ਭਰ ਵਿਚ ਆਈ ਉਦਯੋਗਿਕ ਕ੍ਰਾਂਤੀ (Industrial Revolution) ਨੇ ਮਨੁੱਖ ਲਈ ਜਿਥੇ ਤਰੱਕੀ ਦੇ ਅਨੇਕਾਂ ਰਾਹ ਖੋਲ੍ਹੇ ਹਨ, ਉਥੇ ਇਸ ਸਮੇਂ ਦੌਰਾਨ ਸਰਮਾਏਦਾਰੀ ਤਾਕਤਾਂ ਵੀ ਬਹੁਤ ਮਜਬੂਤ ਹੋਈਆਂ ਹਨ। ਅੱਜ ਦੌਲਤ ਹੀ ਨਹੀਂ, ਰਾਜਸੀ ਤਾਕਤ ਵੀ ਇਨ੍ਹਾਂ ਸਰਮਾਏਦਾਰਾਂ (ਕਾਰਪੋਰੇਟਾਂ) ਦੇ ਹੱਥਾਂ ਵਿਚ ਜਾ ਚੁਕੀ ਹੈ। ਪੈਸੇ ਦੀ ਹਵਸ ਵਿਚ ਵੱਡੇ ਕਾਰਪੋਰੇਟਾਂ ਨੇ ਦੁਨੀਆਂ ਨੂੰ ਮਨੁੱਖੀ ਤਬਾਹੀ ਦੇ ਉਸ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿਥੇ ਮਨੁੱਖਤਾ ਦੀ ਬਰਬਾਦੀ ਸਾਹਮਣੇ ਦੇਖ ਕੇ ਵੀ, ਉਹ ਵਾਪਿਸ ਮੁੜਨ ਨੂੰ ਤਿਆਰ ਨਹੀਂ। ਜਿਥੇ ਇੱਕ ਪਾਸੇ ਵਿਕਸਿਤ ਪੱਛਮੀ ਸਰਮਾਏਦਾਰ ਦੇਸ਼ ਆਪਣੇ ਦੇਸ਼ਾਂ ਵਿਚ ਗਲੋਬਲ ਵਾਰਮਿੰਗ ਘਟਾਉਣ ਤੇ ਵਾਤਾਵਰਣ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਥੋੜੇ ਚਿੰਤਤ ਦਿਸਦੇ ਹਨ, ਉਥੇ ਊਰਜਾ ਦੇ ਉਨ੍ਹਾਂ ਹੀ ਸਰੋਤਾਂ (ਕੋਲਾ, ਕੱਚਾ ਤੇਲ, ਪੈਟਰੌਲ, ਗੈਸਾਂ, ਡੀਜ਼ਲ, ਪ੍ਰੋਪੇਨ ਆਦਿ) ਰਾਹੀਂ ਪੱਛਮੀ ਦੇਸ਼ਾਂ ਵਿਚੋਂ ਆਪਣੀਆਂ ਫੈਕਟਰੀਆਂ, ਘੱਟ ਵਿਕਸਿਤ ਜਾਂ ਅਣ-ਵਿਕਸਿਤ ਦੇਸ਼ਾਂ ਵਿਚ ਲਾ ਰਹੇ ਹਨ ਤਾਂ ਕਿ ਉਨ੍ਹਾਂ ਦੇ ਮੁਨਾਫਿਆਂ 'ਤੇ ਕੋਈ ਅਸਰ ਨਾ ਹੋਵੇ। ਬੇਸ਼ਕ ਦੇਖਣ ਨੂੰ ਤਾਂ ਇਵੇਂ ਹੀ ਲਗਦਾ ਹੈ ਕਿ ਉਹ ਉਨ੍ਹਾਂ ਦੇਸ਼ਾਂ ਦੀ ਤਰੱਕੀ ਵਿਚ ਯੋਗਦਾਨ ਪਾ ਰਹੇ ਹਨ ਤੇ ਲੋਕਾਂ ਨੂੰ ਨੌਕਰੀਆਂ ਦੇ ਰਹੇ ਹਨ, ਪਰ ਅਸਲੀਅਤ ਵਿਚ ਉਹ ਸਸਤੀ ਲੇਬਰ ਨਾਲ ਵੱਧ ਮੁਨਾਫਿਆਂ ਦੇ ਨਾਲ-ਨਾਲ ਆਪਣਾ ਪ੍ਰਦੂਸ਼ਣ ਉਨ੍ਹਾਂ ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਨਾਲ ਉਹ ਸੱਚੇ ਵੀ ਰਹਿਣ ਕਿ ਅਸੀਂ ਗਲੋਬਲ ਵਾਰਮਿੰਗ ਨੂੰ ਘਟਾਉਣ ਤੇ ਪ੍ਰਦੂਸ਼ਣ ਰੋਕਣ ਲਈ ਬਹੁਤ ਸੀਰੀਅਸ ਹਾਂ?

ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ, ਜੋ ਇਸ ਧਰਤੀ 'ਤੇ ਮਨੁੱਖੀ ਹੋਂਦ ਲਈ ਖਤਰਾ ਬਣ ਚੁਕਾ ਹੈ, ਉਸ ਲਈ ਸਾਰੀ ਦੁਨੀਆਂ ਨੂੰ ਸੀਰੀਅਸ ਤੇ ਸੰਤੁਲਿਤ ਪਹੁੰਚ ਅਪਨਾਉਣ ਦੀ ਲੋੜ ਹੈ? ਜੇ ਮਨੁੱਖਤਾ 'ਤੇ ਇੰਨਾ ਵੱਡਾ ਸੰਕਟ 200-250 ਸਾਲਾਂ ਵਿਚ ਆਇਆ ਹੈ ਤਾਂ ਉਹ ਖਤਮ ਵੀ ਕੁਝ ਸਾਲਾਂ ਵਿਚ, ਕੁਝ ਦੇਸ਼ਾਂ ਦੀਆਂ ਦਿਖਾਵੇ ਮਾਤਰ ਪਾਲਿਸੀਆਂ ਨਾਲ ਨਹੀਂ ਹੋਵੇਗਾ? ਇਸ ਵਕਤ ਸਾਰੀ ਦੁਨੀਆਂ ਦੀ ਆਰਥਿਕਤਾ ਧਰਤੀ ਹੇਠਲੇ ਊਰਜਾ (Energy) ਦੇ ਸਰੋਤਾਂ-ਮਿੱਟੀ ਦਾ ਤੇਲ, ਕੋਲਾ, ਕੱਚਾ ਤੇਲ, ਡੀਜਲ, ਪੈਟਰੌਲ, ਪ੍ਰੋਪੇਨ, ਨੈਚੁਰਲ ਗੈਸਾਂ ਆਦਿ 'ਤੇ ਖੜ੍ਹੀ ਹੈ। ਇਸ ਤੋਂ ਨਿਰਭਰਤਾ ਕੁਝ ਸਾਲਾਂ ਵਿਚ ਗੱਲਾਂ ਨਾਲ ਜਾਂ ਦੂਜਿਆਂ 'ਤੇ ਜ਼ਿੰਮੇਵਾਰੀ ਸੁੱਟ ਕੇ ਨਹੀਂ ਘਟਾਈ ਜਾ ਸਕਦੀ। ਇਸ ਲਈ ਸਾਰੀ ਦੁਨੀਆਂ ਨੂੰ ਊਰਜਾ ਦੇ ਨਵੇਂ ਸਰੋਤ ਲੱਭਣੇ ਪੈਣਗੇ, ਉਨ੍ਹਾਂ ਦੀ ਵਰਤੋਂ ਸ਼ੁਰੂ ਕਰਨੀ ਪਵੇਗੀ, ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਊਰਜਾਂ ਸਰੋਤਾਂ 'ਤੇ ਕਬਜ਼ੇ ਕਰਨ ਤੋਂ ਪਹਿਲਾਂ ਹੀ ਪਬਲਿਕ ਸੈਕਟਰ ਦੇ ਹੱਥਾਂ ਵਿਚ ਰੱਖਿਆ ਜਾਣਾ ਚਾਹੀਦਾ ਹੈ!

ਜੇ ਅਲਬਰਟਾ ਸਰਕਾਰ ਨੂੰ ਤੇਲ ਤੋਂ ਨਿਰਭਰਤਾ ਘਟਾ ਕੇ ਹੋਰ ਵਾਤਾਵਰਣ ਤੇ ਮਨੁੱਖਤਾ ਪੱਖੀ ਆਰਥਿਕਤਾ ਦੇ ਰਾਹ ਤੋਰਨਾ ਹੈ ਤਾਂ ਪਾਬੰਦੀਆਂ ਲਾ ਕੇ ਨਹੀਂ, ਇੱਕ ਦੂਜੇ ਦੇ ਸਹਿਯੋਗ ਨਾਲ ਹੀ ਸੰਭਵ ਹੈ। ਅਲਬਰਟਾ ਪਿਛਲੇ 50 ਸਾਲਾਂ ਤੋਂ ਕੈਨੇਡਾ ਦੀ ਆਰਥਿਕਤਾ ਵਿਚ ਵੱਡਾ ਯੋਗਦਾਨ ਪਾਉਂਦਾ ਰਿਹਾ ਹੈ। ਟਰੂਡੋ ਸਰਕਾਰ ਨੂੰ ਲਿਬਰਲ ਪੱਖੀ ਜੋਅ ਬਾਇਡਨ ਨਾਲ ਗੱਲਬਾਤ ਰਾਹੀਂ ਕੋਈ ਹਾਂ ਪੱਖੀ ਹੱਲ ਕੱਢਣ ਲਈ ਸੁਯੋਗ ਲੀਡਰਸ਼ਿਪ ਵਾਲਾ ਰੋਲ ਨਿਭਾਉਣਾ ਚਾਹੀਦਾ ਹੈ। ਅਲਬਰਟਾ ਦੇ ਲੋਕ ਵੀ ਪਿਛਲੇ 60-70 ਸਾਲਾਂ ਤੋਂ ਤੇਲ ਦੀ ਧੌਂਸ ਵਿਚ ਨਾ ਸਿਰਫ ਇੱਕੋ ਸੱਜੇ ਪੱਖੀ ਰਾਜਨੀਤਕ ਧਿਰ ਨਾਲ ਬੱਝੇ ਹੋਏ ਹਨ ਅਤੇ ਲਿਬਰਲ, ਐਨ. ਡੀ. ਪੀ. ਜਾਂ ਕਿਸੇ ਹੋਰ ਵਿਚਾਰਧਾਰਾ ਨੂੰ ਅਲਬਰਟਾ ਵਿਚ ਕੋਈ ਥਾਂ ਨਹੀਂ ਦੇ ਰਹੇ ਤਾਂ ਉਨ੍ਹਾਂ ਨੂੰ ਇਹ ਸੱਚ ਸਵੀਕਾਰ ਕਰਨਾ ਚਾਹੀਦਾ ਹੈ ਕਿ ਸ਼ਕਤੀਸ਼ਾਲੀ ਵਿਰੋਧੀ ਧਿਰ ਤੋਂ ਬਿਨਾ ਅਲਬਰਟਾ ਅੱਗੇ ਨਹੀਂ ਵਧ ਸਕਦਾ? ਇਸ ਵਕਤ ਫੈਡਰਲ ਲਿਬਰਲ ਜਾਂ ਫੈਡਰਲ ਐਨ. ਡੀ. ਪੀ. ਨੂੰ ਅਲਬਰਟਾ ਵਿਚ ਕੋਈ ਦਿਲਚਸਪੀ ਨਹੀਂ। ਦੂਜਾ, ਅਲਬਰਟਾ ਨੂੰ ਆਪਣੇ ਗੁਆਂਢੀ ਸੂਬਿਆਂ ਨਾਲ ਵੀ ਸਬੰਧ ਸੁਧਾਰਨ ਦੀ ਲੋੜ ਹੈ। ਅਜਿਹੀਆਂ ਦੂਰ-ਅੰਦੇਸ਼ੀ ਵਾਲੀਆਂ ਰਾਜਨੀਤਕ ਤੇ ਆਰਥਿਕ ਨੀਤੀਆਂ ਅਪਨਾਉਣ ਦੀ ਲੋੜ ਹੈ, ਜੋ ਆਰਥਿਕਤਾ, ਗਲੋਬਲ ਵਾਰਮਿੰਗ, ਵਾਤਾਵਰਣ ਪ੍ਰਦੂਸ਼ਣ, ਪਬਲਿਕ ਸੈਕਟਰ ਤੇ ਪ੍ਰਾਈਵੇਟ ਸੈਕਟਰ ਵਿਚ ਸੰਤੁਲਨ ਬਣਾ ਸਕਣ ਤਾਂ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ!




ਅਲਬਰਟਾ ਪ੍ਰੀਮੀਅਰ ਜੇਸਨ ਕੈਨੀ



# ਸੁਣੋ! ਪਿੰਡ ਕੀ ਕਹਿੰਦਾ ਹੈ?

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜਿਉਣ ਦੀ ਜਾਚ ਸਿੱਖਣ ਦਾ ਹੋਕਰਾ ਲਾਇਆ ਸੀ; ਕਿਉਂਕਿ "ਬਹੁਤ ਫਰਕ ਹੁੰਦਾ ਏ ਜਿਉਣ ਤੇ ਮਰਨ ਵਿਚ। ਕੁਝ ਲੋਕ ਜਿਉਂਦਿਆਂ ਹੀ ਮਰੇ ਹੁੰਦੇ ਅਤੇ ਕੁਝ ਲੋਕ ਮਰ ਕੇ ਜਿਉਂਦੇ ਰਹਿੰਦੇ, ਪਰ ਅੱਜ ਕੱਲ੍ਹ ਜ਼ਿਆਦਾਤਰ ਲੋਕ ਜਿਉਂਦਿਆਂ ਹੀ ਆਪਣੀ ਲੋਥ ਮੋਢਿਆਂ 'ਤੇ ਚੁੱਕੀ ਫਿਰਦੇ।...ਮਰਨਾ ਬਹੁਤ ਆਸਾਨ, ਪਰ ਮਰਨ ਤੋਂ ਜ਼ਿਆਦਾ ਜਰੂਰੀ ਏ ਜਿਉਣਾ। ਜਿਉਣਾ ਔਖਾ ਤਾਂ ਹੁੰਦਾ, ਪਰ ਜਿਉਣ ਵਿਚੋਂ ਹੀ ਜ਼ਿੰਦਗੀ ਦੀ ਸਮੁੱਚਤਾ ਅਤੇ ਸਾਰਥਿਕਤਾ ਨੂੰ ਨਵਾਂ ਸੰਦੇਸ਼ ਤੇ ਸੰਭਾਵਨਾ ਮਿਲਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਾਮਨਾ ਕੀਤੀ ਹੈ ਕਿ ਪਿੰਡ ਵਿਚ ਪਿੰਡ ਸਦਾ ਵੱਸਦਾ ਰਹੇ; ਕਿਉਂਕਿ ਜਦ ਪਿੰਡ ਵਿਚੋਂ ਪਿੰਡ ਹੀ ਮਨਫੀ ਹੋ ਜਾਵੇ, ਪੇਂਡੂਪੁਣਾ ਹੀ ਅਲੋਪ ਹੋ ਜਾਵੇ ਅਤੇ ਪੇਂਡੂ ਰਹਿਤਲ ਵਿਚਲੀ ਅੰਮ੍ਰਿਤਾ, ਅਮੀਰਤਾ ਅਤੇ ਅਸੀਮਤਾ ਸਾਹ ਵਰੋਲਣ ਜੋਗੀ ਰਹਿ ਜਾਵੇ ਤਾਂ ਪਿੰਡ ਬਹੁਤ ਤੜਫਦਾ ਤੇ ਕੂਕਦਾ। ਉਹ ਕਹਿੰਦੇ ਹਨ, "ਪਿੰਡ ਚਾਹੁੰਦਾ ਹੈ ਕਿ ਅਜੋਕੇ ਖੜਸੁੱਕ ਪਿੰਜਰਾਂ ਵਿਚ ਇਕ ਵਾਰ ਜਵਾਨੀ ਦਾ ਜੋਸ਼ ਵੇਖੇ। ਉਹ ਬਜੁਰਗਾਂ ਦੀ ਸਲਾਹ ਤੇ ਨਸੀਹਤ ਵਿਚੋਂ ਆਪਣੀ ਸਿਹਤਮੰਦੀ ਨੂੰ ਪਹਿਲ ਬਣਾਉਣ। ਪਿੰਡ ਦੀ ਵਿਰਾਸਤ ਬਣਨ ਅਤੇ ਪੁਰਾਣੀ ਵਿਰਾਸਤ ਬਚਾਉਣ ਲਈ ਅੱਗੇ ਆਉਣ। ਨਵੀਂ ਪੀੜ੍ਹੀ ਦੀ ਬੇਰੁਖੀ ਤੇ ਬੇਫਿਕਰੀ ਨੇ ਪਿੰਡ ਨੂੰ ਬਹੁਤ ਨਿਰਾਸ਼ ਅਤੇ ਹਤਾਸ਼ ਕੀਤਾ ਏ।" -ਸੰਪਾਦਕ**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿੰਡ ਬੋਲਦਾ, ਧੜਕਦਾ, ਸੰਵਾਦ ਰਚਾਉਂਦਾ, ਬਾਤਾਂ ਪਾਉਂਦਾ, ਹੁੰਗਾਰਾ ਭਰਦਾ, ਠਹਾਕੇ ਲਾਉਂਦਾ ਅਤੇ ਜੀਵਨ ਦੇ ਨਗਮੇ ਗਾਉਂਦਾ ਹੀ ਸੋਂਹਦਾ। ਇਸ ਦੀ ਫਿਜ਼ਾ ਵਿਚ ਜਿਉਣ ਦੀਆਂ ਅਰਦਾਸਾਂ, ਵਿਹੜੇ 'ਚ ਸੋਨ ਰੰਗੀਆਂ ਪ੍ਰਭਾਤਾਂ ਅਤੇ ਚੁਫੇਰੇ ਕੁਦਰਤ ਦੀਆਂ ਦਾਤਾਂ। ਪਿੰਡ ਜਿਉਂਦਾ-ਥੀਂਦਾ, ਜਾਗਦਾ-ਜਗਾਉਂਦਾ, ਹੱਸਦਾ-ਹਸਾਉਂਦਾ, ਅਸ਼ੀਰਵਾਦ ਦਿੰਦਾ, ਅਸੀਸਾਂ ਦੀ ਝੜੀ ਲਾਉਂਦਾ, ਬੁੱਕਲ ਵਿਚ ਬਾਸ਼ਿੰਦਿਆਂ ਨੂੰ ਲੁਕਾਉਂਦਾ ਅਤੇ ਕੁਦਰਤੀ ਅਲਾਮਤਾਂ ਤੇ ਆਫਤਾਂ ਤੋਂ ਬਚਾਉਂਦਾ।

ਪਿੰਡ, ਜੀਵਨ ਦਾ ਸੁੱਚਾ ਰੰਗ, ਬੇਲਾਗਤਾ ਅਤੇ ਬੇਨਿਆਜ਼ੀ ਦਾ ਸੁੱਚਾ ਢੰਗ। ਇਸ ਦੀ ਪਾਕੀਜ਼ਗੀ ਖੇਤਾਂ, ਖੂਹਾਂ, ਨਿਆਈਆਂ ਅਤੇ ਹਵੇਲੀਆਂ ਤੋਂ ਤੁਰ ਕੇ ਘਰ ਨੂੰ ਭਾਗ ਲਾਉਂਦੀ। ਇਹ ਪਾਕੀਜ਼ਗੀ ਹੀ ਹੁੰਦੀ, ਜੋ ਚੁੱਲ੍ਹੇ-ਚੌਂਕਿਆਂ, ਦਲਾਨ-ਕੋਠੜੀਆਂ ਅਤੇ ਸਬਾਤਾਂ-ਬਰਾਂਡਿਆਂ ਵਿਚ ਫੈਲ ਕੇ ਸਭ ਨੂੰ ਆਪਣੇ ਕਲਾਵੇ ਵਿਚ ਲੈਂਦੀ ਅਤੇ ਜੀਵਨ ਦਾ ਗੁਰਮੰਤਰ ਕੰਨ ਵਿਚ ਕਹਿੰਦੀ।

ਪਰ ਹੁਣ ਪਿੰਡ ਬਹੁਤ ਬਦਲ ਗਿਆ ਹੈ। ਬਦਲਣਾ ਹੈ ਕੁਦਰਤ ਦਾ ਦਸਤੂਰ, ਸਮਿਆਂ ਦੀ ਮੰਗ ਅਤੇ ਉਨਤੀ ਦੀ ਤਸਦੀਕ। ਅੱਗੇ ਵੱਧਣ, ਨਵੀਆਂ ਪੈੜਾਂ ਸਿਰਜਣ ਅਤੇ ਸੋਨ-ਸੁਪਨਿਆਂ ਨੂੰ ਮਿਲੀ ਪਰਵਾਜ਼ ਦੀ ਦਸਤਾਵੇਜ਼; ਪਰ ਬਦਲਾਅ ਦੌਰਾਨ ਜ਼ਿੰਦਗੀ ਦੀ ਸੁੱਚਮਤਾ ਦਾ ਮਨਫੀ ਹੋਣਾ ਬਹੁਤ ਅੱਖਰਦਾ ਹੈ ਪਿੰਡ ਨੂੰ, ਇਸ ਦੀ ਅਪਣੱਤ, ਮੋਹ, ਮੁਹੱਬਤ, ਸਾਂਝੀਵਾਲਤਾ, ਸਾਦਗੀ, ਸਮੁੱਚਤਾ ਅਤੇ ਸੁੰਦਰਤਾ ਨੂੰ। ਤਬਦੀਲੀ ਵਿਚ ਪੁਰਾਤਨ ਰਵਾਇਤਾਂ ਵਿਚਲੀ ਚੰਗਿਆਈ, ਵਿਰਸੇ ਦੀ ਖੁਸ਼ਬੋ, ਮਿੱਟੀ ਨਾਲ ਜੁੜੇ ਰਹਿਣ ਦੀ ਚਾਹਤ, ਪੁਰਖਿਆਂ ਦੀ ਜਨਮ-ਭੋਂ ਨੂੰ ਸਿਜਦਾ ਕਰਨ ਦੀ ਤਮੰਨਾ ਅਤੇ ਆਪਣੇ ਪੁਰਾਣੇ ਘਰ ਨੂੰ ਯਾਦ ਰੱਖਣ ਤੇ ਵਾਰ ਵਾਰ ਨਤਮਸਤਕ ਹੋਣ ਦੀ ਭਾਵਨਾ ਬਰਕਰਾਰ ਰਹੇ ਤਾਂ ਪਿੰਡ ਵਿਚਲਾ ਬਦਲਾਅ, ਪਿੰਡ ਨੂੰ ਜ਼ਿਆਦਾ ਤਕਲੀਫ ਨਹੀਂ ਦਿੰਦਾ, ਪਰ ਜਦ ਪਿੰਡ ਵਿਚੋਂ ਪਿੰਡ ਹੀ ਮਨਫੀ ਹੋ ਜਾਵੇ, ਪੇਂਡੂਪੁਣਾ ਹੀ ਅਲੋਪ ਹੋ ਜਾਵੇ ਅਤੇ ਪੇਂਡੂ ਰਹਿਤਲ ਵਿਚਲੀ ਅੰਮ੍ਰਿਤਾ, ਅਮੀਰਤਾ ਅਤੇ ਅਸੀਮਤਾ ਸਾਹ ਵਰੋਲਣ ਜੋਗੀ ਰਹਿ ਜਾਵੇ ਤਾਂ ਪਿੰਡ ਬਹੁਤ ਤੜਫਦਾ ਤੇ ਕੂਕਦਾ। ਅਜਿਹੇ ਵੇਲੇ ਪਿੰਡ ਨੂੰ ਆਪਣਾ ਬੀਤਿਆ ਵੇਲਾ ਬਹੁਤ ਯਾਦ ਆਉਂਦਾ। ਉਹ ਬੀਤੇ ਹੋਏ ਸਮਿਆਂ ਨੂੰ ਮੁੜ ਪਰਤ ਆਉਣ ਲਈ ਹਾਕ ਮਾਰਦਾ। ਇਸ ਕੂਕ ਵਿਚੋਂ ਹੀ ਉਸ ਦੇ ਅੰਤਰੀਵ ਵਿਚ ਉਗੀ ਪੀੜਾ ਤੇ ਦਰਦ ਨੂੰ ਪਛਾਣਿਆ ਜਾ ਸਕਦਾ ਅਤੇ ਇਸ ਦੀ ਦਵਾ ਬਣਨ ਲਈ ਕੁਝ ਆਹਰ ਕੀਤਾ ਜਾ ਸਕਦਾ।

ਪਿੰਡ ਕਿਵੇਂ ਭੁੱਲ ਸਕਦਾ ਏ ਘਰਾਂ ਵਿਚ ਵੱਸਦੇ ਨਿੱਕੇ ਨਿੱਕੇ ਘਰਾਂ ਵਿਚਲੀ ਪੀਢੀ ਸਾਂਝ ਨੂੰ। ਸਰਫੇ ਤੇ ਸਾਦਗੀ ਭਰੇ ਦਿਨਾਂ ਵਿਚ ਮਾਂਵਾਂ, ਸਵੇਰ ਲਈ ਰਾਤ ਨੂੰ ਹੀ ਚੁੱਲ੍ਹੇ ਵਿਚ ਅੱਗ ਨੂੰ ਸੰਭਾਲ ਲੈਂਦੀਆਂ ਸਨ ਅਤੇ ਅੱਗ ਮੰਗਣ ਦਾ ਰਿਵਾਜ਼ ਆਮ ਹੁੰਦਾ ਸੀ। ਕੌਲੀ ਫੜ ਕੇ ਦਾਲ ਜਾਂ ਸਬਜ਼ੀ ਮੰਗਣ ਲਈ ਕਿਸੇ ਨੂੰ, ਕਿਸੇ ਦਾ ਵੀ ਦਰ ਖੜਕਾਉਣ ਦੀ ਵੀ ਲੋੜ ਨਹੀਂ ਸੀ ਹੁੰਦੀ। ਲਵੇਰਾ ਨਾ ਹੋਣ 'ਤੇ ਆਢੋ-ਗੁਆਢੋਂ ਦੋ-ਚਾਰ ਮਹੀਨੇ ਦੁੱਧ ਲੈਂਦੇ ਰਹਿਣਾ ਅਤੇ ਫਿਰ ਅਗਲੇ ਦਾ ਲਵੇਰਾ ਨੱਸਣ ਤੇ ਦੁੱਧ ਦੇ ਦੇਣਾ। ਦੇਣ ਤੇ ਲੈਣ ਕਾਰਨ ਆਪਸੀ ਸਬੰਧਾਂ ਵਿਚ ਸਵਾਰਥ ਨਹੀਂ ਸੀ ਪੈਦਾ ਹੁੰਦਾ ਅਤੇ ਨਾ ਹੀ ਕੋਈ ਹੀਣ ਭਾਵਨਾ ਹੁੰਦੀ ਸੀ। ਬੱਚੇ ਤਾਂ ਅਕਸਰ ਹੀ ਕਿਸੇ ਵੀ ਘਰ ਵਿਚ ਜਾ ਕੇ ਰੋਟੀ ਖਾ ਸਕਦੇ ਸਨ। ਬੱਚਿਆਂ ਦਾ 'ਕੱਠੇ ਪੜ੍ਹਨਾ, ਸੌਣਾ ਅਤੇ ਖੇਡਣਾ ਤਾਂ ਆਮ ਹੀ ਹੁੰਦਾ ਸੀ; ਪਰ ਹੁਣ ਅਸੀਂ ਇਕ ਘਰ ਵਿਚ ਰਹਿੰਦੇ ਹੋਏ ਵੀ ਪ੍ਰਾਈਵੇਸੀ ਦਾ ਕੇਹਾ ਰੋਗ ਲਾ ਲਿਆ ਕਿ ਨੇੜੇ ਹੁੰਦਿਆਂ ਵੀ ਬਹੁਤ ਦੂਰ ਹੋ ਗਏ ਹਾਂ। ਇਕ ਘਰ ਵਿਚ ਉਗੇ ਨਿੱਕੇ ਨਿੱਕੇ ਘਰਾਂ ਅਤੇ ਉਸਰੀਆਂ ਕੰਧਾਂ ਨੂੰ ਦੇਖ ਕੇ ਪਿੰਡ ਕਿਵੇਂ ਸਮਝੇ ਕਿ ਉਹ ਪਿੰਡ ਹੀ ਹੈ। ਕਿਸੇ ਦੇ ਘਰ ਮੰਗਣ ਜਾਣਾ ਤਾਂ ਹੇਠੀ ਸਮਝੀ ਜਾ ਰਹੀ ਏ ਅਤੇ ਹਰ ਵਿਅਕਤੀ ਆਪਣੀ ਹੈਂਕੜ ਦਾ ਭਾਰ ਚੁੱਕੀ, ਕੁੱਬ ਤਾਂ ਪਵਾਈ ਬੈਠਾ, ਪਰ ਆਪਣੀ ਹਿੰਡ ਪੁਗਾਉਣ 'ਤੇ ਹੀ ਤੁੱਲਿਆ ਹੋਇਆ ਏ। ਪਿੰਡ ਨੂੰ ਪਿੰਡ ਕਹਿਣ ਲਈ ਕੁਝ ਤਾਂ ਪਿੰਡ ਵਰਗਾ ਹੋਵੇ।

ਪਿੰਡ ਲਈ ਉਹ ਕੇਹੇ ਪਿਆਰੇ ਦਿਨ ਸਨ ਜਦ ਮੁੰਡੇ-ਕੁੜੀਆਂ ਗਲੀਆਂ ਵਿਚ ਖੇਡਦੇ ਤੇ ਲੋਹੜੀ ਮੰਗਦੇ। ਗੁੜ, ਮੁੰਗਫਲੀ ਅਤੇ ਰਿਓੜੀਆਂ ਖਾਂਦਿਆਂ ਮੂੰਹ ਥੱਕ ਜਾਂਦੇ। ਸਾਰੀ ਰਾਤ ਲੋਹੜੀ ਸੇਕਦੇ, ਢੋਲੇ ਦੀਆਂ ਲਾਉਂਦੇ। ਪਿੰਡ ਨੂੰ ਆਪਣੀ ਮੋਹ-ਭਿੱਜੀ ਭਾਈਚਾਰਕ ਸਾਂਝ 'ਤੇ ਮਾਣ ਹੁੰਦਾ। ਉਹ ਆਪਣੇ ਨਵ-ਜਨਮੇ ਬੱਚਿਆਂ, ਨਵ ਵਿਆਹਿਆਂ ਦੀਆਂ ਖੈਰਾਂ ਸੁੱਖਾਂ ਮੰਗਦਾ, ਆਪਣੇ ਲਈ ਖੁਸ਼ੀਆਂ-ਖੇੜਿਆਂ ਦੀ ਦੁਆ ਬਣਦਾ ਸੀ।

ਪਿੰਡ ਤਾਂ ਕਈ ਵਾਰ ਸਿਰ ਫੜ ਲੈਂਦਾ ਕਿ ਪਿੰਡ ਦੀ ਹਰ ਲੜਕੀ ਨੂੰ ਸਭ ਦੀ ਸਾਂਝੀ ਧੀ-ਭੈਣ ਸਮਝਣ ਵਾਲੇ, ਉਸ ਦੇ ਗੱਭਰੂ ਹੀ ਪਿੰਡ ਦੀ ਆਬਰੂ ਲੁੱਟਣ ਲਈ ਕਿਉਂ ਉਤਾਰੂ ਹੋ ਗਏ? ਬੱਸ ਵਿਚ ਸਫਰ ਕਰਦਿਆਂ, ਕਿਸੇ ਵੀ ਲੜਕੀ ਜਾਂ ਔਰਤ ਲਈ ਸੀਟ ਛੱਡਣ ਦਾ ਰਿਵਾਜ਼ ਆਮ ਹੁੰਦਾ ਸੀ। ਪਿੰਡ ਦੀ ਧੀ ਮਿਲਣ 'ਤੇ ਪਿੰਡ ਦਾ ਬਜੁਰਗ ਉਸ ਨੂੰ ਸ਼ਗਨ ਰੂਪੀ ਪਿਆਰ ਜਰੂਰ ਦਿੰਦਾ। ਪਿੰਡ ਵਿਚ ਜੰਞ ਆਉਣ 'ਤੇ ਉਸ ਪਿੰਡ ਵਿਚ ਵੱਸਦੀਆਂ ਧੀਆਂ ਮਣਸੀਆਂ ਜਾਂਦੀਆਂ ਸਨ। ਬਹੁਤ ਮਾਣ ਤੇ ਅਦਬ ਹੁੰਦਾ ਸੀ ਧੀਆਂ ਦਾ। ਅਜਿਹੇ ਕਿਰਦਾਰ ਵਾਲੇ ਵਾਸੀਆਂ ਨੇ ਪਿੰਡ ਨੂੰ ਕਿਉਂ ਵਿਸਾਰਿਆ? ਪਿੰਡ ਦੀ ਰੰਗਤ ਵਿਚ ਪਏ ਫਿੱਕੇਪਣ ਲਈ ਕੌਣ ਨੇ ਜਿੰਮੇਵਾਰ? ਕਿਹੜਾ ਵਿਰਸਾ ਸਿਰਜਣ ਵੱਲ ਤੁਰ ਪਿਆ ਏ ਪਿੰਡ ਦਾ ਸਭਿਆਚਾਰ ਤੇ ਸਮਾਜ? ਪਿੰਡ ਕਰੇ ਤਾਂ ਕੀ ਕਰੇ? ਬਹੁਤ ਕੁਝ ਆਉਂਦਾ ਏ ਉਸ ਦੇ ਮਨ ਵਿਚ; ਪਰ ਕੋਈ ਸੁਣੇ ਤਾਂ ਹੀ ਕੁਝ ਹੋ ਸਕੇ!

ਪਿੰਡ ਨੂੰ ਉਹ ਵੇਲਾ ਯਾਦ ਏ ਜਦ ਪਿੰਡ ਦਾ ਹਰ ਵਡੇਰਾ ਕਿਸੇ ਵੀ ਬੱਚੇ ਨੂੰ ਝਿੜਕ ਸਕਦਾ ਸੀ। ਸਿਰ ਪਲੋਸਦਾ ਸੀ। ਉਸ ਦੀਆਂ ਪ੍ਰਾਪਤੀਆਂ ਦੀ ਸਿਫਤ ਸਾਲਾਹ ਕਰਦਾ ਸੀ। ਹੋਰ ਮੱਲਾਂ ਮਾਰਨ, ਚੰਗਾ ਪੜ੍ਹਨ ਅਤੇ ਪਿੰਡ ਦਾ ਨਾਮ ਚਮਕਾਉਣ ਲਈ ਉਤਸ਼ਾਹਿਤ ਕਰਦਾ ਸੀ। ਬਜੁਰਗ ਔਰਤ, ਬੱਚੇ ਨੂੰ ਇਮਤਿਹਾਨ ਦੇਣ ਵਕਤ ਦਹੀਂ ਖਾ ਕੇ ਜਾਣ ਲਈ ਮੱਤ ਦਿੰਦੀ ਸੀ। ਪੜ੍ਹੇ-ਲਿਖੇ ਵਿਅਕਤੀ, ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਚੰਗੇ ਨੰਬਰ ਲੈਣ ਲਈ ਉਤਸ਼ਾਹਿਤ ਕਰਦੇ ਸਨ। ਕਈ ਤਾਂ ਖੁਦ ਕਾਲਜ ਵਿਚ ਦਾਖਲ ਕਰਵਾ ਕੇ ਆਉਂਦੇ ਸਨ। ਉਨ੍ਹਾਂ ਦੇ ਮਨਾਂ ਵਿਚ ਚੰਗਿਆਈ ਵੱਸਦੀ ਸੀ ਅਤੇ ਉਹ ਪਿੰਡ ਦੇ ਨਾਮ ਨੂੰ ਰੁਸ਼ਨਾਉਣ ਵਾਲੀਆਂ ਨਵੀਆਂ ਪੈੜਾਂ ਲਈ ਮਾਰਗ ਦਰਸ਼ਕ ਹੁੰਦੇ ਸਨ, ਪਰ ਹੁਣ ਤਾਂ ਪਿੰਡ ਦੇ ਚੌਧਰੀ, ਜਵਾਕਾਂ ਨੂੰ ਨਸ਼ਿਆਂ 'ਤੇ ਲਾਉਣ, ਪੁੱਠੀਆਂ ਪੱਟੀਆਂ ਪੜ੍ਹਾਉਣ ਅਤੇ ਗਵਾਂਢੀ ਦਾ ਬੇੜਾ ਗਰਕ ਕਰਨ ਲਈ ਕੋਈ ਕਸਰ ਨਹੀਂ ਛੱਡਦੇ। ਅਜਿਹੀ ਮਾਨਸਿਕਤਾ ਪਿਛੇ ਕੀ ਕਾਰਨ ਨੇ? ਕੀ ਉਨ੍ਹਾਂ ਲਈ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਆਪਣੇ ਝੋਖੜੇ ਨੂੰ ਪੂਰਾ ਕਰਨ ਦੀ ਨੌਬਤ ਹੈ ਜਾਂ ਉਹ ਸਭ ਕੁਝ ਹੜੱਪਣਾ ਚਾਹੁੰਦੇ ਨੇ? ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਕਿ ਅਜਿਹਾ ਕਰਦਿਆਂ ਉਹ ਆਪਣੇ ਬੱਚਿਆਂ ਲਈ ਅਜਿਹਾ ਖੱਡਾ ਪੁੱਟ ਰਹੇ ਹੁੰਦੇ ਹਨ, ਜਿਸ ਵਿਚ ਗਰਕ ਜਾਂਦੀਆਂ ਨੇ ਅਜਿਹੇ ਲੋਕਾਂ ਦੀਆਂ ਕਈ ਨਸਲਾਂ।

ਪਿੰਡ ਨੂੰ ਦੁੱਖ ਹੈ ਕਿ ਇਸ ਦੇ ਖੇਤਾਂ ਵਿਚ ਹੁਣ ਫਸਲਾਂ ਨਹੀਂ ਲਹਿਰਾਉਂਦੀਆਂ ਅਤੇ ਨਾ ਹੀ ਆੜਾਂ ਤੇ ਔਲੂਆਂ ਵਿਚ ਚਾਂਦੀ ਰੰਗਾ ਪਾਣੀ ਪੈਲਾਂ ਪਾਉਂਦਾ, ਫਸਲਾਂ ਨੂੰ ਸਿੰਜਦਾ ਕਿਸਾਨ ਖੁਸ਼ਹਾਲੀ ਦੀ ਕਾਮਨਾ ਕਰਦਾ ਏ। ਪਿੰਡ ਨੂੰ ਖੇਦ ਹੈ ਕਿ ਲੋਭੀ ਚਾਲਾਂ ਨੇ ਸਾਦੇ ਅਤੇ ਭੋਲੇ-ਭਾਲੇ ਪੇਂਡੂਆਂ ਨੂੰ ਵਰਗਲਾ ਕੇ, ਇਨ੍ਹਾਂ ਦਾ ਪਾਣੀ ਵੀ ਪਲੀਤ ਕਰ ਦਿਤਾ, ਧਰਤੀ ਨੂੰ ਖਾਦਾਂ ਅਤੇ ਕੀਟਨਾਸ਼ਕ ਪਾ ਕੇ ਜ਼ਹਿਰੀਲੀ ਕਰ ਦਿਤਾ ਤੇ ਬਿਰਖ ਰਹਿਣ ਨਹੀਂ ਦਿਤੇ। ਫਿਰ ਚਿੜੀਆਂ-ਜਨੌਰਾਂ ਨੇ ਕਿਥੋਂ ਰਹਿਣਾ ਸੀ ਜਿਨ੍ਹਾਂ ਦੇ ਹਿੱਸੇ ਦਾ ਕਦੇ ਕਣਕ ਦਾ ਖੁੰਜਾ ਵੀ ਛੱਡਿਆ ਜਾਂਦਾ ਸੀ। ਧਰਤੀ ਨੂੰ ਸੰਨਵੀਂ ਛੱਡਣ ਦੀ ਧਾਰਨਾ ਤਾਂ ਲੋਭ ਹੀ ਖਾ ਗਿਆ। ਪਾਣੀ, ਮੌਤ ਦਾ ਦਰਿਆ। ਧਰਤੀ, ਬੰਜਰ ਕੁੱਖ। ਹਵਾ ਵਿਚ ਏ ਸਾਹਾਂ ਦਾ ਰੁਦਨ। ਪਿੰਡ ਨੂੰ ਦੁੱਖ ਹੈ ਕਿ ਹੁਣ ਟਾਹਲੀਆਂ 'ਤੇ ਲਟਕਦੀਆਂ ਨੇ ਲਾਸ਼ਾਂ। ਖੇਤਾਂ ਵਿਚ ਖਲਵਾਣ ਨਹੀਂ, ਖੁਦਕੁਸ਼ੀਆਂ ਉਗਦੀਆਂ ਨੇ। ਖੂਹਾਂ 'ਤੇ ਰੱਬ ਨਹੀਂ, ਸਗੋਂ ਖੌਫ ਵੱਸਦਾ। ਕਿੰਜ ਜੁੜਨਗੇ ਬਾਬੇ, ਸਜਣਗੀਆਂ ਮਹਿਫਿਲਾਂ ਅਤੇ ਪਿੱਪਲਾਂ ਤੇ ਬੋਹੜਾਂ ਹੇਠ ਬੈਠਣਗੀਆਂ ਢਾਣੀਆਂ? ਕਿਵੇਂ ਮਿਲੇਗਾ ਤਿੱਖੜ-ਦੁਪਹਿਰ ਵਿਚ ਘੜੀ ਪਲ ਸੁਸਤਾਣ ਦਾ ਸਰਵਗੀ ਹੁਲਾਰ?



ਪਿੰਡ ਦੀ ਯਾਦਦਾਸ਼ਤ ਵਿਚ ਸੱਜਰਾ ਜਾਪਦਾ ਹੈ, ਜਦ ਸਕੂਲ ਪੜ੍ਹਨ ਜਾਂਦੇ ਜਵਾਕਾਂ ਲਈ ਜਰੂਰੀ ਹੁੰਦਾ ਸੀ ਕਿ ਉਹ ਸਾਝਰੇ ਉਠ ਕੇ ਖੇਤੋਂ ਪੱਠਿਆਂ ਦੀ ਭਰੀ ਲਿਆਉਣ ਜਾਂ ਮੰਡ ਵਿਚੋਂ ਘਾਹ ਦੀ ਪੰਡ ਖੋਤ ਕੇ ਲਿਆਉਣ। ਫਿਰ ਉਹ ਕਿਸੇ ਚੁਬੱਚੇ ਵਿਚ ਤਾਰੀ ਲਾ ਕੇ ਸਕੂਲ ਜਾਂਦੇ। ਅੱਧੀ ਛੁੱਟੀ ਵੇਲੇ ਉਨ੍ਹਾਂ ਦੇ ਜਿੰਮੇ ਹੁੰਦਾ ਸੀ ਹਵੇਲੀ ਵਿਚਲੇ ਪਸ਼ੂਆਂ ਨੂੰ ਪਾਣੀ ਪਿਆਉਣਾ। ਛਾਬੇ ਵਿਚੋਂ ਸਵੇਰ ਦੀ ਪੋਣੇ ਵਿਚ ਲਪੇਟੀ ਰੋਟੀ ਤੁਰੇ ਜਾਂਦੇ ਅਚਾਰ ਨਾਲ ਖਾਣਾ ਜਾਂ ਭੱਠੀ ਤੋਂ ਦਾਣੇ ਭੁਨਾ ਕੇ ਕਲਾਸ ਵਿਚ ਚੋਰੀ ਚੋਰੀ ਚੱਬਣਾ। ਮਾਸਟਰ ਦੇ ਪਾਏ ਪੂਰਨਿਆਂ ਕਾਰਨ ਉਘੜਦੀ ਸੀ ਮੋਤੀਆਂ ਵਰਗੀ ਲਿਖਾਈ। ਸਕੂਲ ਦੇ ਕੋਲ ਛੱਪੜ ਵਿਚ ਪੋਚਦੇ ਸੀ ਫੱਟੀ ਅਤੇ ਸੂਰਜ ਨੂੰ ਫੱਟੀ ਸੁਕਾਉਣ ਲਈ ਹਾਕ ਮਾਰਦੇ। ਦਵਾਤ ਵਿਚ ਸਿਆਹੀ ਪਾ ਕੇ ਘੋਲਣੀ। ਡੱਬਕਾ ਲੈਣ ਪਿੱਛੇ ਬੱਚਿਆਂ ਦੀ ਲੜਾਈ ਅਤੇ ਛਿੰਣ ਬਾਅਦ ਸੁਲ੍ਹਾ ਸਫਾਈ, ਆਮ ਵਰਤਾਰਾ ਹੁੰਦਾ ਸੀ। ਬੱਚਿਆਂ ਨੂੰ ਮਿਲਦਾ ਸੀ ਸਾਫਗੋਈ, ਸੁਪਨਗੋਈ ਅਤੇ ਸਖਤ-ਮਿਹਨਤ ਦਾ ਵਰਦਾਨ। ਨੇੜਲੇ ਸਕੂਲ ਵਿਚ ਅੱਠਵੀਂ ਜਾਂ ਦਸਵੀਂ ਦੇ ਪੇਪਰ ਦਿਵਾਉਣ ਲਈ ਹਫਤਾ-ਦਸ ਦਿਨ ਉਥੇ ਰਹਿਣਾ, ਮਾਸਟਰਾਂ ਨੇ ਨਾਲ ਹੀ ਰਹਿਣਾ, ਪੜ੍ਹਾਉਣਾ ਅਤੇ ਬੱਚਿਆਂ ਨੂੰ ਅੱਧੀ ਅੱਧੀ ਰਾਤ ਤੀਕ ਚੰਗੇ ਨੰਬਰ ਲੈਣ ਦੀਆਂ ਤਰਕੀਬਾਂ ਸਿਖਾਉਣੀਆਂ। ਉਨ੍ਹਾਂ ਵਿਚ ਇਮਾਨਦਾਰੀ ਅਤੇ ਸਖਤ ਮਿਹਨਤ ਕਰਕੇ, ਉਚੇ ਦਰਜੇ ਪ੍ਰਾਪਤ ਕਰਨ ਦੀ ਚੇਟਕ ਹੀ ਵਿਦਿਆਰਥੀਆਂ ਦੇ ਜੀਵਨ-ਧਰਾਤਲ ਨੂੰ ਮਾਣਮੱਤੀਆਂ ਪ੍ਰਾਪਤੀਆਂ ਦਾ ਸਿਰਲੇਖ ਬਣਾਉਣ ਵਿਚ ਸਹਾਈ ਹੋਈ। ਇਸ ਵਿਚੋਂ ਨਿੱਖਰੀਆਂ ਅਜ਼ੀਮ ਸ਼ਖਸੀਅਤਾਂ, ਜਿਨ੍ਹਾਂ 'ਤੇ ਪਿੰਡ ਨੂੰ ਨਾਜ਼ ਏ ਅਤੇ ਉਹ ਵੀ ਆਪਣੇ ਪਿੰਡ ਦੀ ਮਿੱਟੀ 'ਤੇ ਮਾਣ ਕਰਦੇ। ਕਿਧਰ ਗਈ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਪ੍ਰਤੀਬੱਧਤਾ ਅਤੇ ਗੁਰੂ-ਚੇਲੇ ਦੇ ਭਾਵਪੂਰਤ ਸਬੰਧਾਂ ਦੀ ਸਰੋਕਾਰੀ? ਪਿੰਡ ਉਦਾਸ ਤੇ ਹਤਾਸ਼ ਏ।

ਪਿੰਡ ਨੂੰ ਕਿੰਨਾ ਚੰਗਾ ਲੱਗਦਾ ਸੀ, ਕਿਸੇ ਦੀ ਮੌਤ 'ਤੇ ਸਮੁੱਚੇ ਪਿੰਡ ਦਾ ਸੋਗੀ ਵਾਤਾਵਰਣ ਅਤੇ ਚੁੱਲ੍ਹੇ ਠੰਡੇ ਰੱਖ ਕੇ ਦੁੱਖ ਵਿਚ ਸ਼ਰੀਕ ਹੋਣ ਦੀ ਭਾਵਨਾ। ਹਰੇਕ ਦੀ ਅੱਖ ਨਮ ਹੁੰਦੀ। ਕਿਸੇ ਦੇ ਘਰ ਪਾਠ ਦਾ ਭੋਗ, ਕਿਸੇ ਦੀ ਮੰਗਣੀ ਜਾਂ ਕੁੜੀ/ਮੁੰਡੇ ਦਾ ਵਿਆਹ ਪਿੰਡ ਦਾ ਸਮਾਗਮ ਹੁੰਦਾ ਸੀ। ਸਾਰਾ ਪਿੰਡ ਹਾਜਰ-ਨਾਜਰ। ਝਿਊਰੀ ਵਲੋਂ ਭਾਂਡੇ ਮਾਂਜਣਾ, ਨਾਈ ਵਲੋਂ ਵੱਡੀਆਂ ਵੱਡੀਆਂ ਦੇਗਾਂ ਵਿਚ ਚਾੜ੍ਹੀ ਦਾਲ/ਚੌਲ, ਬਣਾਇਆ ਜਾ ਰਿਹਾ ਜਰਦਾ, ਕਦੇ ਖੀਰ/ਕੜਾਹ। ਚੋਬਰਾਂ ਵਲੋਂ ਸਾਝਰੇ ਹੀ ਬਾਲਟੀਆਂ ਫੜ ਕੇ ਦੁੱਧ/ਲੱਸੀ 'ਕੱਠਾ ਕਰਨਾ। ਇਕ ਸਚਿਆਰਾ ਸਭਿਆਚਾਰ ਅਤੇ ਮਿਲਵਰਤਣੀ ਭਾਵਨਾ। ਹਰ ਕੋਈ ਆਪਣੀ ਵਿੱਤ ਮੁਤਾਬਕ ਸ਼ਮੂਲੀਅਤ ਕਰਦਾ। ਕੋਰਿਆਂ ਜਾਂ ਟਾਟ ਵਿਛਾ ਕੇ ਛਕਾਇਆ ਜਾ ਰਿਹਾ ਭੋਜਨ, ਇਕ ਸੁਖਨ ਅਤੇ ਸਕੂਨ ਪੈਦਾ ਕਰਦਾ ਸੀ। ਬਹਿਰਿਆਂ ਨਾਲ ਮੈਰਿਜ ਪੈਲੇਸਾਂ ਵਿਚ ਭਰੀ ਬੇਗਾਨਗੀ ਵਿਚੋਂ ਪਿੰਡ ਕਿਵੇਂ ਭਾਲੇਗਾ ਉਹ ਹੁਲਾਸਮਈ ਵਰਤਾਰਾ। ਸਮੁੱਚਤਾ ਭਰਿਆ ਨਜ਼ਾਰਾ ਤਾਂ ਹੁਣ ਬਣ ਚੁਕਾ ਏ ਬੀਤੇ ਦਾ ਝਲਕਾਰਾ। ਉਸ ਸਮੇਂ ਕੋਈ ਨਹੀਂ ਸੀ ਫਜੂਲ ਖਰਚੀ, ਨਹੀਂ ਸੀ ਹੁੰਦੀਆਂ ਖੁਦਕੁਸ਼ੀਆਂ। ਬਜੁਰਗ ਜ਼ਿੰਦਗੀ ਨੂੰ ਭਰਪੂਰ ਜਿਉਂਦੇ ਅਤੇ ਮੁਸ਼ਕਿਲਾਂ ਤੋਂ ਬਾਅਦ ਵੀ ਜੀਵਨ ਨੂੰ ਪਹਿਲੇ ਰੰਗ ਵਿਚ ਲਿਆਉਣ ਲਈ ਸਿਰ ਤੋੜ ਮਿਹਨਤ ਕਰਦੇ ਸਨ। ਉਨ੍ਹਾਂ ਦੇ ਮਨਾਂ ਵਿਚ ਮੌਤ ਦਾ ਕੋਈ ਭੈਅ ਨਹੀਂ ਸੀ। ਉਹ ਤਾਂ ਮੌਤ ਨੂੰ ਮਖੌਲਾਂ ਕਰਦੇ ਸਨ।

ਪਿੰਡ ਨੂੰ ਯਾਦ ਹੈ ਪੁਰਾਣੇ ਬੰਦਿਆਂ ਦੀ ਤਾਕਤ, ਉਨ੍ਹਾਂ ਦਾ ਜਜ਼ਬਾ ਅਤੇ ਉਨ੍ਹਾਂ ਦੀ ਦਲੇਰੀ ਦੀਆਂ ਅਕੱਥ ਕਹਾਣੀਆਂ। ਉਹ ਅਮੋੜ ਦਰਿਆਵਾਂ ਨੂੰ ਆਪਣੀ ਪਕੜ ਵਿਚ ਲੈ ਲੈਂਦੇ ਸਨ। ਯਾਦ ਹੈ ਕਿ ਕਿਵੇਂ ਸਿਰੜੀ ਕਿਸਾਨਾਂ ਨੇ ਬੇਆਬਾਦ ਮੰਡ ਨੂੰ ਬੰਦੇ ਜੰਮਣ ਵਾਲੇ ਖੇਤ ਬਣਾਇਆ ਸੀ? ਕਿਵੇਂ ਛੰਭ ਦੀ ਜਿੱਲਣ ਵਿਚੋਂ ਖੁੱਭੇ ਹੋਏ ਗੱਡੇ ਨੂੰ ਮੋਢਾ ਦੇ ਕੇ ਬਾਹਰ ਕੱਢਿਆ ਸੀ? ਕਿਵੇਂ ਹੰਭੇ ਹੋਏ ਬਲਦ ਨੂੰ ਸਾਹ ਦਿਵਾਉਣ ਲਈ, ਗੱਡੇ ਅੱਗੇ ਆਪ ਹੀ ਜੁੱਪ ਕੇ, ਕਈ ਕਈ ਮੀਲ ਚਲੇ ਜਾਂਦੇ ਸਨ? ਕੋਈ ਥਕਾਵਟ ਨਹੀਂ। ਮਣਾਂ ਮੂੰਹੀਂ ਹੁੰਦਾ ਸੀ ਜੋਰ। ਸਾਰੀ ਸਾਰੀ ਰਾਤ ਖੂਹ ਵਾਹੀਂ ਜਾਣਾ ਅਤੇ ਖੂਹ ਦੇ ਕੁੱਤੇ ਦੀ ਸੰਗੀਤਕ ਆਵਾਜ਼ ਦਾ ਪਿੰਡ ਦੀ ਫਿਜ਼ਾ ਨੂੰ ਰੂਹਦਾਰੀ ਬਖਸ਼ਣੀ। ਸਭ ਕੁਝ ਯਾਦ ਤਾਂ ਹੈ ਪਿੰਡ ਨੂੰ। ਪਰ ਹੁਣ ਉਹ ਬੰਦੇ ਕਿੱਥੇ? ਕਿੱਥੇ ਨੇ ਛੰਭ, ਮੰਡ, ਖੂਹ ਅਤੇ ਗੱਡੇ ਅੱਗੇ ਜੁੱਪਣ ਵਾਲੇ ਮਰਦ ਲੋਕ? ਪਿੰਡ ਚਾਹੁੰਦਾ ਹੈ ਕਿ ਅਜੋਕੇ ਖੜਸੁੱਕ ਪਿੰਜਰਾਂ ਵਿਚ ਇਕ ਵਾਰ ਜਵਾਨੀ ਦਾ ਜੋਸ਼ ਵੇਖੇ। ਉਹ ਬਜੁਰਗਾਂ ਦੀ ਸਲਾਹ ਤੇ ਨਸੀਹਤ ਵਿਚੋਂ ਆਪਣੀ ਸਿਹਤਮੰਦੀ ਨੂੰ ਪਹਿਲ ਬਣਾਉਣ। ਪਿੰਡ ਦੀ ਵਿਰਾਸਤ ਬਣਨ ਅਤੇ ਪੁਰਾਣੀ ਵਿਰਾਸਤ ਬਚਾਉਣ ਲਈ ਅੱਗੇ ਆਉਣ। ਨਵੀਂ ਪੀੜ੍ਹੀ ਦੀ ਬੇਰੁਖੀ ਤੇ ਬੇਫਿਕਰੀ ਨੇ ਪਿੰਡ ਨੂੰ ਬਹੁਤ ਨਿਰਾਸ਼ ਅਤੇ ਹਤਾਸ਼ ਕੀਤਾ ਏ।

ਪਿੰਡ ਨੂੰ ਇਹ ਵੀ ਹਿਰਖ ਏ ਕਿ ਇਸ ਦੀ ਜੂਹ ਵਿਚ ਪ੍ਰਵਾਨ ਚੜ੍ਹੇ, ਬਹੁਤ ਸਾਰਿਆਂ ਨੇ ਉਚੇ ਰੁਤਬਿਆਂ ਦਾ ਮਾਣ ਵੀ ਵਧਾਇਆ, ਵਿਦੇਸ਼ਾਂ ਵਿਚ ਵੀ ਨਾਮ ਕਮਾਇਆ ਅਤੇ ਨਵੀਆਂ ਪੈੜਾਂ ਵੀ ਸਿਰਜੀਆਂ; ਪਰ ਉਨ੍ਹਾਂ ਨੇ ਪਿੰਡ ਦਾ ਕਰਜ਼ ਉਸ ਰੂਪ ਵਿਚ ਨਹੀਂ ਉਤਾਰਿਆ, ਜਿਸ ਤਰ੍ਹਾਂ ਉਤਾਰਨਾ ਚਾਹੀਦਾ ਸੀ। ਪਿੰਡ ਸੱਚਾ ਹੈ, ਪਰ ਉਸ ਨੂੰ ਸ਼ਾਇਦ ਇਸ ਦਾ ਇਲਮ ਨਹੀਂ ਕਿ ਪਿੰਡ ਵਿਚਲੀ ਬੇਗਾਨਗੀ ਨੇ ਹੀ ਉਨ੍ਹਾਂ ਨੂੰ ਬੇਗਾਨਾ ਬਣਾ ਦਿਤਾ। ਪਿੰਡ ਨੂੰ ਆਪਣੇ ਤੋਂ ਦੂਰ ਤੁਰ ਗਿਆਂ ਨੂੰ 'ਕੇਰਾਂ ਹਾਕ ਤਾਂ ਮਾਰਨੀ ਹੀ ਚਾਹੀਦੀ ਏ। ਫਿਰ ਦੇਖਣਾ ਇਸ ਦੀ ਗੋਦ ਵਿਚ ਪ੍ਰਵਾਨ ਚੜ੍ਹੇ, ਪਿੰਡ ਵੰਨੀਂ ਮੁਹਾਰ ਜਰੂਰ ਮੋੜਨਗੇ। ਇਸ ਦੇ ਮੁਖੜੇ ਨੂੰ ਸ਼ਿੰਗਾਰਨ ਅਤੇ ਕਰਜ਼ ਉਤਾਰਨ ਲਈ ਆਪਣਾ ਯੋਗਦਾਨ ਜਰੂਰ ਪਾਉਣਗੇ।

ਪਿੰਡ ਦਾ ਦਾਈਆ ਆਪਣਿਆਂ 'ਤੇ ਹੈ। ਇਸ ਦਾਈਏ ਵਿਚੋਂ ਹੀ ਨਵੀਂ ਸਵੇਰ ਉਗਮੇਗੀ। ਸੁਰਖ ਕਿਰਨਾਂ ਭਰੀ ਨਵੀਂ ਸਰਘੀ ਦੀ ਆਮਦ ਹੋਵੇਗੀ। ਇਸ ਵਿਚ ਲਿਸ਼ਕੇਗਾ ਪਿੰਡ, ਇਸ ਦੇ ਬਨੇਰੇ ਅਤੇ ਘਰਾਂ ਵਿਚ ਵੱਸਦੇ ਲੋਕਾਂ ਦੇ ਮੁਹਾਂਦਰੇ। ਹਵੇਲੀਆਂ ਵਿਚ ਡੰਗਰਾਂ ਦੀ ਹੋਵੇਗੀ ਰੌਣਕ ਅਤੇ ਲਵੇਰੀਆਂ ਦੇ ਦੁੱਧ ਨਾਲ ਭਰਨਗੀਆਂ ਬਲਟੋਹੀਆਂ। ਆਲੇ-ਦੁਆਲੇ ਵਿਚ ਵੱਸਦੀ ਕਾਇਨਾਤ। ਇਸ ਕਾਇਨਾਤ ਵਿਚੋਂ ਸੁੱਚੇ ਤੇ ਸੁਨਹਿਰੀ ਜੀਵਨੀ ਸੌਗਾਤ ਦੀ ਸ਼ੁਭ ਸ਼ੁਰੂਆਤ।

ਪਿੰਡ ਦਾ ਵੱਸਦੇ ਰਹਿਣਾ, ਹੱਸਦੇ ਰਹਿਣਾ ਅਤੇ ਆਪਣੇ ਰੰਗ ਵਿਚ ਰੰਗੇ ਰਹਿਣਾ ਬਹੁਤ ਜਰੂਰੀ। ਇਸ ਲਈ ਜਰੂਰੀ ਹੈ ਪਿੰਡ ਵਿਚ ਪਿੰਡ ਵੱਸਦਾ ਰਹੇ। ਇਸ ਦੀ ਪੰਜਾਬੀਅਤ ਅਤੇ ਪੁਰਾਤੱਤਵਤਾ ਨੂੰ ਢਾਹ ਨਾ ਲਾਈ ਜਾਵੇ। ਸਗੋਂ ਇਸ ਦੀ ਪੁਰਾਤਨ ਦਿੱਖ ਵਿਚੋਂ ਹੀ ਨੁਹਾਰ ਨੂੰ ਨਵੀਨਤਾ ਅਤੇ ਨਰੋਈ ਦਿੱਖ ਰਾਹੀਂ ਕਿਆਸਿਆ ਅਤੇ ਹੁਲਾਸਿਆ ਜਾਵੇ। ਪਿੰਡ ਦੀ ਹੂਕ ਸੁਣੋ ਤਾਂ ਕਿ ਪਿੰਡ ਵਿਚੋਂ ਉਠੀ ਅਰਦਾਸ ਵਿਚੋਂ ਗੂੰਜੇ ਆਰਤੀ ਅਤੇ ਅਜ਼ਾਨ। ਫਿਰ ਪਿੰਡ ਵਿਚੋਂ ਵੱਸਦਾ ਇਨਸਾਨ ਹੀ ਬਣ ਜਾਵੇਗਾ ਇਨਸਾਨੀਅਤ ਦਾ ਸੁੱਚਾ ਮਾਣ।

ਪਿੰਡ ਤੋਂ ਮੁਨਕਰ ਨਾ ਹੋਵੋ। ਇਸ ਦੀ ਸੁਣੋ। ਪਿੰਡ ਦੀ ਖਾਮੋਸ਼ੀ ਨੂੰ ਸਮਝੀਏ, ਚੁੱਪ ਨੂੰ ਤੋੜੀਏ। ਸਾਡੇ ਵਿਚ ਇਸ ਦੀ ਹੂਕ ਦਾ ਹੁੰਗਾਰਾ ਭਰਨ ਦੀ ਤੌਫੀਕ ਹੋਵੇ। ਅਜਿਹੀ ਤੌਫੀਕ ਤਾਂ ਤਹਿਜ਼ੀਬੀ ਰੂਪ ਵਿਚ ਪੰਜਾਬੀਆਂ ਨੂੰ ਗੁੜ੍ਹਤੀ ਵਿਚ ਮਿਲਦੀ ਹੈ ਤੇ ਗੁੜ੍ਹਤੀ ਵਿਚ ਮਿਲੀ ਕੋਈ ਵੀ ਚੀਜ਼ ਸਦੀਵੀ ਹੁੰਦੀ ਹੈ। ਇਸ ਤਹਿਜ਼ੀਬੀ ਸੌਗਾਤ ਵਿਚੋਂ ਨਵੀਂ ਤਹਿਰੀਕ ਸਿਰਜਣ ਵੱਲ ਪਹਿਲ ਤਾਂ ਕਰਨੀ ਹੀ ਪੈਣੀ।

ਆਓ! ਚੁੱਪ ਤੋੜਨ ਵਿਚ ਪਹਿਲ ਕਰੀਏ!

# ਵਿਦਰੋਹੀ ਹੋਣ ਦਾ ਦਰਦ

## ਕਲਾ ਪਰਿਕਰਮਾ

ਹਿੰਸਕ ਵਿਦਰੋਹੀ ਲਹਿਰਾਂ ਦੌਰਾਨ ਮਹਿਲਾ ਕਾਡਰ ਨਾਲ ਕੀ ਕੁਝ ਵਾਪਰਦਾ ਹੈ, ਇਸ ਦਾ ਬੇਬਾਕੀ ਤੇ ਇਮਾਨਦਾਰੀ ਨਾਲ ਬਿਆਨ ਕਰਨ ਵਾਲੀਆਂ ਕਿਤਾਬਾਂ ਘੱਟ ਹੀ ਮਿਲਦੀਆਂ ਹਨ। ਅਜਿਹੀ ਘੱਟਗਿਣਤੀ ਵਿਚ ਸ਼ੁਮਾਰ ਹੈ ਤਮੜਿਨੀ ਦੀ ਆਤਮ-ਕਥਾ 'ਇਨ ਦੀ ਸ਼ੈਡੋ ਆਫ ਏ ਸਵੋਰਡ' (ਤਲਵਾਰ ਦੇ ਸਾਏ ਹੇਠ)। ਤਮੜਿਨੀ ਜਾਂ ਤਮਲਿਨੀ ਉਨ੍ਹਾਂ ਤਮਿਲ ਕੁੜੀਆਂ ਦਾ ਨਾਮ ਹੁੰਦਾ ਹੈ ਜੋ ਸੁਤੰਤਰ ਸੋਚ ਅਤੇ ਦ੍ਰਿੜ੍ਹਤਾ ਦੀ ਨੁਮਾਇੰਦਗੀ ਕਰਦੀਆਂ ਹੋਣ। 1972 ਵਿਚ ਕਿਲੀਨੋਚੀ ਜ਼ਿਲ੍ਹੇ ਦੇ ਇਕ ਪਿੰਡ ਦੇ ਬ੍ਰਾਹਮਣ ਪਰਿਵਾਰ ਵਿਚ ਜਨਮੀ ਤਮੜਿਨੀ ਨੇ ਆਪਣੀ ਜ਼ਿੰਦਗੀ ਦੌਰਾਨ ਆਪਣੇ ਨਾਮ ਨੂੰ ਸਾਰਥਿਕ ਕੀਤਾ; ਘੱਟੋ-ਘੱਟ ਉਸ ਦੀ ਆਤਮ-ਕਥਾ ਤਾਂ ਇਹੋ ਦਰਸਾਉਂਦੀ ਹੈ।

ਤਮਿਲ ਵਿਚ ਇਹ ਆਤਮ-ਕਥਾ 2015 ਵਿਚ ਛਪੀ। ਇਸ ਦਾ ਅੰਗਰੇਜ਼ੀ ਅਨੁਵਾਦ ਹੁਣ ਪ੍ਰਕਾਸ਼ਿਤ ਹੋਇਆ ਹੈ। ਸਫਿਆਂ ਦੀ ਗਿਣਤੀ ਪੱਖੋਂ ਇਹ ਕਿਤਾਬ ਛੋਟੀ ਹੈ ਪਰ ਇਸ ਦਾ ਕੈਨਵਸ ਬੜਾ ਵਿਸ਼ਾਲ ਹੈ। ਇਹ ਸ੍ਰੀਲੰਕਾ ਵਿਚ ਲਿਬਰੇਸ਼ਨ ਟਾਈਗਰਜ਼ ਆਫ ਤਮਿਲ ਈਲਮ (ਲਿੱਟੇ) ਦੀ ਸੰਘਰਸ਼



ਸੁਰਿੰਦਰ ਸਿੰਘ ਤੇਜ

ਕਹਾਣੀ ਵੀ ਹੈ ਅਤੇ ਇਸੇ ਸੰਘਰਸ਼ ਦੀ ਨਾਕਾਮੀ ਤੇ ਤਾਮਿਲਾਂ ਦੀ ਦੁਰਦਸ਼ਾ ਦੀ ਵਿਅਥਾ-ਕਥਾ ਵੀ। ਸੰਘਰਸ਼ ਦੀ ਲੀਡਰਸ਼ਿਪ, ਖਾਸ ਕਰ ਕੇ ਸਰਬਉੱਚ ਨੇਤਾ ਵੈਲੂਪਿਲੈ ਪ੍ਰਭਾਕਰਨ ਦੀਆਂ ਗਲਤੀਆਂ, ਜ਼ਿਆਦਤੀਆਂ ਤੇ ਨਾਕਾਮੀਆਂ ਦਾ ਖੁਲਾਸਾ ਵੀ ਹੈ ਇਹ ਕਿਤਾਬ। ਨਾਲ ਹੀ ਇਹ ਹਥਿਆਰਬੰਦ ਜੱਦੋਜਹਿਦ ਦੌਰਾਨ ਮਹਿਲਾ ਕਾਡਰ ਦੇ ਜ਼ਿਹਨੀ, ਜਜ਼ਬਾਤੀ ਤੇ ਜਿਸਮਾਨੀ ਸੋਸ਼ਣ ਅਤੇ ਉਸ ਤੋਂ ਉਪਜਣ ਵਾਲੀ ਜ਼ਿੱਲਤ ਤੇ ਸੰਤਾਪ ਦਾ ਬਿਆਨ ਵੀ ਹੈ। ਤਮੜਿਨੀ ਨੇ ਇਹ ਸਭ ਕੁਝ ਲਿਖਣ ਲਈ ਅਲੰਕਾਰਕ ਜੁਗਤਾਂ ਦਾ ਸਹਾਰਾ ਨਹੀਂ ਲਿਆ। ਸਭ ਕੁਝ ਸਰਲ ਤੇ ਸਹਿਜ ਲਹਿਜੇ ਨਾਲ ਲਿਖਿਆ ਹੈ। ਹਾਂ, ਕੁਹਜ ਵੰਡਣ ਤੋਂ ਉਸ ਨੇ ਪ੍ਰਹੇਜ਼ ਕੀਤਾ ਹੈ। ਕਿਰਦਾਰਾਂ ਦੇ ਗੁਣ-ਦੋਸ਼ ਦਰਜ ਕੀਤੇ ਹਨ, ਕਿਰਦਾਰਕੁਸ਼ੀ ਨਹੀਂ ਕੀਤੀ। ਨਿਰਣਾ ਕਰਨ ਦਾ ਹੱਕ ਉਸ ਨੇ ਪਾਠਕ 'ਤੇ ਛੱਡ ਦਿੱਤਾ ਹੈ।


19 ਵਰ੍ਹਿਆਂ ਦੀ ਸੀ ਤਮੜਿਨੀ ਜਦੋਂ ਡਾਕਟਰ ਬਣਨ ਦਾ ਸੁਪਨਾ ਤਿਆਗ ਕੇ 'ਈਲਮ' (ਹੋਮਲੈਂਡ) ਵਾਸਤੇ ਜੱਦੋਜਹਿਦ ਵਿਚ ਉਸ ਨੂੰ ਸ਼ਾਮਲ ਹੋਣਾ ਪਿਆ। 'ਲੀਡਰ' (ਪ੍ਰਭਾਕਰਨ) ਦਾ ਹੁਕਮ ਸੀ ਸਾਰੇ ਨੌਜਵਾਨ ਤਮਿਲਾਂ ਨੂੰ ਵਿਦਰੋਹੀ ਸਫਾਂ ਵਿਚ ਸ਼ਾਮਲ ਹੋਣ ਦਾ। ਤਮੜਿਨੀ ਨੇ ਵੀ ਗੁਰੀਲਾ ਜੰਗ ਦੀ ਸਿਖਲਾਈ ਲਈ ਪਰ ਉਸ ਨੂੰ ਕੰਮ ਮਹਿਲਾ ਕਾਡਰ ਨੂੰ ਪੜ੍ਹਾਉਣ ਅਤੇ ਪ੍ਰਚਾਰ ਸਮੱਗਰੀ ਤਿਆਰ ਕਰਨ ਦਾ ਸੌਂਪਿਆ ਗਿਆ। ਬੜੇ ਖ਼ੂਬਸੂਰਤ ਨਾਮ ਸਨ 'ਈਲਮ' ਦੀਆਂ ਪ੍ਰਕਾਸ਼ਨਾਵਾਂ ਦੇ: 'ਮਾਲਤੀ', 'ਹੰਮਿੰਗ ਬਰਡ', 'ਫਰੀਡਮ ਮਾਰਚ'। ਅਗਲੇ 19 ਵਰ੍ਹੇ ਉਹ 'ਈਲਮ' ਲਈ ਜੱਦੋਜਹਿਦ ਦਾ ਹਿੱਸਾ ਬਣੀ ਰਹੀ। ਬੜੀ ਖ਼ੂਨੀ ਜੱਦੋਜਹਿਦ ਸੀ ਇਹ। ਉਸ ਨੇ 'ਲਿੱਟੇ' ਦੀ ਚੜ੍ਹਤ ਦੇ ਦਿਨ ਵੀ ਦੇਖੇ ਅਤੇ ਨਿਘਾਰ ਤੇ ਹਾਰ ਦੇ ਵੀ। 18 ਮਈ 2009 ਨੂੰ 'ਲੀਡਰ' ਦੇ ਮਰਨ ਤੋਂ ਬਾਅਦ ਉਹ ਆਤਮ-ਸਮਰਪਣ ਕਰਨ ਵਾਲਿਆਂ ਵਿਚ ਸ਼ੁਮਾਰ ਸੀ। ਚੜ੍ਹਤ ਦੇ ਦਿਨਾਂ ਦੌਰਾਨ, ਭਾਵ ਵਰਤਮਾਨ ਸਦੀ ਦੇ ਆਗਾਜ਼ ਸਮੇਂ 'ਲਿੱਟੇ' ਉਤਰੀ ਜਾਫਨਾ ਤੇ ਪੂਰਬੀ ਬੱਦੀਕਲੋਆ ਪ੍ਰਾਂਤਾਂ ਸਮੇਤ ਇਕ-ਤਿਹਾਈ ਸ੍ਰੀਲੰਕਾ ਉਤੇ ਕਾਬਜ਼ ਸਨ। ਨਿਘਾਰ ਅਤੇ ਹਾਰ ਵੇਲੇ ਇਕੋ ਦਿਨ 16 ਮਈ 2009 ਨੂੰ 40 ਹਜ਼ਾਰ ਤੋਂ ਵੱਧ ਤਮਿਲਾਂ ਦਾ ਸਫਾਇਆ ਹੋ ਗਿਆ। 'ਈਲਮ' ਵਾਲਾ ਸੁਪਨਾ ਤਾਂ ਇਸ ਤੋਂ ਕਈ ਮਹੀਨੇ ਪਹਿਲਾਂ ਹੀ ਚੂਰ-ਚੂਰ ਹੋ ਚੁੱਕਾ ਸੀ। ਤਤਕਾਲੀ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ (ਜੋ ਹੁਣ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਹਨ) ਨੇ ਦੁਨੀਆ ਭਰ ਅੱਗੇ ਸਾਫ ਕਰ ਦਿੱਤਾ ਸੀ ਕਿ ਉਹ ਤਮਿਲ ਵਿਦਰੋਹ ਦਾ ਬੀਜ ਨਾਸ ਕਰ ਕੇ ਸਾਹ ਲੈਣਗੇ। ਉਨ੍ਹਾਂ ਨੇ ਅਜਿਹਾ ਸੰਭਵ ਕਰ ਦਿਖਾਇਆ, ਹਰ ਕਿਸਮ ਦਾ ਜ਼ੁਲਮ ਤੇ ਤਸ਼ੱਦਦ ਢਾਹ ਕੇ। 'ਈਲਮ' ਲਈ ਤੀਹ ਵਰ੍ਹਿਆਂ ਦੀ ਜੱਦੋਜਹਿਦ ਵਿਚ ਨੌਂ ਲੱਖ ਦੇ ਕਰੀਬ ਤਮਿਲ ਮਰੇ ਜਿਨ੍ਹਾਂ ਵਿਚੋਂ ਅੱਸੀ ਫੀਸਦੀ ਸਿਵਲੀਅਨ ਸਨ। ਹਾਅ ਦੇ ਨਾਅਰੇ ਕਈ ਉਦਾਰਵਾਦੀ ਮੁਲਕਾਂ ਨੇ ਮਾਰੇ, ਪਰ ਸਿਰਫ ਦਿਖਾਵੇ ਲਈ। ਹਥਿਆਰਬੰਦ ਵੱਖਵਾਦ ਨੂੰ ਜ਼ੋਰਾਵਰ ਮੁਲਕਾਂ ਦੀ ਹਮਾਇਤ ਸਿਰਫ ਉਦੋਂ ਮਿਲਦੀ ਹੈ, ਜਦੋਂ ਜ਼ੋਰਾਵਰਾਂ ਦੇ ਆਪਣੇ ਹਿੱਤ ਦਾਅ 'ਤੇ ਲੱਗੇ ਹੋਣ; ਸ੍ਰੀਲੰਕਾ ਵਿਚ ਤਾਂ ਭਾਰਤ ਨੂੰ ਛੱਡ ਕੇ ਹੋਰ ਕਿਸੇ ਮੁਲਕ ਦਾ ਕੁਝ ਵੀ ਨਹੀਂ ਸੀ ਵਿਗੜ ਰਿਹਾ। ਭਾਰਤ ਵੀ ਆਪਣੇ ਹੱਥ ਛੰਡ ਚੁੱਕਾ ਸੀ। ਪ੍ਰਭਾਕਰਨ ਤੇ ਉਸ ਦੇ ਮਾਰਖੋਰਾਂ ਨੇ ਰਾਜੀਵ ਗਾਂਧੀ ਸਮੇਤ ਕਈ ਭਾਰਤੀ ਸਿਆਸਤਦਾਨਾਂ ਦੀਆਂ ਜਾਨਾਂ ਲੈ ਕੇ ਅਤੇ ਭਾਰਤੀ ਅਮਨ ਸੈਨਾ ਦੀ ਬੇਹੁਰਮਤੀ ਕਰ ਕੇ ਭਾਰਤੀ ਵਿਚਲੋਗੀ ਦੇ ਰਾਹ ਵੀ ਬੰਦ ਕਰ ਦਿੱਤੇ ਸਨ।

18 ਮਈ 2009 ਨੂੰ ਬੰਦੀ ਬਣਾ ਲਏ ਜਾਣ ਮਗਰੋਂ ਤਮੜਿਨੀ ਪੌਣੇ ਤਿੰਨ ਸਾਲ ਕੈਦ ਰਹੀ। ਫਿਰ ਇਕ ਵਰ੍ਹਾ 'ਪੁਨਰਵਾਸ' ਵਾਲੇ ਦੌਰ ਵਿਚ ਗੁਜ਼ਰਿਆ। 2013 ਦੇ ਸ਼ੁਰੂ ਵਿਚ ਉਹ, ਉਸ ਦੀ ਮਾਂ ਦੇ ਸਪੁਰਦ ਕਰ ਦਿੱਤੀ ਗਈ। ਮਹੀਨੇ ਬਾਅਦ ਉਹ ਇਕ ਜਲਾਵਤਨੀ ਤਮਿਲ ਨਾਲ ਵਿਆਹੀ ਗਈ। ਚੰਦ ਮਹੀਨੇ ਬਾਅਦ (ਸਤੰਬਰ 2013) ਵਿਚ ਉਸ ਅੰਦਰ ਪਲ ਰਹੇ ਕੈਂਸਰ ਦੀ ਤਸਦੀਕ ਹੋਈ। ਇਸ ਤਸਦੀਕ ਨੇ ਉਸ ਦੇ ਅੰਦਰ 'ਤਾਕਿ ਸਨਦ ਰਹੇ' ਵਾਲਾ ਜਜ਼ਬਾ ਜਗਾਇਆ; ਆਤਮ-ਕਥਾ ਲਿਖਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਖੁਦਕੁਸ਼ ਮਿਸ਼ਨਾਂ ਦੇ ਵਿਅਰਥ ਹੋਣ ਬਾਰੇ ਆਗਾਹ ਕਰਨ ਵਾਲਾ ਜਜ਼ਬਾ। ਬੜੀ ਕਾਹਲ ਨਾਲ ਲਿਖੀ ਉਸ ਨੇ ਆਤਮ-ਕਥਾ, ਪਰ ਇਹ ਦਿਲ ਨੂੰ ਛੂਹ ਤੇ ਲੂਹ ਜਾਣ ਵਾਲੀ ਸਚਿਆਰੀ ਲਿਖਤ ਹੈ। ਨਾ ਆਪਣੀਆਂ ਖਾਮੀਆਂ ਨੂੰ ਛੁਪਾਇਆ, ਨਾ ਦੂਜਿਆਂ ਦੀਆਂ। ਪ੍ਰਭਾਕਰਨ ਦੀ ਨਰਮਗੋਸ਼ੀ ਦੀ ਝਲਕ ਵੀ ਪੇਸ਼ ਕੀਤੀ ਅਤੇ ਖ਼ੂੰਖਾਰੀ ਦੀ ਵੀ। ਪ੍ਰਭਾਕਰਨ ਵੱਲੋਂ ਆਪਣਿਆਂ, ਖਾਸ ਕਰ ਕੇ ਮਹਾਤਿਆ ਤੇ ਐਂਟਨ ਬਾਲਾਸਿੰਘਮ ਵਰਗੇ ਸੂਝਵਾਨ ਸਹਾਇਕਾਂ ਨਾਲ ਵਿਗਾੜ ਲੈਣ ਅਤੇ ਹੋਰ ਆਜ਼ਾਦ ਗਰੁੱਪਾਂ ਪ੍ਰਤੀ ਭਰਾਖੋਰੀ ਵਾਲੀ ਨਾਪਾਕੀਜ਼ਗੀ ਅਪਨਾਉਣ ਦਾ ਬਿਰਤਾਂਤ ਵੀ ਉਸ ਨੇ ਖ਼ੂਬ ਰਚਿਆ ਹੈ। ਇੰਤਹਾਪਸੰਦੀ ਤੇ ਦਹਿਸ਼ਤਪਸੰਦੀ ਦਰਮਿਆਨ ਮੌਜੂਦ ਰਹਿਣ ਵਾਲੀ ਮਹੀਨ ਜਿਹੀ ਲਕੀਰ ਕਿਉਂ ਨਹੀਂ ਉਲੰਘੀ ਜਾਣੀ ਚਾਹੀਦੀ, ਇਸ ਦਾ ਜਾਇਜ਼ਾ ਵੀ ਇਸ ਆਤਮ-ਕਥਾ ਵਿਚ ਸ਼ਾਮਲ ਹੈ। ਸਭ ਤੋਂ ਮਾਰਮਿਕ ਜਾਇਜ਼ਾ ਹੈ, ਇਸਤਰੀਆਂ ਦੇ ਸੋਸ਼ਣ ਦਾ, ਖਾਸ ਤੌਰ 'ਤੇ ਉਸ ਦੀ ਆਪਣੀ ਛੋਟੀ ਭੈਣ ਨਾਗੇਸ਼ਵਰੀ ਸੁਬਰਾਮਣੀਅਮ ਦੇ ਪ੍ਰਸੰਗ ਵਿਚ। ਉਸ ਮਾਸੂਮ ਦੀ ਜਿਲਦ ਗੋਰੀ ਸੀ ਅਤੇ ਸੂਰਤ ਤੇ ਸੀਰਤ ਪੱਖੋਂ ਉਹ ਸੁਨੱਖੀ ਸੀ, ਇਸ ਲਈ ਲੀਡਰਸ਼ਿਪ ਦੇ ਗੁਰਗਿਆਂ ਦੀ ਹਵਸ ਪੂਰਤੀ ਦੀ ਵਸਤ ਬਣ ਕੇ ਰਹਿ ਗਈ। ਪ੍ਰਭਾਕਰਨ ਦੇ ਪੁੱਤਰ ਚਾਰਲਸ ਐਂਟਨੀ ਦੀਆਂ ਆਪਹੁਦਰੀਆਂ ਵਾਲਾ ਅਧਿਆਇ ਵੀ ਸੰਘਰਸ਼ੀ ਆਗੂਆਂ ਨੂੰ ਪੁੱਤਰ-ਮੋਹ ਦੇ ਮੋਹ-ਪਾਸ਼ ਤੋਂ ਬਚਣ ਲਈ ਸਚੇਤ ਕਰਨ ਵਾਲਾ ਹੈ। ਗਹੁ ਨਾਲ ਪੜ੍ਹਨ ਅਤੇ ਸਾਂਭ ਕੇ ਰੱਖਣ ਵਾਲੀ ਹੈ ਇਹ ਕਿਤਾਬ।

...

**ਪ੍ਰੀਪੋਇਟਕ:** ਬੜਾ ਨਿਵੇਕਲਾ ਤਜਰਬਾ ਹੈ 'ਪ੍ਰੀਪੋਇਟਕ'। ਪੰਜਾਬੀਆਂ ਨੂੰ ਆਲਮੀ ਕਵਿਤਾ ਦੇ ਰੂਬਰੂ ਕਰਨ ਵਾਲਾ। ਸ਼ਿਵਦੀਪ ਤੇ ਤਨਵੀਰ ਦੇ ਸੰਪਾਦਕੀ ਉੱਦਮ ਵਾਲਾ ਇਹ ਰਸਾਲਾ ਹੁਣੇ ਜਿਹੇ ਮਾਰਕੀਟ ਵਿਚ ਆਇਆ ਹੈ। ਸੰਪਾਦਕੀ ਦੱਸਦੀ ਹੈ ਕਿ "ਕਵਿਤਾ ਭਾਸ਼ਾ, ਵਿਧਾ, ਮੁਲਕ, ਸਮਾਂ, ਜਗ੍ਹਾ ਦੇ ਪ੍ਰਭਾਵ ਕਬੂਲ ਕੇ ਵੀ ਸੁਤੰਤਰ ਧਰਤ ਵਿਚ ਵਿਚਰਦੀ ਹੈ। ਪ੍ਰੀਪੋਇਟਕ ਇਸੇ ਸੁਤੰਤਰ ਧਰਤ ਉਪਰ ਮੌਲੇਗਾ। ... ... ਮੈਗਜ਼ੀਨ ਦਾ ਸਿੱਧਾ-ਸਾਦਾ ਉਦੇਸ਼ ਵਿਸ਼ਵ ਕਵਿਤਾ ਤੇ ਕਵੀਆਂ ਨਾਲ ਸੰਵਾਦ ਵਿਚ ਆਉਣਾ ਹੈ।" ਇਸੇ ਉਦੇਸ਼ ਵੱਲ ਸੇਧਿਤ ਹੈ ਮੈਗਜ਼ੀਨ ਦਾ ਪਹਿਲਾ ਅੰਕ। ਅਗਲਾ ਅੰਕ ਚਾਰ ਮਹੀਨੇ ਬਾਅਦ ਮਈ ਵਿਚ ਪ੍ਰਕਾਸ਼ਿਤ ਹੋਵੇਗਾ।

ਪਹਿਲੇ ਅੰਕ ਦਾ ਪੈਟਰਨ ਹੈ ਸੱਤ ਕਵੀ, ਸੱਤ ਕਵਿਤਾਵਾਂ, ਸੱਤ ਸਵਾਲ। ਇਕ ਕਵੀ ਪੰਜਾਬ ਦਾ, ਦੋ ਭਾਰਤੀ ਭਾਸ਼ਾਵਾਂ ਦੇ ਅਤੇ ਬਾਕੀ ਚਾਰ ਆਲਮੀ ਭਾਸ਼ਵਾਂ ਵਿਚੋਂ। ਇਹ ਸਿਲਸਿਲਾ ਅਗਲੇ ਅੰਕਾਂ ਵਿਚ ਜਾਰੀ ਰੱਖਣ ਦਾ ਇਜ਼ਹਾਰ ਸੰਪਾਦਕੀ ਵਿਚ ਕੀਤਾ ਗਿਆ ਹੈ। ਆਰੰਭ ਇਸ ਸਾਲ ਦੀ ਨੋਬੇਲ ਪੁਰਸਕਾਰ ਜੇਤੂ ਅਮਰੀਕੀ ਕਵਿੱਤਰੀ ਲੁਇਸ ਗਲੁੱਕ ਦੀਆਂ ਸੱਤ ਕਵਿਤਾਵਾਂ ਨਾਲ ਕੀਤਾ ਹੈ। ਉਸ ਬਾਰੇ ਜਾਣਕਾਰੀ ਲੇਖ ਦੇ ਰੂਪ ਵਿਚ ਮੌਜੂਦ ਹੈ। ਬਾਕੀ ਵਿਦੇਸ਼ੀ ਕਵੀ ਹਨ: ਫਰਨਾਂਦੋ ਪੇਸੋਆ (ਪੁਰਤਗਾਲ), ਇਮਾਨ ਮਰਸਲ (ਮਿਸਰ) ਤੇ ਏਦੁਆਰਦੋ ਗਾਲੇਆਨੋ (ਯੁਰੂਗਵੇ)। ਪੰਜਾਬੀ ਵਿਚੋਂ ਪ੍ਰੋ. ਪੂਰਨ ਸਿੰਘ ਦੀ ਤਰੰਗਾਂ ਭਰੀ ਹਾਜ਼ਰੀ ਹੈ। ਭਾਰਤੀ ਭਾਸ਼ਾਵਾਂ ਵਿਚੋਂ ਜੋਸ਼ਨਾ ਬੈਨਰਜੀ-ਆਡਵਾਨੀ (ਹਿੰਦੀ, ਬੰਗਲਾ) ਤੇ ਰੁਸਤਮ (ਹਿੰਦੀ) ਨੂੰ ਮੁਕਾਮ ਮਿਲਿਆ ਹੈ। ਜਿਵੇਂ ਪੈਟਰਨ ਤੋਂ ਸਪਸ਼ਟ ਹੈ, ਕਵੀਆਂ ਦੀਆਂ ਕਵਿਤਾਵਾਂ ਵੀ ਹਨ ਅਤੇ ਗੱਲਾਂ ਵੀ। ਕਵਿਤਾ ਬਾਰੇ ਮੇਰੀ ਸਮਝ ਕੁਝ ਕਮਜ਼ੋਰ ਹੈ ਪਰ ਜੋ ਕੁਝ ਪਰੋਸਿਆ ਗਿਆ ਹੈ, ਉਹ ਪਰਚੇ ਦੇ ਉਜਲੇ ਭਵਿੱਖ ਲਈ ਦੁਆ ਕਰਨ ਦੀ ਚਾਹਤ ਪੈਦਾ ਕਰਦਾ ਹੈ।




ਤਮੜਿਨੀ ਦੀ ਆਤਮ-ਕਥਾ 'ਇਨ ਦੀ ਸ਼ੈਡੋ ਆਫ ਏ ਸਵੋਰਡ' ਦਾ ਮੁਖੜਾ।



ਤਮੜਿਨੀ



ਵੈਲੂਪਿਲੈ ਪ੍ਰਭਾਕਰਨ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਫਰਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-468



*ਸ਼ੀਸ਼ੇ ਵਿਚੋਂ ਦੀ ਵੇਖ ਵੇਖ, ਪੱਗ ਬੰਨ੍ਹੇ ਗੱਭਰੂ ਚਿਣ ਚਿਣ ਕੇ।*
*'ਕੱਲਾ-'ਕੱਲਾ ਲੜ ਪੋਚਵਾਂ, ਬੰਨ੍ਹੇ ਹੱਥਾਂ ਨਾਲ ਮਿਣ ਮਿਣ ਕੇ।*

## ਕੈਪਸ਼ਨ ਮੁਕਾਬਲਾ-466



ਸਾਦ ਮੁਰਾਦੇ ਅਸੀਂ ਹਾਂ ਬੰਦੇ
ਪਹਿਰਾਵਾ ਸਾਦਾ ਪਾਈਏ।
ਕਿਰਤ ਅਸਾਡੀ ਸੱਚੀ ਸੁੱਚੀ
ਰੋਟੀ ਹੱਕ-ਸੱਚ ਦੀ ਖਾਈਏ।
ਸੰਗਦੇ ਚਿਹਰੇ ਖਿੜ ਜਾਵਣ
ਜਦ ਫੋਟੋ ਖਿਚਵਾਈਏ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਕੀ ਹਾਲ ਹੈ ਕਿਰਸਾਨੀ ਦਾ
ਟੁੱਟੇ ਦਰਵਾਜੇ ਦੱਸਦੇ ਨੇ।
ਕਦੇ ਕੁਦਰਤ, ਕਦੇ ਹਾਕਮ
ਨਾਗਾਂ ਵਾਂਗਰਾਂ ਡੱਸਦੇ ਨੇ।
ਮੰਨ ਲੈਂਦੇ ਰੱਬ ਦਾ ਭਾਣਾ
ਫਿਰ ਵੀ ਚਿਹਰੇ ਭਖਦੇ ਨੇ।
ਇਹ ਨੇ ਦੇਸ਼ ਦੇ ਅੰਨਦਾਤਾ
ਬੁਲੰਦ ਹੌਸਲੇ ਰੱਖਦੇ ਨੇ।
***-ਸੇਵਾ ਸਿੰਘ ਨੂਰਪੁਰੀ***

---

ਜੋਸ਼, ਜਜ਼ਬੇ ਦਾ ਵਗਦਾ ਹੜ੍ਹ
ਦੇਖਣ ਬਾਬੇ ਦਰਾਂ 'ਚ ਖੜ੍ਹ।
ਦਗਦੀਆਂ ਅੱਖਾਂ ਦੇਣ ਸੁਨੇਹਾ
ਹਿੰਮਤ, ਜੇਰੇ ਨਾਲ ਹੋਵੇ ਲੜ।
ਤੂਫਾਨਾਂ ਵਿਚ ਵੀ ਚੜ੍ਹਦੀ ਕਲਾ
ਅੜੀਆਂ ਵਾਲੇ ਜਾਣੇ ਝੜ।
***-ਦਵਿੰਦਰ ਕੌਰ***

---

ਦੁੱਖ-ਸੁੱਖ ਅਸੀਂ ਸਮ ਕਰ ਸਹਿੰਦੇ
ਖੁਸ਼ ਰੱਖਦੇ ਤੇ ਖੁਸ਼ ਹਾਂ ਰਹਿੰਦੇ।
ਪਰ ਜੇ ਕੋਈ ਅੜਿੱਕਾ ਲਾਵੇ
ਜਾਨ ਤਲੀ 'ਤੇ ਹਾਂ ਰੱਖ ਲੈਂਦੇ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਔਖੇ ਪੈਂਡਿਆਂ ਦੇ ਰਾਹੀ
ਜਗਿਆਸੂਆਂ ਵਾਂਗੂੰ ਝਾਕਦੇ।
ਖੁਸ਼ਹਾਲੀ ਦੀ ਜੱਦੋ-ਜਹਿਦ ਲਈ
ਚੋਰੀ ਚੋਰੀ ਚੌਗਿਰਦੇ ਨੂੰ ਨਾਪਦੇ।
ਪੂਰਾ ਭਰੋਸਾ ਆਪਣੇ ਆਪ ਉਤੇ
ਗੁਲਾਮ ਨਹੀਂ ਕਿਸੇ ਦੇ ਬਾਪ ਦੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ (ਪਟਿਆਲਾ)***
***ਫੋਨ: 91-98784-69639***

---

ਜ਼ਮਾਨੇ ਨੂੰ ਜਿਨ੍ਹੀਂ ਉਮਰ ਭਰ
ਸਿਰ ਪਿੰਡੇ ਹੰਢਾਇਆ,
ਅਰਕ ਕੱਢ ਤਜਰਬਾ ਹਾਸਲ ਕੀਤਾ।
ਪਾਰਖੂ ਅੱਖ ਇਸ਼ਾਰਾ ਹੀ ਸਭ ਕੁਝ
ਨੌਜੁਆਨ ਨੂੰ ਔਕੜ ਦਾ ਹੱਲ ਦਿਖਾ ਦਿੰਦੀ।
'ਮੁਸੀਬਤ ਕਦੇ ਰਸਤਾ ਨਹੀਂ ਰੋਕਦੀ
ਪਰ ਤਰੱਕੀ ਦੀ ਪੌੜੀ ਦਾ
ਇਕ ਡੰਡਾ ਹੁੰਦੀ ਹੈ।'
'ਮੁਸੀਬਤ ਦਾ ਹੱਲ ਉਸੇ ਵਿਚ ਹੁੰਦਾ।'
***-ਦਰਸ਼ਨਪਾਲ ਦੋਸਾਂਝ***

# ਮੋਰਚੇ ’ਚ ਜਾਨ ਪਾ ਗਏ ਅੱਥਰੂ ਟਿਕੈਤ ਦੇ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112



ਇਸ ਅੰਦੋਲਨ ਦੀ ਜੋ ਸਭ ਤੋਂ ਵੱਡੀ ਤਾਕਤ ਮੰਨੀ ਜਾਂਦੀ ਸੀ, ਉਹ ਸੀ ਇਹ ਸਾਰੀਆਂ ਵਿਚਾਰਧਰਾਵਾਂ ਨੂੰ ਸਮੇਟਦਾ ਹੋਇਆ ਇੱਕ ਗੁਲਦਸਤੇ ਦੀ ਤਰ੍ਹਾਂ ਸਭ ਨੂੰ ਬੋਲਣ ਦਾ ਮੌਕਾ ਵੀ ਦੇ ਰਿਹਾ ਹੈ, ਆਪਣੀ ਗੱਲ ਵੀ ਰੱਖ ਰਿਹਾ ਹੈ ਤੇ ਅਮਨ ਪੂਰਬਕ ਵੀ ਹੈ। ਤੀਜੀ ਗੱਲ, ਉਥੇ ਸ਼ਾਮਲ ਨਾ ਸਿਰਫ ਆਗੂ, ਸਗੋਂ ਸਮੂਹ ਧਰਨਾਕਾਰੀਆਂ ਨੇ ਉਚੀਆਂ ਇਖਲਾਕੀ ਕਦਰਾਂ ਕੀਮਤਾਂ ਸਿਰਜੀਆ ਹਨ। ਜਿਹਦੇ ਕਰਕੇ ਇਹ ਵਿਸ਼ਵ ਪੱਧਰ ‘ਤੇ ਸਤਿਕਾਰਿਆ ਗਿਆ। ਖਿੱਚ ਦਾ ਕੇਂਦਰ ਵੀ ਰਿਹਾ ਤੇ ਦੇਸ਼ ਵਿਚ ਵੀ ਸ਼ਾਨਾਂਮੱਤਾ ਰਿਹਾ। ਮੂਲ ਖਾਸੇ ਦੇ ਉਲਟ ਘਟਨਾ ਵਾਪਰੀ, ਜਿਸ ਵਿਚ ਆਗੂਆਂ ਤੇ ਅੰਦੋਲਨਕਾਰੀਆਂ ਦੀ ਕੋਈ ਗਲਤੀ ਨਹੀਂ। ਇੱਕ ਛੋਟਾ ਜਿਹਾ ਹਿੱਸਾ, ਜੋ ਪਹਿਲਾਂ ਤੋਂ ਹੀ ਸ਼ੰਭੂ ਬਾਰਡਰ ‘ਤੇ ਆਪਣਾ ਵੱਖਰਾ ਕੈਂਪ ਚਲਾ ਰਿਹਾ ਸੀ, ਉਸ ਨੇ ਸ਼ੁਰੂ ਤੋਂ ਹੀ ਕਿਸਾਨ ਜਥੇਬੰਦੀਆਂ ਦੀ ਅਗਵਾਈ ਨਹੀਂ ਕਬੂਲੀ। ਇਹ ਇੱਕ ਇਤਿਹਾਸਕ ਗਲਤੀ ਸੀ, ਜੋ ਸਿਖਰਾਂ ‘ਤੇ ਪਹੁੰਚੇ ਅੰਦੋਲਨ ਨੂੰ ਢਾਅ ਲਾਉਣ ਲਈ ਜ਼ਿੰਮੇਵਾਰ ਬਣਿਆ। ਪਹਿਲਾਂ ਤੋਂ ਹੀ ਉਹ ਆਗੂਆਂ ‘ਤੇ ਨੁਕਤਾਚੀਨੀ ਕਰਦਾ ਰਿਹਾ। 1984 ਤੋਂ ਬਾਅਦ ਜਿਨ੍ਹਾਂ ਦੇ ਦਿਲ ਵਿਚ ਕੇਂਦਰ ਸਰਕਾਰ ਖਿਲਾਫ ਖੁੰਦਕ ਪਨਪ ਰਹੀ ਸੀ, ਉਨ੍ਹਾਂ ਵਲੋਂ ਮੌਕੇ ਦਾ ਫਾਇਦਾ ਉਠਾਇਆ ਗਿਆ। ਦੂਜਾ, ਕੇਂਦਰ ਸਰਕਾਰ ਦੀ ਕਿਸਾਨ ਅੰਦੋਲਨ ਪ੍ਰਤੀ ਉਦਾਸੀਨਤਾ ਵੀ ਨੌਜਵਾਨ ਵਰਗ ਨੂੰ ਉਪਰਾਮ ਕਰ ਰਹੀ ਸੀ। ਸੁਆਲ ਤਾਂ ਦਿੱਲੀ ਪੁਲਿਸ, ਗ੍ਰਹਿ ਵਿਭਾਗ, ਸਰਕਾਰ ਉਤੇ ਵੀ ਹੈ ਕਿ ਲਾਲ ਕਿਲੇ ‘ਤੇ ਇੰਨੀ ਭੀੜ ਕਿਵੇਂ ਇਕੱਠੀ ਹੋ ਗਈ? ਮੁਖ ਗੇਟ ਕਿਹਨੇ ਖੋਲ੍ਹਿਆ? ਚਸ਼ਮਦੀਦਾਂ ਮੁਤਾਬਕ ਜਦੋਂ ਕੁਝ ਹੁੜਦੰਗੀ ਲਾਲ ਕਿਲੇ ਉਤੇ ਚੜ੍ਹੇ ਤਾਂ ਉਥੇ ਦਿੱਲੀ ਪੁਲਿਸ ਦੇ ਮੁੱਠੀ ਭਰ ਨੌਜਵਾਨ ਅਰਾਮ ਨਾਲ ਧੁੱਪ ਸੇਕਦੇ ਵਿਖਾਈ ਦਿੱਤੇ।

ਮਜ਼ਦੂਰ-ਕਿਸਾਨ ਸੰਘਰਸ਼ ਕਮੇਟੀ ਜ਼ਿੰਮੇਵਾਰੀ ਤੋਂ ਤਾਂ ਭੱਜ ਨਹੀਂ ਸਕਦੀ, ਭਾਵੇਂ ਉਹ ਇਨ੍ਹਾਂ ਦੇ ਟਰੈਪ ਵਿਚ ਫਸ ਗਈ ਤੇ ਸਰਕਾਰੀ ਚਾਲ ਦੇ ਕੁਹਾੜੇ ਦਾ ਦਸਤਾ ਵੀ। ਕਮੇਟੀ ਦੀ ਜਿੱਦ ਨੇ ਉਨ੍ਹਾਂ ਦਾ ਆਪਣਾ ਤੇ ਅੰਦੋਲਨ ਦਾ ਵੱਡਾ ਨੁਕਸਾਨ ਕੀਤਾ। ਕਿਸਾਨ ਆਗੂ ਇਸ ਘੋਲ ਵਿਚ ਦੋ ਗੱਲਾਂ ਸਪਸ਼ਟ ਕਰ ਚੁੱਕੇ ਸਨ ਕਿ ਜਿਹੜਾ ਏਕਾ ਤੋੜੂਗਾ, ਉਹਦੇ ਨਾਲ ਨਹੀਂ ਚਲਣਗੇ। ਦੂਜਾ, ਘੋਲ ਸ਼ਾਂਤਮਈ ਰਹੇਗਾ। ਉਹ ਇਸ ਅੰਦੋਲਨ ਨੂੰ ਹਾਰਨਾ ਨਹੀਂ ਚਾਹੁੰਦੇ। ਇਹ ਅੰਦੋਲਨ ਕਿਸੇ ਤਰ੍ਹਾਂ ਸਾਡੇ ਵਿਰਸੇ ਨਾਲ ਜੁੜ ਗਿਆ ਹੈ। ਦਸੰਬਰ 1704 ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਮਕੌਰ ਸਾਹਿਬ ਵਿਖੇ ਮੁਗਲਾਂ ਨਾਲ 8 ਮਹੀਨੇ ਤਕ ਲੜੀ ਲੰਬੀ ਲੜਾਈ ਵਿਚ ਭੁੱਖ-ਤ੍ਰੇਹ ਤੋਂ ਤੰਗ ਹੋ ਕੇ 40 ਸਿੰਘ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ, ਜੋ ਪਿਛੋਂ ਖਿਦਰਾਣੇ ਦੀ ਢਾਬ ਮੁਕਤਸਰ ਵਿਖੇ ਦੁਬਾਰਾ ਜੰਗ ਲੜ ਕੇ ਬੇਦਾਵਾ ਪੜਵਾਉਂਦੇ ਹਨ। ਇਸੇ ਸਮੇਂ ਕਿਸਾਨ ਮੋਰਚੇ ਵਲੋਂ ਦਿੱਲੀ ਵਿਖੇ ਰੋਸ ਧਰਨਾ ਦਿੱਤਾ ਗਿਆ। ਸ਼ਾਇਦ ਇਹੋ ਕਾਰਨ ਹੈ ਕਿ ਲੋਕਾਂ ਵਿਚ ਕਰੋਨਾ, ਸਰਕਾਰੀ ਤਸ਼ੱਦਦ ਜਾਂ ਪਰਚਿਆਂ ਦਾ ਡਰ ਨਹੀਂ ਰਿਹਾ। ਸਰਕਾਰ ਵੀ ਇਨ੍ਹਾਂ ਦੇ ਜਜ਼ਬਾਤ ਨੂੰ ਖਤਮ ਕਰਨ ਲਈ ਦੇਸ਼ ਧ੍ਰੋਹ ਵਰਗੇ ਮੁਕੱਦਮੇ ਤੇ ਸੰਘਰਸ਼ ਨੂੰ ਤਾਰਪੀਡੋ ਕਰਨ ਦੀਆਂ ਚਾਲਾਂ ਚਲ ਰਹੀ ਹੈ; ਜਿਵੇਂ 2 ਜਨਵਰੀ 2018 ਨੂੰ ਭੀਮਾ ਕੋਰੇਗਾਉਂ ਵਿਚ ਕੀਤਾ ਸੀ। ਦਲਿਤਾਂ ਨੂੰ ਪਹਿਲਾਂ ਆਪਣੇ ਬੰਦਿਆਂ ਰਾਹੀਂ ਕੁੱਟਵਾਇਆ ਤੇ ਫਿਰ ਉਨ੍ਹਾਂ ਦੇ ਖਿਲਾਫ ਹੀ ਪਰਚੇ ਦਰਜ ਕਰ ਲਏ ਕਿ ਇਹ ਤਾਂ ਪ੍ਰਧਾਨ ਮੰਤਰੀ ਨੂੰ ਮਰਵਾਉਣਾ ਚਾਹੁੰਦੇ ਹਨ। ਭੀਮਾ ਕੋਰੇਗਾਉਂ ਦੇ ਘਟਨਾਕ੍ਰਮ ਖਿਲਾਫ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਜਕਰਤਾਵਾਂ ਖਿਲਾਫ ਯੂ. ਏ. ਪੀ. ਏ. ਤਹਿਤ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹੀਂ ਬੰਦ ਕੀਤਾ ਹੋਇਆ ਹੈ।

ਪਿਛਲੇ ਸਾਲ ਬਹੁਚਰਚਿਤ 101 ਦਿਨ ਦਾ ਸ਼ਾਹੀਨ ਬਾਗ ਦਿੱਲੀ ਵਿਚ ਬੀਬੀਆਂ ਦੀ ਅਗਵਾਈ ਵਿਚ ਪੁਰਅਮਨ ਅੰਦੋਲਨ, ਜਿਸ ਨੇ ਅੰਦੋਲਨਾਂ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਨੂੰ ਕਰੋਨਾ ਦੀ ਆੜ ਹੇਠ ਕੁਚਲ ਦਿੱਤਾ ਗਿਆ। ਉਸ ਤੋਂ ਬਾਅਦ ਦਿੱਲੀ ਵਿਚ ਆਪਣੀ ਭਾਜਪਾ ਦੰਗਾ ਬ੍ਰਿਗੇਡ ਵਲੋਂ ਦੰਗੇ ਭੜਕਾਏ ਜਾਂਦੇ ਹਨ, ਜਿਹੜੇ ਕਹਿੰਦੇ ਸੀ ‘ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ।’ ਪਰ ਪਰਚੇ ਫਿਰ ਪੀੜਤਾਂ ’ਤੇ ਦਰਜ ਕੀਤੇ ਜਾਂਦੇ ਹਨ। ਇਹ ‘ਬਲੇਮ ਗੇਮ’ ਤਰੀਕਾ ਹਿਟਲਰਸ਼ਾਹੀ ਦਾ ਹੈ। ਉਸੇ ਪੈਟਰਨ ’ਤੇ ਕੇਂਦਰ ਸਰਕਾਰ ਚੱਲ ਰਹੀ ਹੈ। ਸਿੰਘੂ ਮੋਰਚੇ ਦੀ ਕਵਰੇਜ ਕਰਦੇ ਦੋ ਪੱਤਰਕਾਰਾਂ-ਮਨਦੀਪ ਪੂੰਨੀਆਂ ਤੇ ਸੰਦੀਪ ਸਿੰਘ ਨੂੰ ਵੀ ਦਿੱਲੀ ਪੁਲਿਸ ਨੇ ਚੁੱਕ ਲਿਆ ਹੈ। ਕਰੀਬ 44 ਕਿਸਾਨ ਲੀਡਰਾਂ ’ਤੇ ਵੀ ਪਰਚੇ ਦਰਜ ਕੀਤੇ ਗਏ ਹਨ। ਉਨ੍ਹਾਂ ਵਿਚੋਂ ਕੌਣ ਸੀ ਲਾਲ ਕਿਲੇ ’ਤੇ? ਕੇਂਦਰੀ ਹਕੂਮਤ ਜਮਹੂਰੀਅਤ ਦੀ ਥਾਂ ਸਜ਼ਾਯਾਫਤਾ ਤਰੀਕੇ ਨਾਲ ਹਰ ਮਸਲੇ ਨੂੰ ਨਜਿੱਠ ਰਹੀ ਹੈ। ਸੋ ਕਿਸਾਨ ਅੰਦੋਲਨ ਇਸ ਗੈਰ-ਜਮਹੂਰੀ ਤਰੀਕੇ ’ਤੇ ਸੱਟ ਮਾਰ ਰਿਹਾ ਹੈ।

ਸਰਕਾਰ ਪਹਿਲੀ ਗਲਤੀ ਕਰੋਨਾ ਦੀ ਆੜ ਵਿਚ ਕਾਲੇ ਕਾਨੂੰਨ ਬਣਾ ਕੇ ਕਰ ਚੁੱਕੀ ਹੈ। ਦੂਜੀ ਨਵੀਂ ਗਲਤੀ ਕਰ ਰਹੀ ਹੈ ਉਨ੍ਹਾਂ ‘ਤੇ ਪਰਚੇ ਦਰਜ ਕਰਕੇ। ਇਹ ਪਰਚਾ ਗ੍ਰਹਿ ਮੰਤਰੀ ‘ਤੇ ਕਿਉਂ ਨਹੀਂ ਦਰਜ ਹੁੰਦਾ, ਜੋ ਲਾਲ ਕਿਲੇ ਦੀ ਰਾਖੀ ਨਹੀਂ ਕਰ ਸਕਿਆ? ਸਰਕਾਰ ਇੰਟੈਲੀਜੈਂਸੀਆਂ, ਪੁਲਿਸ ਫੋਰਸ ਕੀ ਕਰਦੀ ਸੀ? ਜਥੇਬੰਦੀਆਂ ਨੇ ਆਪਣਾ ਪਹਿਲੀ ਫਰਵਰੀ ਦਾ ਸੰਸਦ ਮਾਰਚ ਰੱਦ ਕਰਕੇ ਸੂਝ-ਬੂਝ ਵਾਲਾ ਕੰਮ ਕੀਤਾ ਹੈ। ਇਖਲਾਕੀ ਤੌਰ ‘ਤੇ ਜ਼ਿੰਮੇਵਾਰੀ ਵੀ ਲਈ ਕਿ ਅਸੀਂ 26 ਜਨਵਰੀ ਦੀ ਟਰੈਕਟਰ ਪਰੇਡ ਦੀ ਕਾਲ ਦਿੱਤੀ ਸੀ। ਸ਼ਾਂਤੀਪੂਰਨ ਅੰਦੋਲਨ ਜੇ ਸਰਕਾਰਾਂ ਵਲੋਂ ਠੀਕ ਤਰੀਕੇ ਨਾਲ ਨਾ ਨਜਿੱਠੇ ਜਾਣ ਤਾਂ ਉਹ ਗਲਤ ਪਾਸੇ ਚਲੇ ਜਾਂਦੇ ਹਨ। 8 ਅਪਰੈਲ 1982 ਵਿਚ ਐਸ. ਵਾਈ. ਐਲ. ਦੇ ਮਾਮਲੇ ਵਿਚ ਅਕਾਲੀ ਦਲ ਦੇ ਸ਼ਾਂਤਮਈ ਅੰਦੋਲਨ ‘ਤੇ ਡਾਂਗਾਂ ਵਰਦੀਆਂ ਸਨ, ਲੋਕ ਸੀਅ ਤਕ ਨਹੀਂ ਸੀ ਕਰਦੇ। ਜੇਲ੍ਹਾਂ ਭਰੀ ਜਾਂਦੇ ਸਨ। ਸਰਕਾਰ ਨੇ ਦਲ ਦੇ ਕੁੱਪ ਦੇ ਸ਼ਾਂਤਮਈ ਮਾਰਚ ‘ਤੇ ਗੋਲੀਆਂ ਚਲਾਈਆਂ, ਜਿਸ ਨਾਲ ਲੋਕਾਂ ਦੀ ਵਿਚਾਰਧਾਰਾ ਤਬਦੀਲ ਹੋ ਜਾਂਦੀ ਹੈ। ਦੂਜੇ ਪਾਸੇ ਸਮਾਨੰਤਰ ਹਥਿਆਰਬੰਦ ਸੋਚ ਨੂੰ ਸ਼ਹਿ ਦਿੱਤੀ ਗਈ। ਫਿਰ ਨੌਜਵਾਨਾਂ ਦੇ ਸੱਚੇ-ਝੂਠੇ ਮੁਕਾਬਲਿਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਨਾਲ ਨਾਲ ਮਜਬੂਤ ਸਰਕਾਰ ਦੇਣ ਦੇ ਦਾਅਵੇ ਕੀਤੇ ਜਾਂਦੇ ਹਨ।

ਅੰਦੋਲਨ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਚੇਤੰਨ ਤੇ ਉਨ੍ਹਾਂ ਨੂੰ ਲੋਕਤੰਤਰੀ ਢੰਗ ਨਾਲ ਪ੍ਰਾਪਤ ਕਰਨ ਦਾ ਵੱਲ ਦਿੰਦੇ ਹਨ। ਸਰਕਾਰਾਂ ਦੀ ਤਾਨਾਸ਼ਾਹੀ ‘ਤੇ ਰੋਕ ਲਗਦੀ ਹੈ। ਆਮ ਲੋਕਾਂ ਦੀ ਜਮਹੂਰੀਅਤ ਵਿਚ ਰਿੱਟ ਚਲੇ, ਉਨ੍ਹਾਂ ਦੀ ਗੱਲ ਚਲੇ, ਸਟੇਟ ਤਾਂ ਹੀ ਜੁਆਬਦੇਹ ਹੋ ਸਕਦੀ ਹੈ। ਜੇ ਇਹ ਸਰਕਾਰਾਂ ਜੁਆਬ ਦੇਹ ਨਾਂ ਹੋਣ ਤਾਂ ਵੱਖ ਵੱਖ ਵਰਗਾਂ ਦਾ ਸੜਕਾਂ ‘ਤੇ ਆਉਣ ਦਾ ਸਿਲਸਿਲਾ ਜਾਰੀ ਰਹੇਗਾ। ਜੇ ਸਰਕਾਰ ਲੋਕਾਂ ਨੂੰ ਭਰੋਸੇ ਵਿਚ ਲੈ ਕੇ ਨਹੀਂ ਕਾਨੂੰਨ ਬਣਾਉਂਦੀ ਤਾਂ ਲੋਕ ਰੋਹ ਜਾਗਣਾ ਕੁਦਰਤੀ ਹੈ। ਸੰਵਿਧਾਨ ਦੀ ਰੱਖਿਅਕ ਸੁਪਰੀਮ ਕੋਰਟ ਵਲੋਂ ਵੀ ਚੈਲੰਜ ਕੀਤੇ ਪੈਂਡਿੰਗ ਕਾਨੂੰਨਾਂ ਨੂੰ ਸਮਾਂਬੱਧ ਕਰਕੇ ਨਿਪਟਾਉਣਾ ਚਾਹੀਦਾ ਹੈ। ਸਾਡੇ ਸੰਵਿਧਾਨ ਘਾੜਿਆਂ ਨੇ ਚੈਕ ਐਂਡ ਬੈਲੰਸ ਬਣਾਏ ਸਨ ਕਿ ਜੇ ਵਿਧਾਨਪਾਲਿਕਾ ਲੋਕ ਵਿਰੋਧੀ ਜਾਂ ਸੰਵਿਧਾਨ ਵਿਰੋਧੀ ਕਾਨੂੰਨ ਬਣਾਉਂਦੀ ਹੈ ਤਾਂ ਨਿਆਂਪਾਲਿਕਾ ਸੰਵਿਧਾਨ ਦੀ ਵਿਆਖਿਆ ਕਰੇ। ਕੋਈ ਜੱਜ ਗਲਤ ਕਰਦਾ ਹੈ ਤਾਂ ਵਿਧਾਨਪਾਲਿਕਾ ਉਸ ਦੇ ਖਿਲਾਫ ਮਹਾਂਦੋਸ਼ ਲਿਆ ਸਕਦੀ ਹੈ। ਕਾਰਜਪਾਲਿਕਾ ਦੇ ਲੋਕ ਵਿਰੋਧੀ ਫੈਸਲਿਆਂ ਨੂੰ ਸੰਸਦ ਵਿਚ ਚੈਲੰਜ ਕੀਤਾ ਜਾ ਸਕਦਾ ਹੈ, ਪਰ ਹੁਣ ਇਹ ਸਾਰੇ ਚੈਕ ਐਂਡ ਬੈਲੰਸ ਖਤਮ ਹੋ ਗਏ। ਮਤਲਬ ਡੈਮੋਕਰੇਸੀ ਸੁੰਗੜ ਰਹੀ ਹੈ। ਇਹ ਵਰਤਾਰਾ ਸੰਸਾਰ ਪੱਧਰ ‘ਤੇ ਵਾਪਰ ਰਿਹਾ ਹੈ, ਚੀਨ ਨੇ ਸਦਾ ਵਾਸਤੇ ਸੱਤਾ ਆਪਣੇ ਨਾਂ ਕਰਾ ਲਈ ਹੈ, ਪੁਤਿਨ ਰਾਜਭਾਗ ਛੱਡਣ ਨੂੰ ਤੇ ਟਰੰਪ ਆਪਣੀ ਹਾਰ ਕਬੂਲਣ ਨੂੰ ਤਿਆਰ ਨਹੀਂ।

ਡੈਮੋਕਰੇਸੀ ਵਧਦੀ ਫੁੱਲਦੀ ਹੈ ਤਾਕਤਾਂ ਦੇ ਵਿਕੇਂਦਰੀ ਕਰਨ ਨਾਲ। ਜੰਮੂ ਕਸ਼ਮੀਰ ਵਿਚੋਂ 370 ਤੋੜਨ ਦਾ ਮਾਮਾਲਾ, ਨਾਗਰਿਕ ਸੋਧ ਬਿੱਲ, ਇਲੈਕਸ਼ਨ ਬੌਂਡ, ਕਿਸਾਨੀ ਵਿਰੋਧੀ ਬਿਲ ਆਦਿ ਸਮੁੱਚਤਾ ਵਿਚ ਸੁਲਝਾਏ ਜਾਣੇ ਚਾਹੀਦੇ ਹਨ, ਜ਼ਬਰਦਸਤੀ ਨਹੀਂ। ਹੁਣ ਮੁਗਲਾਂ-ਅੰਗਰੇਜਾਂ ਦੇ ਰਾਜ ਨਹੀਂ ਰਹੇ। ਸਾਡੇ ਆਜ਼ਾਦ ਦੇਸ਼ ਦੀ ਲੋਕਾਂ ਵਲੋਂ ਚੁਣੀ ਜਮਹੂਰੀ ਸਰਕਾਰ ਹੈ। ਜਮਹੂਰੀਅਤ ਦਾ ਦਾਇਰਾ ਹੋਰ ਵਧਾਉਣ ਵਾਲੇ ਕਦਮ ਹਨ ਇਹ ਅੰਦੋਲਨ। ਵਿਸ਼ਵ ਗੁਰੂ ਆਪਣੇ ਲੋਕਾਂ ਦੇ ਹੱਕ ਖਤਮ ਕਰਕੇ ਨਹੀਂ, ਸਗੋਂ ਉਨ੍ਹਾਂ ਦੇ ਬਣਦੇ ਹੱਕ ਬਹਾਲ ਕਰਕੇ ਇਕ ਡੈਮੋਕਰੇਟ ਮਾਡਲ ਰਾਹੀਂ ਹੀ ਬਣਿਆ ਜਾ ਸਕਦਾ ਹੈ।

ਪਿਛਲੇ 6 ਮਹੀਨਿਆਂ ਤੋਂ ਕਿਸਾਨ ਤਿੰਨ ਕਾਨੂੰਨਾਂ ਦੇ ਖਿਲਾਫ ਸੰਘਰਸ਼ ਕਰ ਰਹੇ ਹਨ, ਪਰ ਇੰਨੀ ਕਵਰੇਜ ਉਨ੍ਹਾਂ ਨੂੰ ਨਹੀਂ ਮਿਲੀ, ਜਿੰਨੀ 26 ਜਨਵਰੀ ਦੇ ਟਰੈਕਟਰ ਮਾਰਚ ਤੇ ਲਾਲ ਕਿਲੇ ‘ਤੇ ਕੇਸਰੀ ਝੰਡਾ ਲਹਿਰਾਉਣ ਨਾਲ ਮਿਲੀ ਹੈ। ਜਿਸ ਤਰੀਕੇ ਨਾਲ ਗੋਦੀ ਮੀਡੀਆ ਨੇ ਕਿਸਾਨ ਅੰਦੋਲਨ ਨੂੰ ਅਨਾਰਕੀ ਅਰਾਜਕਤਾ ਫੈਲਾਉਣ ਵਾਲਾ ਦੱਸਿਆ, ਦਿੱਲੀ ਯੂਨੀਵਰਸਟੀ ਦੇ ਪ੍ਰੋਫੈਸਰ ਤੇ ਸ਼ੋਸ਼ਲ ਐਕਟੀਵਿਸਟ ਪ੍ਰੋ. ਅਪੂਰਵਾ ਅਨੰਦ ਨੇ ਕਿਹਾ ਕਿ ਸਾਨੂੰ ਅੰਦੋਲਨਾਂ ਦੀ ਪ੍ਰਕ੍ਰਿਆ ਨੂੰ ਸਮਝਣਾ ਚਾਹੀਦਾ ਹੈ। ਅੰਦੋਲਨ ਵਿਚ ਅਲੱਗ ਅਲੱਗ ਤਰ੍ਹਾਂ ਦੇ ਵਿਚਾਰਾਂ ਵਾਲੇ ਲੋਕ ਸ਼ਾਮਲ ਹੁੰਦੇ ਹਨ ਤੇ ਉਨ੍ਹਾਂ ਵਿਚ ਉਤੇਜਨਾ ਵੀ ਜਰੂਰ ਹੁੰਦੀ ਹੈ। 2012 ਦੇ ਨਿਰਭੈਆ ਕਾਂਡ ਵਿਚ ਲੋਕਾਂ ਵਿਚ ਇੰਨਾ ਗੁੱਸਾ ਫੁੱਟਿਆ ਸੀ ਕਿ ਲੋਕ ਅੰਦੋਲਨ ਕਰਦੇ ਰਾਸ਼ਟਰਪਤੀ ਭਵਨ ਤਕ ਪਹੁੰਚ ਗਏ ਸਨ, ਪਰ ਉਦੋਂ ਮੇਨ ਮੀਡੀਆ ਦੀ ਪ੍ਰਤੀਕ੍ਰਿਆ ਅੰਦੋਲਨਕਾਰੀਆਂ ਦੇ ਹੱਕ ਵਿਚ ਸੀ, ਪਰ ਇਸ ਵਾਰੀ ਕਿਸਾਨ ਅੰਦੋਲਨ ਦੇ ਵਿਰੋਧ ਵਿਚ ਹੈ।

ਅੰਦੋਲਨ ਅੰਦੋਲਨ ਹੈ, ਅੰਦੋਲਨ ਤੋਂ ਉਮੀਦ ਕਰਨਾ ਕਿ ਉਹ ਵਿਵਸਥਾ ਪੂਰਬਕ ਚਲੇਗਾ, ਇਹ ਅਸੰਭਵ ਹੈ। ਫਿਰ ਵੀ 90 ਪ੍ਰਤੀਸ਼ਤ ਅੰਦੋਲਨ ਬਿਲਕੁਲ ਸ਼ਾਂਤੀਪੂਰਬਕ ਸੀ। ਦਿੱਲੀ ਵਾਸੀ ਹਾਰਾਂ ਫੁੱਲਾਂ ਨਾਲ ਸੁਆਗਤ ਕਰ ਰਹੇ ਸਨ। ਕਈ ਮਹੀਨਿਆਂ ਤੋਂ ਬੰਨੀ ਉਤੇਜਨਾ ਨੂੰ ਇਸ ਮੌਕੇ ਨਿਕਲਣ ਦਾ ਮੌਕਾ ਮਿਲਿਆ ਤੇ ਬਹੁਤ ਥੋੜ੍ਹਾ ਹਿੱਸਾ ਉਸ ਰਸਤੇ ਨਾ ਚੱਲ ਕੇ ਜੋ ਉਨ੍ਹਾਂ ਦੇ ਆਗੂਆਂ ਨੇ ਦਿੱਤਾ ਸੀ, ਸਗੋਂ ਉਲਟ ਚੱਲਿਆ। ਪੁਲਿਸ ਵਲੋਂ ਤੈਅਸ਼ੁਦਾ ਰਸਤੇ ‘ਤੇ ਬੈਰੀਕੇਡ ਖੜ੍ਹੇ ਕੀਤੇ ਗਏ। ਇਸ ਨਾਲ ਪੂਰੇ ਅੰਦੋਲਨ ਨੂੰ ਐਲਾਨ ਦੇਣਾ ਕਿ ਇਹ ਅੰਦੋਲਨ ਅਰਾਜਕ ਹੋ ਗਿਆ ਜਾਂ ਹਿੰਸਕ ਲੋਕਾਂ ਦੇ ਹੱਥਾਂ ਵਿਚ ਚਲਿਆ ਗਿਆ, ਆਗੂਆਂ ਤੋਂ ਬਾਗੀ ਹੋ ਗਿਆ, ਉਨ੍ਹਾਂ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ, ਆਦਿ ਐਲਾਨਣਾ ਪੱਤਰਕਾਰੀ ਨਹੀਂ।

ਇਹ ਅੰਦੋਲਨ ਨਾ ਸਿਰਫ ਦਿੱਲੀ ਵਿਚ ਸੀ, ਸਗੋਂ ਸਾਰੇ ਦੇਸ਼ ਵਿਚ ਸੀ, ਪਰ ਕਿਤੋਂ ਵੀ ਕੋਈ ਹਿੰਸਕ ਜਾਂ ਜਾਨ ਮਾਲ ਦੇ ਨੁਕਸਾਨ ਦੀ ਖਬਰ ਨਹੀਂ। ਦਿੱਲੀ ਵਿਚ ਵੀ ਹਜ਼ਾਰਾਂ ਟਰੈਕਟਰ ਆਏ ਤੇ ਵਾਪਸ ਹੋ ਗਏ, ਕਿਸੇ ਤਰ੍ਹਾਂ ਦੇ ਨੁਕਸਾਨ ਦੀ ਸੂਚਨਾ ਨਹੀਂ। ਕਿਸੇ ਸਰਵਜਨਕ ਪ੍ਰਾਪਰਟੀ ਦਾ ਨੁਕਸਾਨ ਨਹੀਂ, ਸਿਵਾਏ ਇੱਕ ਬਸ ਦਾ ਮਾਮੂਲੀ ਸ਼ੀਸ਼ਾ ਟੁੱਟਣ ਤੋਂ ਬਿਨਾ। ਬੈਰੀਕੇਡ ਹਟਾਏ ਗਏ। ਦਿੱਲੀ ਵਾਸੀਆਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਲੱਖਾਂ ਲੋਕ ਆਏ ਹੋਣ, ਇਹ ਆਪਣੇ ਆਪ ਵਿਚ ਅਸਾਧਾਰਣ ਸੀ। ਫਿਰ ਵੀ ਇਹ ਕਹਿਣਾ ਕਿ ਅੰਦੋਲਨ ਹਿੰਸਕ ਹੋ ਗਿਆ ਹੈ, ਇਹ ਆਪਣੇ ਆਪ ਵਿਚ ਅਸਰਜਨਕ ਹੈ।

ਉਕਤ ਸਾਰੀ ਅਵਿਵਸਥਾ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਜਿਸ ਵੇਲੇ ਰੋਲਟ ਐਕਟ ਲਾਗੂ ਕੀਤਾ ਗਿਆ ਸੀ, ਮਹਾਤਮਾ ਗਾਂਧੀ ਦੀ ਅਗਵਾਈ ਵਿਚ ਲੋਕ ਵੱਡੀ ਗਿਣਤੀ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ ਤਾਂ ਪਿਸ਼ਾਵਰ ਵਿਚ ਹਿੰਸਕ ਘਟਨਾ ਹੋਈ, ਜਿਸ ਨੂੰ ਲੈ ਕੇ ਮਹਾਤਮਾ ਗਾਂਧੀ ਦੀ ਆਲੋਚਨਾ ਹੋਈ। ਮਹਾਤਮਾ ਗਾਂਧੀ ਨੇ ਕਿਹਾ ਕਿ ਜੇ ਸਰਕਾਰ ਇਹ ਗੈਰ-ਕਾਨੂੰਨੀ ਐਕਟ ਨਾ ਲੈ ਕੇ ਆਉਂਦੀ ਤਾਂ ਜਨਤਾ ਕੋਲ ਅੰਦੋਲਨ ਕਰਨ ਦਾ ਕੋਈ ਕਾਰਨ ਹੀ ਨਹੀਂ ਸੀ। ਇਹ ਗੈਰ-ਸਮਾਜਿਕ ਤੱਤ ਨੂੰ ਵੀ ਹਿੰਸਕ ਬਣਾਉਣ ਦਾ ਮੌਕਾ ਨਾ ਮਿਲਦਾ। ਇਸ ਹਾਲਤ ਨੂੰ ਪੈਦਾ ਕਰਨ ਲਈ ਸਰਕਾਰ ਜ਼ਿੰਮੇਵਾਰ ਹੈ, ਜਿਸ ਨੂੰ ਉਹ ਸਿਵਿਲ ਰਿਜਿਸਟੈਂਸ ਕਹਿੰਦੇ ਸੀ, ਜੋ ਕ੍ਰਿਮੀਨਲ ਰਿਜਿਸਟੈਂਸ ਤੋਂ ਵੱਖਰਾ ਹੈ। ਮਹਾਤਮਾ ਗਾਂਧੀ ਮੁਤਾਬਕ ਹਾਂ ਕੁਝ ਲੋਕਾਂ ਤੋਂ ਗਲਤੀ ਹੋਈ ਹੈ ਤਾਂ ਫਿਰ ਕੀ ਮੈਂ ਆਪਣਾ ਸਹੀ ਕੰਮ (ਸਿਵਿਲ ਰਿਜਿਸਟੈਂਸ) ਬੰਦ ਕਰ ਦੇਵਾਂ?

ਪਿਛਲੇ ਛੇ ਮਹੀਨੇ ਤੋਂ ਕਿਸਾਨ ਕਹਿ ਰਹੇ ਹਨ ਕਿ ਇਹ ਕਾਨੂੰਨ ਉਨ੍ਹਾਂ ਦੇ ਹੱਕ ਵਿਚ ਨਹੀਂ ਹਨ। ਉਨ੍ਹਾਂ ਹਰ ਲੋਕਤੰਤਰੀ ਤਰੀਕਾ ਅਪਨਾਇਆ। ਪੰਜਾਬ ਵਿਚ ਜਨ ਸਭਾਵਾਂ ਕੀਤੀਆਂ, ਧਰਨੇ ਦਿੱਤੇ। ਸਰਕਾਰ ਨੇ ਗੌਲਿਆ ਨਹੀਂ। ਫਿਰ ਉਨ੍ਹਾਂ ਨੇ ਦਿੱਲੀ ਆ ਕੇ ਆਪਣੇ ਧਰਨੇ ਸ਼ੁਰੂ ਕੀਤੇ, ਪਰ ਉਨ੍ਹਾਂ ਦੇ ਇਸ ਰੋਸ ਪ੍ਰਦਰਸ਼ਨ ਨੂੰ ਦਿੱਲੀ ਉਤੇ ਹਮਲੇ ਵਾਂਗ ਸਮਝਿਆ ਗਿਆ। ਜੇ ਇਹ ਬਿਲ ਹਫੜਾ-ਦਫੜੀ ਵਿਚ ਨਾ ਪੇਸ਼ ਕੀਤੇ ਹੁੰਦੇ, ਸਿਲੈਕਟ ਕਮੇਟੀ, ਰਿਵਾਇਵ ਕਮੇਟੀ ਕੋਲ ਭੇਜੇ ਜਾਂਦੇ, ਰਾਜ ਸਭਾ ਵਿਚ ਬਹਿਸ ਹੋ ਜਾਂਦੀ ਤਾਂ ਇਹ ਅੱਜ ਵਾਲੀ ਅਵਸਥਾ ਪੈਦਾ ਹੀ ਨਾ ਹੁੰਦੀ; ਸਗੋਂ ਰਾਜ ਸਭਾ ਵਿਚ ਸੰਵਿਧਾਨਕ ਮਰਿਆਦਾਵਾਂ ਦੀਆਂ ਧੱਜੀਆਂ ਉਡਾ ਦਿੱਤੀਆਂ।

ਸੋਚੀ ਸਮਝੀ ਚਾਲ ਦਿਖਾਈ ਦੇ ਰਹੀ ਹੈ ਕਿ ਸਰਕਾਰ ਇਸ ‘ਤੇ ਗੱਲ ਕਰਨ ਲਈ ਤਿਆਰ ਨਹੀਂ। ਸੰਯੁਕਤ ਮੋਰਚੇ ਨੇ ਲਾਲਾ ਕਿਲਾ ਕਾਂਡ ਤੋਂ ਆਪਣੇ ਆਪ ਨੂੰ ਅਲੱਗ ਕਰ ਲਿਆ, ਪਰ ਜੋ ਕੁਝ ਵਾਪਰਿਆ, ਉਸ ਦੀ ਜ਼ਿੰਮੇਵਾਰੀ ਵੀ ਲਈ, ਕਿਉਂਕਿ ਕਿਸਾਨ ਪਰੇਡ ਦੀ ਕਾਲ ਮੋਰਚੇ ਦੀ ਸੀ। ਇਸ ਬੇਚੈਨੀ ਦਾ ਮੁਖ ਕਾਰਨ ਹੈ ਕਿਸਾਨ ਵਿਰੋਧੀ ਕਾਨੂੰਨ, ਉਸ ਉਤੇ ਗੱਲ ਕਰਨ ਨੂੰ ਸਰਕਾਰ ਤਿਆਰ ਨਹੀਂ। ਸਰਕਾਰ ਦਾ ਆਪਣੇ ਲੋਕਾਂ ਪ੍ਰਤੀ ਇਹ ਰਵੱਈਆ ਠੀਕ ਨਹੀਂ। ਸਾਰੀ ਸਾਰੀ ਰਾਤ ਜਾਗ ਕੇ ਉਹ ਧਰਨੇ ਦੀ ਰਾਖੀ ਕਰਦੇ ਹਨ। ਤਰ੍ਹਾਂ ਤਰ੍ਹਾਂ ਨਾਲ ਮੋਰਚੇ ਨੂੰ ਭੰਗ ਕਰਨ ਦੀਆਂ ਸਾਜਿਸ਼ਾਂ ਰਚੀਆਂ ਜਾਂਦੀਆਂ ਹਨ। ਗੈਰ ਸਮਾਜੀ ਅਨਸਰ ਉਨ੍ਹਾਂ ਦੇ ਮੋਰਚੇ ਵਿਚ ਦਾਖਲ ਹੋ ਜਾਂਦੇ ਹਨ। ਫਿਰ ਵੀ ਉਹ ਹਿੰਸਕ ਨਹੀਂ ਹੁੰਦੇ, ਪਰ ਉਨ੍ਹਾਂ ਨੂੰ ਅਹਿੰਸਾ ਦਾ ਪਾਠ ਪੜ੍ਹਾਇਆ ਜਾਂਦਾ ਹੈ। ਸ਼ਾਹੀਨ ਬਾਗ ਵਿਚ ਇਹੋ ਹੋਇਆ ਸੀ। ਲੋਕਾਂ ਦੀ ਗੱਲ ਨਾ ਸੁਨਣ ਦਾ ਸਰਕਾਰ ਦਾ ਸੁਭਾਅ ਬਣ ਗਿਆ ਹੈ। ਨੋਟਬੰਦੀ, ਜੀ. ਐਸ. ਟੀ., ਐਨ. ਸੀ. ਆਰ., ਸੀ. ਏ. ਏ., ਧਾਰਾ 370 ਤੋੜਨਾ ਆਦਿ ਅਜਿਹੇ ਲੋਕ ਵਿਰੋਧੀ ਕਦਮ ਹਨ, ਜਿਥੇ ਸਰਕਾਰਾਂ ਨੇ ਲੋਕਾਂ ਨੂੰ ਨਹੀਂ ਸੁਣਿਆ; ਹੁਣ ਫਿਰ ਇਹੋ ਕਿਸਾਨੀ ਕਾਨੂੰਨਾਂ ਬਾਰੇ ਕੀਤਾ ਜਾ ਰਿਹਾ ਹੈ। ਇਹ ਲੋਕਤੰਤਰੀ ਸਰੋਕਾਰ ਨਹੀਂ, ਸਗੋਂ ਇਸ ਨੂੰ ਸਰਕਾਰ ਦੀ ਈਗੋ, ਹੰਕਾਰ ਤੇ ਤਾਨਾਸ਼ਾਹੀ ਫਾਸ਼ੀਵਾਦੀ ਰੁਚੀਆਂ ਦਾ ਪ੍ਰਦਰਸ਼ਨ ਕਿਹਾ ਜਾ ਸਕਦਾ ਹੈ। ਸਰਕਾਰ ਆਪਣੇ ਆਪ ਨੂੰ ਕਮਜ਼ੋਰ ਨਹੀਂ ਦਿਖਾਉਣਾ ਚਾਹੁੰਦੀ ਭਾਵੇਂ ਉਹ ਗਲਤ ਹੀ ਕਿਉਂ ਨਾ ਹੋਵੇ!

ਮੱਧ ਪ੍ਰਦੇਸ਼, ਗੁਜਰਾਤ ਵਰਗੇ ਸੂਬਿਆਂ ਵਿਚ ਰਾਮ ਮੰਦਿਰ ਦੇ ਨਾਂ ਉਤੇ ਚੰਦਾ ਇਕੱਠਾ ਕਰਨ ਦੀ ਆੜ ਵਿਚ ਮੁਸਲਮਾਨਾਂ ਦੀ ਕਾਲੋਨੀ ਵਿਚ ਵੜ ਕੇ ਉਨ੍ਹਾਂ ਦੀ ਮਾਰ ਕੁੱਟ ਕੀਤੀ ਜਾਂਦੀ ਹੈ। ਪੱਥਰ ਮਾਰ ਕੀਤੀ ਜਾਂਦੀ ਹੈ। ਕੀ ਉਥੇ ਉਤੇਜਨਾ ਦਾ ਕੋਈ ਮੁੱਦਾ ਨਹੀਂ? ਉਥੇ ਮੀਡੀਆ ਵੀ ਚੁੱਪ ਰਿਹਾ। ਦੂਜੇ ਪਾਸੇ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਵਿਚ ਹੋਈ ਥੋੜ੍ਹੀ ਜਿਹੀ ਹਿੰਸਾ ਨੂੰ ਵੀ ਸਾਰੇ ਅੰਦੋਲਨ ਨੂੰ ਹਿੰਸਕ ਕਰਾਰ ਦੇ ਕੇ ਉਨ੍ਹਾਂ ਦੇ ਅੰਦੋਲਨ ਨੂੰ ਖਤਮ ਕਰਨ ਦੇ ਹਥਕੰਡੇ ਵਰਤੇ ਜਾਂਦੇ ਹਨ। ਇਹ ਬੇਵਿਸ਼ਵਾਸੀ ਪੈਦਾ ਹੋਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰ ਸੋਧਾਂ ਕਰਨ, ਦੋ ਸਾਲ ਲਈ ਬਿਲਾਂ ਨੂੰ ਮੁਲਤਵੀ ਕਰਨ ਲਈ ਵੀ ਤਿਆਰ ਹੈ, ਪਰ ਵਾਪਸ ਨਹੀਂ ਲੈਣਾ ਚਾਹੁੰਦੀ। ਇਹੋ ਕਾਰਨ ਹੈ ਕਿ ਉਹ ਕਿਸਾਨ ਅੰਦੋਲਨ ਤੇ ਇਸ ਦੇ ਮਹੱਤਵ ਨੂੰ ਘਟਾ ਕੇ ਦੇਖਦੀ ਹੈ।

ਪਤਾ ਤਾਂ ਇਹ ਵੀ ਲੱਗਾ ਹੈ ਕਿ ਸਰਕਾਰ ਇਸ ਬਜਟ ਸ਼ੈਸਨ ਵਿਚ ਮਾਫ ਕੀਤੇ ਦੋਵੇਂ ਬਿਜਲੀ ਸੋਧ ਬਿਲ-2020 ਤੇ ਪ੍ਰਦੂਸ਼ਣ ਵਿਰੋਧੀ ਬਿੱਲ ਸਮੇਤ ਤੀਸਰਾ ਪੈਸਟੀਸਾਇਡਜ਼ ਬਿਲ ਵੀ ਲੈ ਕੇ ਆ ਰਹੀ ਹੈ। ਜਿਹੜੇ ਉਸ ਦੀ ਬਿਜਨੈਸ ਲਿਸਟ ਵਿਚ ਦਰਜ ਹਨ।


26 ਜਨਵਰੀ ਦੀ ਮੰਦਭਾਗੀ ਘਟਨਾ ਤੋਂ ਬਾਅਦ ਲਗਦਾ ਸੀ ਕਿ ਸਰਕਾਰ ਸ਼ਾਹੀਨ ਬਾਗ ਦੀ ਤਰ੍ਹਾਂ ਕਿਸਾਨ ਮੋਰਚੇ ਨੂੰ ਉਖੇੜਨ ਵਿਚ ਕਾਮਯਾਬ ਹੋ ਗਈ ਹੈ। ਰਾਤੋ ਰਾਤ 44 ਕਿਸਾਨ ਆਗੂਆਂ ‘ਤੇ ਇਰਾਦਾ ਕਤਲ ਸਮੇਤ ਦਰਜਨਾਂ ਮੁਕੱਦਮੇ ਦਰਜ ਕਰਨ, ਦੋ ਸੌ ਤੋਂ ਉਪਰ ਕਿਸਾਨ ਨੌਜਵਾਨਾਂ ਤੇ ਟਰੈਕਟਰਾਂ ਨੂੰ ਲਾਪਤਾ ਕਰ ਕਿਸਾਨਾਂ ‘ਤੇ ਆਪਣਾ ਦਮਨ ਚੱਕਰ ਚਲਾਉਣ ਵਿਚ ਕਾਮਯਾਬ ਰਹੀ। ਸਾਰੇ ਬਾਰਡਰਾਂ ‘ਤੇ ਬਿਜਲੀ-ਪਾਣੀ, ਨੈੱਟ ਦੀ ਸਪਲਾਈ ਬੰਦ ਕਰ ਦਿੱਤੀ। ਆਪਣੀ ਅਖੌਤੀ ਗੁੰਡਾ ਬ੍ਰਿਗੇਡ ਰਾਹੀਂ ਪੁਲਿਸ ਫੋਰਸ ਦੀ ਦੁਰਵਰਤੋਂ ਕਰਦਿਆਂ ਮੋਰਚਿਆਂ ‘ਤੇ ਲਗਾਤਾਰ ਹਮਲੇ ਕੀਤੇ। ਗਾਜੀਪੁਰ ਬਾਰਡਰ ‘ਤੇ ਤਾਂ ਦਿੱਲੀ, ਯੂ. ਪੀ. ਪੁਲਿਸ, ਰੈਪਿਡ ਫੋਰਸ ਸਮੇਤ ਅੱਥਰੂ ਗੈਸ ਤੇ ਜਲ ਤੋਪ ਵੈਨਾਂ ਦੇ, ਹੱਲਾ ਬੋਲ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਦੇ ਧਰਨੇ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਸਰਕਾਰ ਵਲੋਂ ਨੋਟਿਸ ਚਿਪਕਾ ਦਿੱਤਾ ਤੇ ਦਫਾ 144 ਲਾ ਦਿੱਤੀ। ਯੂ. ਪੀ., ਦਿੱਲੀ ਦੇ ਡੀ. ਐਮ. ਨੇ ਮੋਰਚਾ ਸੰਚਾਲਕ ਰਾਕੇਸ਼ ਟਿਕੈਤ ਨੂੰ ਗ੍ਰਿਫਤਾਰੀ ਵਰੰਟ ਦੇ ਕੇ ਉਸ ਉਤੇ ਮੋਰਚਾ ਚੁੱਕਣ ਤੇ ਗ੍ਰਿਫਤਾਰੀ ਦੇਣ ਲਈ ਦਬਾਅ ਬਣਾਇਆ। ਕੁਝ ਹੱਦ ਤਕ ਸਹਿਮਤੀ ਵੀ ਹੋ ਗਈ ਸੀ, ਪਰ ਜਦੋਂ ਭਾਜਪਾ ਦੇ ਵਿਧਾਇਕਾਂ ਤੇ ਉਨ੍ਹਾਂ ਦੀ ਕਥਿਤ ਗੁੰਡਾ ਬ੍ਰਿਗੇਡ ਨੇ ਮੋਰਚੇ ‘ਤੇ ਹੱਲਾ ਬੋਲਿਆ ਤੇ ਧਰਨਾਕਾਰੀਆਂ ਨੂੰ ਮਾਰਨਾ, ਕੁੱਟਣਾ ਤੇ ਟੈਂਟ ਪੁੱਟਣੇ ਸ਼ੁਰੂ ਕੀਤੇ ਤਾਂ ਟਿਕੈਤ ਨੇ ਇੱਕ ਦਮ ਪੈਂਤੜਾ ਬਦਲਦਿਆਂ ਕਿਹਾ ਕਿ ਪੁਲਿਸ ਕਾਨੂੰਨ ਅਨੁਸਾਰ ਜੋ ਬਣਦਾ ਐਕਸ਼ਨ ਕਰੇ, ਪਰ ਇਨ੍ਹਾਂ ਗੁੰਡਾ ਟੋਲਿਆਂ ਤੋਂ ਆਪਣੇ ਕਿਸਾਨਾਂ ਨੂੰ ਜ਼ਲੀਲ ਨਹੀਂ ਹੋਣ ਦੇਣਗੇ। ਉਹ ਉਸ ਨੂੰ ਗੋਲੀ ਮਾਰ ਸਕਦੇ ਹਨ, ਪਰ ਗ੍ਰਿਫਤਾਰ ਨਹੀਂ ਕਰ ਸਕਦੇ। ਉਨ੍ਹਾਂ ਜ਼ਜਬਾਤੀ ਐਲਾਨ ਕੀਤਾ ਕਿ ਉਹ ਉਦੋਂ ਤਕ ਦਿੱਲੀ ਦਾ ਪਾਣੀ ਤਕ ਨਹੀਂ ਪੀਣਗੇ, ਜਦੋਂ ਤਕ ਉਨ੍ਹਾਂ ਦੇ ਪਿੰਡਾਂ ਵਾਲੇ ਉਸ ਲਈ ਪਾਣੀ ਨਹੀਂ ਲੈ ਕੇ ਆਉਣਗੇ।

ਬਸ ਜਿਉਂ ਹੀ ਪੱਛਮੀ ਯੂ. ਪੀ. ਵਾਲਿਆਂ ਨੇ ਆਪਣੇ ਨੇਤਾ ਦੀਆਂ ਅੱਖਾਂ ਵਿਚ ਹੰਝੂ ਦੇਖੇ, ਉਹ ਰਾਤੋ ਰਾਤ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰ-ਟਰਾਲੀਆਂ, ਜੀਪਾਂ-ਕਾਰਾਂ ਰਾਹੀਂ ਪਾਣੀ ਤੇ ਖਾਣਾ ਲੈ ਕੇ ਗਾਜੀਪੁਰ ਧਰਨੇ ‘ਤੇ ਪਹੁੰਚ ਗਏ। ਫਿਰ ਤਾਂ ਪਾਣੀ ਲਿਆਉਣ ਦਾ ਸਿਲਸਿਲਾ ਚਲ ਪਿਆ। ਦਰਬਾਰ ਸਾਹਿਬ ਅੰਮ੍ਰਿਤਸਰ ਵਲੋਂ ਸਿੰਘ ਸਰੋਵਰ ਦਾ ਜਲ, ਸਿਰੋਪਾਓ ਤੇ ਚਾਂਦੀ ਦਾ ਗਿਲਾਸ ਲੈ ਕੇ ਆਏ। ਇਹ ਪਾਣੀ ਬਹੁਤ ਸਾਰੀਆਂ ਸਟੇਟਾਂ-ਹਰਿਆਣਾ, ਰਾਜਸਥਾਨ, ਪੰਜਾਬ, ਉਤਰਾਖੰਡ ਅਤੇ ਮੁਸਲਿਮ ਭਾਈਚਾਰੇ ਸਮੇਤ ਸੈਂਕੜੇ ਜਥੇਬੰਦੀਆਂ ਵਲੋਂ ਲਿਆਂਦਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰਾਂ ਨੇ ਉਘੇ ਕਲਾਕਾਰ ਰਵਿੰਦਰ ਗਰੇਵਾਲ ਤੇ ਪ੍ਰੋ. ਐਚ. ਐਸ. ਭੱਟੀ ਦੀ ਅਗਵਾਈ ਵਿਚ ਸਿਰੋਪਾਓ ਤੇ ਸਨਮਾਨ ਚਿੰਨ ਭੇਟ ਕੀਤਾ। ਪੰਜਾਬੀ ਕਲਾਕਾਰਾਂ-ਕੰਵਰ ਗਰੇਵਾਲ, ਹਰਫ ਚੀਮਾ, ਜੱਸ ਬਾਜਵਾ, ਸੋਨੀਆ ਮਾਨ ਤੇ ਕਈ ਹਿੰਦੂ ਜਥੇਬੰਦੀਆਂ ਨੇ ਵੀ ਫੁੱਲਾਂ ਦੇ ਹਾਰਾਂ, ਗੁਲਦਸਤਿਆਂ ਸਿਰੋਪਾਓ ਨਾਲ ਸਨਮਾਨ ਕੀਤਾ। ਪਹਿਲਵਾਨਾਂ ਦੇ ਅਖਾੜੇ ਵਲੋਂ ਗਦਾ ਭੇਟ ਕੀਤੀ ਗਈ।

ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਨੂੰ ਮੋੜ ਲਿਆਂਦਾ ਹੈ। ਬੇਥਾਹ ਮਿੱਟੀ ਦੇ ਜਾਇਆਂ ਦੀ ਕਦਮਚਾਲ ਨੇ ਗਾਜੀਪੁਰ ਦੀ ਅਵੈਧਤਾ ਚੁੱਕ ਦਿੱਤੀ ਸੀ। ਹਿੰਦੂ ਸਿੱਖ ਮੁਸਲਿਮ ਨੂੰ ਪਾਟੋਧਾੜ ਦੀ ਨੀਤੀ ਧਰਾਸ਼ਾਈ ਹੋ ਚੁੱਕੀ ਸੀ। ਗਾਇਕ ਰਵਿੰਦਰ ਗਰੇਵਾਲ ਨੇ ‘ਚੜ੍ਹ ਗਈ ਹੈ ਗੱਡੀ ਫਿਰ ਉਸੇ ਹੀ ਟਰੈਕ ’ਤੇ, ਮੋਰਚੇ ਵਿਚ ਜਾਨ ਪਾ ਗਏ ਅੱਥਰੂ ਟਿਕੈਤ ਦੇ’ ਬੋਲਾਂ ਰਾਹੀਂ ਪੰਜੇ ਮੋਰਚਿਆਂ ਦੀ ਮੁੜ ਸੁਰਜੀਤੀ ’ਤੇ ਖੁਸ਼ੀ ਜਾਹਰ ਕੀਤੀ। ਮੁੜ ਫਿਰ ਇਨ੍ਹਾਂ ਕਿਸਾਨ ਮੋਰਚਿਆਂ ’ਤੇ ਰੌਣਕਾਂ ਪਰਤ ਆਈਆਂ ਤੇ ਨਾਲ ਹੀ ਮੋਰਚੇ ਸੰਚਾਲਕਾਂ ਤੇ ਉਨ੍ਹਾਂ ਦੇ ਦੇਸ਼-ਵਿਦੇਸ਼ ਬੈਠੇ ਹਮਦਰਦ ਸਮਰਥਕਾਂ ’ਤੇ। ਪਿੰਡਾਂ ਦੀਆਂ ਪੰਚਾਇਤਾਂ ਵਲੋਂ ਮਤੇ ਪਾ ਕੇ ਜੁਰਮਾਨਿਆਂ ਦੇ ਐਲਾਨ ਨਾਲ ਕਿਸਾਨ ਮੋਰਚੇ ਦੀ ਹਾਜ਼ਰੀ ਯਕੀਨੀ ਬਣਾਈ ਜਾ ਰਹੀ ਹੈ।

# ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ

ਗੁਰੂ ਨਾਨਕ ਸਾਹਿਬ ਦਾ ਇਹ ਸਲੋਕ ਉਨ੍ਹਾਂ ਦੀ ਰਚੀ 'ਵਾਰ ਮਲਾਰ ਕੀ' ਦਾ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਨੇ ਆਗਾਹ ਕੀਤਾ ਹੈ ਕਿ ਹਰਨ, ਬਾਜ ਅਤੇ ਅਹਿਲਕਾਰ-ਇਨ੍ਹਾਂ ਨੂੰ ਪੜ੍ਹੇ ਹੋਏ ਅਰਥਾਤ ਸਿੱਖਿਅਤ ਮੰਨਿਆ ਜਾਂਦਾ ਹੈ; ਪਰ ਇਹ ਕਿਹੋ ਜਿਹੇ ਸਿੱਖਿਅਤ ਜਾਂ ਪੜ੍ਹੇ ਹੋਏ ਹੋਣਾ ਹੈ? ਕਿਉਂਕਿ ਇਹ ਸਿੱਖਿਆ ਤਾਂ ਫਾਹੀ ਬਣ ਜਾਂਦੀ ਹੈ, ਜਿਸ ਰਾਹੀਂ ਉਹ ਆਪਣੇ ਹੀ ਜਾਤਿ-ਭਰਾਵਾਂ ਜਾਂ ਸਾਥੀਆਂ ਨੂੰ ਫਸਾਉਂਦੇ ਹਨ ਅਤੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਅਜਿਹੇ ਵਿਅਕਤੀ ਕਬੂਲ ਨਹੀਂ ਹੁੰਦੇ। ਗੁਰੂ ਨਾਨਕ ਦੇਵ ਜੀ ਅਨੁਸਾਰ ਅਸਲੀ ਵਿਦਵਾਨ ਜਾਂ ਪੰਡਿਤ ਉਹ ਹੈ, ਜਿਸ ਨੇ ਆਪਣੇ ਅੰਦਰ ਨਾਮ ਦੀ ਕਮਾਈ ਕੀਤੀ ਹੈ; ਉਹ ਸਿਆਣਾ ਹੈ, ਕਿਉਂਕਿ ਉਹ ਆਪਣੇ ਜੀਵਨ ਨੂੰ ਨਾਮ ਦਾ ਅਨੁਸਾਰੀ ਬਣਾਉਂਦਾ ਹੈ। ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਪਹਿਲਾਂ ਜ਼ਮੀਨ ਦੇ ਅੰਦਰ ਜੜ੍ਹ ਜੰਮਦੀ ਹੈ ਅਤੇ ਫਿਰ ਉਸ ਤੋਂ ਰੁੱਖ ਉੱਗ ਕੇ



**ਡਾ. ਗੁਰਨਾਮ ਕੌਰ, ਕੈਨੇਡਾ**

ਬਾਹਰ ਛਾਂ ਦੇਣ ਜੋਗਾ ਹੁੰਦਾ ਹੈ। ਇਸ ਲਈ ਸੁਖਦਾਈ ਵਿੱਦਿਆ ਉਹ ਹੈ ਕਿ ਪਹਿਲਾਂ ਸਦੀਵੀ ਸੁੱਖ ਅਤੇ ਸੂਝ ਦੇਣ ਵਾਲਾ ਨਾਮ ਆਪਣੇ ਅੰਦਰ ਬੀਜੋ। ਗੁਰਬਾਣੀ ਅਨੁਸਾਰ ਸਤਿ, ਸੰਤੋਖ, ਗਿਆਨ, ਦਇਆ ਆਦਿ ਗੁਣ ਧਰਮੀ ਕਹਾਉਣ ਵਾਲੇ ਮਨੁੱਖ ਦੇ ਗੁਣ ਹਨ ਅਤੇ ਇਨ੍ਹਾਂ ਨੂੰ ਅਪਨਾਉਣਾ ਸਿੱਖ ਨੈਤਿਕਤਾ ਦਾ ਇੱਕ ਅਹਿਮ ਪੱਖ ਮੰਨਿਆ ਗਿਆ ਹੈ; ਇਨ੍ਹਾਂ ਗੁਣਾਂ ਦਾ ਆਧਾਰ ਨਾਮ ਹੈ, ਨਾਮ ਸਾਰੇ ਨੈਤਿਕ ਗੁਣਾਂ ਦਾ ਸੋਮਾ ਹੈ।

ਨਾਮ ਤੋਂ ਵਿਹੂਣੀ ਸਿੱਖਿਆ ਦਾ ਹਾਲ ਇਹ ਹੁੰਦਾ ਹੈ ਕਿ ਰਾਜੇ ਸ਼ੇਰਾਂ ਦੀ ਨਿਆਈਂ ਹਨ ਅਤੇ ਉਨ੍ਹਾਂ ਦੇ ਅਹਿਲਕਾਰ ਕੁੱਤੇ ਹਨ ਤੇ ਉਹ ਮਿਲ ਕੇ ਲੋਕਾਂ ਦਾ ਸ਼ਿਕਾਰ ਕਰਦੇ ਹਨ। ਜਿਵੇਂ ਸ਼ੇਰ ਆਪਣੀਆਂ ਨਹੁੰਦਰਾਂ ਨਾਲ ਸ਼ਿਕਾਰ ਕਰਦਾ ਹੈ, ਇਹ ਅਹਿਲਕਾਰ ਲੋਕਾਂ 'ਤੇ ਜ਼ੁਲਮ ਕਰਨ ਲਈ ਰਾਜਿਆਂ ਨੂੰ ਨਹੁੰਦਰਾਂ ਦਾ ਕੰਮ ਦਿੰਦੇ ਹਨ, ਜਿਨ੍ਹਾਂ ਰਾਹੀਂ ਰਾਜੇ ਲੋਕਾਂ ਦਾ ਘਾਤ ਕਰਦੇ ਅਤੇ ਉਨ੍ਹਾਂ ਦਾ ਲਹੂ ਪੀਂਦੇ ਹਨ। ਹਰ ਇੱਕ ਦੀ ਪਰਖ ਮਨੁੱਖ ਦੇ ਆਪਣੇ ਕੀਤੇ ਕੰਮਾਂ ਅਨੁਸਾਰ ਹੋਣੀ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿੱਥੇ ਮਨੁੱਖ ਦੀ ਕਰਨੀ ਦੀ ਪਰਖ ਹੁੰਦੀ ਹੈ, ਉਥੇ ਅਜਿਹੇ ਸਿੱਖਿਅਤ ਬੰਦਿਆਂ ਨੂੰ ਬੇਇਤਬਾਰੇ ਅਤੇ ਨੱਕ-ਵੱਢੇ ਸਮਝਿਆ ਜਾਂਦਾ ਹੈ-ਭਾਵ ਜਿਹੜੇ ਸਿੱਖਿਅਤ ਆਪਣੇ ਸਾਥੀਆਂ ਨੂੰ ਫਸਾਉਣ ਦਾ ਕੰਮ ਕਰਦੇ ਹਨ, ਉਹ ਸਿੱਖਿਅਤ ਹੋ ਕੇ ਵੀ ਵਿਸ਼ਵਾਸ ਯੋਗ ਨਹੀਂ ਮੰਨੇ ਜਾਂਦੇ।

ਨਵੰਬਰ 2020 ਅਨੁਸਾਰ ਭਾਰਤ ਦੇ 28 ਪ੍ਰਾਂਤ ਅਤੇ 8 ਕੇਂਦਰ ਸ਼ਾਸਤ ਖੇਤਰ ਹਨ। ਹਰ ਖਿੱਤੇ ਦੀਆਂ ਫਸਲਾਂ, ਬੋਲੀ, ਪਹਿਰਾਵਾ, ਖਾਣ-ਪਾਣ, ਰਹਿਣ-ਸਹਿਣ, ਤਿੱਥ-ਤਿਉਹਾਰ ਵੱਖੋ-ਵੱਖਰਾ ਅਤੇ ਭਾਤ-ਸੁਭਾਂਤਾ ਹੈ। ਇਸ ਦੇ ਨਾਲ ਹੀ ਭਾਰਤ ਬਹੁ-ਭਾਸ਼ਾਈ, ਬਹੁ-ਸਭਿਆਚਾਰਕ ਹੋਣ ਦੇ ਨਾਲ ਨਾਲ ਬਹੁ-ਧਰਮੀ ਮੁਲਕ ਹੈ। ਪਾਕਿਸਤਾਨ ਬਣ ਜਾਣ ਤੋਂ ਬਾਅਦ ਇਸ ਵਿਚ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੀ ਬਹੁ-ਗਿਣਤੀ ਹੈ ਅਤੇ ਘੱਟ-ਗਿਣਤੀ ਭਾਈਚਾਰੇ ਵੱਜੋਂ ਦੂਸਰਾ ਮੁਸਲਿਮ ਭਾਈਚਾਰਾ ਹੈ। ਬਾਕੀ ਭਾਈਚਾਰਿਆਂ ਵਿਚੋਂ ਸਿੱਖਾਂ ਦੀ ਗਿਣਤੀ 20.8 ਮਿਲੀਅਨ ਅਤੇ ਕੁੱਲ ਜਨਸੰਖਿਆ ਦਾ ਕਰੀਬ 1.72% ਹੈ; ਇਸ ਵਿਚ ਈਸਾਈ, ਬੋਧੀ ਅਤੇ ਜੈਨ ਧਰਮ ਵੀ ਵਿਆਪਕ ਰੂਪ ਵਿਚ ਹਨ। ਇੱਕ ਵਿਸ਼ਾਲ ਮੁਲਕ ਹੋਣ ਦੇ ਨਾਤੇ ਭੂਗੋਲਿਕ ਦੂਰੀਆਂ ਕਾਰਨ ਇੱਕ ਖਿੱਤੇ ਦੇ ਸਭਿਅਚਾਰ ਤੋਂ ਦੂਰ-ਦੁਰਾਡੇ ਦੇ ਸਭਿਆਚਾਰਾਂ ਨਾਲ ਉਸ ਕਿਸਮ ਦਾ ਆਦਾਨ-ਪ੍ਰਦਾਨ ਅਤੇ ਅੰਤਰ-ਸੰਵਾਦ ਵਿਆਪਕ ਪੱਧਰ 'ਤੇ ਨਹੀਂ ਉਸਰ ਸਕਿਆ। ਭਾਵੇਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਸਿੱਖ ਵੱਸਦੇ ਹਨ, ਪਰ ਗੁਰੂ ਨਾਨਕ ਸਾਹਿਬ ਵੱਲੋਂ ਪਿਤਰੀ ਖਿੱਤਾ ਹੋਣ ਕਰਕੇ ਸਿੱਖ ਧਰਮ ਦੀ ਨੀਂਹ ਪੰਜਾਬ ਵਿਚ ਰੱਖੀ ਗਈ ਸੀ; ਇਸ ਲਈ ਸਿੱਖ ਧਰਮ ਬਹੁਤਾ ਕਰਕੇ ਪੰਜਾਬ ਤੱਕ ਹੀ ਮਹਿਦੂਦ ਰਿਹਾ ਹੈ। ਸਾਡੇ ਧਾਰਮਿਕ ਅਦਾਰੇ, ਖਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਨ੍ਹਾਂ 'ਤੇ ਧਰਮ ਪ੍ਰਚਾਰ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ, ਨੇ ਕਦੇ ਵੀ ਇਸਾਈ ਮਿਸ਼ਨਰੀਆਂ ਵਾਂਗ ਧਰਮ ਪ੍ਰਚਾਰ ਵੱਲ ਧਿਆਨ ਨਹੀਂ ਦਿੱਤਾ, ਜਿਸ ਰਾਹੀਂ ਭਾਰਤ ਦੇ ਬਾਕੀ ਖਿੱਤਿਆਂ ਦੇ ਗੈਰ-ਸਿੱਖ ਭਾਈਚਾਰਿਆਂ ਤੱਕ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਸਹੀ ਢੰਗ ਨਾਲ ਪੁਜਦਾ ਕੀਤਾ ਜਾਂਦਾ। ਇਸ ਦੀ ਖਾਸ ਵਜ੍ਹਾ ਇਨ੍ਹਾਂ ਅਦਾਰਿਆਂ ਵੱਲੋਂ ਆਪਣਾ ਬਹੁਤਾ ਧਿਆਨ ਧਰਮ ਪ੍ਰਚਾਰ ਨਾਲੋਂ ਰਾਜਨੀਤੀ 'ਤੇ ਕੇਂਦਰਤ ਕਰਨਾ ਹੈ, ਕਿਉਂਕਿ 'ਵੋਟਾਂ ਦੀ ਰਾਜਨੀਤੀ' ਭਾਰੂ ਹੋਣ ਕਰਕੇ ਰਾਜਨੀਤਕ ਪਾਰਟੀਆਂ ਦਾ ਗਲਬਾ ਹੈ। ਸਾਡੇ ਵੱਡੇ ਵੱਡੇ ਧਾਰਮਿਕ ਅਦਾਰੇ ਹੋਣ ਦੇ ਬਾਵਜੂਦ ਅਸੀਂ ਪੰਜਾਬ ਤੋਂ ਬਾਹਰ ਕਦੇ ਭਾਰਤ ਦੇ ਬਾਕੀ ਲੋਕਾਂ ਨੂੰ ਸਿੱਖ ਕਦਰਾਂ-ਕੀਮਤਾਂ ਅਤੇ ਸਭਿਆਚਾਰ ਦੀ ਆਤਮਾ ਦੇ ਦਰਸ਼ਨ ਸਹੀ ਢੰਗ ਨਾਲ ਕਰਾ ਹੀ ਨਹੀਂ ਸਕੇ।

ਪਿਛਲੇ ਅੱਠ ਮਹੀਨੇ ਤੋਂ ਕਿਸਾਨ ਅੰਦੋਲਨ ਪੰਜਾਬ ਵਿਚ ਚੱਲ ਰਿਹਾ ਹੈ ਅਤੇ 65 ਦਿਨ ਹੋ ਚੱਲੇ ਹਨ ਦਿੱਲੀ ਦੀ ਫਿਰਨੀ 'ਤੇ ਬੈਠਿਆਂ। ਅਸੀਂ ਪਹਿਲਾਂ ਵੀ ਇਸ ਤੱਥ ਦਾ ਕਈ ਵਾਰ ਜ਼ਿਕਰ ਕਰ ਚੁਕੇ ਹਾਂ ਕਿ ਕਿਸ ਤਰ੍ਹਾਂ ਪੰਜਾਬ ਤੋਂ ਸ਼ੁਰੂ ਹੋ ਕੇ ਇਹ ਅੰਦੋਲਨ ਪੂਰੇ ਹਿੰਦੋਸਤਾਨ ਦਾ ਅੰਦੋਲਨ ਬਣ ਗਿਆ ਅਤੇ ਦਿੱਲੀ ਦੀ ਫਿਰਨੀ 'ਤੇ ਚਾਰ-ਚੁਫੇਰੇ ਕਿਸਾਨਾਂ ਨੇ ਡੇਰੇ ਲਾ ਲਏ। ਪੰਜਾਬ ਦੇ ਕਿਸਾਨ ਕੁੰਡਲੀ, ਸਿੰਘੂ ਅਤੇ ਟਿੱਕਰੀ ਬਾਰਡਰ 'ਤੇ ਜ਼ਿਆਦਾ ਗਿਣਤੀ ਵਿਚ ਬੈਠੇ ਹਨ, ਕਿਉਂਕਿ ਇਹ ਸ਼ਾਹ-ਰਾਹ ਪੰਜਾਬ ਨੂੰ ਦਿੱਲੀ ਨਾਲ ਜੋੜਦੇ ਹਨ। ਇਨ੍ਹਾਂ ਬਾਰਡਰਾਂ 'ਤੇ ਹੀ ਬਾਕੀ ਖਿੱਤਿਆ ਦੇ ਕਿਸਾਨ, ਕਿਸਾਨ ਅੰਦੋਲਨ ਵਿਚ ਦਿਲਚਸਪੀ ਰੱਖਣ ਵਾਲੇ ਦੂਜੇ ਖਿੱਤਿਆਂ ਦੇ ਆਮ ਸ਼ਹਿਰੀ, ਦਿੱਲੀ ਜਾਂ ਹਰਿਆਣੇ ਦੇ ਆਮ ਲੋਕਾਂ ਦਾ ਪੰਜਾਬੀ ਕਿਸਾਨ ਭਾਈਚਾਰੇ ਨਾਲ ਵਾਹ ਪੈਂਦਾ ਹੈ। ਗੁਰੂ ਬਖਸ਼ਿਸ਼ ਨਾਲ ਸਾਨੂੰ ਸੇਵਾ, ਸਬਰ, ਸੰਤੋਖ, ਦਇਆ, ਹਲੀਮੀ, ਬਰਾਬਰੀ, ਭਾਈਚਾਰਕ ਸਾਂਝ ਦਾ ਕੀਮਤ-ਵਿਧਾਨ, ਸਿੱਖ ਸਭਿਆਚਾਰ ਅਤੇ ਜੀਵਨ ਜਾਚ ਦੇ ਤੌਰ 'ਤੇ ਪ੍ਰਾਪਤ ਕਰਾਇਆ ਗਿਆ ਹੈ। ਇਸ ਦਾ ਅਸੀਂ ਆਪਣੇ ਧਾਰਮਿਕ ਅਦਾਰਿਆਂ, ਸਮਾਗਮਾਂ, ਸੰਸਥਾਵਾਂ ਵਿਚ ਤਾਂ ਭਾਵੇਂ ਲਗਾਤਾਰ ਪ੍ਰਕਾਸ਼ਨ ਕਰਦੇ ਆਏ ਹਾਂ, ਪਰ ਇਹ ਇਕ ਸੀਮਤ ਦਾਇਰੇ ਵਿਚ ਪ੍ਰਗਟ ਹੁੰਦਾ ਰਿਹਾ ਸੀ।

ਸਾਡੇ ਇਸ ਕੀਮਤ-ਵਿਧਾਨ ਦਾ ਵਿਸ਼ਾਲ ਪ੍ਰਗਟਾਵਾ ਅਤੇ ਸੰਚਾਰ ਇਸ ਕਿਸਾਨ ਅੰਦੋਲਨ ਰਾਹੀਂ ਸਾਰੇ ਹਿੰਦੋਸਤਾਨ ਦੀ ਜਨਤਾ ਨੇ ਦੇਖਿਆ, ਮਾਣਿਆ ਅਤੇ ਸਲਾਹਿਆ। ਇਸ ਸਾਰੇ ਵਰਤਾਰੇ ਦਾ ਪ੍ਰਤੱਖਣ ਹਰਿਆਣਾ ਪੁਲਿਸ ਵੱਲੋਂ ਲਾਏ ਨਾਕਿਆਂ, ਉਸਾਰੇ ਅੜਿੱਕਿਆਂ ਦੇ ਟੁੱਟ ਜਾਣ ਉਪਰੰਤ ਹਰਿਆਣੇ ਵਿਚ ਦਾਖਲ ਹੋਣ 'ਤੇ ਹੀ ਸ਼ੁਰੂ ਹੋ ਗਿਆ ਸੀ, ਜਦੋਂ ਪੰਜਾਬ ਦੇ ਕਿਸਾਨਾਂ ਨੇ ਭਾਈ ਘਨੱਈਆ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ, ਅੜਿੱਕੇ ਡਾਹੁਣ ਵਾਲੇ ਪੁਲਿਸ ਕਰਮੀਆਂ ਨੂੰ ਪ੍ਰਸ਼ਾਦੇ ਅਤੇ ਚਾਹ-ਪਾਣੀ ਦੇ ਲੰਗਰ ਛਕਾਏ। ਉਹ ਵਾਰ ਵਾਰ ਆਪਣੇ ਨੌਜੁਆਨਾਂ ਨੂੰ ਇਸ ਗੱਲ ਦਾ ਚੇਤਾ ਕਰਾਉਂਦੇ ਰਹੇ ਕਿ ਪੁਲਿਸ ਵਾਲੇ ਆਪਣੇ ਹੀ ਬੱਚੇ ਹਨ ਅਤੇ ਨੌਕਰੀ ਕਰਨ ਦਾ ਆਪਣਾ ਫਰਜ਼ ਨਿਭਾ ਰਹੇ ਹਨ, ਕਿਸਾਨਾਂ ਦੀ ਇਨ੍ਹਾਂ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ ਹੈ, ਕਿਸਾਨਾਂ ਦੇ ਬੱਚੇ ਹਨ। ਇਨ੍ਹਾਂ ਨਾਲ ਕੋਈ ਝਗੜਾ ਨਹੀਂ ਕਰਨਾ ਅਤੇ ਨਾ ਹੀ ਕਿਸੇ ਕਿਸਮ ਦੀ ਹਿੰਸਾ ਕਰਨੀ ਹੈ।

ਇਨ੍ਹਾਂ ਬਾਰਡਰਾਂ 'ਤੇ ਵਸਾਏ ਆਪਣੇ ਟਰਾਲੀ-ਪਿੰਡਾਂ ਵਿਚ ਉਨ੍ਹਾਂ ਨੇ ਸੜਕਾਂ ਤੋਂ ਗੁਜ਼ਰਨ ਵਾਲੀਆਂ, ਬੱਚੀਆਂ, ਔਰਤਾਂ ਅਤੇ ਹੋਰ ਰਾਹਗੀਰਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ, ਕਿਸੇ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ। ਉਨ੍ਹਾਂ ਨੇ ਜ਼ਾਬਤੇ, ਸਬਰ-ਸੰਤੋਖ ਅਤੇ ਅਨੁਸ਼ਾਸਨ ਨਾਲ ਮੋਰਚਾ ਚਲਾਉਂਦਿਆਂ ਸਾਰੀ ਦੁਨੀਆਂ ਨੂੰ ਦੱਸ ਦਿੱਤਾ ਕਿ ਕਿਸਾਨ ਹੋਣ ਦੇ ਨਾਲ ਨਾਲ ਉਹ ਹਰ ਇੱਕ ਦੇ ਮਾਣ-ਸਨਮਾਨ ਦੀ ਰਾਖੀ ਕਰਨ ਵਾਲੇ ਗੁਰੂ ਵਰੋਸਾਏ ਸਿੱਖ ਹਨ। ਧਰਨੇ 'ਤੇ ਖਾਲਸਾ ਏਡ ਸੁਸਾਇਟੀ, ਵੱਖ ਵੱਖ ਕਾਰ-ਸੇਵਾ ਸੰਸਥਾਵਾਂ, ਮੈਡੀਕਲ ਅਦਾਰੇ ਅਤੇ ਦੇਸ਼-ਵਿਦੇਸ਼ ਵਿਚ ਬੈਠੇ ਸਿੱਖਾਂ ਵੱਲੋਂ ਦਸਵੰਧ ਨਾਲ ਲੰਗਰ, ਦਵਾਈਆਂ ਤੇ ਹੋਰ ਹਰ ਤਰ੍ਹਾਂ ਦੀਆਂ ਜ਼ਰੂਰਤਾਂ ਦੀ ਸੇਵਾ ਕਰਦਿਆਂ ਦੁਨੀਆਂ ਭਰ ਦੇ ਸਾਹਮਣੇ ਸਿੱਖ ਹੋਣ ਦੀ ਉਹ ਅਸਲ ਤਸਵੀਰ ਪ੍ਰਕਾਸ਼ਿਤ ਕਰ ਦਿੱਤੀ, ਜੋ ਸਾਡੇ ਧਾਰਮਿਕ ਅਦਾਰੇ ਸਾਧਨ-ਸਮਰੱਥ ਹੁੰਦਿਆਂ ਵੀ ਦੁਨੀਆਂ ਨੂੰ ਨਹੀਂ ਸਨ ਦਿਖਾ ਸਕੇ ਕਿ ਸਿੱਖ ਦੀ ਅਸਲੀਅਤ ਕੀ ਹੈ!

ਇਹ ਧਰਨੇ ਦਿੱਲੀ ਦੀ ਫਿਰਨੀ 'ਤੇ 25-26 ਨਵੰਬਰ ਤੋਂ ਚੱਲ ਰਹੇ ਹਨ ਅਤੇ ਇਸ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਹਾੜਾ, ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਆਏ। ਵੱਖ ਵੱਖ ਪ੍ਰਾਂਤਾਂ ਤੋਂ ਆਏ ਕਿਸਾਨਾਂ ਸਮੇਤ ਦਿੱਲੀ, ਹਰਿਆਣੇ ਦੇ ਕਿਸਾਨਾਂ ਅਤੇ ਬਾਕੀ ਸਾਰਿਆਂ ਨਾਲ ਮਿਲ ਕੇ ਇਹ ਦਿਹਾੜੇ ਮਨਾਉਂਦਿਆਂ ਜਿੱਥੇ ਆਪਣੇ ਇਤਿਹਾਸ ਤੋਂ ਵੱਡੀ ਪੱਧਰ 'ਤੇ ਸਭ ਨੂੰ ਜਾਣੂ ਕਰਾਇਆ, ਉਥੇ ਸਾਰੇ ਬੁੱਧੀਜੀਵੀਆਂ-ਗੱਲ ਕੀ ਹਰ ਵਰਗ ਦੇ ਲੋਕਾਂ ਨੇ ਜਾਤ-ਪਾਤ, ਧਰਮ ਅਤੇ ਹੋਰ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉੱਤੇ ਉੱਠ ਕੇ ਇਸ ਅੰਦੋਲਨ ਵਿਚ ਆਪਣਾ ਯੋਗਦਾਨ ਪਾਇਆ ਹੈ ਤੇ ਪਾ ਰਹੇ ਹਨ, ਉਥੇ ਹੀ ਦਿੱਲੀ ਦੇ ਸਥਾਨਕ ਭਾਈਚਾਰਿਆਂ ਨੇ ਵੀ ਹਰ ਰੋਜ਼ ਕਿਸੇ ਨਾ ਕਿਸੇ ਰੂਪ ਵਿਚ ਸ਼ਿਰਕਤ ਕੀਤੀ, ਆਸ-ਪਾਸ ਦੇ ਦੁਕਾਨਦਾਰਾਂ, ਢਾਬਿਆਂ, ਰੈਸਟੋਰੈਂਟਾਂ ਦੇ ਮਾਲਕਾਂ ਨੇ ਕਿਸਾਨਾਂ ਨੂੰ ਸਹਿਯੋਗ ਦਿੱਤਾ। ਜਦੋਂ ਮੁਸਲਮਾਨ, ਹਿੰਦੂ, ਸਿੱਖ ਸਭ ਰਲ-ਮਿਲ ਕੇ ਸੇਵਾ ਕਰ ਰਹੇ ਸਨ, ਇਉਂ ਲੱਗਦਾ ਸੀ ਕਿ 'ਸਭੈ ਸਾਝੀਵਾਲ ਸਦਾਇਨ'



ਦਾ ਮਹਾਵਾਕ ਪੂਰਾ ਹੋ ਰਿਹਾ ਹੈ।

ਗੋਦੀ ਮੀਡੀਆ ਨੇ ਅਤਿਵਾਦੀ, ਵੱਖਵਾਦੀ, ਖਾਲਿਸਤਾਨੀ, ਅਰਬਨ ਨਕਸਲ, ਟੁਕੜੇ ਟੁਕੜੇ ਗੈਂਗ, ਪਾਕਿਸਤਾਨੀ, ਚੀਨੀ, ਵਿਦੇਸ਼ੀ ਹੱਥ ਆਦਿ ਬਹੁਤ ਹਥਕੰਡੇ ਵਰਤ ਕੇ ਅੰਦੋਲਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਕਿਸਾਨਾਂ ਦੇ ਵਤੀਰੇ ਅਤੇ ਦੂਸਰੇ ਪ੍ਰਾਂਤਾਂ, ਖਾਸ ਕਰਕੇ ਹਰਿਆਣੇ ਦੇ ਕਿਸਾਨਾਂ ਦੇ ਸਹਿਯੋਗ ਨੇ ਹਰ ਫਤਵੇ ਨੂੰ ਢੁਕਵੇਂ ਤਰੀਕਿਆਂ ਨਾਲ ਨਕਾਰਿਆ। ਨੌਜੁਆਨਾਂ ਨੇ ਆਪਣੀ ਵੈਬ-ਸਾਈਟ ਕਾਇਮ ਕਰਕੇ, ਆਪਣਾ ਅਖਬਾਰ 'ਟਰਾਲੀ ਟਾਈਮਜ਼' ਕੱਢ ਕੇ ਹਰ ਸਵਾਲ ਦਾ, ਹਰ ਖਬਰ ਦਾ ਢੁਕਵਾਂ ਉੱਤਰ ਦਿੱਤਾ। ਪੰਜਾਬੀ ਮੀਡੀਆ, ਐਨ. ਡੀ. ਟੀ. ਵੀ., ਵਾਇਰ ਅਤੇ ਹੋਰ ਸੋਸ਼ਲ ਮੀਡੀਆ ਨੇ ਰੱਜ ਕੇ ਸਾਥ ਦਿੱਤਾ। ਮੋਦੀ ਸਰਕਾਰ ਅਤੇ ਗੋਦੀ ਮੀਡੀਆ ਨੇ ਸਾਰਾ ਜ਼ੋਰ ਲਾ ਕੇ ਦੇਖ ਲਿਆ ਸੀ, ਪਰ ਉਹ ਕਿਸਾਨ ਅੰਦੋਲਨ ਨੂੰ ਵਿਚਲਿਤ ਕਰਨ ਵਿਚ ਕਾਮਯਾਬ ਨਹੀਂ ਹੋ ਰਹੇ ਸਨ। ਹਰਿਆਣਾ ਅਤੇ ਪੰਜਾਬ ਬਿਲਕੁਲ ਇੱਕਮੁੱਠ ਹੋ ਕੇ ਛੋਟੇ ਤੇ ਵੱਡੇ ਭਰਾ ਬਣ ਕੇ ਇੱਕ-ਦੂਜੇ ਨੂੰ ਸੰਬੋਧਨ ਕਰ ਰਹੇ ਹਨ। ਭਾਜਪਾਈਆਂ ਵੱਲੋਂ ਸਤਲੁਜ-ਯਮੁਨਾ ਲਿੰਕ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਹਰਿਆਣੇ ਦੇ ਕਿਸਾਨਾਂ ਨੇ ਇਸ ਮੁੱਦੇ ਨੂੰ ਇਹ ਕਹਿ ਕੇ ਨਕਾਰ ਦਿੱਤਾ ਕਿ ਜੇ ਜ਼ਮੀਨ ਰਹੇਗੀ ਇਸ ਬਾਰੇ ਸੋਚ ਲਵਾਂਗੇ, ਪਹਿਲਾਂ ਆਪਣੀ ਜ਼ਮੀਨ ਬਚਾਉਣੀ ਹੈ।

ਭਾਰਤ ਵਾਸੀਆਂ ਨੂੰ ਇਹ ਸੰਦੇਸ਼ ਵੀ ਦਿੱਤਾ ਕਿ ਸਿੱਖ ਵੱਖਵਾਦੀ ਜਾਂ ਅਤਿਵਾਦੀ ਨਹੀਂ ਹਨ; ਉਹ ਤਾਂ ਗੁਰੂ ਦੇ ਦਿੱਤੇ ਸਿਧਾਂਤ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਨੂੰ ਪ੍ਰਣਾਏ ਹੋਏ ਗੁਰੂ ਦੇ ਸਿੱਖ ਹਨ। ਸਿੱਖ ਨੂੰ ਗੁਰੂ ਨੇ ਆਦੇਸ਼ ਕੀਤਾ ਹੈ ਕਿ ਉਸ ਨੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸਿਧਾਂਤ ਅਨੁਸਾਰ ਕਿਸੇ ਨੂੰ ਡਰਾਉਣਾ ਵੀ ਨਹੀਂ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਕਿਸੇ ਨੂੰ ਨਾ ਡਰਾਉਣਾ 'ਭੈ ਕਾਹੂ ਕਉ ਦੇਤ ਨਹਿ', ਕਿਸੇ ਤੋਂ ਡਰਨਾ ਨਹੀਂ 'ਨਹਿ ਭੈ ਮਾਨਤ ਆਨ' ਤੋਂ ਪਹਿਲਾਂ ਆਉਂਦਾ ਹੈ ਅਤੇ ਦੋਹਾਂ ਦਾ ਸੁਮੇਲ ਸਿੱਖ ਦੀ ਪੂਰਨ ਸ਼ਖਸੀਅਤ ਦੀ ਘਾੜਤ ਘੜਨ ਵਿਚ ਸਹਾਈ ਹੁੰਦਾ ਹੈ।

ਡਾ. ਸਵੈਮਾਨ ਸਿੰਘ ਵਰਗੇ ਗੁਰੂ ਸਵਾਰੇ ਵਿਅਕਤੀ, ਜਿਸ ਨੇ ਆਪਣੇ ਵਰਗੇ ਸੇਵਾ ਨੂੰ ਪ੍ਰਣਾਏ ਹੋਰਾਂ ਨੂੰ ਨਾਲ ਜੋੜ ਕੇ ਨਾ ਸਿਰਫ ਆਪਣੇ-ਪਰਾਏ ਦੇ ਭੇਦ ਨੂੰ ਮਿਟਾ ਕੇ ਕਿਸਾਨ ਬਜੁਰਗਾਂ, ਬੱਚਿਆਂ, ਬੀਬੀਆਂ, ਜੁਆਨਾਂ ਦੀ ਡਾਕਟਰੀ ਸੇਵਾ ਕਰਨ ਲਈ ਆਪਣਾ ਕੀਮਤੀ ਸਮਾਂ ਸਮਰਪਿਤ ਕੀਤਾ, ਸਗੋਂ 'ਕੈਲੀਫੋਰਨੀਆ ਪਿੰਡ' ਵਸਾ ਕੇ ਲੋਕਾਂ ਲਈ ਰੈਣ-ਵਸੇਰੇ ਦੇ ਨਾਲ ਨਾਲ ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਾਉਣ ਦੇ ਅਨੇਕ ਤਰ੍ਹਾਂ ਦੇ ਉਪਰਾਲੇ ਕੀਤੇ ਹਨ। ਉਸ ਨੇ ਦੁਨੀਆਂ ਭਰ ਨੂੰ ਦਿਖਾ ਦਿੱਤਾ ਕਿ ਆਪਣੇ ਲੋਕਾਂ ਨੂੰ ਔਖੀ ਘੜੀ ਵਿਚ ਦੇਖ ਕੇ ਕਿਵੇਂ ਇੱਕ ਸਿੱਖ ਆਪਣੀ ਲੱਖਾਂ ਡਾਲਰਾਂ ਦੀ ਨੌਕਰੀ ਛੱਡ ਕੇ ਸੇਵਾ ਵਿਚ ਜੁੱਟ ਸਕਦਾ ਹੈ। ਪੰਜਾਬੀ ਅਤੇ ਸਿੱਖ ਨੌਜੁਆਨਾਂ ਦੇ ਮੱਥੇ 'ਤੇ ਲੱਗੇ ਕਈ ਕਲੰਕ ਦਿਨਾਂ ਵਿਚ ਧੋ ਦੇਣ ਦਾ ਇਸ ਕਿਸਾਨ ਅੰਦੋਲਨ ਨੇ ਉਹ ਕੰਮ ਕੀਤਾ, ਜੋ ਰਾਜਨੀਤਕ ਨੇਤਾ ਧਾਰਮਿਕ ਸਹੁੰਆਂ ਖਾ ਕੇ ਨਹੀਂ ਕਰ ਸਕੇ। ਕਿਸਾਨ ਮੋਰਚਿਆਂ ਵਿਚ ਹਰ ਇੱਕ ਦਾ ਸਵਾਗਤ ਬਿਨਾ ਕਿਸੇ ਵਿਤਕਰੇ ਦੇ ਕੀਤਾ ਗਿਆ। ਆਸ-ਪਾਸ ਦੇ ਗਰੀਬ ਬੱਚਿਆਂ ਨੂੰ ਪੜ੍ਹਾਉਣ ਦਾ ਪ੍ਰਬੰਧ ਕਰਕੇ ਸਾਬਤ ਕਰ ਦਿੱਤਾ ਕਿ ਗੁਰੂ ਨਾਨਕ ਦੇ ਵਾਰਸਾਂ ਨੂੰ 'ਸਭ ਮਹਿ ਜੋਤ ਜੋਤਿ ਹੈ ਸੋਇ' ਨਜ਼ਰ ਆਉਂਦੀ ਹੈ। ਕਿਸਾਨ ਮੋਰਚੇ ਨੇ ਦਿਖਾ ਦਿੱਤਾ ਕਿ ਖੇਤੀ ਸਾਡੇ ਲਈ ਮਹਿਜ ਇੱਕ ਕਿੱਤਾ ਨਹੀਂ ਹੈ, ਗੁਰੂ ਨਾਨਕ ਵੱਲੋਂ ਬਖਸ਼ੀ ਇੱਕ ਜੀਵਨ-ਜਾਚ ਹੈ।

ਜਿੱਥੇ ਪੰਜਾਬ ਦੇ ਹਿੰਦੂ, ਮੁਸਲਮਾਨ, ਇਸਾਈ ਆਦਿ ਭਾਈਚਾਰੇ, ਗਾਇਕਾਂ, ਕਲਾਕਾਰਾਂ, ਕਿਰਤੀਆਂ, ਦੁਕਾਨਦਾਰਾਂ, ਵਿਦਿਆਰਥੀਆਂ, ਅਧਿਆਪਕਾਂ, ਡਾਕਟਰਾਂ, ਨਰਸਾਂ, ਪੱਤਰਕਾਰਾਂ,

ਖੇਤੀ ਸਿਰਫ ਪੰਜਾਬ ਦੀ ਹੀ ਨਹੀਂ, ਸਾਰੇ ਹਿੰਦੁਸਤਾਨ ਦੀ ਜੀਵਨ ਰੇਖਾ ਹੈ। ਕੁੱਲ ਜਨ-ਸੰਖਿਆ ਦਾ 70% ਹਿੱਸਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਖੇਤੀ ਦੇ ਕਿੱਤੇ 'ਤੇ ਨਿਰਭਰ ਕਰਦਾ ਹੈ: ਜਿੱਥੇ ਕਿਸਾਨ ਅਤੇ ਖੇਤ ਮਜ਼ਦੂਰ ਆਪਣੀ ਉਪਜੀਵਿਕਾ ਲਈ ਖੇਤੀ 'ਤੇ ਨਿਰਭਰ ਹੈ, ਉਥੇ ਹੀ ਖੇਤੀ ਮਸ਼ੀਨਰੀ ਜਿਵੇਂ ਟਰੈਕਟਰ, ਕੰਬਾਈਨ ਰੀਪਰ ਅਤੇ ਹੋਰ ਬਹੁਤ ਕਿਸਮ ਦੇ ਖੇਤੀ-ਸੰਦ ਬਣਾਉਣ ਵਾਲੇ, ਇਨ੍ਹਾਂ ਦੀ ਮੁਰੰਮਤ ਕਰਨ ਵਾਲੇ ਉਦਯੋਗ ਵੀ ਖੇਤੀ 'ਤੇ ਨਿਰਭਰ ਕਰਦੇ ਹਨ। ਹੁਣ ਤੱਕ ਇਹ ਬਿਲਕੁਲ ਸਭ ਨੂੰ ਸਮਝ ਆ ਗਿਆ ਹੈ, ਅਨੇਕਾਂ ਖੇਤੀ-ਬਾੜੀ ਮਾਹਿਰ ਅਰਥਸ਼ਾਸਤਰੀ ਅਤੇ ਵਿਦਵਾਨ ਇਸ ਤੱਥ 'ਤੇ ਲੇਖ ਲਿਖ ਚੁਕੇ ਹਨ ਕਿ ਤਿੰਨ ਨਵੇਂ ਕਾਨੂੰਨਾਂ ਦਾ ਸਿੱਧਾ ਅਰਥ ਕਿਸਾਨਾਂ ਦੀ ਜ਼ਮੀਨ ਸਮੇਤ ਸਭ ਕੁਝ ਕਾਰਪੋਰੇਟਾਂ ਦੇ ਕਬਜ਼ੇ ਵਿਚ ਚਲਾ ਜਾਵੇਗਾ। ਇਸ ਦੇ ਵਿਸਥਾਰ ਦੀ ਇੱਥੇ ਜ਼ਰੂਰਤ ਨਹੀਂ ਹੈ ਬਹੁਤ ਕੁੱਝ ਕਿਹਾ ਜਾ ਚੁੱਕਿਆ ਹੈ।

ਹੁਣ ਅਗਲਾ ਸਵਾਲ ਇਹ ਹੈ ਕਿ ਕਿਸਾਨਾਂ ਨੇ ਪਹਿਲੇ ਦਿਨ ਤੋਂ, ਜਦੋਂ ਤੋਂ ਅੰਦੋਲਨ ਸ਼ੁਰੂ ਕੀਤਾ ਹੈ ਇਸ ਨੂੰ ਕਿਸੇ ਵੀ ਕਿਸਮ ਦੀ ਰਾਜਨੀਤੀ ਤੋਂ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰ ਕੇ ਰੱਖੀ ਹੈ। ਇਸੇ ਲਈ ਉਨ੍ਹਾਂ ਨੇ ਕਿਸੇ ਵੀ ਰਾਜਨੀਤਕ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਆਪਣੀਆਂ ਸਟੇਜਾਂ ਤੋਂ ਬੋਲਣ ਨਹੀਂ ਦਿੱਤਾ। ਕਿਸਾਨਾਂ ਦਾ ਸਪੱਸ਼ਟ ਕਹਿਣਾ ਸੀ ਕਿ ਅਸੀਂ ਇਸ ਨੂੰ ਕਿਸੇ ਕਿਸਮ ਦੀ ਵੀ ਰਾਜਨੀਤਕ ਰੰਗਣ ਨਹੀਂ ਦੇਣ ਦੇਣੀ। ਦੂਸਰਾ ਨੁਕਤਾ ਇਹ ਹੈ ਕਿ ਇਹ ਅੰਦੋਲਨ, ਇਸ ਵਿਚ ਕੋਈ ਦੋ ਰਾਵਾਂ ਨਹੀਂ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸ਼ੁਰੂ ਕੀਤਾ ਗਿਆ, ਪਰ ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ ਮੱਧ ਪ੍ਰਦੇਸ਼ ਤੋਂ ਹੁੰਦਾ ਹੋਇਆ ਇਹ ਅੰਦੋਲਨ ਪੂਰੇ ਭਾਰਤ ਦਾ ਅੰਦੋਲਨ ਬਣ ਗਿਆ ਹੈ, ਜਿਸ ਨਾਲ ਪੰਜਾਬ ਸਮੇਤ ਪੰਜ ਸੌ ਦੇ ਕਰੀਬ ਕਿਸਾਨ ਜਥੇਬੰਦੀਆਂ ਜੁੜੀਆਂ ਹੋਈਆਂ ਹਨ ਅਤੇ ਸਾਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਪੰਜਾਬ ਦਾ ਇਸ ਗੱਲੋਂ ਧੰਨਵਾਦ ਵੀ ਕਰਦੀਆਂ ਹਨ। ਕਿਸਾਨ ਸਿੱਖ ਵੀ ਹਨ, ਹਿੰਦੂ ਵੀ ਹਨ, ਮੁਸਲਮਾਨ ਅਤੇ ਇਸਾਈ ਵੀ ਹਨ; ਜ਼ਮੀਨ ਉਨ੍ਹਾਂ ਦੀ ਮਾਂ ਹੈ ਤੇ ਖੇਤੀ ਜੀਵਨ ਰੇਖਾ।

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਅਤੇ ਭਾਜਪਾ ਸ਼ਾਸਤ ਪ੍ਰਾਂਤਕ ਸਰਕਾਰਾਂ ਵੱਲੋਂ ਸਮੇਤ ਹਰਿਆਣਾ ਤੇ ਉਤਰ ਪ੍ਰਦੇਸ਼ ਦੇ, ਇਸ ਅੰਦੋਲਨ ਨੂੰ ਪਹਿਲਾਂ ਨਿਰੋਲ ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਸਫਲ ਨਹੀਂ ਹੋ ਸਕੀਆਂ। ਫਿਰ ਜੋ ਉੱਤੇ ਜ਼ਿਕਰ ਕੀਤਾ ਹੈ, ਇਸ ਨੂੰ ਅਰਬਨ ਨਕਸਲ, ਖਾਲਿਸਤਾਨ, ਟੁਕੜੇ ਟੁਕੜੇ ਗੈਂਗ ਕਹਿਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਫ਼ਲਤਾ ਨਹੀਂ ਮਿਲੀ, ਕਿਉਂਕਿ ਕਿਸਾਨ ਇਸ ਨੂੰ ਨਿਰੋਲ ਕਿਸਾਨੀ ਅੰਦੋਲਨ ਸਾਬਤ ਕਰਨ ਵਿਚ ਸਫਲ ਹੁੰਦੇ ਰਹੇ। ਸਰਕਾਰ ਇਸ ਨੂੰ ਲਮਕਾਉਣ ਲਈ ਅਤੇ ਆਪਣੇ ਇਰਾਦੇ ਵਿਚ ਸਫਲ ਹੋਣ ਵਾਸਤੇ ਮੀਟਿੰਗ-ਦਰ-ਮੀਟਿੰਗ ਵਿਚ ਕਿਸਾਨਾਂ ਨੂੰ ਉਲਝਾਉਂਦੀ ਰਹੀ। ਯਾਦ ਕਰੀਏ, ਜਿਸ ਦਿਨ (ਸ਼ਾਇਦ 22 ਜਨਵਰੀ), ਜਦੋਂ ਕਿਸਾਨ ਆਗੂਆਂ ਦੀ ਖੇਤੀ ਮੰਤਰੀ ਤੇ ਦੂਸਰੇ ਮੰਤਰੀਆਂ ਨਾਲ ਆਖਰੀ ਮੀਟਿੰਗ ਹੋਈ ਸੀ ਅਤੇ ਕਿਸਾਨਾਂ ਨੇ ਬਾਹਰ ਆਉਣ ਵੇਲੇ ਨਰਿੰਦਰ ਸਿੰਘ ਤੋਮਰ ਨੂੰ ਕਿਹਾ ਸੀ ਕਿ ਉਹ ਜਾ ਕੇ ਗਣਤੰਤਰ ਦਿਵਸ ਦੀ ਤਿਆਰੀ ਕਰਨਗੇ। ਕਿਸਾਨਾਂ ਦੇ ਦੱਸਣ ਮੁਤਾਬਿਕ ਖੇਤੀ ਮੰਤਰੀ ਤੋਮਰ ਨੇ ਕਿਹਾ ਸੀ ਕਿ "ਅਸੀਂ ਆਪਣੀ ਤਿਆਰੀ ਕਰਦੇ ਹਾਂ, ਤੁਸੀਂ ਆਪਣੀ ਕਰੋ।" ਜੇ ਕਿਸੇ ਨੇ ਟੈਲੀਵਿਜ਼ਨ 'ਤੇ ਤੋਮਰ ਨੂੰ ਉਸ ਦਿਨ ਬਾਹਰ ਨਿਕਲ ਕੇ ਮੀਡੀਆ ਨਾਲ ਗੱਲ-ਬਾਤ ਕਰਦਿਆਂ ਦੇਖਿਆ ਹੋਵੇ ਤਾਂ ਇਹ ਜ਼ਰੂਰ ਗੌਰ ਕੀਤੀ ਹੋਵੇਗੀ ਕਿ ਉਹ ਕਿਵੇਂ ਹੱਸ ਹੱਸ ਕੇ ਮੀਡੀਆ ਨੂੰ ਕਹਿ ਰਿਹਾ ਸੀ ਕਿ 26 ਜਨਵਰੀ ਤੋਂ ਬਾਅਦ ਅੰਦੋਲਨ ਖਤਮ ਹੋ ਜਾਵੇਗਾ।

ਇਸ ਤੋਂ ਵੀ ਹੋਰ ਪਿੱਛੇ ਜਾਂਦਿਆਂ ਜੇ ਯਾਦ ਕਰੀਏ ਤਾਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਭਾਜਪਾ ਗੁਜਰਾਤ ਸਰਕਾਰ ਵੇਲੇ ਭਾਵੇਂ ਗੁਜਰਾਤ ਦੇ ਦੰਗੇ ਸਨ, ਭੀਮਾ ਕੋਰੇ ਗਾਉਂ ਦਾ ਕੇਸ ਸੀ, ਕਸ਼ਮੀਰ ਮਾਮਲਾ ਸੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਮਸਲਾ ਸੀ, ਨਾਗਰਿਕਤਾ ਸੋਧ ਬਿਲ ਦੇ ਖਿਲਾਫ ਸ਼ਾਹੀਨ ਬਾਗ ਅੰਦੋਲਨ, ਜਾਮੀਆ ਮਿਲੀਆ ਯੂਨੀਵਰਸਿਟੀ ਕੇਸ ਸੀ-ਭਾਜਪਾ ਸਰਕਾਰ ਦਾ ਇੱਕੋ ਨੈਰੇਟਿਵ, ਇਕੋ ਸਕ੍ਰਿਪਟ ਅਤੇ ਇੱਕੋ ਤਰੀਕਾ ਰਿਹਾ ਹੈ। ਅੰਦੋਲਨਾ ਨੂੰ ਖਤਮ ਕਰਨ ਦਾ ਅਤੇ ਵਿਰੋਧੀਆਂ ਨੂੰ ਕੁੱਟਣ ਦਾ ਤਰੀਕਾ ਰਿਹਾ ਹੈ ਕਿ ਸਬੰਧਤ ਧਿਰਾਂ ਭੜਕਾਊ ਭਾਸ਼ਣ ਦੇ ਰਹੀਆਂ ਸਨ, ਉਹ ਰਾਸ਼ਟਰ ਵਿਰੋਧੀ ਤੱਤ ਹਨ, ਸਥਾਨਕ ਲੋਕ ਤੰਗ ਹੋ ਰਹੇ ਹਨ, ਵਗੈਰਾ ਵਗੈਰਾ।

ਅਮਰਨਾਥ ਯਾਤਰਾ 'ਤੇ ਜੇ ਯਾਦ ਕਰੀਏ ਤਾਂ ਮੀਡੀਆ ਦੀਆਂ ਖਬਰਾਂ ਅਨੁਸਾਰ ਚਾਰ ਵਾਰ ਅਤਿਵਾਦੀ ਹਮਲੇ ਹੋਏ ਹਨ ਅਤੇ ਚਾਰੋਂ ਵਾਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਸੀ। ਕਿਸਾਨ ਨੇਤਾ ਜਦੋਂ ਰਾਜਨੀਤਕ ਪਾਰਟੀਆਂ ਨੂੰ ਆਪਣੇ ਅੰਦੋਲਨ ਤੋਂ ਦੂਰ ਰੱਖ ਰਹੇ ਸਨ, ਜਦੋਂ ਸਟੇਜ ਤੋਂ ਭੜਕਾਊ ਭਾਸ਼ਣ ਕਰਨ ਤੋਂ ਰੋਕਦੇ ਸੀ ਤਾਂ ਵਾਰ ਵਾਰ ਇਹ ਗੱਲ ਕਹਿ ਰਹੇ ਸਨ ਕਿ ਜੇ ਅਸੀਂ ਸ਼ਾਂਤ ਰਹਾਂਗੇ ਤਾਂ ਜਿੱਤ ਸਾਡੀ ਹੈ ਅਤੇ ਜੇ ਕਿਸੇ ਵੀ ਕਿਸਮ ਦੀ ਹਿੰਸਾ ਹੋ ਗਈ ਤਾਂ ਮੋਦੀ ਜਿੱਤ ਜਾਵੇਗਾ, ਸਰਕਾਰ ਜਿੱਤ ਜਾਵੇਗੀ। ਭਾਜਪਾ

*(ਬਾਕੀ ਅਗਲੇ ਸਫੇ 'ਤੇ)*

# ਚਿੱਤਰ ਅਤੇ ਭਜਨ

ਚਿੱਤਰ ਅਤੇ ਭਜਨ ਦੋ ਭਰਾ ਸਨ। ਨਵੇਂ ਖੇਤੀ ਕਾਨੂੰਨਾਂ ਨੇ ਇੱਕ ਦਮ ਮੈਨੂੰ ਉਨ੍ਹਾਂ ਦੋਹਾਂ ਭਰਾਵਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ: ਉਨ੍ਹਾਂ ਬਾਰੇ ਮੈਂ ਗੱਲ ਬਾਅਦ 'ਚ ਕਰਾਂਗਾ ਪਹਿਲਾਂ ਭਾਰਤ ਦੀ ਮੋਦੀ ਸਰਕਾਰ ਨੇ ਜਿਹੜਾ ਕਿਸਾਨ ਵਿਰੋਧੀ ਕਾਨੂੰਨ ਲਿਆ ਕੇ, ਕਿਸਾਨੀ ਨੂੰ ਤਬਾਹ ਕਰਨ ਦਾ ਮੁੱਢ ਬੰਨ ਦਿੱਤਾ ਹੈ, ਉਸ ਬਾਰੇ ਕੁਝ ਚਰਚਾ ਕਰਦੇ ਹਾਂ। ਜੇ ਘੋਖ ਨਾਲ ਦੇਖਿਆ ਜਾਏ ਤਾਂ ਕਿਸਾਨੀ ਤਾਂ ਪਿਛਲੇ ਕਈ ਦਹਾਕਿਆਂ ਤੋਂ ਹੀ ਨਿਘਾਰ ਦੀ ਘੁੰਮਣ ਘੇਰੀ 'ਚ ਪਈ ਹੋਈ ਹੈ। ਹਜ਼ਾਰਾਂ ਹੀ ਕਿਸਾਨ ਤੇ ਮਜ਼ਦੂਰ ਕਰਜ਼ਿਆਂ ਦੇ ਖੂਹ 'ਚ ਡਿੱਗੇ, ਹਨੇਰੇ ਭਵਿੱਖ ਦੀ ਸੁਰੰਗ 'ਚ ਫਸੇ ਅਤੇ ਕਿਸੇ ਵੀ ਪਾਸੇ ਕੋਈ ਆਸ ਦੀ ਕਿਰਨ ਨਾ ਨਜ਼ਰ ਆਉਣ ਕਰਕੇ ਖੁਦਕਸ਼ੀਆਂ ਕਰ ਆਪਣੀ ਜੀਵਨ ਲੀਲਾ ਖਤਮ ਕਰ ਚੁੱਕੇ ਹਨ। ਗੱਲ ਇਕੱਲੇ ਪੰਜਾਬ ਦੀ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਹੀ ਨਹੀਂ ਸਗੋਂ ਸਾਰੇ ਭਾਰਤ ਦੇ ਹੀ ਕਿਸਾਨ ਮਿੱਟੀ ਨਾਲ ਘੁਲਦੇ, ਮਿੱਟੀ ਹੋਏ, ਕਰਜ਼ਿਆਂ ਥੱਲੇ ਦੱਬੇ ਗੁਰਬਤ ਦਾ ਜੀਵਨ ਜੀਅ ਰਹੇ ਹਨ। ਖੇਤੀ ਦੇ ਖਰਚੇ ਬਹੁਤ ਵਧ ਗਏ ਹਨ, ਜਿਵੇਂ ਰਸਾਇਣਕ ਖਾਦਾਂ, ਕੀਟਨਾਸ਼ਕ ਦੁਆਈਆਂ ਤੇ ਡੀਜ਼ਲ ਆਦਿ ਦੇ ਭਾਅ ਅਸਮਾਨੀ ਚੜ੍ਹਦੇ ਜਾ ਰਹੇ ਹਨ, ਪਰ ਫਸਲ ਦੀ ਸਰਕਾਰੀ ਖਰੀਦ ਦਾ ਮੁੱਲ ਵੀ ਉਨਾ ਨਹੀਂ ਮਿਲ ਰਿਹਾ, ਜਿੰਨਾ ਉਸ ਫਸਲ ਨੂੰ ਉਗਾਉਣ 'ਤੇ ਖਰਚ ਆ ਜਾਂਦਾ ਹੈ। ਹੁਣ ਨਵੇਂ ਪਾਸ ਕੀਤੇ ਖੇਤੀ ਆਰਡੀਨੈਂਸ ਨੇ ਤਾਂ ਮੁਕੱਰਰ ਸਰਕਾਰੀ ਮੁੱਲ ਤੇ ਪਿਛਲੇ ਦਹਾਕਿਆਂ ਤੋਂ ਹੁੰਦੀ ਆ ਰਹੀ ਸਰਕਾਰੀ ਖਰੀਦ ਦਾ ਰਾਹ ਬੰਦ ਕਰਕੇ, ਵੱਡੇ ਕਾਰਪੋਰੇਟ ਘਰਾਣਿਆਂ ਨੂੰ ਕਿਸਾਨ ਦੀ ਮਹਾਂ-ਲੁੱਟ ਦੀ ਸ਼ਰੇਆਮ ਖੁੱਲ੍ਹ ਦੇ ਕੇ ਸਿਰੇ ਦਾ ਨਿਰਦਈ ਕੰਮ ਕਰ ਦਿਖਾਇਆ ਹੈ।

ਜਿਸ ਨੇ ਆਪ ਖੇਤੀ ਕੀਤੀ ਨਹੀਂ, ਉਹ ਕਿਸਾਨ ਦੀਆਂ ਔਖਿਆਈਆਂ, ਔਕੜਾਂ ਤੇ ਮੁਸੀਬਤਾਂ ਦਾ ਅੰਦਾਜ਼ਾ ਨਹੀਂ ਲਾ ਸਕਦਾ। ਛੇ ਮਹੀਨੇ ਉਹ ਮਿੱਟੀ ਨਾਲ ਘੁਲਦਾ ਹੈ; ਉਸ ਸਮੇਂ ਦੌਰਾਨ ਬੇਅੰਤ ਔਕੜਾਂ ਦਾ ਸਾਹਮਣਾ ਕਰਦਾ ਹੋਇਆ, ਕਿਤੇ ਜਾ ਕੇ ਫਸਲ ਦਾ ਮੂੰਹ ਦੇਖਦਾ ਹੈ: ਕਣਕ ਅਤੇ ਝੋਨੇ ਦੇ ਮਿਥੇ ਸਰਕਾਰੀ ਭਾਅ ਕਰਕੇ, ਉਸ ਨੂੰ ਉਹ ਭਾਅ ਮਿਲਣ ਕਰਕੇ ਕਿਸਾਨ ਨੂੰ ਆਸ ਰਹਿੰਦੀ ਹੈ ਕਿ ਪੱਕੀ ਫਸਲ ਸਮੇਂ ਸਿਰ ਵੇਚ ਕੇ ਉਹ ਸੁਰਖਰੂ ਹੋ ਜਾਏਗਾ। ਇਸ ਦੇ ਬਾਵਜੂਦ ਵੀ ਜਿਹੜੀਆਂ ਹੋਰ ਔਲੀਆਂ ਜਿਵੇਂ ਮੀਂਹ, ਹਨੇਰੀ, ਝੱਖੜ, ਗੜੇ, ਅੱਗਾਂ ਆਦਿ ਦੀ ਮਾਰ ਦੀ ਤਲਵਾਰ ਕਿਵੇਂ ਉਸ ਦਾ ਛੇ ਮਹੀਨੇ ਸਾਹ ਹੀ ਸੂਤੀ ਰੱਖਦੀ ਹੈ। ਹੁਣ ਨਵੇਂ ਖੇਤੀ ਕਾਨੂੰਨ ਮੁਤਾਬਕ ਮਿਥੇ ਭਾਅ ਤੇ ਫਸਲ ਦੀ ਸਰਕਾਰੀ ਖਰੀਦ ਦੀ ਧਾਰਾ ਹਟਾ ਕੇ, ਵਪਾਰੀਆਂ ਤੇ ਲੋਟੂ ਘਰਾਣਿਆਂ ਨੂੰ ਕਿਸਾਨਾਂ ਦੀ ਖੁੱਲ੍ਹੀ ਲੁੱਟ ਦੀ ਛੁੱਟੀ ਦੇ ਦਿੱਤੀ ਹੈ; ਜਿਸ ਨਾਲ ਛੋਟੀ ਤੇ ਮੱਧ ਵਰਗੀ ਕਿਸਾਨੀ ਅੱਗੇ ਹੀ ਲੋਟੂ ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਕਰਕੇ, ਸਹਿਕਦੀ ਤਰਸਦੀ ਹਾਲਤ 'ਚ ਕਿਸਾਨਾਂ ਦੀ ਤਬਾਹੀ ਹੋਰ ਵੀ ਤੇਜ਼ੀ ਨਾਲ ਕਰਨ ਵਲ ਨੂੰ ਸੇਧ ਕਰ ਦਿੱਤੀ ਹੈ।

ਆਪਣੇ ਬਾਪੂ ਜੀ ਨਾਲ 27 ਸਾਲ ਦੀ ਉਮਰ ਤੱਕ ਮੈਂ ਆਪ ਖੇਤੀ ਵਿਚ ਖੁੱਭਿਆ, ਜੁੜਿਆ ਤੇ ਘੁਲਦਾ ਔਖਿਆਈਆਂ ਸੌਖਿਆਈਆਂ ਝੱਲਦਾ ਕਾਲਜ ਦੀ ਪੜ੍ਹਾਈ ਪੂਰੀ ਕਰ ਭਾਵੇਂ ਕੈਨੇਡਾ ਆ ਵਸਿਆ, ਪਰ ਮੈਨੂੰ ਜ਼ਿਮੀਦਾਰਾ ਕਿੱਤੇ ਨਾਲ ਜੁੜੀਆਂ ਮੁਸ਼ਕਿਲਾਂ ਤੇ ਔਕੜਾਂ ਦਾ ਧੁਰ ਅੰਦਰੋਂ ਪਤਾ ਹੋਣ ਕਰਕੇ ਕਿਸਾਨੀ ਸੰਘਰਸ਼ 'ਚ ਜੁਝ ਰਹੇ ਕਿਸਾਨਾਂ ਦੇ ਤੌਖਲਿਆਂ ਦਾ ਦਿਲੀ ਅਹਿਸਾਸ ਤੇ ਪੂਰੀ ਸਮਝ ਹੈ। ਕੈਨੇਡਾ ਪਹੁੰਚ ਕੁਝ ਚਿਰ ਇੱਧਰ ਉੱਧਰ ਭਟਕਣ ਮਗਰੋਂ ਜਦੋਂ ਫੌਰਿਸਟ ਇੰਡਸਟਰੀ ਵਿਚ ਕੰਮ ਕਰਨ ਲੱਗਾ ਤਾਂ ਜਦੋਂ ਦੋ ਹਫਤਿਆਂ ਬਾਅਦ ਚੈਕ ਮਿਲਣੀ ਤਾਂ ਫੱਟਿਆਂ ਨਾਲ ਘੁਲਦਿਆਂ ਦੀ ਸਾਰੀ ਔਖਿਆਈ ਭੁੱਲ ਜਾਣੀ ਤੇ ਲੱਗਣਾ ਕਿ ਪੰਜਾਬ 'ਚ ਤਾਂ ਕਿਤੇ ਛੇ ਮਹੀਨਿਆਂ ਬਾਅਦ ਕਣਕ ਜਾਂ ਝੋਨੇ ਦੀ ਟਰਾਲੀ ਵਿਕਦੀ ਸੀ, ਪਰ ਇੱਥੇ ਤਾਂ ਹਰ ਦੋ ਹਫਤਿਆਂ ਬਾਅਦ ਹੀ ਵਿਕ ਜਾਂਦੀ ਹੈ; ਭਾਵ ਦੋ ਹਫਤਿਆਂ ਬਾਅਦ ਟਣਕਦੇ ਡਾਲਰਾਂ ਦੀ ਚੈਕ ਮਿਲ ਜਾਂਦੀ ਹੈ ਤੇ ਜਦੋਂ ਉਨ੍ਹਾਂ ਡਾਲਰਾਂ ਦੇ ਜ਼ਰਬ ਦੇ ਕੇ ਰੁਪਏ ਬਣਾਉਣੇ ਤਾਂ ਸੱਚੀ ਕਣਕ ਜਾਂ ਝੋਨੇ ਦੀ ਟਰਾਲੀ ਵੇਚਣ ਨਾਲੋਂ ਵੱਧ ਬਣ ਜਾਂਦੇ ਸਨ। ਪਹਿਲਾਂ ਪਹਿਲ ਜਦੋਂ ਕਿਸੇ ਪੁੱਛਣਾ ਕਿ ਮਿੱਲ 'ਚ ਕੰਮ ਔਖਾ ਤਾਂ ਨਹੀਂ? ਮੈਂ ਘੜਿਆ-ਘੜਾਇਆ ਉੱਤਰ ਕੱਢ ਮਾਰਨਾ ਕਿ ਔਖਾ ਭਾਵੇਂ ਹੋਵੇ ਵੀ ਪਰ ਲਗਦਾ ਨਹੀਂ, ਉਹ ਇਸ ਕਰਕੇ ਕਿ ਪੰਜਾਬ ਛੇ ਮਹੀਨੇ ਮਿੱਟੀ ਨਾਲ ਘੁਲਣਾ ਪੈਂਦਾ ਸੀ ਤਾਂ ਜਾ ਕੇ ਪੰਜ ਸੱਤ ਟਰਾਲੀਆਂ ਕਣਕ/ਝੋਨੇ ਦੀਆਂ ਵੇਚੀਦੀਆਂ ਸਨ; ਇੱਥੇ ਤਾਂ ਹਰ ਦੋ ਹਫਤਿਆਂ ਬਾਅਦ ਇੱਕ ਵਿਕ ਜਾਂਦੀ ਹੈ।

ਸੱਠਵਿਆਂ ਦੇ ਹਰੇ ਇਨਕਲਾਬ ਤੋਂ ਪਹਿਲਾਂ ਸਾਡੀ ਜ਼ਮੀਨ ਦਾ ਵੱਡਾ ਟੱਕ ਮਾਰੂ ਸੀ; ਸਾਲ ਦੀ ਉੱਥੇ ਇਕੋ ਹੀ ਫਸਲ ਹੁੰਦੀ ਸੀ। ਬਾਜਰਾ, ਚਰ੍ਹੀ, ਗੁਆਰਾ, ਤਿਲ ਅਤੇ ਦਾਲਾਂ ਜਿਵੇਂ ਮਾਂਹ, ਮੋਠ, ਮੂੰਗੀ ਤੇ ਛੋਲੇ ਆਦਿ। ਦੂਸਰਾ ਪਿੰਡ ਦੇ ਨੇੜੇ ਜ਼ਮੀਨ ਦਾ ਟੱਕ ਸੇਂਜੂ ਸੀ, ਜਿੱਥੇ ਖੂਹ ਲੱਗਾ ਸੀ। ਉੱਥੇ ਪਹਿਲਾਂ ਚੜਸ, ਫਿਰ ਹਲਟ ਤੇ ਮਗਰੋਂ ਟਿਊਬਵੈਲ ਨਾਲ ਸੇਂਜਾ ਹੋਣ ਲੱਗਿਆ। ਇੱਥੇ ਮੈਂ ਇਹ ਦੱਸ ਦਿਆਂ ਕਿ ਮਾਰੂ ਜ਼ਮੀਨ 'ਚ ਹੋਈਆਂ ਫਸਲਾਂ ਦੇ ਕਦੇ ਵੀ ਪੈਸੇ ਨਹੀਂ ਸਨ ਵੱਟੇ, ਮਸਾਂ ਪਸ਼ੂਆਂ ਦਾ ਚਾਰਾ ਜਾਂ ਘਰ ਵਰਤੋਂ ਯੋਗੀਆਂ ਦਾਲਾਂ ਹੀ ਹੁੰਦੀਆਂ ਸਨ। ਹਰੇ ਇਨਕਲਾਬ ਸਮੇਂ ਜਦੋਂ ਉੱਥੇ ਵੀ ਬੋਰ ਕਰਕੇ ਪੰਜ ਹਾਰਸ ਪਾਵਰ ਦਾ ਕਿਰਲੋਸਕਰ ਡੀਜ਼ਲ ਇੰਜਣ ਰੱਖ ਸੇਂਜਾ ਹੋਣ ਲੱਗਾ ਤਾਂ ਫਸਲਾਂ ਦਾ ਤਾਂ ਹੜ੍ਹ ਹੀ ਆ ਗਿਆ ਲੱਗਿਆ। ਉਦੋਂ ਤੋਂ ਹੀ ਦੋ ਪ੍ਰਮੁੱਖ ਫਸਲਾਂ ਕਣਕ ਤੇ ਝੋਨਾ ਹਨ। ਆਲੇ ਦੁਆਲੇ ਵੀ ਸਭ ਨੇ ਨਵੇਂ ਬੋਰ ਕਰ ਕਰ ਸਭ ਜ਼ਮੀਨਾਂ ਸੇਂਜੂ ਬਣਾ ਲਈਆਂ। ਥੋੜ੍ਹਾ ਚਿਰ ਤਾਂ ਲੱਗਿਆ ਕਿ ਕਿਸਾਨ ਖੁਸ਼ਹਾਲੀ ਵਲ ਜਾ ਰਹੇ ਹਨ, ਪਰ ਹੌਲੀ ਹੌਲੀ ਜਿਉਂ ਜਿਉਂ ਵੱਡੇ ਪਰਿਵਾਰਾਂ 'ਚ ਜ਼ਮੀਨਾਂ ਅੱਗੇ ਵੰਡ ਹੁੰਦੀਆਂ ਗਈਆਂ; ਖਰਚੇ ਵਧਦੇ ਰਹੇ ਤੇ ਕੁਝ ਆਪ ਆਪਣੀ ਅਣਗਹਿਲੀ ਨਾਲ ਵਧਾ ਲਏ ਤਾਂ ਕਿਸਾਨੀ ਗੁਰਬਤ ਵਲ ਨੂੰ ਧੂਹ ਕੈ ਲੈ ਜਾਣ ਲੱਗੀ। ਸਾਡੇ ਖੂਹ ਦੇ ਆਲੇ-ਦੁਆਲੇ ਵੀ ਜਿਨ੍ਹਾਂ ਦੇ ਵੱਡੇ ਵੱਡੇ ਲਾਣੇ ਚਲਦੇ ਸਨ ਤੇ ਕਹਿੰਦੀ ਕਹਾਉਂਦੀ ਖੇਤੀ ਕਰਦੇ ਸਨ, ਅੱਜ ਉਨ੍ਹਾਂ ਦੇ ਭੰਗਾਂ ਭੁੱਜ ਰਹੀਆਂ ਹਨ।

ਹੁਣ ਮੈਂ ਜਿੱਥੋਂ ਇਹ ਲੇਖ ਸ਼ੁਰੂ ਕੀਤਾ ਸੀ ਮੁੜ ਉੱਧਰ ਆਉਨਾਂ। ਚਿੱਤਰ-ਭਜਨ ਦੀ ਜ਼ਮੀਨ ਸਾਡੇ ਨਾਲ ਲਗਦੀ ਸੀ। ਉਨ੍ਹਾਂ ਦਾ ਖੂਹ ਬਿਲਕੁਲ ਪਿੰਡ ਦੇ ਨਾਲ ਸੀ। ਉਹ ਚਾਰ ਭਰਾ ਸਨ, ਇੱਕ ਬੀਕਾਨੇਰ ਚਲੇ ਗਿਆ ਤੇ ਦੂਸਰਾ ਬਾਹਰ ਹੀ ਰਹਿੰਦਾ ਤੇ ਕਦੇ ਕਦਾਈਂ ਹੀ ਪਿੰਡ ਆਉਂਦਾ, ਆਪਣੇ ਪਿਓ ਵਾਂਗ ਉਹ ਵੀ ਅਮਲੀ ਸੀ। ਚਿੱਤਰ-ਭਜਨ ਦਾ ਆਪਸੀ ਪਿਆਰ ਬਹੁਤ ਸੀ ਤੇ ਦੋਵੇਂ ਹੀ ਬਹੁਤ ਕਾਹਲੀ ਕਾਹਲੀ ਬੋਲਦੇ ਸਨ। ਆਮ ਬੰਦੇ ਨਾਲੋਂ ਦੂਹਰੀ ਰਫਤਾਰ 'ਚ ਗੱਲ ਕਰਦਿਆਂ ਬਹੁਤੀ ਵਾਰੀ ਤਾਂ ਆਮ ਬੰਦੇ ਨੂੰ ਪਤਾ ਵੀ ਨਹੀਂ ਸੀ ਲਗਦਾ ਕਿ ਉਹ ਕਹਿ ਕੀ ਗਏ ਹਨ! ਬੱਸ ਉਨ੍ਹਾਂ ਦੀ ਕਿਚਨ ਮਿਚਨ ਉਹੀ ਸਮਝਦੇ ਸਨ; ਤੇਜ਼ੀ ਨਾਲ ਬੋਲਦੇ ਕਰਕੇ ਉਨ੍ਹਾਂ ਨੂੰ ਲੋਕੀ ਕਹਿਣ ਵੀ ਕਿਚਨ-ਮਿਚਨ ਹੀ ਲੱਗ ਪਏ ਸਨ। ਕਿਸੇ ਪੁੱਛਣਾ ਔਹ ਖੂਹ ਕਿਨ੍ਹਾਂ ਦਾ ਹੈ? ਤਾਂ ਕਹਿਣਾ ਕਿਚਨਾਂ-ਮਿਚਨਾਂ ਦਾ।

ਥੋੜ੍ਹੀ ਥੋੜ੍ਹੀ ਨਸ਼ੇ ਦੀ ਲਤ ਲੱਗਦੀ ਲੱਗਦੀ ਉਨ੍ਹਾਂ ਨੂੰ ਵੀ ਲੱਗ ਗਈ। ਦੋਵੇਂ ਅਣਵਿਆਹੇ ਸਨ, ਉਨ੍ਹਾਂ ਦਾ ਰੋਟੀ-ਟੁੱਕ ਉਨ੍ਹਾਂ ਦੀ ਮਾਂ ਸਮਾਂ ਕੌਰ ਹੀ ਕਰਦੀ ਸੀ। ਛੋਟੇ ਹੋਣ ਕਰਕੇ ਉਹ ਦੋਵੇਂ ਪੁੱਤ ਉਸ ਨੂੰ ਬਹੁਤ ਪਿਆਰੇ ਸਨ। ਮਰਨ ਲੱਗੀ ਆਪਣੇ ਸ਼ਰੀਕਾਂ ਨੂੰ ਕਹਿਣ ਲੱਗੀ ਕਿ ਮੈਂ ਤਾਂ ਹੁਣ ਖਬਰੇ ਬਚਣਾ ਕਿ ਨਹੀਂ, ਜੇ ਮੈਂ ਮਰ ਗਈ ਤਾਂ ਮੇਰੇ ਚਿੱਤਰ-ਭਜਨ ਦਾ ਖਿਆਲ ਰੱਖਿਓ! ਇਹ ਲੈਰੇ ਲੈਰੇ ਹਨ। ਸ਼ਰੀਕਾਂ ਨੇ ਉਨ੍ਹਾਂ ਦਾ ਖਿਆਲ ਤਾਂ ਕੀ ਰੱਖਣਾ ਸੀ, ਸਗੋਂ ਮਗਰੋਂ ਟਿੱਚਰਾਂ ਕਰਨੀਆਂ ਕਿ ਮਾਂ ਮਰਨ ਲੱਗੀ ਇਉਂ ਕਹਿੰਦੀ ਸੀ। ਮਾਂ ਮਰ ਗਈ, ਰੋਟੀ ਬਣਾਉਣ ਵਾਲਾ ਕੋਈ ਰਿਹਾ ਨਾ, ਆਪੇ ਤਵੇ 'ਤੇ ਹੱਥ ਲੂਹ ਕੇ ਗੁਜ਼ਾਰਾ ਕਰਨ ਲੱਗੇ। ਅਮਲ ਦੀ ਲਤ ਉਨ੍ਹਾਂ ਨੂੰ ਵੀ ਲੱਗੀ ਕਰਕੇ ਨਸ਼ੇ ਨੇ ਅੱਧੋਂ ਵੱਧ ਜ਼ਮੀਨ ਖਾ ਲਈ, ਬਾਕੀ ਰਹਿੰਦੀ ਨਿਆਈਆਂ ਦੀ ਮਹਿੰਗੀ ਜ਼ਮੀਨ ਵੇਚ, ਯੂ. ਪੀ. ਜਾ ਜ਼ਮੀਨ ਲੈ ਕੇ ਖੇਤੀ ਕਰਨ ਦੇ ਇਰਾਦੇ ਨਾਲ, ਵੇਚੀ ਜ਼ਮੀਨ ਦੇ ਸਾਰੇ ਨਗਦ ਪੈਸੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੇ ਸਪੁਰਦ ਕਰ ਦਿੱਤੇ, ਜਿਸ ਨੇ ਉਨ੍ਹਾਂ ਨੂੰ ਲਾਰਾ ਲਾਇਆ ਸੀ ਕਿ ਉਹ ਉਨ੍ਹਾਂ ਨੂੰ ਆਪਣੇ ਫਾਰਮ ਦੇ ਲਾਗੇ ਹੀ ਜ਼ਮੀਨ ਲੈ ਦੇਏਗਾ। ਪੈਸੇ ਦੇਖ ਰਿਸ਼ਤੇਦਾਰ ਦਾ ਮਨ ਬੇਈਮਾਨ ਹੋ ਗਿਆ ਤੇ ਸਾਰੇ ਪੈਸੇ ਛਕ, ਡਕਾਰ ਮਾਰ, ਮੁੱਛਾਂ ਨੂੰ ਤਾਅ ਦੇ ਕੇ ਚਿੱਤਰ-ਭਜਨ ਨੂੰ ਠੁੱਠ ਦਿਖਾ ਦਿੱਤਾ। ਵਿਚਾਰੇ ਚਿੱਤਰ-ਭਜਨ ਘਰੋਂ ਬੇਘਰੇ, ਜ਼ਮੀਨੋਂ ਬੇਜ਼ਮੀਨੇ ਹੋ, ਦਰ ਦਰ ਦੀਆਂ ਠੋਕਰਾਂ ਖਾ ਦਿਹਾੜੀਆਂ ਕਰਨ ਯੋਗੇ ਰਹਿ ਗਏ। ਲੋਕਾਂ ਦੇ ਖੇਰੀ ਖੋਤਦੇ, ਰੋਟੀ ਤੋਂ ਵੀ ਆਤਰ, ਮਿੱਟੀ 'ਚ ਰੁਲਦੇ ਅੱਧ ਉਮਰੇ ਹੀ ਇਸ ਜਹਾਨੋਂ ਕੂਚ ਕਰ ਗਏ। ਇਹ ਗੱਲ ਕੋਈ ਪੰਜਾਹ-ਪਚਵੰਜਾ ਸਾਲ ਪਹਿਲਾਂ ਦੀ ਹੈ। ਭਾਵੇਂ ਚਿੱਤਰ-ਭਜਨ ਦੀ ਤਬਾਹੀ ਦਾ ਵੱਡਾ ਕਾਰਨ ਉਨ੍ਹਾਂ ਦਾ ਨਸ਼ੇ ਦਾ ਆਦੀ ਹੋ ਜਾਣਾ ਤੇ ਮਗਰੋਂ ਕਰੀਬੀ ਰਿਸ਼ਤੇਦਾਰ ਦਾ ਪੈਸੇ ਠੱਗ ਬੇਈਮਾਨ ਹੋ ਜਾਣਾ ਸੀ; ਪਰ ਦੁਖਾਂਤ ਦੀ ਪੀੜਾ ਓਨੀ ਹੀ ਹੈ, ਜਿੰਨੀ ਅੱਜ ਮੋਦੀ ਸਰਕਾਰ




ਨੇ ਕਿਸਾਨ ਮਾਰੂ ਕਾਨੂੰਨ ਬਣਾ ਕੇ ਥੋਕ ਦੇ ਭਾਅ ਕਿਸਾਨਾਂ ਨੂੰ ਚਿੱਤਰ-ਭਜਨ ਦੇ ਦੁਖਾਂਤ ਦੀ ਉੱਖਲੀ 'ਚ ਸੁੱਟ ਮੋਹਲਿਆਂ ਦਾ ਮੀਂਹ ਵਰਸਾਉਣ ਦਾ ਡਰਾਉਣਾ ਜਿੰਨ ਲਿਆ ਖੜ੍ਹਾ ਕੀਤਾ ਹੈ।

ਜਦੋਂ ਲੋਕਾਂ ਦੀਆਂ ਜ਼ਮੀਨਾਂ ਮਾਰੂ ਸਨ ਤਾਂ ਚਿੱਤਰ-ਭਜਨ ਕੇ ਚੜਸ ਨਾਲ ਸੇਂਜਾ ਹੁੰਦਾ ਸੀ, ਤੇ ਜਦੋਂ ਬਾਕੀ ਕਿਸਾਨਾਂ ਦੇ ਚੜਸ ਨਾਲ ਜ਼ਮੀਨ ਸਿੰਜੀ ਜਾਣ ਲੱਗੀ ਤਾਂ ਚਿੱਤਰ-ਭਜਨ ਕੇ ਹਲਟ ਲੱਗ ਗਿਆ। ਮਗਰੋਂ ਕਿਸਮਤ ਨੇ ਐਸੀ ਭੁਆਂਟਣੀ ਦਿੱਤੀ ਕਿ ਸੱਠਵਿਆਂ 'ਚ ਪੰਜਾਬ 'ਚ ਹਰਾ ਇਨਕਲਾਬ ਆ ਗਿਆ, ਪਰ ਚਿੱਤਰ-ਭਜਨ ਕੇ ਕੰਗਾਲੀ ਨੇ ਆ ਦਸਤਕ ਦਿੱਤੀ। ਸੱਠਵਿਆਂ ਦੇ ਹਰੇ ਇਨਕਲਾਬ ਨੇ ਕਿਸਾਨਾਂ 'ਚ ਖੁਸ਼ਹਾਲੀ ਲਿਆਂਦੀ, ਪਰ ਹੌਲੀ ਹੌਲੀ ਅੱਗੇ ਜਿਉਂ ਜਿਉਂ ਜ਼ਮੀਨ ਵੰਡ ਹੁੰਦੀ ਰਹੀ, ਖਰਚੇ ਵਧਦੇ ਗਏ, ਕਰਜ਼ੇ ਚੜ੍ਹਦੇ ਗਏ; ਤੰਗੀਆਂ ਤੁਰਸ਼ੀਆਂ ਨਾ ਸਹਾਰਦੇ ਕਿਸਾਨ ਖੁਦਕੁਸ਼ੀਆਂ ਕਰਨ ਦੇ ਰਾਹ ਪੈ ਗਏ-ਹੁਣ ਤੱਕ ਪਤਾ ਨਹੀ ਕਿੰਨੇ ਕੁ ਚਿੱਤਰ ਭਜਨ ਬਣੇ ਤੇ ਕਿੰਨੇ ਕੁ ਹੁਣ ਬਣ ਰਹੇ ਹਨ। ਹੁਣ ਰਹਿੰਦੀ ਕਸਰ ਮੋਦੀ ਸਰਕਾਰ ਨੇ ਖੇਤੀ ਬਾਰੇ ਨਵੇਂ ਕਾਨੂੰਨ ਬਣਾ ਕੇ ਕੱਢ ਦਿੱਤੀ ਹੈ; ਤੇ ਹਜ਼ਾਰਾਂ ਹੀ ਨਹੀਂ, ਸਗੋਂ ਲੱਖਾਂ ਹੀ ਕਿਸਾਨ ਪਰਿਵਾਰਾਂ ਨੂੰ ਤਬਾਹੀ ਦੀ ਭੱਠੀ ਦੇ ਮੂੰਹ ਝੋਕ ਦਿੱਤਾ ਹੈ।

ਕਿਸਾਨ ਮੋਰਚੇ 'ਚ ਅੱਜ ਦਿੱਲੀ ਦੇ ਬਾਰਡਰ ਉੱਤੇ ਰੋਸ ਧਰਨਿਆਂ 'ਤੇ ਬੈਠੇ ਕਿਸਾਨਾਂ ਨੂੰ ਜਦੋਂ ਠੰਡ 'ਚ ਠੁਰ ਠੁਰ ਕਰਦੇ ਦੇਖਦਾ ਹਾਂ ਤਾਂ ਮੈਨੂੰ ਚਿੱਤਰ-ਭਜਨ ਦੇ ਜੀਵਨ ਦੀ ਸਾਰੀ ਪੁਰਾਣੀ ਰੀਲ ਅੱਖਾਂ ਮੂਹਰੇ ਘੁੰਮਦੀ ਇਸ ਗੱਲ ਦਾ ਅਹਿਸਾਸ ਕਰਾਉਂਦੀ ਹੈ ਕਿ ਜੇ ਇਹ ਖੇਤੀ ਕਾਨੂੰਨ ਰੱਦ ਨਾ ਹੋਏ ਤਾਂ ਛੋਟੀ ਕਿਸਾਨੀ ਅਤੇ ਉਨ੍ਹਾਂ ਨਾਲ ਸਬੰਧਤ ਛੋਟੇ ਕਾਰੋਬਾਰਾਂ ਨੂੰ ਕਾਰਪੋਰੇਟ ਮਗਰਮੱਛ ਸਬੂਤੇ ਹੀ ਨਿਗਲ ਜਾਣਗੇ ਅਤੇ ਕਿਸਾਨਾਂ ਤੇ ਉਨ੍ਹਾਂ ਨਾਲ ਜੁੜੇ ਛੋਟੇ ਕਾਰੋਬਾਰਾਂ 'ਤੇ ਕਹਿਰ ਦਾ ਤਰਥੱਲ ਮਚਾ ਦੇਣਗੇ। ਚਾਹੀਦਾ ਤਾਂ ਇਹ ਸੀ ਕਿ ਸੂਬਾ ਤੇ ਕੇਂਦਰ ਸਰਕਾਰਾਂ ਛੋਟੀ ਤੇ ਮੱਧਵਰਗੀ ਕਿਸਾਨੀ ਅਤੇ ਉਨ੍ਹਾਂ ਨਾਲ ਸਬੰਧਤ ਛੋਟੇ ਕਾਰੋਬਾਰਾਂ ਨੂੰ ਲੋੜੀਂਦੀਆਂ ਸਹੂਲਤਾਂ ਤੇ ਮਦਦ ਮੁਹੱਈਆ ਕਰਵਾ ਉਨ੍ਹਾਂ ਨੂੰ ਖੁਦਮੁਖਤਿਆਰ ਕਿੱਤੇ ਬਣੇ ਰਹਿਣ 'ਚ ਸਹਾਈ ਹੁੰਦੀਆਂ। ਕਾਰਪੋਰੇਸ਼ਨਾਂ ਕਦੇ ਵੀ ਮੁਨਾਫੇ ਨਾਲ ਰੱਜਦੀਆਂ ਨਹੀਂ, ਇਨ੍ਹਾਂ ਦੇ ਢਿੱਡ ਬਹੁਤ ਵੱਡੇ ਤੇ ਭੋਖੜੇ ਦੇ ਮਾਰੇ ਹੋਏ ਹੁੰਦੇ ਹਨ। ਸਰਕਾਰਾਂ ਨੂੰ ਉਨ੍ਹਾਂ ਦੇ ਮੁਨਾਫੇ ਨੂੰ ਸੀਮਤ ਰੱਖਦੇ ਹੋਏ; ਸਮੇਤ ਕਿਸਾਨੀ ਅਤੇ ਛੋਟੇ ਕਾਰੋਬਾਰਾਂ ਨੂੰ ਪ੍ਰਫੁੱਲਤ ਕਰਨ ਲਈ ਨਵੇਂ ਢੰਗ ਤਰੀਕੇ ਉਪਲੱਭਦ ਕਰਵਾਉਣੇ ਚਾਹੀਦੇ ਹਨ, ਤਦੇ ਦੇਸ਼ ਖੁਸ਼ਹਾਲੀ ਅਤੇ ਲੋਕ ਖੁਸ਼ੀ ਮਾਣ ਸਕਣਗੇ; ਨਾ ਕਿ ਚਿੱਤਰ-ਭਜਨ ਵਾਲੀ ਤ੍ਰਾਸਦੀ ਦਾ ਸ਼ਿਕਾਰ ਬਣਨ ਵਾਲੀ ਸਥਿਤੀ ਸਿਰਜਣ ਵਾਲੇ, ਲੋਕ ਮਾਰੂ ਕਾਨੂੰਨ, ਚੋਰ ਮੋਰੀਆਂ ਥਾਈਂ ਲਿਆ ਕੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਜਾਏ।

# ਹਰਨਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ

*(ਪਿਛਲੇ ਸਫੇ ਦੀ ਬਾਕੀ)*

ਸਰਕਾਰ ਨੂੰ ਆਪਣਾ ਬਿਰਤਾਂਤ ਸਿਰਜਣਾ ਆਉਂਦਾ ਹੈ। ਆਰ. ਐਸ. ਐਸ. ਭਾਰਤੀ ਜਨਤਾ ਪਾਰਟੀ ਦੀ ਮਾਂ ਹੈ। ਦੇਸ਼ ਦੀ ਆਜ਼ਾਦੀ ਤੋਂ ਵੀ ਪਹਿਲਾਂ ਤੋਂ ਉਹ ਆਪਣੇ ਕਾਡਰ ਨੂੰ ਅਜਿਹੇ ਕੰਮਾਂ ਲਈ ਤਿਆਰ ਕਰਦੀ ਆ ਰਹੀ ਹੈ, ਜਿਸ ਰਾਹੀਂ ਅਜਿਹੇ ਬਿਰਤਾਂਤ ਸਿਰਜੇ ਜਾ ਸਕਣ। ਉਹ ਭਾਰਤ ਨੂੰ ਸਿਰਫ ਅਤੇ ਸਿਰਫ ਹਿੰਦੂ ਰਾਸ਼ਟਰ ਦੇ ਤੌਰ 'ਤੇ ਸਥਾਪਤ ਕਰਨਾ ਚਾਹੁੰਦੀ ਹੈ ਅਤੇ ਇਸ ਸੁਪਨੇ ਨੂੰ ਪੂਰਾ ਉਹ ਭਾਰਤੀ ਜਨਤਾ ਪਾਰਟੀ ਦੇ ਰਾਜ ਰਾਹੀਂ ਕਰਨਾ ਲੋਚਦੀ ਹੈ। ਬਾਕੀ ਦੂਸਰੇ ਅੰਦੋਲਨਾਂ ਦੀ ਤਰ੍ਹਾਂ ਹੀ ਕਿਸਾਨ ਅੰਦੋਲਨ ਨੂੰ ਅਸਤ-ਵਿਅਸਤ ਕਰਨ ਦੀ ਯੋਜਨਾ ਉਸ ਨੇ 26 ਜਨਵਰੀ ਦੀ ਟਰੈਕਟਰ ਪਰੇਡ ਦੇ ਜ਼ਰੀਏ ਬਣਾਈ। ਇਸ ਨੂੰ ਉਸ ਨੇ ਸੁਨਹਿਰੀ ਮੌਕਾ ਮਿਲਿਆ ਸਮਝਿਆ।

ਕਿਸਾਨ ਨੇਤਾ ਪਿਛਲੇ ਲੰਬੇ ਸਮੇਂ ਤੋਂ ਕਿਸਾਨੀ ਦੇ ਹੱਕਾਂ ਲਈ ਲੜਦੇ ਆਏ ਹਨ। ਉਨ੍ਹਾਂ ਨੂੰ ਭਾਜਪਾ ਦੀਆਂ ਨੀਤੀਆਂ ਦਾ ਬਹੁਤ ਚੰਗੀ ਤਰ੍ਹਾਂ ਗਿਆਨ ਹੈ। ਦੀਪ ਸਿੱਧੂ ਬਾਰੇ ਮੈਨੂੰ ਇੱਥੇ ਕੁਝ ਵੀ ਕਹਿਣ ਦੀ ਜ਼ਰੂਰਤ ਨਹੀਂ। ਜੇ ਕਿਸੇ ਨੂੰ ਨਹੀਂ ਪਤਾ, ਉਹ ਧਿਆਨ ਨਾਲ ਖੋਜ ਕਰ ਲਵੇ, ਸਭ ਸਪੱਸ਼ਟ ਹੋ ਜਾਵੇਗਾ। ਉਸ ਦਿਨ ਦੀ ਘਟਨਾ ਨਾਲ ਜੁੜੇ ਲੋਕਾਂ ਵੱਲੋਂ ਬਹੁਤ ਖੁਲਾਸੇ ਹੋ ਚੁਕੇ ਹਨ ਕਿ ਉਹ ਕਿਸ ਦਾ ਬੰਦਾ ਹੈ ਅਤੇ ਕਿਉਂ ਆਪਣਾ ਮੋਰਚਾ ਲਾ ਕੇ ਬੈਠਾ ਸੀ। ਅਗਲੀ ਗੱਲ ਵੱਲ ਜਾਣ ਤੋਂ ਪਹਿਲਾ ਇੱਕ ਗੱਲ ਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਇਹ ਅੰਦੋਲਨ ਸਿਰਫ ਤੇ ਸਿਰਫ ਤਿੰਨ ਖੇਤੀ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ, ਐਮ. ਐਸ. ਪੀ. ਦੀ ਕਾਨੂੰਨੀ ਗਾਰੰਟੀ ਦਾ ਅੰਦੋਲਨ ਹੈ ਅਤੇ ਸੀ। ਇਹ ਨਾ ਇਕੱਲੇ ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਸੀ ਅਤੇ ਨਾ ਹੀ ਧਾਰਮਿਕ ਮਸਲਿਆਂ ਜਾਂ ਹੱਕਾਂ ਦਾ। ਜਦੋਂ ਵਾਰ ਵਾਰ ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਤਾਂ ਕਿਉਂ ਪਾਲਣ ਨਹੀਂ ਕੀਤਾ ਗਿਆ?

ਇੱਥੇ ਸਵਾਲ ਇਹ ਹੈ ਕਿ ਜਦੋਂ ਨਿਸ਼ਾਨ ਸਾਹਿਬ ਨੂੰ ਲਾਲ ਕਿਲੇ 'ਤੇ ਝੁਲਾਉਣਾ ਕਿਸਾਨੀ ਅੰਦੋਲਨ ਦੀਆਂ ਮੰਗਾਂ ਵਿਚ ਸ਼ਾਮਲ ਨਹੀਂ ਸੀ, ਫਿਰ ਇਸ ਨੂੰ ਵਿਚ ਕਿਉਂ ਲਿਆਂਦਾ ਗਿਆ? ਕੀ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲਿਆਂ ਦਾ ਇੱਕੋ ਇੱਕ ਮਕਸਦ ਕਿਸਾਨ ਅੰਦੋਲਨ ਨੂੰ ਵਿਚਲਿਤ ਕਰਨਾ ਸਾਬਤ ਨਹੀਂ ਹੁੰਦਾ? ਯਾਦ ਕਰੀਏ ਕਿ ਜਦੋਂ ਬਾਦਲ ਸਰਕਾਰ ਵੇਲੇ ਕਿਸਾਨਾਂ ਵੱਲੋਂ ਰੇਲ ਰੋਕੋ ਅੰਦੋਲਨ ਪੰਜਾਬ ਵਿਚ ਚੱਲ ਰਿਹਾ ਸੀ, ਬਾਦਲ ਸਰਕਾਰ ਦੀ ਕੇਂਦਰ ਵਿਚ ਭਾਜਪਾ ਨਾਲ ਭਾਈਵਾਲੀ ਸੀ। ਰੇਲ ਟਰੈਕਾਂ ਤੋਂ ਕਿਸਾਨਾਂ ਨੂੰ ਉਠਾਉਣ ਲਈ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਵਰਗੇ ਕਾਂਡ ਰਚੇ ਗਏ, ਕਿਉਂਕਿ ਪੰਜਾਬ ਦੀ ਕਿਸਾਨੀ ਦੀ ਬਹੁਗਿਣਤੀ ਸਿੱਖ ਹੈ। ਭਾਜਪਾ ਦਿੱਲੀ ਪੁਲਿਸ ਰਾਹੀਂ ਆਪਣੀ ਸਕੀਮ ਨੂੰ ਸਿਰੇ ਚੜ੍ਹਾਉਣ ਵਿਚ ਪੂਰੀ ਤਰ੍ਹਾਂ ਕਾਮਿਯਾਬ ਹੋ ਗਈ। ਦਿੱਲੀ ਦੀਆਂ ਸੜਕਾਂ ਤੋਂ ਅਣਜਾਣ ਰਿੰਗ ਰੋਡ 'ਤੇ ਟਰੈਕਟਰ ਪਰੇਡ ਕੱਢਣ ਲਈ ਜਿੱਦੀ ਲੀਡਰਾਂ ਦੇ ਪਿੱਛੇ ਪਿੱਛੇ ਜਾਣ ਵਾਲੇ ਪਿੰਡਾਂ ਦੇ ਭੋਲੇ ਭਾਲੇ ਕਿਸਾਨ ਵੀ ਸਕੀਮ ਵਿਚ ਫਸ ਗਏ। ਗਾਜੀਪੁਰ ਬਾਰਡਰ 'ਤੇ ਬੈਠੇ ਕਿਸਾਨਾਂ ਨੂੰ ਕਿਵੇਂ ਗਲਤ ਸੜਕਾਂ 'ਤੇ ਪਾ ਕੇ ਦਿੱਲੀ ਪੁਲਿਸ ਦਿੱਲੀ ਦੇ ਅੰਦਰ ਲਿਆਉਣ ਵਿਚ ਸਫਲ ਹੋ ਗਈ, ਸਭ ਸਾਹਮਣੇ ਆ ਗਿਆ ਹੈ।

ਨਿਸ਼ਾਨ ਸਾਹਿਬ ਸਾਡਾ ਧਾਰਮਿਕ ਚਿੰਨ੍ਹ ਹੈ, ਸੰਗਤ ਜਦੋਂ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਜਾਂਦੀ ਹੈ ਤਾਂ ਸਿਰ ਨਿਵਾ ਕੇ ਪਹਿਲਾਂ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦੀ ਹੈ, ਬਹੁਤੀ ਸੰਗਤਿ ਨਿਸ਼ਾਨ ਸਾਹਿਬ ਦੀ ਪਰਿਕਰਮਾ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟੇਕਣ ਜਾਂਦੀ ਹੈ। ਨਿਸ਼ਾਨ ਸਾਹਿਬ ਕਿਸੇ ਖਾਲਿਸਥਾਨੀ ਜਥੇਬੰਦੀ ਦਾ ਝੰਡਾ ਨਹੀਂ ਹੈ। ਇਹ ਗੁਰੂ ਮਹਾਰਾਜ ਦਾ ਨਿਸ਼ਾਨ ਹੈ, ਜਿਸ ਦੀ ਬਖਸ਼ਿਸ਼ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ ਸੀ। ਖਾਲਿਸਤਾਨ ਰਾਜਨੀਤਕ ਵਿਚਾਰਧਾਰਾ ਹੈ, ਜਿਸ ਦੇ ਪਤਾ ਨਹੀਂ ਕਿੰਨੇ ਸੰਗਠਨ ਹਨ! ਇਹ ਕਿਸੇ ਰਾਜਨੀਤਕ ਦਲ ਦਾ ਝੰਡਾ ਨਹੀਂ ਹੈ। ਨਿਸ਼ਾਨ ਸਾਹਿਬ ਸਾਡਾ ਧਾਰਮਿਕ ਨਿਸ਼ਾਨ ਹੋਣ ਕਰਕੇ ਸਿੱਖ ਮਨਾਂ ਵਿਚ ਇਸ ਪ੍ਰਤੀ ਅਥਾਹ ਸ਼ਰਧਾ ਹੈ। ਇਸ ਘਟਨਾ ਨਾਲ ਦੋ ਘਰਾਂ ਦੇ ਚਿਰਾਗ ਬੁੱਝ ਗਏ ਤੇ ਨਵਰੀਤ ਸਿੰਘ ਆਪਣੇ ਮਾਪਿਆਂ ਦੀ ਇੱਕੋ ਇੱਕ ਔਲਾਦ ਸੀ। ਅਨੇਕ ਨੌਜੁਆਨਾਂ ਦਾ ਪਤਾ ਹੀ ਨਹੀਂ ਚੱਲ ਰਿਹਾ ਕਿ ਉਹ ਅਤੇ ਉਨ੍ਹਾਂ ਦੇ ਟਰੈਕਟਰ ਕਿੱਥੇ ਹਨ; ਅਨੇਕਾਂ ਕਿਸਾਨਾਂ 'ਤੇ ਡੰਡੇ ਵਰਸਾਏ ਗਏ ਅਤੇ ਉਨ੍ਹਾਂ ਨੂੰ ਉਪੱਦਰਵੀ ਹੋਣ ਦਾ ਖਿਤਾਬ ਦਿੱਤਾ ਗਿਆ।

ਅਸੀਂ ਅਠਾਰਵੀਂ ਸਦੀ ਵਿਚ ਨਹੀਂ ਜੀਅ ਰਹੇ, ਇੱਕੀਵੀਂ ਸਦੀ ਦਾ ਤੀਸਰਾ ਦਹਾਕਾ ਸ਼ੁਰੂ ਹੋ ਗਿਆ ਹੈ। ਦੀਪ ਸਿੱਧੂ ਅਤੇ ਸਿੱਖ ਵਿਦਵਾਨ ਭੋਲੇ ਭਾਲੇ ਦਿੱਲੀ ਤੋਂ ਅਣਜਾਣ ਪੇਂਡੂ ਕਿਸਾਨਾਂ ਨੂੰ ਪੁਲਿਸ ਯੋਗੇ ਛੱਡ ਕੇ ਆਪ ਕਿਉਂ ਭੱਜ ਆਏ? ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾ ਕੇ ਉਹ ਮੋਦੀ ਦੀ ਰਾਜ ਗੱਦੀ 'ਤੇ ਕਿਉਂ ਨਹੀਂ ਬੈਠੇ? ਪਹਿਲਾਂ ਕਿਸਾਨ ਜਥੇਬੰਦੀਆਂ ਦਾ ਹੱਥ ਉੱਤੇ ਸੀ ਅਤੇ ਹੁਣ ਸਰਕਾਰ ਦਾ ਹੱਥ ਉੱਤੇ ਹੈ। ਜਿਸ ਗੋਦੀ ਮੀਡੀਆ ਨੂੰ ਮੂੰਹ ਤੋੜ ਜੁਆਬ ਮਿਲਦਾ ਰਿਹਾ ਹੈ, ਅੱਜ ਉਹ ਦੁਨੀਆਂ ਭਰ ਦਾ ਚਿੱਕੜ ਸਿੱਖ ਕਿਸਾਨਾਂ 'ਤੇ ਉਛਾਲ ਰਿਹਾ ਹੈ। ਟਿੱਕਰੀ ਅਤੇ ਸਿੰਘੂ ਬਾਰਡਰ 'ਤੇ ਪੱਥਰਬਾਜੀ ਦੇ ਨਾਲ ਨਾਲ ਪੈਟਰੋਲ ਬੰਬ ਸੁੱਟ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਬੀਬੀਆਂ ਦੇ ਟੈਂਟ ਤਬਾਹ ਕੀਤੇ ਗਏ, ਲੰਗਰ ਵਿਚ ਸੇਵਾ ਕਰ ਰਹੇ ਨੌਜੁਆਨਾਂ ਨੂੰ ਪੁਲਿਸ ਅਤੇ ਭਾਜਪਾਈ ਗੁੰਡਿਆਂ ਨੇ ਰਲ ਕੇ ਕੁੱਟਿਆ, ਰਿਪੋਰਟ ਕਰਨ ਵਾਲੇ ਦੋ ਪੱਤਰਕਾਰਾਂ ਨੂੰ ਪੁਲਿਸ ਚੁੱਕ ਕੇ ਲੈ ਗਈ, ਧਰਨਿਆਂ ਦੇ ਆਲੇ-ਦੁਆਲੇ ਬੈਰੀਕੇਡ ਲਾਉਣ ਦੇ ਨਾਲ ਨਾਲ ਮਸ਼ੀਨਾਂ ਨਾਲ ਖਾਈਆਂ ਪੁੱਟ ਦਿੱਤੀਆਂ ਗਈਆਂ ਹਨ। ਇੱਕ ਹੋਰ ਹੈ, ਅਮਰੀਕਾ ਵਿਚ ਬੈਠਾ ਵਕੀਲ ਅਤੇ ਉਸ ਦੇ ਸਾਥੀ ਜੋ ਖਾਲਿਸਤਾਨ ਦੇ ਨਾਂ 'ਤੇ ਫਿਰੌਤੀਆਂ ਦੀ ਰਾਜਨੀਤੀ ਕਰਦਾ ਹੈ, ਸਿੱਖੀ ਉਸ ਦੇ ਚਿਹਰੇ 'ਤੇ ਤਾਂ ਕੀ ਕਿਧਰੇ ਆਸ-ਪਾਸ ਵੀ ਨਜ਼ਰ ਨਹੀਂ ਆਉਂਦੀ ਅਤੇ ਉਸ ਦੇ ਕਾਰਨ ਪਤਾ ਨਹੀਂ ਪੰਜਾਬ ਦੇ ਕਿੰਨੇ ਗਰੀਬ ਮੁੰਡਿਆਂ 'ਤੇ ਕੇਸ ਦਰਜ ਹੋ ਚੁਕੇ ਹਨ ਤੇ ਜੇਲ੍ਹਾਂ ਵਿਚ ਸੜ ਰਹੇ ਹਨ।

ਸਵਾਲ ਫਿਰ ਇਹੀ ਪੈਦਾ ਹੁੰਦਾ ਹੈ ਕਿ ਕੀ ਇਸ ਸਾਰੀ ਘਟਨਾ ਨੂੰ ਅੰਜ਼ਾਮ ਧਰਨੇ 'ਤੇ ਬੈਠੀਆਂ ਬੀਬੀਆਂ, ਬੱਚਿਆਂ, ਨੌਜੁਆਨਾਂ ਦੀਆਂ ਜਾਨਾਂ ਨਾਲ ਖੇਡਣ ਲਈ ਅਤੇ ਅੰਦੋਲਨ ਨੂੰ ਖਿਲਾਰਨ ਲਈ ਦਿੱਤਾ ਗਿਆ? ਓ ਭਲੇਮਾਣਸੋ! ਖੇਤ ਬਚਾਉਣ ਲਈ ਇਹ ਆਖਰੀ ਲੜਾਈ ਹੈ। ਦੂਸਰੇ ਰਾਜਾਂ ਕੋਲ ਤਾਂ ਅਨੇਕਾਂ ਉਦਯੋਗ, ਕਾਰਖਾਨੇ ਹਨ, ਪੰਜਾਬ ਕੋਲ ਤਾਂ ਖੇਤਾਂ ਤੋਂ ਬਿਨਾ ਹੋਰ ਕੁਝ ਵੀ ਨਹੀਂ? ਕੀ ਪੰਜਾਬੀਆਂ ਨੂੰ ਭੁੱਖੇ ਮਾਰਨਾ ਅਤੇ ਕਤਲੇਆਮ ਕਰਾਉਣਾ ਹੀ ਤੁਹਾਡਾ ਪਰਮ ਧਰਮ ਹੈ? ਆਪ ਤਾਂ ਬਾਹਰਲੇ ਮੁਲਕਾਂ ਵਿਚ ਬੈਠੇ ਹੋ, ਉਨ੍ਹਾਂ ਦੀ ਰੋਟੀ ਕਿਉਂ ਖੋਹ ਰਹੇ ਹੋ? ਜੇ ਪੰਜਾਬ ਨਾਲ ਤੁਹਾਨੂੰ ਹੇਜ ਹੈ ਤਾਂ ਫਿਰੌਤੀਆਂ 'ਤੇ ਡਾਲਰ ਖਰਚਣ ਨਾਲੋਂ ਆਪਣੇ ਪਿੰਡਾਂ ਦੇ ਗਰੀਬ ਬੱਚਿਆਂ ਲਈ ਪੜ੍ਹਾਈ ਦਾ ਪ੍ਰਬੰਧ ਕਰੋ, ਮੈਡੀਕਲ ਸਹੂਲਤਾਂ ਦੇਵੋ ਅਤੇ ਹੋਰ ਲੋਕ ਭਲਾਈ ਦੇ ਕੰਮ ਕਰ ਲਵੋ। ਜੇ ਤੁਸੀਂ ਕਰ ਰਹੇ ਹੋ, ਇਹ ਗੁਰੂ ਦਾ ਰਸਤਾ ਤਾਂ ਬਿਲਕੁਲ ਨਹੀਂ ਹੈ।

# ਜੋ ਉਪਜਿਓ ਸੋ ਬਿਨਸਿ ਹੈ

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਸ਼ਾਂਤ ਸੁਭਾਅ ਅਤੇ ਤਿਆਗ ਵਾਲੀ ਬਿਰਤੀ ਦੇ ਮਾਲਕ ਸਨ, ਪਰ ਇਹ ਤਿਆਗ ਵਾਲੀ ਬਿਰਤੀ ਕਿਸੇ ਡਰ ਕਾਰਨ ਜਾਂ ਮਾਨਸਿਕ ਕਮਜ਼ੋਰੀ ਜਾਂ ਸਰੀਰਕ ਕਮਜ਼ੋਰੀ ਕਾਰਨ ਨਹੀਂ ਸੀ। ਇਹ ਤਿਆਗੀ ਬਿਰਤੀ ਉਨ੍ਹਾਂ ਦੇ ਜਨਮ ਤੋਂ ਹੀ ਉਨ੍ਹਾਂ ਦੇ ਸੰਗ-ਸਾਥ ਸੀ। ਉਨ੍ਹਾਂ ਦੇ ਜਨਮ ਸਮੇਂ ਛੇਵੇਂ ਪਾਤਸ਼ਾਹ ਨੇ ਉਨ੍ਹਾਂ ਦਾ ਨਾਂ ਤਿਆਗ ਮੱਲ ਰੱਖਿਆ ਅਤੇ ਜਦੋਂ ਉਨ੍ਹਾਂ ਨੇ ਕਰਤਾਰਪੁਰ ਦੀ ਜੰਗ ਸਮੇਂ ਆਪਣੀ ਤਲਵਾਰ ਦੇ ਜਲਵੇ ਦਿਖਾਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਦਾ ਨਾਂ ਤੇਗ ਬਹਾਦਰ ਕਰ ਦਿੱਤਾ। ਇਹ ਬਹਾਦਰੀ ਵਾਲਾ ਨਾਂ ਉਨ੍ਹਾਂ ਦੇ ਨਾਲ ਅੰਤ ਤਕ ਨਿਭਿਆ। ਭਾਵੇਂ ਉਹ ਮਨ ਤੋਂ ਪੂਰੇ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਉਨ੍ਹਾਂ ਦੇ ਸ਼ਾਂਤ ਸੁਭਾਅ ਵਿਚ ਹੀ ਉਨ੍ਹਾਂ ਦੀ ਤਾਕਤ ਸੀ। ਉਨ੍ਹਾਂ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਦੀ ਰਚੀ ਹੋਈ ਬਾਣੀ ਅੰਦਰ ਇਕ ਖਾਸ ਕਿਸਮ ਦਾ ਵੈਰਾਗ ਵੀ ਉਨ੍ਹਾਂ ਦੇ ਸ਼ਾਂਤ ਸੁਭਾਅ ਨੂੰ ਹੀ ਪ੍ਰਗਟ ਕਰਦਾ ਹੈ। ਸ਼ਾਂਤੀ ਨਾਲ ਹੀ ਉਨ੍ਹਾਂ ਨੇ ਆਪਣੇ ਸਿਧਾਂਤਾਂ ਦੀ ਰਾਖੀ ਲਈ ਧਰਮ ਯੁੱਧ ਕੀਤਾ ਤੇ ਆਪਣਾ ਜੀਵਨ ਕੁਰਬਾਨ ਕਰਨਾ ਕਬੂਲ ਕੀਤਾ ਸੀ ਅਤੇ ਤਿਲਕ ਤੇ ਜੰਞੂ ਦੀ ਰਾਖੀ ਲਈ ਸ਼ਹੀਦੀ ਪ੍ਰਾਪਤ ਕੀਤੀ। ਭਾਵੇਂ ਉਨ੍ਹਾਂ ਨੇ ਸਾਰੀ ਉਮਰ ਤਿਲਕ ਨਹੀਂ ਲਾਇਆ ਅਤੇ ਨਾ ਹੀ ਤਿਲਕ ਲਾਉਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਜੰਞੂ ਵੀ ਨਹੀਂ ਪਹਿਨਿਆ ਅਤੇ ਇਸ ਜੰਞੂ ਦੀ ਵਿਰੋਧਤਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤੀ ਸੀ ਤੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ, ਭਾਵੇਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਵਲੋਂ ਇਸ ਸਬੰਧੀ ਸਾਰੇ ਪ੍ਰਬੰਧ ਕੀਤੇ ਹੋਏ ਸਨ। ਇਸ ਸਬੰਧੀ ਵੇਰਵਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਸਾ ਦੀ ਵਾਰ (ਪੰਨਾ 471) ਵਿਚ ਮਿਲਦਾ ਹੈ,

ਸਲੋਕੁ ਮ: ੧॥
ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥੧॥

ਇਕ ਨਾਟਕ, ਜੋ ਕੇਵਲ ਧਾਲੀਵਾਲ ਨੇ ਲਿਖਿਆ ਹੈ, ਉਸ ਵਿਚ ਉਹ ਆਖਦਾ ਹੈ ਕਿ ਸਿਰ ਤਾਂ ਹਰ ਇਕ ਦੇ ਮੋਢੇ ਉਪਰ ਹੁੰਦਾ ਹੈ, ਪਰ ਸੀਸ ਕਿਸੇ ਕਿਸੇ ਕੋਲ ਹੀ ਹੁੰਦਾ ਹੈ। ਮੇਰੇ ਵਿਚਾਰ ਅਨੁਸਾਰ ਸੀਸ ਜਿਨ੍ਹਾਂ ਕੋਲ ਹੁੰਦਾ ਹੈ, ਉਹ ਆਪਣਾ ਸੀਸ ਤਾਂ ਦੇ ਸਕਦੇ ਹਨ, ਪਰ ਹਮੇਸ਼ਾ ਸਿਰੜ ਦੇ ਪੱਕੇ ਹੁੰਦੇ ਹਨ; ਅਜਿਹਾ ਹੀ ਨੌਵੇਂ ਪਾਤਸ਼ਾਹ ਵਲੋਂ ਕੀਤਾ ਗਿਆ ਸੀ, ਜਿਨ੍ਹਾਂ ਨੇ ਸੀਸ ਤਾਂ ਕੁਰਬਾਨ ਕਰ ਦਿੱਤਾ ਸੀ ਤੇ ਸਿਰੜ ਨਹੀਂ ਛੱਡਿਆ ਸੀ। ਉਹ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਲਾਸਾਨੀ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦਿੱਤਾ ਸੀ। ਉਸ ਨਾਟਕ ਅੰਦਰ ਔਰੰਗਜ਼ੇਬ ਵਲੋਂ ਇਹ ਆਖਿਆ ਗਿਆ ਦਿਖਾਇਆ ਗਿਆ ਹੈ, "...ਤੁਸੀਂ ਆਪਣੇ ਗੁਰੂ ਨੂੰ ਆਖੋ ਕਿ ਉਹ ਇਨ੍ਹਾਂ ਬ੍ਰਾਹਮਣਾਂ ਤੇ ਬੁੱਤ ਪੂਜ ਹਿੰਦੂਆਂ ਦਾ ਸਾਥ ਛੱਡ ਦੇਣ। ਤੁਹਾਡੇ ਗੁਰੂ ਬੁੱਤ-ਪੂਜ ਨਹੀਂ ਹਨ, ਫਿਰ ਇਨ੍ਹਾਂ ਬੁੱਤ ਪੂਜਕਾਂ ਦਾ ਸਾਥ ਕਿਉਂ ਦੇ ਰਹੇ ਹਨ?"

ਉਤਰ ਵਿਚ ਦੱਸਿਆ ਹੈ, "ਸਾਡੇ ਗੁਰੂ ਬੁੱਤ-ਪੂਜ ਨਹੀਂ ਇਹ ਠੀਕ ਹੈ, ਪਰ ਬੁੱਤ ਸ਼ਿਕਨ ਵੀ ਨਹੀਂ ਹਨ। ਸਾਡੇ ਗੁਰੂ ਹਰ ਕਿਸੇ ਨੂੰ ਆਪਣੇ ਧਰਮ ਵਿਸ਼ਵਾਸ ਤੇ ਰਹੁ-ਰੀਤਾਂ ਅਨੁਸਾਰ ਜਿਉਣ ਦੀ ਖੁੱਲ੍ਹ ਦੇ ਹਾਮੀ ਹਨ। ਕਿਸੇ ਨੂੰ ਵੀ ਇਹ ਹੱਕ ਨਹੀਂ ਕਿ ਉਹ ਹਕੂਮਤ ਦੀ ਤਾਕਤ ਨਾਲ ਜਾਂ ਤਲਵਾਰ ਦੇ ਜ਼ੋਰ ਨਾਲ ਦੂਜਿਆਂ ਦਾ ਧਰਮ ਤਬਦੀਲ ਕਰੇ।"

ਉਸੇ ਨਾਟਕ ਵਿਚ ਇਹ ਵੀ ਹੈ ਕਿ ਔਰੰਗਜ਼ੇਬ ਦੀ ਬੇਟੀ ਜ਼ੇਬੁਨਸਾਂ ਵੀ ਆਪਣੇ ਬਾਪ ਨੂੰ ਆਖਦੀ ਹੈ, "ਇਸ ਮੁਲਕ ਦੀ ਗੰਗਾ ਜਮਨਾ ਵਾਲੀ ਸਾਂਝੀ ਤਹਿਜ਼ੀਬ ਏ, ਤੁਸੀਂ ਮੁਲਕ ਦੇ ਹਰ ਮਜ਼ਹਬ ਨੂੰ ਤਸਲੀਮ ਕਰੋ। ਅੱਬਾ ਹਜ਼ੂਰ! ਹਰ ਨਸਲ ਤੇ ਕੌਮ ਨੂੰ ਨਾਲ ਲੈ ਕੇ ਤੁਰੋ।"

ਜ਼ੇਬੁਨਸਾਂ ਇਕ ਹੋਰ ਥਾਂ ਆਖਦੀ ਹੈ, "ਅੱਬਾ ਹਜ਼ੂਰ! ਜਿਵੇਂ ਕੁਦਰਤ ਨੇ ਵੱਖ ਵੱਖ ਰੰਗਾਂ ਦੇ ਫੁੱਲਾਂ ਨਾਲ ਇਸ ਧਰਤੀ ਨੂੰ ਮਹਿਕਾਇਆ ਹੈ, ਉਸੇ ਤਰ੍ਹਾਂ ਵੱਖ ਵੱਖ ਧਰਮਾਂ ਤੇ ਵੱਖ ਵੱਖ ਜਾਤਾਂ ਦੇ ਲੋਕਾਂ ਦੇ ਸਾਥ ਨਾਲ ਹੀ ਮੁਲਕ ਬਣਦਾ ਏ ਅਤੇ ਜੇ ਤੁਸੀਂ ਚਾਹੁੰਦੇ ਹੋ ਕਿ ਧਰਤੀ ਉਪਰ ਇਕੋ ਰੰਗ ਦੇ ਹੀ ਫੁੱਲ ਹੋਣ ਤਾਂ ਇਹ ਕੁਦਰਤ ਨਾਲ ਵੀ ਅਤੇ ਅੱਲਾ ਤਾਲਾ ਨਾਲ ਵੀ ਜ਼ਿਆਦਤੀ ਹੋਵੇਗੀ।"

---

ਗੁਰੂ ਜੀ ਨੇ ਸਮਝਾਇਆ ਕਿ ਇਹ ਜਗ ਰਚਨਾ ਝੂਠ ਦਾ ਪਸਾਰਾ ਹੈ ਅਤੇ ਜਿਸ ਨੇ ਜਨਮ ਲਿਆ ਹੈ, ਉਸ ਦਾ ਅੰਤ ਹੋਣਾ ਹੀ ਹੈ। ਮੌਤ ਦਾ ਆਉਣਾ ਕੁਦਰਤ ਦੀ ਪ੍ਰਕ੍ਰਿਆ ਹੈ। ਮੌਤ ਦਾ ਕਾਰਨ ਕੋਈ ਵੀ ਹੋ ਸਕਦਾ ਹੈ, ਜਿਵੇਂ ਬਿਮਾਰੀ ਜਾਂ ਦੁਰਘਟਨਾ ਆਦਿ। ਸਿੱਖ ਧਰਮ ਦੇ ਅੰਦਰ ਸ਼ਹੀਦੀ ਦਾ ਸੰਕਲਪ ਹੀ ਵੱਖਰਾ ਹੈ ਅਤੇ ਗੁਰਬਾਣੀ ਦੇ ਅੰਦਰ ਸਪਸ਼ਟ ਕੀਤਾ ਗਿਆ ਹੈ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥੨੦॥
(ਪੰਨਾ 1412)

ਸਿੱਖੀ ਅੰਦਰ ਕੁਰਬਾਨੀ ਦਾ ਜਜ਼ਬਾ ਕਿੰਨਾ ਜ਼ਰੂਰੀ ਹੈ, ਨਿਮਨ ਸ਼ਬਦ ਵੀ ਇਹੋ ਦੱਸਦਾ ਹੈ,

ਸਲੋਕ ਮ: ੫॥
ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ॥੧॥
(ਪੰਨਾ 1102)

ਸ਼ਹੀਦ ਜਾਂ ਸ਼ਹਾਦਤ ਦਾ ਅਰਥ ਹੈ, ਕਿਸੇ ਉਦੇਸ਼ ਲਈ ਆਪਾ ਵਾਰ ਦੇਣਾ ਜਾਂ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ। ਉਸ ਉਦੇਸ਼ ਅੰਦਰ ਕੌਮ ਜਾਂ ਦੇਸ਼ ਦੀ ਭਲੇ ਲਈ ਹੋ ਸਕਦੀ ਹੈ, ਜਿਸ ਦੇ ਸਵੈ ਦਾ ਕੋਈ ਸਥਾਨ ਨਹੀਂ ਹੁੰਦਾ, ਭਾਵ ਸਵੈ ਰਹਿਤ ਉਦੇਸ਼ ਲਈ ਆਪਣੀ ਜਾਨ ਨੂੰ ਕੁਰਬਾਨ ਕਰ ਦੇਣਾ। ਫੌਜੀ ਦੇਸ਼ ਦੀ ਰਾਖੀ ਲਈ ਮਰ ਮਿਟਦਾ ਹੈ ਅਤੇ ਸਮੇਂ ਤੋਂ ਪਹਿਲਾਂ ਮੌਤ ਨੂੰ ਗਲੇ ਲਾਉਣਾ ਕਬੂਲ ਕਰ ਲੈਂਦਾ ਹੈ। ਇਸੇ ਤਰ੍ਹਾਂ ਹੀ ਸਿੱਖ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਸਿੱਖੀ ਨੂੰ ਨਿਭਾਉਣ ਦੀ ਖਾਤਰ ਆਪਣੀ ਮੌਤ ਨੂੰ ਗਲੇ ਲਾ ਲਿਆ ਸੀ। ਅਜਿਹੇ ਸ਼ਹੀਦੀਆਂ ਪਾਉਣ ਵਾਲੇ ਸਿੱਖ ਦੀ ਗਿਣਤੀ ਕਰਨੀ ਅਸੰਭਵ ਹੈ, ਕਿਉਂ ਜੋ ਸਿੱਖ ਇਤਿਹਾਸ ਹੀ ਖੂਨ ਨਾਲ ਲਿਖਿਆ ਹੋਇਆ ਹੈ ਅਤੇ ਸਿੱਖ ਸ਼ਹੀਦਾਂ ਨੇ ਆਪ ਕੁਰਬਾਨ ਕਰ ਸਿੱਖੀ ਨੂੰ ਜਿਉਂਦਾ ਰੱਖਿਆ ਹੋਇਆ ਹੈ। ਕਿਸੇ ਕਵੀ ਨੇ ਲਿਖਿਆ ਹੈ, "ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।"

ਇਹੋ ਹੀ ਮੁਖ ਅੰਤਰ ਹੈ, ਆਪਣੀ ਆਈ ਮੌਤ ਵਿਚ ਮਰਨ ਦਾ ਅਤੇ ਦੇਸ਼ ਕੌਮ ਆਦਿ ਲਈ ਸ਼ਹੀਦ ਹੋ ਜਾਣ ਦਾ। ਗੁਰੂ ਤੇਗ ਬਹਾਦਰ ਜੀ ਨੇ ਵੀ ਆਪਾ ਕੁਰਬਾਨ ਕੀਤਾ ਸੀ। ਸਿੱਖਾਂ ਅੰਦਰ ਪਹਿਲੇ ਗੁਰੂ ਸ਼ਹੀਦ ਦਾ ਦਰਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੈ, ਜਿਨ੍ਹਾਂ ਨੇ ਆਪਣੇ ਸਰੀਰ ਉਪਰ ਕਸ਼ਟ ਝੱਲੇ ਅਤੇ ਸਮੇਂ ਦੇ ਹਾਕਮ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੂੰ ਤੱਤੀ ਤਵੀ 'ਤੇ ਬਿਠਾਇਆ ਗਿਆ ਸੀ ਅਤੇ ਭਾਰੀ ਜ਼ੁਲਮ ਕੀਤਾ ਗਿਆ ਸੀ, ਪਰ ਉਨ੍ਹਾਂ ਨੇ ਇਸ ਵਰਤਾਰੇ ਨੂੰ ਵਾਹਿਗੁਰੂ ਦਾ ਭਾਣਾ 'ਮਿੱਠਾ' ਸਮਝ ਕੇ ਮੰਨਿਆ ਸੀ ਅਤੇ ਮੁਖੋਂ ਉਚਾਰਿਆ ਸੀ,

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥
(ਪੰਨਾ 394)

ਗੁਰੂ ਤੇਗ ਬਹਾਦਰ ਜੀ ਦਾ ਜਨਮ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਉਦਰ ਵਿਚੋਂ 18 ਅਪਰੈਲ 1621 ਨੂੰ ਹੋਇਆ ਸੀ ਅਤੇ ਉਨ੍ਹਾਂ ਦੇ 400 ਸਾਲਾ ਪੁਰਬ ਮਨਾਏ ਜਾਣ ਲਈ ਜ਼ੋਰ ਸ਼ੋਰ ਨਾਲ ਪ੍ਰਬੰਧ ਕੀਤੇ ਜਾ ਰਹੇ ਹਨ। ਉਹ ਆਪਣੇ ਮਾਤਾ-ਪਿਤਾ ਦੇ ਸਭ ਤੋਂ ਛੋਟੇ ਸਪੁੱਤਰ ਸਨ। ਵੱਡੇ ਬਾਬਾ ਗੁਰਦਿੱਤਾ ਜੀ ਸਨ, ਜਿਨ੍ਹਾਂ ਦੇ ਪੁੱਤਰ ਗੁਰੂ ਹਰ ਰਾਏ ਜੀ ਨੂੰ ਇਨ੍ਹਾਂ ਦੇ ਪਿਤਾ ਜੀ ਨੇ ਆਪਣੇ ਤੋਂ ਬਾਅਦ ਸਤਵੇਂ ਗੁਰੂ ਥਾਪਿਆ ਸੀ। ਬਾਕੀ ਪਰਿਵਾਰ ਵਿਚ ਬਾਬਾ ਸੂਰਜ ਮੱਲ, ਬਾਬਾ ਅਣੀ ਰਾਏ ਜੀ, ਬਾਬਾ ਅਟਲ ਰਾਏ ਜੀ ਅਤੇ ਇਨ੍ਹਾਂ ਦੀ ਇੱਕ ਭੈਣ ਬੀਬੀ ਵੀਰੋ ਜੀ ਸਨ। ਗੁਰੂ ਜੀ ਦਾ ਸਾਰਾ ਬਚਪਨ ਅੰਮ੍ਰਿਤਸਰ ਵਿਚ ਬੀਤਿਆ ਸੀ। ਉਨ੍ਹਾਂ ਬਚਪਨ ਵਿਚ ਹੀ ਹਿੰਦੀ, ਉਰਦੂ, ਗੁਰਮੁਖੀ, ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਦਾ ਗਿਆਨ ਭਾਈ ਗੁਰਦਾਸ ਜੀ ਤੋਂ ਪ੍ਰਾਪਤ ਕੀਤਾ ਸੀ। ਧਰਮ ਗ੍ਰੰਥਾਂ ਦੀ ਸਿਖਿਆ, ਜਿਸ ਵਿਚ ਮਹਾਭਾਰਤ, ਰਮਾਇਣ ਅਤੇ ਕੁਰਾਨ ਆਦਿ ਸ਼ਾਮਲ ਸਨ, ਵੀ ਭਾਈ ਗੁਰਦਾਸ ਜੀ ਤੋਂ ਗ੍ਰਹਿਣ ਕੀਤੀ ਸੀ। ਤੀਰ ਅੰਦਾਜ਼ੀ ਅਤੇ ਘੋੜ ਸਵਾਰੀ ਦੀ ਸਿਖਲਾਈ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ ਸੀ। ਤਲਵਾਰ ਦਾ ਭਲੀਭਾਂਤ ਪ੍ਰਯੋਗ ਕਰਨਾ ਉਨ੍ਹਾਂ ਨੂੰ ਮੀਰੀ-ਪੀਰੀ ਦੇ ਮਾਲਕ ਨੇ ਸਿਖਾਇਆ ਸੀ।

ਗੁਰੂ ਤੇਗ ਬਹਾਦਰ ਜੀ ਨੇ ਧਰਮ ਗ੍ਰੰਥਾਂ ਅਤੇ ਹਿੰਦੂ ਸ਼ਾਸਤਰਾਂ ਤੇ ਸਿਮ੍ਰਿਤੀਆਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਉਹ ਉੱਚ ਕੋਟੀ ਦੇ ਵਿਦਵਾਨ ਤੇ ਕਵੀ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚੋਂ ਅਟੱਲ ਸੱਚਾਈਆਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਗੁਰਬਾਣੀ ਵੀ ਉਚਾਰੀ, ਜਿਸ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿਚ ਦਰਜ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕੀਤਾ ਸੀ ਅਤੇ ਗੁਰਿਆਈ ਬਖਸ਼ੀ ਸੀ। ਕੁਲ 59 ਸ਼ਬਦ ਅਤੇ 57 ਸ਼ਲੋਕ, ਜੋ 15 ਵੱਖ-ਵੱਖ ਰਾਗਾਂ ਵਿਚ ਦਰਜ ਕੀਤੇ ਗਏ। ਉਨ੍ਹਾਂ ਦੀਆਂ ਲਿਖਤਾਂ ਵਿਚੋਂ ਸਪਸ਼ਟ ਝਲਕ ਮਿਲਦੀ ਹੈ ਕਿ ਮੌਤ ਤਾਂ ਨਿਸ਼ਚਿਤ ਹੈ ਅਤੇ ਕੁਝ ਵੀ ਸਥਿਰ ਨਹੀਂ, ਸਿਰਫ ਉਸ ਅਕਾਲ ਪੁਰਖ ਦਾ ਨਾਂ ਹੀ ਹਮੇਸ਼ਾ ਰਹਿਣ ਵਾਲਾ ਹੈ। ਇਸ ਲਈ ਮਨੁੱਖ ਨੂੰ ਸਮਝਾਇਆ ਕਿ ਮੋਹ ਮਾਇਆ ਤੋਂ ਨਿਰਲੇਪ ਹੋ ਕੇ ਮਾਨਵਤਾ ਦਾ ਭਲਾ ਕਰਨ ਵਲ ਕਦਮ ਵਧਾਵੇ ਅਤੇ ਸਿਖਿਆ ਦਿੱਤੀ ਕਿ ਉਸ ਅਕਾਲ ਪੁਰਖ ਦੀ ਭਗਤੀ ਕਰ ਕੇ ਉਸ ਵਿਚ ਅਭੇਦ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਲਿਖਿਆ ਹੈ,

**ਸ਼ਹੀਦ ਜਾਂ ਸ਼ਹਾਦਤ ਦਾ ਅਰਥ ਹੈ, ਕਿਸੇ ਉਦੇਸ਼ ਲਈ ਆਪਾ ਵਾਰ ਦੇਣਾ ਜਾਂ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ। ਉਸ ਉਦੇਸ਼ ਅੰਦਰ ਕੌਮ ਜਾਂ ਦੇਸ਼ ਦੀ ਭਲੇ ਲਈ ਹੋ ਸਕਦੀ ਹੈ, ਜਿਸ ਦੇ ਸਵੈ ਦਾ ਕੋਈ ਸਥਾਨ ਨਹੀਂ ਹੁੰਦਾ, ਭਾਵ ਸਵੈ ਰਹਿਤ ਉਦੇਸ਼ ਲਈ ਆਪਣੀ ਜਾਨ ਨੂੰ ਕੁਰਬਾਨ ਕਰ ਦੇਣਾ। ਫੌਜੀ ਦੇਸ਼ ਦੀ ਰਾਖੀ ਲਈ ਮਰ ਮਿਟਦਾ ਹੈ ਅਤੇ ਸਮੇਂ ਤੋਂ ਪਹਿਲਾਂ ਮੌਤ ਨੂੰ ਗਲੇ ਲਾਉਣਾ ਕਬੂਲ ਕਰ ਲੈਂਦਾ ਹੈ। ਇਸੇ ਤਰ੍ਹਾਂ ਹੀ ਸਿੱਖ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਸਿੱਖੀ ਨੂੰ ਨਿਭਾਉਣ ਦੀ ਖਾਤਰ ਆਪਣੀ ਮੌਤ ਨੂੰ ਗਲੇ ਲਾ ਲਿਆ ਸੀ।**

ਸੋਰਠਿ ਮਹਲਾ ੯
ੴ ਸਤਿਗੁਰ ਪ੍ਰਸਾਦਿ॥
ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ॥੧॥ ਰਹਾਉ॥
ਕਰਿ ਸਾਧਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ॥
ਕਾਲੁ ਬਿਆਲੁ ਜਿਉ ਪਰਿਓ
ਡੋਲੈ ਮੁਖੁ ਪਸਾਰੇ ਮੀਤ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ॥੨॥ (ਪੰਨਾ 631)

ਇਸ ਸ਼ਬਦ ਰਾਹੀਂ ਗੁਰੂ ਜੀ ਸਮਝਾ ਰਹੇ ਹਨ, ਬੰਦੇ! ਤੂੰ ਪ੍ਰਭੂ ਨਾਲ ਪ੍ਰੀਤ ਪਾ। ਆਪਣੇ ਕੰਨਾਂ ਨਾਲ ਉਸ ਅਕਾਲ ਪੁਰਖ ਦੀ ਕਿਰਤੀ ਨੂੰ ਸੁਣ ਅਤੇ ਆਪਣੀ ਰਸਨਾ ਨਾਲ ਉਸ ਦੇ ਗੀਤ ਗਾ। ਸਤ ਸੰਗਤ ਨਾਲ ਜੁੜ ਕੇ ਅਤੇ ਉਸ ਵਾਹਿਗੁਰੂ ਦੀ ਅਰਾਧਨਾ ਕਰ; ਇੰਜ ਤੂੰ ਪਾਪੀ ਤੋਂ ਪਵਿੱਤਰ ਹੋ ਜਾਵੇਂਗਾ। ਹੈ ਮੇਰੇ ਮਿੱਤਰ ਇਸ ਕੰਮ ਤੋਂ ਆਲਸ ਨਾ ਕਰ, ਕਿਉਂਕਿ ਮੌਤ ਸੱਪ ਵਾਂਗ ਮੂੰਹ ਖੋਲ੍ਹ ਕੇ ਫਿਰ ਰਹੀ ਹੈ। ਇਹ ਗੱਲ ਤੂੰ ਆਪਣੇ ਮਨ ਵਿਚ ਸੋਚ ਲੈ, ਉਸ ਮੌਤ ਨੇ ਤੈਨੂੰ ਅੱਜ ਜਾਂ ਭਲਕੇ ਫੜ ਹੀ ਲੈਣਾ ਹੈ। ਗੁਰੂ ਜੀ ਫਰਮਾ ਰਹੇ ਹਨ ਕਿ ਤੈਨੂੰ ਆਪਣੇ ਮਾਲਕ ਦਾ ਸਿਮਰਨ ਕਰਨਾ ਚਾਹੀਦਾ ਹੈ, ਤੇਰਾ ਇਹ ਮੌਕਾ ਹੱਥੋਂ ਖੁਸਦਾ ਜਾ ਰਿਹਾ ਹੈ।

ਇਸ ਲਈ ਸਾਨੂੰ ਬਾਹਰਲੀਆਂ ਵਸਤਾਂ ਨਾਲ ਲਗਾਉ ਕਰਨ ਦੀ ਥਾਂ ਉਸ ਪਰਮਾਤਮਾ ਵੱਲ ਧਿਆਨ ਕਰਨਾ ਚਾਹੀਦਾ ਹੈ। ਜੋ ਵੀ ਦੁੱਖ-ਸੁੱਖ ਸਾਨੂੰ ਮਿਲਦਾ ਹੈ ਜਾਂ ਘਾਟਾ (ਹਾਨੀ) ਜਾਂ ਵਾਧਾ (ਲਾਭ) ਸਾਡੀ ਝੋਲੀ ਵਿਚ ਪੈਂਦਾ ਹੈ, ਉਸ ਨੂੰ ਵਾਹਿਗੁਰੂ ਦਾ ਭਾਣਾ ਮੰਨ ਕਬੂਲ ਕਰ ਲੈਣ ਦੀ ਲੋੜ ਹੈ। ਉਹ ਦੱਸਦੇ ਹਨ ਕਿ ਵਾਹਿਗੁਰੂ ਨਾਲ ਮੇਲ ਕਰਨ ਲਈ ਕਿਤੇ ਵੀ ਭਟਕਣ ਦੀ ਲੋੜ ਨਹੀਂ ਹੈ, ਉਹ ਤਾਂ ਸਾਡੇ ਅੰਦਰ ਹੀ ਸਮਾਇਆ ਹੋਇਆ ਹੈ,

ੴ ਸਤਿਗੁਰ ਪ੍ਰਸਾਦਿ॥
ਧਨਾਸਰੀ ਮਹਲਾ ੯॥
ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ॥੧॥ (ਪੰਨਾ 684)

ਉਨ੍ਹਾਂ ਫਰਮਾਇਆ ਹੈ ਕਿ ਜਿਵੇਂ ਫੁੱਲਾਂ ਦੇ ਅੰਦਰ ਖੁਸ਼ਬੋਈ ਅਤੇ ਸ਼ੀਸ਼ੇ ਦੇ ਅੰਦਰ ਸਾਡੀ ਪਰਛਾਈ ਹੈ, ਇਸੇ ਤਰ੍ਹਾਂ ਪਰਮਾਤਮਾ ਸਾਡੇ ਅੰਦਰ ਵੱਸ ਰਿਹਾ ਹੈ, ਉਸ ਨੂੰ ਲੱਭਣ ਦਾ ਯਤਨ ਕਰੋ ਭਾਵ ਆਪਣਾ ਆਪ ਪਛਾਣੋ ਅਤੇ ਉਸ ਦਾ ਸਿਮਰਨ ਕਰ ਆਪਣੇ ਅੰਦਰ ਹੀ ਉਸ ਨੂੰ ਜਗਾਓ। ਉਹ ਫਰਮਾਉਂਦੇ ਹਨ,

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ॥੨॥
ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ॥੩॥ (ਪੰਨਾ 631)

ਉਹ ਦੱਸਦੇ ਹਨ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਗ੍ਰਹਿਸਥ ਜੀਵਨ ਦਾ ਤਿਆਗ ਕਰ ਪਹਾੜਾਂ ਜਾਂ ਜੰਗਲਾਂ ਦੇ ਅੰਦਰ ਤਪ ਕਰਨ ਦੀ ਲੋੜ ਨਹੀਂ ਹੈ, ਸਗੋਂ ਉਸ ਦਾਤੇ ਨੂੰ ਆਪਣੇ ਅੰਦਰ ਖੋਜਣ ਦੇ ਯਤਨ ਕਰਨ ਦੀ ਲੋੜ ਹੈ।

ਗੁਰੂ ਜੀ ਫਰਮਾਉਂਦੇ ਹਨ ਕਿ ਧੀਆਂ-ਪੁੱਤਰਾਂ, ਸਾਕ ਸਬੰਧੀਆਂ ਅਤੇ ਪਤਨੀ ਦੇ ਮੋਹ ਵਿਚ ਮਗਨ ਮਨੁੱਖ ਭਗਤੀ ਤੋਂ ਬਿਨਾ ਆਪਣਾ ਖਾਲੀ ਜੀਵਨ ਬਤੀਤ ਕਰ ਜਦੋਂ ਅੰਤਿਮ ਸਮੇਂ 'ਤੇ ਪੁੱਜਦਾ ਹੈ ਤਾਂ ਉਸ ਦਾ ਕੋਈ ਵੀ ਸੰਗ ਨਹੀਂ ਕਰ ਸਕਦਾ। ਉਸ ਵੇਲੇ ਜਦੋਂ ਵਾਹਿਗੁਰੂ ਵਲ ਧਿਆਨ ਧਰਦਾ ਹੈ ਤਾਂ ਬਹੁਤ ਹੀ ਦੇਰ ਹੋ ਚੁਕੀ ਹੁੰਦੀ ਹੈ। ਮਨੁੱਖ ਦਾ ਮਨ ਉਸ ਪਾਸੇ ਵਲ ਨਹੀਂ ਜਾਂਦਾ ਹੈ,

ਗਉੜੀ ਮਹਲਾ ੯॥
ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥
ਅਹਿਨਿਸਿ ਮਗਨੁ ਰਹੈ ਮਾਇਆ
ਮੈ ਕਹੁ ਕੈਸੇ ਗੁਨ ਗਾਵੈ॥੧॥ ਰਹਾਉ॥
ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ॥ (ਪੰਨਾ 219)

---

ਤਿਲੰਗ ਮਹਲਾ ੯॥
ਜਾਗ ਲੇਹੁ ਰੇ ਮਨਾ ਜਾਗ ਲੇਹੁ
ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ
ਸੋ ਭੀ ਸੰਗਿ ਨ ਹੋਇਆ॥੧॥ ਰਹਾਉ॥
ਮਾਤ ਪਿਤਾ ਸੁਤ ਬੰਧ
ਜਨ ਹਿਤੁ ਜਾ ਸਿਉ ਕੀਨਾ॥
ਜੀਉ ਛੂਟਿਓ ਜਬ ਦੇਹ ਤੇ
ਡਾਰਿ ਅਗਨਿ ਮੈ ਦੀਨਾ॥੧॥
ਜੀਵਤ ਲਉ ਬਿਉਹਾਰੁ ਹੈ
ਜਗ ਕਉ ਤੁਮ ਜਾਨਉ॥
ਨਾਨਕ ਹਰਿ ਗੁਨ ਗਾਇ ਲੈ
ਸਭ ਸੁਫਨ ਸਮਾਨਉ॥ (ਪੰਨਾ 726)

ਉਨ੍ਹਾਂ ਨੇ ਸਮਝਾਇਆ ਹੈ ਕਿ ਇਸ ਅਮੋਲਕ ਜਨਮ ਨੂੰ ਬਿਰਥਾ ਨਾ ਗਵਾਓ, ਉਸ ਮਾਲਕ ਦਾ ਸਿਮਰਨ ਕਰੋ ਅਤੇ ਉਸ ਦੀ ਸ਼ਰਨ 'ਚ ਆਪਣਾ ਜੀਵਨ ਬਤੀਤ ਕਰੋ। ਉਹ ਲਿਖਦੇ ਹਨ,

ਦੁਰਲਭ ਦੇਹ ਪਾਇ ਮਾਨਸ ਕੀ
ਬਿਰਥਾ ਜਨਮੁ ਸਿਰਾਵੈ॥
ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ॥੧॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ
ਤਾ ਸਿਉ ਨੇਹੁ ਨ ਲਾਵੈ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ॥

---

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ॥੧॥ ਰਹਾਉ॥
ਪਤਿਤ ਪੁਨੀਤ ਦੀਨ ਬੰਧ
ਹਰਿ ਸਰਨਿ ਤਾਹਿ ਤੁਮ ਆਵਉ॥
(ਪੰਨਾ 220)

ਗੁਰੂ ਗ੍ਰੰਥ ਸਾਹਿਬ ਦੇ ਪੰਨਾ 1426 ਤੋਂ 1429 ਤਕ ਉਪਰ ਵਰਨਣ 57 ਸ਼ਲੋਕਾਂ ਵਿਚ ਮਨੁੱਖੀ ਮਨ ਦੀ ਤਰਸਯੋਗ ਹਾਲਤ ਨੂੰ ਬਿਆਨਿਆ ਹੈ ਕਿ ਮਨੁੱਖੀ ਮਨ ਦੀ ਤ੍ਰਿਸ਼ਨਾ ਨੂੰ ਬੁਝਾਉਣ ਲਈ ਝੂਠੀ ਦੁਨੀਆਂ ਦੇ ਮੱਕੜ ਜਾਲ ਦੇ ਅੰਦਰ ਫਸਿਆ ਹੋਇਆ ਹੈ, ਜਦੋਂ ਕਿ ਮੌਤ ਹਮੇਸ਼ਾ ਹੀ ਉਸ ਦੇ ਸਿਰ ਉਪਰ ਭੰਵਰੇ ਵਾਂਗ ਚੱਕਰ ਕੱਢ ਰਹੀ ਹੈ। ਉਸ ਤੋਂ ਬੇਖਬਰ ਮਨੁੱਖ ਦੌਲਤ ਅਤੇ ਸ਼ੁਹਰਤ ਇਕੱਠੀ ਕਰਨ ਵਿਚ ਮਗਨ ਹੈ। ਇਹ ਸਭ ਦੌਲਤ ਅਤੇ ਸ਼ੁਹਰਤ ਮਿਥਿਆ ਹੈ ਅਤੇ ਰੇਤੇ ਵਾਂਗ ਸਾਡੇ ਹੱਥਾਂ ਵਿਚੋਂ ਕਿਰਦੀ ਰਹਿੰਦੀ ਹੈ। ਇਹ ਸ਼ਲੋਕ ਕਿਸੇ ਵਿਛੋੜੇ ਦੇ ਸਮੇਂ ਪੈਦਾ ਹੋਏ ਜ਼ਖਮਾਂ ਉਪਰ ਮਰ੍ਹਮ ਦਾ ਕੰਮ ਕਰਦੇ ਹਨ ਅਤੇ ਸਾਡੇ ਭਟਕੇ ਮਨ ਨੂੰ ਸ਼ਾਂਤੀ ਬਖਸ਼ਦੇ ਹਨ। ਉਹ ਦਸ ਰਹੇ ਹਨ,

ਸਿਰੁ ਕੰਪਿਓ ਪਗ ਡਗਮਗੇ
ਨੈਨ ਜੋਤਿ ਤੇ ਹੀਨ॥
ਕਹੁ ਨਾਨਕ ਇਹ ਬਿਧਿ ਭਈ
ਤਉ ਨ ਹਰਿ ਰਸਿ ਲੀਨ॥੪੨॥
ਨਿਜ ਕਰਿ ਦੇਖਿਓ ਜਗਤੁ ਮੈ
ਕੋ ਕਾਹੂ ਕੋ ਨਾਹਿ॥
ਨਾਨਕ ਖਿਰੁ ਹਰਿ ਭਗਤਿ ਹੈ
ਤਿਹ ਰਾਖੋ ਮਨ ਮਾਹਿ॥੪੯॥
ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਖਿਰੁ ਨਾ ਰਹੈ
ਜਿਉ ਬਾਲੂ ਕੀ ਭੀਤਿ॥੪੯॥
ਸੰਗ ਸਖਾ ਸਭਿ ਤਜਿ ਗਏ
ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ
ਟੇਕ ਏਕ ਰਘੁਨਾਥ॥੫੦॥ (ਪੰਨਾ 1429)

ਉਨ੍ਹਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਦੂਜਿਆਂ ਦੀ ਨਿੰਦਾ-ਚੁਗਲੀ ਕਰਨ ਅਤੇ ਪਰਾਈ ਨਾਰੀ ਦੇ ਰੂਪ ਵਿਚ ਮੋਹਿਤ ਹੋਣ ਦੀ ਥਾਂ ਉਸ ਵਾਹਿਗੁਰੂ ਦੀ ਭਗਤੀ ਕਰੇ ਤਾਂ ਹੀ ਉਹ ਭਵਸਾਗਰ ਨੂੰ ਪਾਰ ਕਰ ਸਕਦਾ ਹੈ। ਉਨ੍ਹਾਂ ਇਸ ਸ਼ਬਦ ਰਾਹੀਂ ਸਪਸ਼ਟ ਕੀਤਾ ਗਿਆ ਹੈ,

ਸੋਰਠਿ ਮਹਲਾ ੯॥
ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ॥੧॥ ਰਹਾਉ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ॥੧॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ॥੨॥
ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ॥੩॥ (ਪੰਨਾ 631)

ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਣ ਲਈ ਆਪ ਦਿੱਲੀ ਚੱਲ ਕੇ ਗਏ। ਉਨ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਸਨ। ਜਦੋਂ ਸਮੇਂ ਦੇ ਹਾਕਮ ਨੇ ਗੁਰੂ ਜੀ ਦੀ ਜਾਨ ਬਖਸ਼ੀ ਲਈ ਸ਼ਰਤਾਂ ਰੱਖੀਆਂ ਕਿ ਉਹ ਇਸਲਾਮ ਕਬੂਲ ਕਰਨ ਜਾਂ ਕਰਾਮਾਤ ਵਿਖਾਉਣ ਤਾਂ ਗੁਰੂ ਜੀ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਮੌਤ ਨੂੰ ਸਵੀਕਾਰ ਕਰਨਾ ਮੰਨ ਲਿਆ। ਗੁਰੂ ਜੀ ਨੂੰ ਡਰਾਉਣ ਲਈ ਉਨ੍ਹਾਂ ਦੇ ਨਾਲ ਗਏ ਸੇਵਾਦਾਰਾਂ ਨੂੰ ਬੜੀ ਬੇਰਹਿਮੀ ਅਤੇ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਗਿਆ।

ਭਾਈ ਮਤੀ ਦਾਸ ਜੀ ਨੂੰ ਜਿਉਂਦੇ ਜੀਅ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਕਪਾਹ ਵਿਚ ਲਪੇਟ ਕੇ ਸਾੜ ਦਿੱਤਾ ਗਿਆ। ਇਹ ਸਾਰੇ ਤਸੀਹੇ ਗੁਰੂ ਸਾਹਿਬ ਜੀ ਦੇ ਸਾਹਮਣੇ ਹੀ ਦਿੱਤੇ ਗਏ ਸਨ। ਇਨ੍ਹਾਂ ਸੇਵਾਦਾਰਾਂ ਨੇ ਪੂਰੀ ਦਲੇਰੀ ਅਤੇ ਦ੍ਰਿੜਤਾ ਨਾਲ ਬਿਨਾ ਕਿਸੇ ਡਰ-ਸਹਿਮ ਦੇ, ਬਿਨਾ ਸੀ ਕੀਤਿਆਂ ਸ਼ਹੀਦੀ ਜਾਮ ਪੀ ਲਿਆ ਸੀ। ਗੁਰੂ ਸਾਹਿਬ ਲੋਹੇ ਦੇ ਪਿੰਜਰੇ ਅੰਦਰ ਇਸ ਕਰੁਣਾਮਈ ਵਰਤਾਰੇ ਨੂੰ ਅਡੋਲ ਅਤੇ ਸ਼ਾਂਤ ਚਿੱਤ ਦੇਖ ਰਹੇ ਸਨ। ਉਨ੍ਹਾਂ ਨੇ ਇਸਲਾਮ ਕਬੂਲ ਕਰਨ ਤੋਂ ਕੋਰਾ

(ਬਾਕੀ ਅਗਲੇ ਸਫੇ 'ਤੇ)

# ਫੁੱਲਾਂ ਦੀ ਸੌਗਾਤ


ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-991-4249

ਧਨਾਤਮਿਕ (Positive) ਭਾਵ ਚੜ੍ਹਦੀ ਕਲਾ ਵਾਲੇ ਗੁਣਾਂ ਨੂੰ ਚੰਗੇ ਜੀਵਨ ਦੀ ਬੁਨਿਆਦ ਮੰਨਿਆ ਜਾਂਦਾ ਹੈ। ਸੁੱਚਜੇ ਜੀਵਨ ਜਾਂ ਚੰਗੀ ਜੀਵਨ-ਜਾਚ ਦੀ ਸਭ ਪ੍ਰਸ਼ੰਸਾ ਕਰਦੇ ਹਨ। ਲੋਕਾਂ ਨੇ ਇਸ ਬਾਰੇ ਪੁਸਤਕਾਂ ਲਿਖੀਆਂ ਹਨ, ਲੈਕਚਰ ਦਿੱਤੇ ਹਨ ਤੇ ਪ੍ਰਚਾਰ ਕੀਤੇ ਹਨ। ਕਈ ਇਸ ਕੰਮ ਲਈ ਅਧਿਆਤਮ ਨਾਲ ਜੁੜਦੇ ਹਨ ਤੇ ਮਹਾਂਪੁਰਖਾਂ ਦੀ ਸੰਗਤ ਵਿਚ ਜਾਂਦੇ ਹਨ। ਗੁਰਬਾਣੀ ਵਿਚ ਵੀ ਸਦਗੁਣਾਂ 'ਤੇ ਜੋਰ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ ਨੂੰ ਚੰਗੀ ਜੀਵਨ ਸ਼ੈਲੀ ਦੇ ਦੁਸ਼ਮਨ ਮੰਨਿਆ ਹੈ। ਉਨ੍ਹਾਂ ਨੇ ਕੂੜ, ਬਖੀਲੀ, ਧੌਂਸ, ਬੇਇਨਸਾਫੀ ਤੇ ਅਜਿਹੇ ਕਈ ਹੋਰ ਵਿਕਾਰਾਂ ਨੂੰ ਨਕਾਰਿਆ ਹੈ। ਦੂਜੇ ਧਰਮ ਵੀ ਅਜਿਹੀਆਂ ਹੀ ਚੰਗੀਆਂ ਨਸੀਹਤਾਂ ਦਿੰਦੇ ਹਨ; ਪਰ ਕੀ ਇੰਨੇ ਪ੍ਰਚਾਰ ਦੇ ਬਾਵਜੂਦ ਮਨੁੱਖੀ ਫਿਤਰਤ ਬਦਲੀ ਹੈ ਤੇ ਉਨ੍ਹਾਂ ਦੇ ਸੁਭਾਅ ਵਿਚ ਕੋਈ ਵਧੀਆ ਮੋੜ ਆਇਆ ਹੈ? ਸ਼ਾਇਦ ਕੁਝ ਆਇਆ ਵੀ ਹੋਵੇ, ਪਰ ਲਗਦਾ ਨਹੀਂ ਕਿ ਨਿਖੇਧਾਤਮਕ (Negative) ਗੁਣਾਂ ਨੂੰ ਮਨੁੱਖ ਨੇ ਆਪਣੇ ਵਸ ਵਿਚ ਕਰ ਲਿਆ ਹੋਵੇ। ਸਮਾਜ ਵਿਚ ਚਾਰੇ ਪਾਸੇ, ਬੇਭਰੋਸਗੀ, ਬੇਸਬਰੀ, ਹਿੰਸਾ, ਇੱਕਲ, ਉਪਰਾਮਤਾ, ਡਰ, ਨਫਰਤ, ਅਗਿਆਨ, ਲਾਈਲੱਗਪੁਣਾ ਤੇ ਅੱਤਿਆਚਾਰ ਫੈਲੇ ਹੋਏ ਹਨ। ਬੇਅਕਲੀ ਦੀਆਂ ਕਈ ਹੋਰ ਅਜਿਹੀਆਂ ਕਿਸਮਾਂ ਤੇ ਅਧੋਗਤੀ ਵਾਲੇ ਵਰਤਾਰਿਆਂ ਨੂੰ ਦੇਖ ਕੇ ਤਾਂ ਲਗਦਾ ਹੈ ਕਿ ਮਨੁੱਖ ਮਨੁੱਖਤਾ ਦੇ ਆਮ ਪੱਧਰ ਤੋਂ ਵੀ ਬੜਾ ਹੇਠ ਰਹਿ ਰਿਹਾ ਹੈ।

ਮਨੁੱਖ ਦੇ ਹੁਣ ਤੀਕ ਦੇ ਤਜ਼ਰਬੇ ਤੋਂ ਪਤਾ ਚਲਦਾ ਹੈ ਕਿ ਤਰਕ ਤੇ ਜਬਤ ਅਨੁਸਾਰ ਢਾਲਿਆ ਜੀਵਨ ਸਭ ਤੋਂ ਚੰਗਾ ਜੀਵਨ ਹੁੰਦਾ ਹੈ। ਅਰਸਤੂ ਅਨੁਸਾਰ ਤਰਕ ਤੇ ਬੌਧਿਕਤਾ ਦਾ ਜੀਵਨ ਅਸਲ ਤੌਰ 'ਤੇ ਸਭ ਤੋਂ ਵਧੀਆ ਹੈ। ਉਹ ਇਹ ਵੀ ਕਹਿੰਦਾ ਹੈ ਕਿ ਅਜਿਹਾ ਜੀਵਨ ਪੱਧਰ ਹਾਸਲ ਕਰਨਾ ਹੀ ਮਨੁੱਖ ਦਾ ਸਭ ਤੋਂ ਉਤਲਾ ਮਨੋਰਥ ਹੈ। ਸਿੱਖ ਮੱਤ ਅਨੁਸਾਰ ਕੁਦਰਤ ਦੇ ਭਾਣੇ ਤੇ ਸੰਜਮ ਵਿਚ ਜੀਵਿਆ ਜੀਵਨ ਉੱਤਮ ਹੈ, ਪਰ ਕੁਦਰਤ ਦੇ ਨੇਮ ਵੀ ਤਾਂ ਤਰਕ-ਭਰਪੂਰ ਹਨ। ਇਸ ਲਈ ਤਰਕ-ਵਿਵੇਕ ਦੇ ਹਿਸਾਬ ਜੀਵਿਆ ਜੀਵਨ ਹੀ ਅਰਥ-ਭਰਪੂਰ ਹੈ। ਭਾਵ ਇਹ ਕਿ ਸ਼ਾਂਤੀ, ਮਿਲਵਰਤਨ, ਹਮਦਰਦੀ, ਲਗਨ, ਉੱਦਮ, ਨਿਆਂ, ਸਮਝਦਾਰੀ ਤੇ ਅਗਾਂਹਵਧੂ ਸੋਚ ਹੀ ਮਾਨਵੀ ਸਭਿਅਤਾ ਅਨੁਸਾਰ ਉਸਰੇ ਜੀਵਨ ਦੇ ਮੁੱਖ ਸਤੰਭ ਹਨ। ਜਿੱਥੇ ਮਨੁੱਖਤਾ ਹਰ ਕਾਲ ਵਿਚ ਹੀ ਇਨ੍ਹਾਂ ਟੀਚਿਆਂ ਅਨੁਸਾਰ ਅੱਗੇ ਵਧਣ ਦਾ ਉਪਰਾਲਾ ਕਰਦੀ ਰਹਿੰਦੀ ਹੈ, ਉੱਥੇ ਉਸ ਨੂੰ ਮਨੁੱਖੀ ਸੁਭਾਅ ਦੀਆਂ ਕਮਜ਼ੋਰੀਆਂ ਦਾ ਵੀ ਲਗਾਤਾਰ ਸਾਹਮਣਾ ਕਰਨਾ ਪੈਂਦਾ ਹੈ।

ਇਹ ਕੋਈ ਛੁਪੀ ਹੋਈ ਗੱਲ ਨਹੀਂ ਕਿ ਮਨੁੱਖ ਊਣਤਾਈਆਂ ਦਾ ਪੁਤਲਾ ਹੈ। ਇਹ ਊਣਤਾਈਆਂ ਉਸ ਦੇ ਸੁਭਾਵਿਕ ਔਗੁਣ ਹਨ, ਜੋ ਉਸ ਦੇ ਨਾਂਹਵਾਚਕ ਰਵੱਈਏ ਦਾ ਕਾਰਨ ਬਣਦੇ ਹਨ। ਉਹ ਇਨ੍ਹਾਂ ਨੂੰ ਆਪ ਜਾਣਦਾ ਹੋਵੇ ਜਾਂ ਨਾ, ਇਹ ਉਸ ਦੀ ਸਮਝ 'ਤੇ ਨਿਰਭਰ ਕਰਦਾ ਹੈ, ਪਰ ਇਹ ਔਗੁਣਾਂ ਦਾ ਦੂਜਿਆਂ ਨੂੰ ਜਰੂਰ ਪਤਾ ਲੱਗ ਜਾਂਦਾ ਹੈ। ਇਸੇ ਲਈ ਲੋਕ ਦੂਜਿਆਂ ਦੇ ਸੁਭਾਵਾਂ ਅੰਦਰਲੇ ਗੁਣਾਂ ਨੂੰ ਮੁੱਖ ਰੱਖ ਕੇ ਹੀ ਉਨ੍ਹਾਂ ਨਾਲ ਵਿਹਾਰ ਕਰਦੇ ਹਨ। ਲੋਕਾਂ ਦੀ ਫਿਤਰਤ ਹੈ ਕਿ ਉਹ ਆਪਣੇ ਔਗੁਣਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਤੇ ਦੂਜਿਆਂ ਤੋਂ ਧਨਾਤਮਕ ਗੁਣਾਂ ਦੀ ਆਸ ਰੱਖਦੇ ਹਨ। ਅਜਿਹਾ ਵਿਹਾਰ ਮਨੁੱਖ ਦੇ ਆਪਸੀ ਸਬੰਧਾਂ ਵਿਚ ਰੜਕ ਪੈਦਾ ਕਰਦਾ ਹੈ। ਇਸ ਲਈ ਸਮੁੱਚੀ ਮਾਨਵਤਾ ਦੇ ਕਲਿਆਣ ਤੇ ਵਿਕਾਸ ਲਈ ਜਰੂਰੀ ਹੈ ਕਿ ਸਭ ਲੋਕ ਆਪਣੇ ਆਪਣੇ ਰਿਣਆਤਮਕ ਗੁਣਾਂ ਨੂੰ ਧਨਾਤਮਕ ਗੁਣਾਂ ਵਿਚ ਬਦਲਣ ਦੇ ਕਾਬਲ ਹੋ ਜਾਣ।

ਮਾਨਵ ਕਲਿਆਣ ਤੇ ਵਿਕਾਸ ਸ਼ਾਇਦ ਕਈਆਂ ਨੂੰ ਦੂਰ ਦੀ ਚੀਜ਼ ਜਾਪੇ, ਪਰ ਇਹ ਬਿਲਕੁਲ ਹੀ ਨਜ਼ਦੀਕੀ ਤੇ ਨਿੱਜੀ ਵਰਤਾਰਾ ਹੈ।




ਜੇ ਕਿਸੇ ਦੇ ਵਿਹਾਰ ਵਿਚ ਘ੍ਰਿਣਾ, ਕਾਇਰਤਾ, ਉਦਾਸੀ ਜਾਂ ਕ੍ਰੋਧ ਜਿਹਾ ਕੋਈ ਨੁਕਸ ਆ ਜਾਂਦਾ ਹੈ ਤਾਂ ਸਮਝੋ ਕਿ ਉਸ ਦੇ ਸੂਖਮ ਮਾਨਸਿਕ ਸੰਤੁਲਨ ਦੀ ਕੋਈ ਤਣੀ ਵਧੇਰੇ ਢਿੱਲੀ ਜਾਂ ਕਸੀ ਹੋਈ ਹੈ। ਉਹ ਪ੍ਰਕਿਰਤੀ ਦੀ ਗਤੀ ਨਾਲੋਂ ਨਿੱਖੜ ਗਿਆ ਹੈ, ਭਾਵ ਉਹ ਇਸ ਅਨੁਸਾਰ ਨਹੀਂ ਸਗੋਂ ਇਸ ਤੋਂ ਟੇਢਾ ਮੇਢਾ ਜਾਂ ਅੱਗੇ ਪਿੱਛੇ ਹੋ ਕੇ ਚਲ ਰਿਹਾ ਹੈ। ਉਸ ਦੀ ਬੇਸੰਜਮੀ (Inharmonious) ਚਾਲ ਨੇ ਉਸ ਦੇ ਸਿਰ ਅੰਦਰਲੇ ਹਿੱਸੇ ਪੁਰਜੇ ਇਸ ਕਦਰ ਘਸਾ ਦਿੱਤੇ ਹਨ ਕਿ ਉਸ ਦੇ ਵਿਹਾਰ ਦੀ ਚਾਲ ਵਿਚ ਵਿਗਾੜ ਪ੍ਰਗਟ ਹੋ ਗਏ ਹਨ। ਇਹ ਵਿਗਾੜ ਉਸ ਦੇ ਸੁਭਾਅ ਤੀਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਸੋਚ ਤੇ ਮਾਨਸਿਕਤਾ ਰਾਹੀਂ ਸਰੀਰਕ ਰੋਗਾਂ ਦੀ ਸ਼ਕਲ ਵੀ ਧਾਰ ਲੈਂਦੇ ਹਨ। ਸਵੈਮਾਣ ਦੀ ਕਮਜ਼ੋਰੀ ਵਾਲਿਆਂ ਵਿਚ ਡਿਪਰੈਸ਼ਨ, ਵੱਧ ਗੁੱਸੇ ਵਾਲਿਆਂ ਵਿਚ ਦਿਲ ਦੇ ਰੋਗ, ਰੋਗਾਂ ਤੋਂ ਡਰਨ ਵਾਲਿਆਂ ਵਿਚ ਬਿਮਾਰੀ ਵਿਰੁਧ ਲੜਨ ਦੀ ਸ਼ਕਤੀ (Immunity) ਦੀ ਘਾਟ, ਅਨਿਆਇ ਨਾਲ ਸਹਿਮਤੀ ਕਰਨ ਵਾਲਿਆਂ ਨੂੰ ਲੰਮੀਆਂ (Chronic) ਬਿਮਾਰੀਆਂ, ਦੁੱਚਿਤੀ ਵਿਚ ਰਹਿਣ ਵਾਲਿਆਂ ਨੂੰ ਹਕਲਾਉਣ ਤੇ ਸੁੱਚਮ-ਸਫਾਈ ਦੇ ਵਹਿਮ ਪਾਲਣ ਵਾਲਿਆਂ ਨੂੰ ਕਮਲ ਰੋਗ ਆਮ ਹੋ ਜਾਂਦੇ ਹਨ। ਇਸ ਲਈ ਆਪਣੇ ਸੁਭਾਅ ਦੀਆਂ ਊਣਤਾਈਆਂ ਨੂੰ ਹਮਵਾਰ ਕਰਨਾ ਕੁਦਰਤ ਅਨੁਸਾਰ ਸਮਾਨੰਤਰ ਹੋਣਾ ਹੀ ਨਹੀਂ, ਸਗੋਂ ਆਪਣੀ ਮਾਨਸਿਕ ਤੇ ਸਰੀਰਕ ਸਿਹਤ ਲਈ ਵੀ ਜਰੂਰੀ ਹੈ।

ਪਰ ਆਪਣੀਆਂ ਨਿਖੇਧਾਤਮਕ ਪ੍ਰਵਿਰਤੀਆਂ ਦਾ ਨਿਖੇਧ ਕਿਵੇਂ ਕਰੀਏ? ਗਿਆਨ ਧਿਆਨ ਦੇ ਨਿੱਜੀ ਉੱਦਮ ਤੇ ਸਮੂਹ ਡਾਕਟਰੀ ਸੇਵਾਵਾਂ ਇਸ ਪ੍ਰਾਪਤੀ ਵਿਚ ਕੋਈ ਮਦਦ ਨਹੀਂ ਕਰਦੀਆਂ। ਫਿਰ ਵੀ ਲਾਚਾਰੀ ਦੀ ਇਸ ਅਵਸਥਾ ਵਿਚ ਉਦਾਸ ਹੋਣ ਦੀ ਲੋੜ ਨਹੀਂ। ਕੁਦਰਤ ਨੇ ਮਨੁੱਖ ਨੂੰ ਫੁੱਲਾਂ ਦੀ ਇਕ ਅਜਿਹੀ ਸੌਗਾਤ ਦਿੱਤੀ ਹੋਈ ਹੈ, ਜੋ ਉਨ੍ਹਾਂ ਲਈ ਪ੍ਰਗਤੀਵਾਦੀ ਪੰਧ ਤੇ ਚਲਣ ਵਿਚ ਸਹਾਇਕ ਸਿੱਧ ਹੋ ਸਕਦੀ ਹੈ। ਡਾ. ਐਡਵਰਡ ਬੈਚ (Edward Bach) ਨੇ ਕੁਝ ਅਨਮੋਲ ਫੁੱਲਾਂ ਨੂੰ ਲੱਭ ਕੇ ਉਨ੍ਹਾਂ ਦੇ ਰਸ ਮਨੁੱਖਤਾ ਦੀ ਸੇਵਾ ਵਿਚ ਪੇਸ਼ ਕੀਤੇ ਹੋਏ ਹਨ। ਇਹ ਗੱਲ ਵੱਖਰੀ ਹੈ ਕਿ ਜਨ ਸਾਧਾਰਨ ਨੂੰ ਇਨ੍ਹਾਂ ਦੀ ਬਹੁਤੀ ਭਿਣਕ ਨਾ ਪਈ ਹੋਵੇ ਅਤੇ ਡਾਕਟਰ ਤੇ ਹਕੀਮ ਆਪਣੇ ਪੇਸ਼ੇ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਨੂੰ ਖਾਸ ਅਹਿਮੀਅਤ ਨਾ ਦਿੰਦੇ ਹੋਣ, ਪਰ ਇਹ ਜਾਣਕਾਰੀ ਉਨ੍ਹਾਂ ਹਰ ਇਕ ਕੋਲ ਪਹੁੰਚਣੀ ਚਾਹੀਦੀ ਹੈ। ਜੇ ਕਿਤੇ ਆਮ ਆਦਮੀ ਨੂੰ ਇਨ੍ਹਾਂ ਦਾ ਪਤਾ ਲੱਗ ਜਾਵੇ ਤਾਂ ਉਹ ਮਾਨਸਿਕ ਤੌਰ 'ਤੇ ਤਾਂ ਸਿਹਤਮੰਦ ਹੋ ਹੀ ਜਾਣਗੇ, ਸਰੀਰਕ ਤੰਦਰੁਸਤੀ ਲਈ ਵੀ ਉਨ੍ਹਾਂ ਦਾ ਮੈਡੀਕਲ ਬਿਲ ਬਹੁਤ ਘਟ ਜਾਵੇਗਾ।

ਐਡਵਰਡ ਬੈਚ ਇਕ ਅੰਗਰੇਜ਼ ਐਲੋਪੈਥਿਕ ਡਾਕਟਰ ਸੀ, ਜਿਸ ਨੇ ਵੀਹਵੀਂ ਸਦੀ ਦੇ ਅਰੰਭ ਵਿਚ ਬਿਰਮਿੰਘਮ ਯੂਨੀਵਰਸਿਟੀ ਤੋਂ ਮੈਡੀਕਲ ਡਿਗਰੀ ਪ੍ਰਾਪਤ ਕੀਤੀ ਤੇ ਉੱਥੇ ਹੀ ਡਾਕਟਰੀ ਪ੍ਰੈਕਟਿਸ ਤੇ ਖੋਜ ਦਾ ਕੰਮ ਸ਼ੁਰੂ ਕਰ ਦਿੱਤਾ। ਆਪਣੀ ਖੋਜ਼ ਦੌਰਾਨ ਉਸ ਨੇ ਦੇਖਿਆ ਕਿ ਲੋਕਾਂ ਦੀਆਂ ਬਿਮਾਰੀਆਂ ਤੇ ਉਨ੍ਹਾਂ ਦੀ ਮਾਨਸਿਕਤਾ ਵਿਚਕਾਰ ਬੜਾ ਨੇੜੇ ਦਾ ਸਬੰਧ ਹੈ। ਉਸ ਨੇ ਇਹ ਵੀ ਦੇਖਿਆ ਕਿ ਬੀਮਾਰ ਮਾਨਸਿਕਤਾ ਕਿਸੇ ਬਿਮਾਰੀ ਕਾਰਨ ਨਹੀਂ, ਸਗੋਂ ਬਿਮਾਰ ਦੀ ਬਿਮਾਰੀ ਹੀ ਉਸ ਦੀ ਬਿਮਾਰ ਮਾਨਸਿਕਤਾ ਕਾਰਨ ਪੈਦਾ ਹੁੰਦੀ ਹੈ। ਉਹ ਵੱਖ ਵੱਖ ਮਨੁੱਖਾਂ ਦੀਆਂ ਅੰਤੜੀਆਂ ਤੋਂ ਪ੍ਰਾਪਤ ਹੋਏ ਬੈਕਟੀਰੀਆ ਰਾਹੀਂ ਵੱਖ ਵੱਖ ਮਾਨਸਿਕਤਾਵਾਂ ਦਾ ਇਲਾਜ ਢੂੰਡ ਹੀ ਰਿਹਾ ਸੀ ਕਿ ਉਸ ਨੇ ਹੋਮਿਓਪੈਥੀ ਬਾਰੇ ਸੁਣਿਆ। ਹੋਮਿਓਪੈਥੀ ਵਿਚ ਮਾਨਸਿਕ ਅਲਾਮਤਾਂ ਦੀ ਪ੍ਰਭੁਤਾ ਬਾਰੇ ਪੜ੍ਹ ਕੇ ਉਹ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਆਪਣਾ ਐਲੋਪੈਥਿਕ ਪ੍ਰਾਜੈਕਟ ਛੱਡ ਕੇ ਬਿਮਾਰ ਮਾਨਸਿਕਤਾਵਾਂ ਦਾ ਇਲਾਜ ਹੋਮਿਓਪੈਥਿਕ ਨਮੂਨੇ ਅਨੁਸਾਰ ਲੱਭਣ ਵਿਚ ਜੁਟ ਗਿਆ। ਹੋਮਿਓਪੈਥੀ ਵਿਚ ਬੈਕਟੀਰੀਆ ਦੀ ਥਾਂ ਬਨਾਸਪਤੀ ਤੇ ਹੋਰ ਕੁਦਰਤੀ ਪਦਾਰਥਾਂ ਤੋਂ ਤਿਆਰ ਕੀਤੀਆਂ ਪੋਟੈਂਸੀਆਂ ਦਾ ਉਪਯੋਗ ਕੀਤਾ ਜਾਂਦਾ ਹੈ, ਇਸ ਲਈ ਉਸ ਨੇ ਤਰ੍ਹਾਂ ਤਰ੍ਹਾਂ ਦੀਆਂ ਰਿਣਾਤਮਕ ਮਨੁੱਖੀ ਮਾਨਸਿਕਤਾਵਾਂ ਦਾ ਸਮਾਧਾਨ ਪੇੜ ਪੌਦਿਆਂ ਦੇ ਫੁਲਾਂ ਰਾਹੀਂ ਕਰਨ ਵਲ ਧਿਆਨ ਦਿੱਤਾ। ਉਸ ਨੇ ਕੁਲ ਅੱਠਤੀ ਫੁਲਾਂ ਦੇ ਰੱਸਾਂ ਤੋਂ ਦਵਾਈਆਂ ਤਿਆਰ ਕੀਤੀਆਂ, ਜਿਹੜੇ ਸਭ ਉਸੇ ਇਲਾਕੇ ਦੇ ਜੰਗਲਾਂ ਵਿਚ ਉਗਦੇ ਸਨ। ਡਾ. ਬੈਚ ਨੇ ਆਪਣੀ ਚਿਕਿਤਸਾ ਪ੍ਰਣਾਲੀ ਨੂੰ ਸਰਲ ਰੱਖਣ ਲਈ ਹੋਮਿਓਪੈਥੀ ਵਾਂਗ ਰਸਾਂ ਦੀ ਪੋਟੈਂਸੀ ਬਣਾਉਣ ਦੀ ਪ੍ਰਥਾ ਨਹੀਂ ਅਪਨਾਈ।

ਡਾ. ਬੈਚ ਦੀ ਖੋਜੀ ਹੋਈ ਇਹ ਫੁੱਲਾਂ ਦੀ ਸੌਗਾਤ ਆਧੁਨਿਕ ਇਲਾਜ ਪ੍ਰਣਾਲੀ ਵਿਚ ਇਕ ਅਜਬ ਜਿਹਾ ਵਾਧਾ ਕਰਦੀ ਹੈ। ਇਹ ਦਵਾਈਆਂ ਨਾ ਸਿਰਫ ਸਰੀਰਕ ਮਰਜ਼ਾਂ ਦਾ ਇਲਾਜ ਕਰਦੀਆਂ ਹਨ, ਸਗੋਂ ਮਾਨਸਿਕ, ਸੁਭਾਵਿਕ, ਵਿਹਾਰਕ, ਸੋਚ ਵਿਚਾਰਕ, ਕਾਰਜਸ਼ੀਲਤਾ, ਜਜ਼ਬਾਤੀ ਤੇ ਆਚਰਣ ਦੇ ਹੋਰ ਪੱਖਾਂ ਦੀਆਂ ਨਕਾਰਾਤਮਿਕਤਾਵਾਂ (Negativities) ਨੂੰ ਵੀ ਦੂਰ ਕਰਦੀਆਂ ਹਨ। ਮਿਸਾਲ ਵਜੋਂ ਜੇ ਕੋਈ ਆਦਮੀ ਝੂਠ ਬੋਲਦਾ ਹੈ ਤਾਂ ਉਸ ਦੀ ਆਦਤ ਨੂੰ ਠੀਕ ਕਰਨ ਵਾਲੀ ਦਵਾ ਵਿਸ਼ਵ ਦੇ ਕਿਸੇ ਸਿਸਟਮ ਵਿਚ ਨਹੀਂ ਹੈ, ਪਰ ਇਹ ਬੈਚ ਫਲਾਵਰ ਪ੍ਰਣਾਲੀ ਵਿਚ ਹੈ।

ਡਾ. ਵੀ. ਕ੍ਰਿਸ਼ਨਾਮੂਰਤੀ ਅਨੁਸਾਰ ਸਾਡੇ ਪੁਲਿਸ ਥਾਣਿਆਂ ਵਿਚ ਅਪਰਾਧੀਆਂ ਤੋਂ ਸੱਚ ਉਗਲਾਉਣ ਲਈ ਉਨ੍ਹਾਂ ਨੂੰ ਹਵਾਲਾਤਾਂ ਵਿਚ ਰੱਖਿਆ ਜਾਂਦਾ ਹੈ ਤੇ ਤੀਜੇ ਦਰਜੇ ਦੇ ਤਸੀਹੇ ਦਿੱਤੇ ਜਾਂਦੇ ਹਨ। ਕਈ ਦਮ ਤੋੜ ਦਿੰਦੇ ਹਨ, ਪਰ ਮੂੰਹ ਨਹੀਂ ਖੋਲ੍ਹਦੇ। ਵੱਡੇ ਵੱਡੇ ਪੁਲਿਸ ਅਧਿਕਾਰੀ ਮਾਯੂਸੀ ਵਿਚ ਸਿਰ ਫੜ ਕੇ ਬੈਠੇ ਰਹਿੰਦੇ ਹਨ, ਪਰ ਜਿਸ ਥਾਣੇਦਾਰ ਨੂੰ ਬੈਚ ਦਵਾਈਆਂ ਦਾ ਪਤਾ ਹੈ, ਉਹ ਇਕ ਪਾਣੀ ਦਾ ਗਿਲਾਸ ਮੰਗਵਾਵੇਗਾ ਤੇ ਉਸ ਵਿਚ ਕੁਝ ਮਿੱਠੀਆਂ ਗੋਲੀਆਂ ਸੁਟ ਕੇ ਅਪਰਾਧੀ ਨੂੰ ਪਿਲਾ ਦੇਵੇਗਾ। ਦਸਾਂ ਮਿੰਟਾਂ ਵਿਚ ਆ ਕੇ ਅਪਰਾਧੀ ਨਾ ਸਿਰਫ ਆਪਣੇ ਹੁਣ ਦੇ, ਸਗੋਂ ਪਿਛਲੇ ਸਾਰੇ ਅਪਰਾਧਾਂ ਬਾਰੇ ਵੀ ਸੱਚੋ ਸੱਚ ਦੱਸ ਦੇਵੇਗਾ। ਡਾ. ਕ੍ਰਿਸ਼ਨਾਮੂਰਤੀ ਕਹਿੰਦੇ ਹਨ ਕਿ ਕੋਈ ਇਹ ਨਾ ਸਮਝੇ ਕਿ ਬੈਚ ਫਲਾਵਰ ਪ੍ਰਣਾਲੀ ਵਿਚ ਕੋਈ ਸੱਚ ਲੱਭਣ ਦੀ ਦਵਾਈ ਹੈ। ਦਿੱਤੀ ਦਵਾਈ ਸਿਰਫ ਅਪਰਾਧੀ ਦੀ ਪਾਸਾ ਵੱਟ ਕੇ ਨਿਕਲ ਜਾਣ ਦੀ ਮਾੜੀ ਮਾਨਸਿਕਤਾ ਨੂੰ ਦੂਰ ਕਰਦੀ ਹੈ ਤੇ ਉਸ ਨੂੰ ਸੱਚ ਦਾ ਸਾਹਮਣਾ ਕਰਨ ਦੀ ਧਨਾਤਮਕ ਮਾਨਸਿਕਤਾ ਦਿੰਦੀ ਹੈ। ਬੱਸ ਫਿਰ ਉਹ ਵਿਅਕਤੀ ਰਿਣਾਤਮਕ ਮਾਨਸਿਕਤਾ ਤੇ ਝੂਠ-ਦੋਵੇਂ ਤਿਆਗ ਦੇਵੇਗਾ।

ਇਸੇ ਤਰ੍ਹਾਂ ਦੀ ਉਨ੍ਹਾਂ ਵਿਦਿਆਰਥੀਆਂ ਦੀ ਮਿਸਾਲ ਹੈ, ਜੋ ਦਿਨ ਰਾਤ ਪੜ੍ਹਾਈ ਕਰਨ ਦੇ ਬਾਵਜੂਦ ਪਾਸ ਨਹੀਂ ਹੁੰਦੇ ਜਾਂ ਚੰਗੇ ਅੰਕ ਪ੍ਰਾਪਤ ਨਹੀਂ ਕਰ ਸਕਦੇ। ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ, ਜੋ ਮਾਪਿਆਂ ਤੇ ਅਧਿਆਪਕਾਂ ਦੇ ਵਾਰ ਵਾਰ ਕਹਿਣ ਤੋਂ ਬਾਅਦ ਵੀ ਪੜ੍ਹਾਈ ਤੋਂ ਕੰਨੀ ਕਤਰਾਉਂਦੇ ਰਹਿੰਦੇ ਹਨ। ਕਈ ਵਿਦਿਆਰਥੀ ਟੀ. ਵੀ., ਫੇਸਬੁਕ ਤੇ ਟਿੱਕ-ਟਾਕ ਵਲ ਵਧੇਰੇ ਧਿਆਨ ਦਿੰਦੇ ਹਨ ਤੇ ਪੜ੍ਹਨ ਦਾ ਨਾਂ ਨਹੀਂ ਲੈਂਦੇ। ਕਈ ਪੜ੍ਹਦੇ ਤਾਂ ਸਾਰਾ ਦਿਨ ਰਹਿੰਦੇ ਹਨ, ਪਰ ਉਨ੍ਹਾਂ ਦੀ ਸਮਝ ਵਿਚ ਕੁਝ ਨਹੀਂ ਆਉਂਦਾ। ਕਈ ਕੋਈ ਨਾ ਕੋਈ ਬਹਾਨਾ ਲਾ ਕੇ ਹਰ ਰੋਜ਼ ਪੜ੍ਹਾਈ ਦਾ ਕੰਮ ਟਾਲਦੇ ਰਹਿੰਦੇ ਹਨ ਤੇ ਫਿਰ ਪੱਛੜ ਜਾਂਦੇ ਹਨ। ਕਈ ਇਸ ਲਈ ਪੜ੍ਹਾਈ ਨਹੀਂ ਕਰ ਸਕਦੇ ਕਿ ਉਨ੍ਹਾਂ ਵਿਚ ਆਪਣੇ ਆਪ ਪ੍ਰਤੀ ਘਟੀਆ ਅਹਿਸਾਸ ਆਇਆ ਹੁੰਦਾ ਹੈ। ਉਹ ਆਪਣੇ ਆਪ ਨੂੰ ਦੂਜਿਆਂ ਤੋਂ ਘੱਟ ਹੁਸ਼ਿਆਰ ਸਮਝਦੇ ਹੋਏ ਇਹ ਕਿਆਸ ਵੀ ਨਹੀਂ ਕਰਦੇ ਕਿ ਉਹ ਵੀ ਉਨ੍ਹਾਂ ਜਿਹੀਆਂ ਪ੍ਰਾਪਤੀਆਂ ਕਰ ਸਕਦੇ ਹਨ। ਕਈ ਇਮਤਿਹਾਨ ਤੋਂ ਇਕ ਦਿਨ ਪਹਿਲਾਂ ਸਭ ਕੁਝ ਭੁੱਲ ਜਾਂਦੇ ਹਨ ਤੇ ਕਈਆਂ ਨੂੰ ਇਮਤਿਹਾਨ ਵਿਚ ਬੈਠ ਕੇ ਕੁਝ ਯਾਦ ਨਹੀਂ ਰਹਿੰਦਾ। ਕਈ ਇਮਤਿਹਾਨ ਵਾਲੇ ਦਿਨ ਬੀਮਾਰ ਹੋ ਜਾਂਦੇ ਹਨ ਤੇ ਕਈ ਪ੍ਰੀਖਿਆ ਹਾਲ ਵੱਲ ਚਲਣ ਵੇਲੇ ਦੁਚਿੱਤੀ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਪਰਚਾ ਦੇਣ ਕਿ ਨਾ।

ਅਜਿਹੀ ਕਿਸੇ ਵੀ ਅਲਾਮਤ ਦਾ ਕਿਸੇ ਦਵਾ-ਪ੍ਰਣਾਲੀ ਵਿਚ ਕੋਈ ਹੱਲ ਨਹੀਂ ਹੈ, ਪਰ ਬੈਚ ਫਲਾਵਰ ਰੈਮਡੀਜ਼ (Remedies) ਅਜਿਹੀਆਂ ਬਹੁਤ ਸਾਰੀਆਂ ਹਾਲਤਾਂ ਵਿਚ ਤੁਰਤ-ਫੁਰਤ ਸਹਾਈ ਹੁੰਦੀਆਂ ਹਨ। ਇਹ ਵਿਦਿਆਰਥੀਆਂ ਦੇ ਮਨ ਵਿਚ ਗਿਆਨ ਨਹੀਂ ਭਰਦੀਆਂ, ਸਗੋਂ ਉਨ੍ਹਾਂ ਦੇ ਸੁਭਾਅ ਵਿਚੋਂ ਨੁਕਸਦਾਰ ਰੁਝਾਨ ਕੱਢ ਕੇ ਤੰਦਰੁਸਤ ਰੁਝਾਨ ਭਰਦੀਆਂ ਹਨ। ਇਉਂ ਕਹੋ ਕਿ ਇਹ ਢਹਿੰਦੀਆਂ ਕਲਾਂ ਵਾਲੇ ਬੀਮਾਰ ਮਨ ਨੂੰ ਚੜ੍ਹਦੀ ਕਲਾ ਵਾਲੇ ਸਿਹਤਮੰਦ ਮਨ ਵਿਚ ਬਦਲ ਦਿੰਦੀਆਂ ਹਨ। ਇਹ ਉਸ ਨੂੰ ਆਈ ਸਮੱਸਿਆ ਦਾ ਸਾਹਮਣਾ ਕਰਨ ਤੇ ਉਸ ਦੇ ਹੱਲ ਕੱਢਣ ਦੇ ਕਾਬਲ ਬਣਾਉਂਦੀਆਂ ਹਨ।

ਬੈਚ ਫਲਾਵਰ ਰੈਮਡੀਜ਼ ਬਾਰੇ ਵੱਡੀ ਗੱਲ ਇਹ ਹੈ ਕਿ ਇਹ ਆਪ ਕਈ ਧਨਾਤਮਕ ਗੁਣਾਂ ਨਾਲ ਭਰਪੂਰ ਹਨ। ਅੱਜ ਤੀਕ ਕੋਈ ਇਨ੍ਹਾਂ ਦਾ ਇਕ ਵੀ ਰਿਣਾਤਮਕ ਗੁਣ ਨਹੀਂ ਦੱਸ ਸਕਿਆ ਹੈ। ਇਨ੍ਹਾਂ ਦਾ ਨਾ ਕੋਈ ਸਾਈਡ-ਇਫੈਕਟ ਹੁੰਦਾ ਹੈ ਤੇ ਨਾ ਹੀ ਇਹ ਬਿਮਾਰ ਨੂੰ ਨਸ਼ੇ ਵਾਂਗ ਚੰਬੜਦੀਆਂ ਹਨ। ਇਹ ਫੌਰੀ ਆਰਾਮ ਤਾਂ ਕਰਦੀਆਂ ਹੀ ਹਨ, ਪਰ ਇਸ ਦੇ ਨਾਲ ਦੁਖ ਤਕਲੀਫ ਦਾ ਪੱਕਾ ਇਲਾਜ ਵੀ ਕਰਦੀਆਂ ਹਨ। ਪਾਣੀ ਦੀ ਬੋਤਲ ਵਿਚ ਕੁਝ ਤੁਪਕੇ ਪਾ ਕੇ ਦਿਨ ਵਿਚ ਕਈ ਵਾਰ ਪੀਤੀਆਂ ਜਾ ਸਕਦੀਆਂ ਹਨ ਤੇ ਗੋਲੀਆਂ ਦੇ ਰੂਪ ਵਿਚ ਚੂਸੀਆਂ ਵੀ ਜਾ ਸਕਦੀਆਂ ਹਨ। ਵੱਧ ਘੱਟ ਲੈਣ ਨਾਲ ਇਨ੍ਹਾਂ ਦੀਆਂ ਖੁਰਾਕਾਂ ਵਿਚ ਕੋਈ ਫਰਕ ਨਹੀਂ ਆਉਂਦਾ ਤੇ ਜੇ ਕਦੇ ਕੋਈ ਖੁਰਾਕ ਛੁਟ ਜਾਵੇ ਤਾਂ ਵੀ ਕੋਈ ਨੁਕਸਾਨ ਨਹੀਂ ਹੁੰਦਾ। ਵੱਡੀ ਗੱਲ ਇਹ ਕਿ ਇਨ੍ਹਾਂ ਦਾ ਕੋਈ ਆਪਸੀ ਅੰਤਰ-ਵਿਰੋਧ ਨਹੀਂ ਹੈ। ਇਸ ਦਾ ਭਾਵ ਇਹ ਹੈ ਕਿ ਇਹ ਦਵਾਈਆਂ ਦੋ-ਤਿੰਨ ਜਾਂ ਚਾਰ ਪੰਜ ਇੱਕਠੀਆਂ ਕਰ ਕੇ ਵੀ ਲਈਆਂ ਜਾ ਸਕਦੀਆਂ ਹਨ।

ਡਾ. ਬੈਚ ਨੇ ਆਪ ਰੈਸਕਿਊ ਰੈਮਿਡੀ (Rescue Remedy) ਨਾਮਕ ਦਵਾਈ ਪੰਜ ਦਵਾਈਆਂ ਦੇ ਮਿਸ਼ਰਣ ਤੋਂ ਬਣਾਈ ਸੀ, ਜਿਸ ਦਾ ਅੱਜ ਤੀਕ ਬੈਚ ਪ੍ਰਣਾਲੀ ਵਿਚ ਵਿਸ਼ੇਸ਼ ਸਥਾਨ ਹੈ। ਇਹ ਇਸ ਪ੍ਰਣਾਲੀ ਦੀ ਉਣਤਾਲੀਂਵੀ ਦਵਾਈ ਵਜੋਂ ਜਾਣੀ ਜਾਂਦੀ ਹੈ ਤੇ ਵੱਖਰੇ ਤੌਰ 'ਤੇ ਪੈਦਾ ਕੀਤੀ ਜਾਂਦੀ ਹੈ। ਬੈਚ ਦਵਾਈਆਂ ਦੂਜੀਆਂ ਪ੍ਰਣਾਲੀਆਂ ਜਿਵੇਂ ਐਲੋਪੈਥੀ, ਆਯੂਰਵੈਦ ਆਦਿ ਦੀਆਂ ਦਵਾਈਆਂ ਦੇ ਨਾਲ ਨਾਲ ਵੀ ਲਈਆਂ ਜਾ ਸਕਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਕਿ ਇਹ ਮਿਆਦ-ਰਹਿਤ ਹੁੰਦੀਆਂ ਹਨ ਭਾਵ ਨਿਰਮਾਣ ਤੋਂ ਕਿਸੇ ਸਮੇਂ ਬਾਅਦ ਵੀ ਲਈਆਂ ਜਾ ਸਕਦੀਆਂ ਹਨ। ਸੀਮਤ ਗਿਣਤੀ (ਸਿਰਫ ਉਨਤਾਲੀ) ਹੋਣ ਕਰਕੇ ਇਨ੍ਹਾਂ ਨੂੰ ਹਰ ਕੋਈ ਰੱਖ ਸਕਦਾ ਹੈ ਤੇ ਆਪਣੀ ਲੋੜ ਮੁਤਾਬਿਕ ਲੈ ਸਕਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਦੇ ਲੈਣ ਜਾਂ ਦੇਣ ਲਈ ਕਿਸੇ ਸਰਕਾਰੀ ਡਿਗਰੀ ਜਾਂ ਲਾਇਸੰਸ ਪ੍ਰਾਪਤੀ ਦੀ ਲੋੜ ਨਹੀਂ ਹੈ, ਫਿਰ ਵੀ ਇਸ ਦਿਸ਼ਾ ਵਿਚ ਵਧਣ ਤੋਂ ਪਹਿਲਾਂ ਆਪਣੇ ਦੇਸ/ਰਾਜ ਵਿਚ ਪ੍ਰਵਾਨਗੀ ਸਬੰਧੀ ਸ਼ਰਤਾਂ ਬਾਰੇ ਤੱਸਲੀ ਕਰ ਲੈਣੀ ਜਰੂਰੀ ਹੈ।

ਕੋਈ ਵੀ ਦਵਾਈ ਹੋਵੇ, ਬੀਮਾਰ ਦੇ ਮਨ ਵਿਚ ਪ੍ਰਸ਼ਨ ਰਹਿੰਦਾ ਹੈ ਕਿ ਇਸ ਦਾ ਅਸਰ ਕਿੰਨਾ ਕੁ ਛੇਤੀ ਹੋਵੇਗਾ! ਇਸ ਸਬੰਧ ਵਿਚ 'ਫੌਰਨ' (Instantaneous) ਸ਼ਬਦ ਪੁਰਾਣਾ ਜਿਹਾ ਲਗਦਾ ਹੈ। ਇਉਂ ਸਮਝੋ ਕਿ ਅਸਰ ਦਵਾਈ ਨੂੰ ਮੂੰਹ ਵਿਚ ਪਾਉਣ ਤੋਂ ਵੀ ਪਹਿਲਾਂ ਹੋ ਜਾਂਦਾ ਹੈ। ਕੋਈ ਸੁਣਨ ਨਾਲ ਯਕੀਨ ਕਰੇ ਜਾਂ ਨਾ, ਪਰ ਅਜ਼ਮਾਉਣ ਨਾਲ ਇਹੀ ਸੱਚ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਬਾਰੇ ਜੋ ਲਿਖਿਆ ਗਿਆ ਹੈ, ਉਹ ਠੀਕ ਹੀ ਹੈ। ਇਸ ਲਈ ਅਮਲੀ ਜ਼ਿੰਦਗੀ ਵਿਚ ਅਜਿਹੇ ਪ੍ਰਸ਼ਨਾਂ ਲਈ ਕੋਈ ਥਾਂ ਨਹੀਂ। ਜਿਸ ਮਰੀਜ ਦੇ ਮਨੋਰੋਗ ਨੂੰ ਵਿਚਾਰਨ ਲਈ ਡਾਕਟਰ ਨੇ ਦੋ ਹਫਤੇ ਦਾ ਸਮਾਂ ਦਿੱਤਾ ਹੋਵੇ ਤੇ ਜੇ ਉਹ ਇਹ ਦਵਾਈਆਂ ਵਰਤ ਕੇ ਦੋ-ਤਿੰਨ ਦਿਨਾਂ ਵਿਚ ਵੀ ਠੀਕ ਹੋ ਜਾਂਦਾ ਹੈ ਤਾਂ ਇਹ ਪ੍ਰਸ਼ਨ ਬਿਲਕੁਲ ਹੀ ਵਿਅਰਥ ਹੋ ਜਾਂਦਾ ਹੈ।

ਦਰਅਸਲ ਬੈਚ ਫਲਾਵਰ ਰਸ-ਦਵਾਈਆਂ ਦਾ ਇਕ ਅੱਦਿਖ ਪ੍ਰਭਾਵ ਖੇਤਰ (Aura) ਹੁੰਦਾ ਹੈ, ਜੋ ਮਨੁੱਖ ਨੂੰ ਲੈਣ ਤੋਂ ਪਹਿਲਾਂ ਹੀ ਚੰਗੀ ਦਸ਼ਾ ਵਲ ਪ੍ਰਭਾਵਿਤ ਕਰਦਾ ਹੈ। ਇਹ ਗੱਲ ਦਵਾਈਆਂ ਨੂੰ ਇਕ ਸ਼ੀਸ਼ੀ ਵਿਚੋਂ ਦੂਜੀ ਵਿਚ ਪਲਟਨ ਵੇਲੇ ਭਲੀ ਪ੍ਰਕਾਰ ਸਿੱਧ ਹੁੰਦੀ ਹੈ। ਇਸ ਲਈ ਕਈ ਡਾਕਟਰ ਤਾਂ ਸਲਾਹ ਦਿੰਦੇ ਹਨ, ਮਰੀਜ ਦੇ ਕਮਰੇ ਵਿਚ ਉਨ੍ਹਾਂ ਦੀ ਦਵਾਈ ਦੀ ਸ਼ੀਸ਼ੀ ਖੁਲ੍ਹੀ ਛੱਡਣ ਨਾਲ ਹੀ ਉਹ ਠੀਕ ਹੋ ਜਾਂਦਾ ਹੈ। ਕਈਆਂ ਦਾ ਮੰਨਣਾ ਹੈ ਕਿ ਜਿੱਥੇ ਇਹ ਫੁੱਲ ਉੱਗਦੇ ਹਨ, ਉੱਥੋਂ ਦੀ ਹਵਾ ਵਿਚ ਇਨ੍ਹਾਂ ਦਾ ਅਸਰ ਆ ਜਾਂਦਾ ਹੈ, ਜਿਸ ਦਾ ਪ੍ਰਭਾਵ ਉੱਥੇ ਰਹਿੰਦੇ ਲੋਕਾਂ 'ਤੇ ਪੈਂਦਾ ਹੈ। ਉਹ ਤਰਕ ਦਿੰਦੇ ਹਨ ਕਿ ਇੰਗਲੈਂਡ ਦਾ ਹਰ ਗੱਲ ਵਿਚ ਪਹਿਲੇ ਨੰਬਰ 'ਤੇ ਰਹਿਣ ਦਾ ਇਹੀ ਰਾਜ਼ ਹੈ। ਉਨ੍ਹਾਂ ਅਨੁਸਾਰ ਉਸ ਮੁਲਕ ਦੀ ਇਤਿਹਾਸਕ ਅਗਵਾਈ, ਉੱਚਾ ਇਖਲਾਕੀ ਆਚਰਣ, ਅਣਲਿਖਿਤ ਸੰਵਿਧਾਨ, ਸੰਸਾਰ ਪ੍ਰਸਿੱਧ ਅੰਗਰੇਜ਼ੀ ਜ਼ੁਬਾਨ, ਆਲਮੀ ਸਾਹਿਤਕ ਪ੍ਰਸਿੱਧੀ, ਭਰੋਸੇਯੋਗ ਬੀ. ਬੀ. ਸੀ. ਪ੍ਰਸਾਰਣ ਆਦਿ ਇਨ੍ਹਾਂ ਫੁੱਲਾਂ ਦੀਆਂ ਸੁਗੰਧੀਆਂ ਦੇ ਅਸਰ ਕਰਕੇ ਹਨ; ਪਰ ਹੁਣ ਜਦੋਂ ਇਹ ਦਵਾਈਆਂ ਸਭ ਦੀ ਪਹੁੰਚ ਵਿਚ ਆ ਹੀ ਗਈਆਂ ਹਨ ਤਾਂ ਹੱਥ ਕੰਗਣ ਨੂੰ ਆਰਸੀ ਕੀ ਹੈ!

# ਜੋ ਉਪਜਿਓ ਸੋ ਬਿਨਸਿ ਹੈ

*(ਪਿਛਲੇ ਸਫੇ ਦੀ ਬਾਕੀ)*

ਜਵਾਬ ਦੇ ਦਿੱਤਾ। ਕਾਜ਼ੀ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ ਤਾਂ ਸੰਗਤਾਂ ਭਾਵੁਕ ਹੋ ਗਈਆਂ ਤੇ ਰੋਣਾ ਧੋਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਨੇ ਸਮਝਾਇਆ ਤੇ ਆਖਿਆ,

ਰਾਮੁ ਗਇਓ ਰਾਵਨੁ ਗਇਓ
ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ
ਸੁਪਨੇ ਜਿਉ ਸੰਸਾਰੁ॥੫੦॥
ਚਿੰਤਾ ਤਾ ਕੀ ਕੀਜੀਐ
ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ
ਨਾਨਕ ਥਿਰੁ ਨਹੀ ਕੋਇ॥੫੧॥
ਜੋ ਉਪਜਿਓ ਸੋ ਬਿਨਸਿ ਹੈ
ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ
ਛਾਡਿ ਸਗਲ ਜੰਜਾਲ॥੫੨॥
(ਪੰਨਾ 1429)

ਗੁਰੂ ਸਾਹਿਬ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਸਮਾਧੀ ਵਿਚ ਲੀਨ ਹੋ ਗਏ। 11 ਨਵੰਬਰ 1675 ਨੂੰ ਜਲਾਲ ਜਲਾਲੁਦੀਨ ਨੇ ਤਲਵਾਰ ਦੇ ਇਕੋ ਵਾਰ ਨਾਲ ਸਿਰ ਨੂੰ ਧੜ ਨਾਲੋਂ ਅਲੱਗ ਕਰ ਦਿੱਤਾ। ਜਦੋਂ ਸੀਸ ਬਾਲ ਗੋਬਿੰਦ ਰਾਏ ਕੋਲ ਪੁਜਿਆ ਤਾਂ ਉਨ੍ਹਾਂ ਨੇ ਇਹ ਉਚਾਰਿਆ, "ਰੰਘਰੇਟੇ ਗੁਰੂ ਕੇ ਬੇਟੇ।" ਅਤੇ ਭਾਈ ਜੈਤੇ ਨੂੰ ਸੀਨੇ ਨਾਲ ਲਾ ਲਿਆ।

ਨੌਂਵੇਂ ਪਾਤਸ਼ਾਹ ਦੀ ਲਾਸਾਨੀ ਸ਼ਹੀਦੀ ਸਾਨੂੰ ਇਸ ਦੋਹਿਰੇ ਰਾਹੀਂ ਸਮਝਾਉਂਦੀ ਹੈ,

ਠੀਕਰਿ ਫੋਰ ਦਿਲੀਸ ਸਿਰਿ
ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕਿਰਿਆ
ਕਰੀ ਨਾ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ
ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ॥

# ਇਕਬਾਲ ਜੱਬੋਵਾਲੀਏ ਦੀ ਖੇਡ ਲੇਖਣੀ

ਪੰਜਾਬੀ ਖੇਡ ਸਾਹਿਤ

27



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਇਕਬਾਲ ਜੱਬੋਵਾਲੀਆ ਭਲਵਾਨਾਂ ਤੇ ਕੌਡਿਆਲਾਂ ਦਾ ਲੇਖਕ ਹੈ। ਆਪ ਵੀ ਜੁੱਸੇ ਵੱਲੋਂ ਭਲਵਾਨ ਈ ਲੱਗਦੈ। ਉਹ ਪੰਜਾਹ ਤੋਂ ਵੱਧ ਖਿਡਾਰੀਆਂ ਦੇ ਰੇਖਾ ਚਿੱਤਰ ਲਿਖ ਕੇ ਖੇਡ ਲੇਖਕਾਂ ਵਿਚ ਸ਼ਾਮਲ ਹੋ ਚੁੱਕੈ। ਪਹਿਲਾਂ ਉਸ ਨੇ ਕਹਾਣੀਆਂ ਲਿਖੀਆਂ, ਗੀਤ ਲਿਖੇ ਤੇ ਗੀਤਕਾਰਾਂ ਬਾਰੇ ਲਿਖਿਆ। ਬੰਗੇ ਤੋਂ ਨਿਕਲਦੇ ਪਰਚੇ 'ਨਿਸ਼ਾਨੀ' ਵਿਚ ਕੁਝ ਹਾਸ ਵਿਅੰਗ ਲੇਖ ਛਪਵਾਏ। ਨਵਾਂ ਸ਼ਹਿਰ ਨੇੜੇ ਪਿੰਡ ਜੱਬੋਵਾਲ ਦਾ ਜੰਮਪਲ ਹੋਣ ਕਰਕੇ ਆਪਣੇ ਨਾਂ ਨਾਲ 'ਜੱਬੋਵਾਲੀਆ' ਜੋੜ ਲਿਆ। ਅੱਜ ਕੱਲ੍ਹ ਉਹ ਨਿਊ ਯਾਰਕ ਵਿਚ ਰਹਿ ਰਿਹੈ। ਉਹਦੀਆਂ ਖੇਡ ਲਿਖਤਾਂ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਦੇ ਪੰਜਾਬੀ ਅਖਬਾਰਾਂ ਵਿਚ ਛਪਦੀਆਂ ਰਹਿੰਦੀਐਂ। ਅਮਰੀਕਾ ਦੇ ਨਾਮੀ ਅਖਬਾਰ 'ਪੰਜਾਬ ਟਾਈਮਜ਼' ਦਾ ਉਹ ਖੇਡ ਕਾਲਮਨਵੀਸ ਹੈ।

ਉਸ ਨੇ ਮਹਾਂਬਲੀ ਕਿੱਕਰ ਸਿੰਘ ਦੇਵੇ ਹਿੰਦ, ਰੁਸਤਮੇ ਜ਼ਮਾਂ ਗਾਮਾ, ਰੁਸਤਮੇ ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ, ਰੁਸਤਮੇ ਹਿੰਦ ਮੇਹਰਦੀਨ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ, ਪਦਮ ਸ੍ਰੀ ਕਰਤਾਰ ਸਿੰਘ, ਫਰੀ ਸਟਾਈਲ ਰੈਸਲਰ ਜੋਗਿੰਦਰ ਟਾਈਗਰ, ਬਿੱਲਾ ਅੰਬਰਸਰੀਆ, ਪਹਿਲਵਾਨ ਬੁੱਧ ਸਿੰਘ, ਸਰਬਣ ਰਾਮਾ-ਖੇਲਾ, ਬਲਵੀਰ ਸਿੰਘ ਸ਼ੀਰੀ, ਦਰਸ਼ਨ ਜੱਬੋਵਾਲੀਆ, ਗੁਰਮੁੱਖ ਸਿੰਘ, ਓਲੰਪੀਅਨ ਅਮਰ ਢੇਸੀ, ਕੁਸ਼ਤੀ ਕੋਚ ਪੀ. ਆਰ. ਸੋਂਧੀ, ਅਮਨਦੀਪ ਵਿੱਕੀ, ਮਨਦੀਪ ਸੋਂਧੀ, ਸੰਦੀਪ ਹਰਿਆਣਾ, ਜੈਲਾ ਰਾਏਪੁਰ ਡੱਬਾ, ਕੇਵਲ ਕੈਲੇ, ਰੰਗਾ ਪਹਿਲਵਾਨ, ਜਸਵਿੰਦਰ ਜੌਹਲ ਅਤੇ ਕੁਝ ਹੋਰ ਪਹਿਲਵਾਨਾਂ ਦੇ ਰੇਖਾ ਚਿੱਤਰ ਉਲੀਕੇ ਹਨ।

ਕਬੱਡੀ ਖਿਡਾਰੀ ਸਰਵਣ ਰਮੀਦੀ, ਪ੍ਰੀਤਾ ਨਡਾਲੀਆ, ਅਜੀਤ ਸਠਿਆਲੀਆ, ਭੱਜੀ ਸੰਧਵਾਂ, ਬੋਲਾ ਪੱਤੜੀਆ, ਘੁੱਗਾ ਸ਼ੰਕਰੀਆ, ਮੱਖਣ ਧਾਲੀਵਾਲ, ਕਮਲ ਪੰਡਤ, ਗੁਰਜੀਤ ਪੁਰੇਵਾਲ, ਸ਼ਿਵਦੇਵ ਸਿੰਘ, ਪਾਲਾ ਸ਼ੰਕਰੀਆ, ਸ਼ਿੰਦਾ ਬਹਿਰਾਮੀਆ, ਹਰਜਿੰਦਰ ਠਾਣਾ, ਤੀਰਥ ਗਾਖਲ, ਲਹਿੰਬਰ ਲੰਬੜ, ਮੋਹਣਾ ਸੰਘਾ, ਬਾਜ਼, ਚੰਨਾ, ਪਾਲੀ ਸਰਹਾਲੀਆ, ਸੰਨੀ ਕੰਦੋਲਾ, ਕਾਰੀ ਕਪੂਰਥਲੀਆ, ਹਰੀ ਮੱਲਪੁਰੀਆ, ਬਰਤਾਨੀਆ ਦੀ ਕਬੱਡੀ ਦਾ ਬਾਬਾ ਬੋਹੜ ਮਹਿੰਦਰ ਸਿੰਘ ਮੌੜ, ਨਿਊ ਯਾਰਕ ਦਾ ਕਬੱਡੀ ਪ੍ਰੋਮੋਟਰ ਮਹਿੰਦਰ ਸਿੱਧੂ ਅਤੇ ਕਬੱਡੀ ਦੇ ਬੁਲਾਰੇ ਸਰਵਣ ਸਿੰਘ ਤੇ ਮੱਖਣ ਸਿੰਘ ਹਕੀਮਪੁਰ ਬਾਰੇ ਲੇਖ ਲਿਖੇ ਹਨ। ਉਹ ਖੁਦ ਵੀ ਕਬੱਡੀ ਦਾ ਬੁਲਾਰਾ ਹੈ।

ਉਸ ਨੇ ਫੁੱਟਬਾਲ ਖਿਡਾਰੀ ਜਰਨੈਲ ਸਿੰਘ ਪਨਾਮੀਆ, ਪੰਜਾਬ ਦਾ ਪੇਲੇ ਇੰਦਰ ਸਿੰਘ, ਅਰਜਨਾ ਅਵਾਰਡੀ ਗੁਰਦੇਵ ਸਿੰਘ ਗਿੱਲ, ਨਿਰੰਜਨ ਦਾਸ ਮੰਗੂਵਾਲ, ਹਰਦੇਵ ਸਿੰਘ ਕਾਹਮਾ, ਪਰਮਜੀਤ ਕਾਹਮਾ, ਛੰਨਾ ਕਾਹਮਾ, ਸਰਬਜੀਤ ਮੰਗੂਵਾਲ ਤੇ ਗੁਰਜਿੰਦਰ ਸੰਨੀ ਮੰਗੂਵਾਲ ਬਾਰੇ ਵੀ ਲਿਖਿਆ। ਹਾਕੀ ਦੇ ਖਿਡਾਰੀ ਸੁਰਿੰਦਰ ਸਿੰਘ ਸੋਢੀ, ਭਾਰਤੀ ਹਾਕੀ ਟੀਮ ਦੀ ਖਿਡਾਰਨ ਤੇ ਕੋਚ ਸਰੋਜ ਬਾਲਾ, ਇੰਦਰਜੀਤ ਸਿੰਘ ਰੋਪੜ, ਅਥਲੀਟ ਨਰਿੰਦਰ ਸਿੰਘ ਸਰਹਾਲ ਕਾਜ਼ੀਆਂ ਅਤੇ ਜਲੰਧਰ ਜਿਲੇ ਦੀਆਂ ਸਕੂਲੀ ਬੱਚਿਆਂ ਦੀਆਂ ਖੇਡਾਂ ਦੇ ਪ੍ਰਧਾਨ ਹੈਡਮਾਸਟਰ ਗਿਆਨ ਸਿੰਘ ਬਾਰੇ ਵੀ ਕਲਮ ਚਲਾਈ। ਫਲਾਈਂਗ ਸਿੱਖ ਮਿਲਖਾ ਸਿੰਘ, ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ ਤੇ ਓਲੰਪੀਅਨ ਵੇਟ ਲਿਫਟਰ ਜਸਵੀਰ ਕਰਨਾਨਾ ਦੇ ਰੇਖਾ ਚਿੱਤਰ ਵੀ ਲਿਖੇ।

ਜਦੋਂ ਉਹ ਸਿੱਖ ਨੈਸ਼ਨਲ ਕਾਲਜ ਬੰਗੇ ਪੜ੍ਹਨ ਲੱਗਾ, ਉਦੋਂ ਸ਼ਮਸ਼ੇਰ ਸਿੰਘ ਸੰਧੂ ਵੀ ਉਥੇ ਪੰਜਾਬੀ ਪੜ੍ਹਾਉਣ ਲੱਗ ਪਿਆ ਸੀ। ਸੰਧੂ ਨੇ ਸਲੇਬਸ ਦੀ ਪੜ੍ਹਾਈ ਕਰਾਉਣ ਦੇ ਨਾਲ ਵਿਦਿਆਰਥੀਆਂ ਨੂੰ ਪਹਿਲਵਾਨਾਂ, ਗੀਤਕਾਰਾਂ, ਗਾਇਕਾਂ ਤੇ ਫਿਲਮੀ ਕਲਾਕਾਰਾਂ ਦੀਆਂ ਗੱਲਾਂ ਵੀ ਸੁਣਾਈ ਜਾਣੀਆਂ। ਖਾਸ ਕਰ ਕੇ ਦੋਹਾਂ ਦਾਰੇ ਪਹਿਲਵਾਨਾਂ ਦੀਆਂ ਤੇ ਗੀਤਕਾਰ ਦੀਦਾਰ ਸੰਧੂ ਦੀਆਂ। ਵਿਚੇ ਆਪਣੇ ਲੰਗੋਟੀਵੱਟ ਯਾਰ ਪਾਸ਼ ਦੀਆਂ ਗੱਲਾਂ ਕਰੀ ਜਾਣੀਆਂ। ਪਾਸ਼ ਹੀ ਸੀ, ਜੀਹਨੇ ਸਿਗਰਟ ਦੇ ਕਸ਼ ਨਾਲ ਉਹਤੋਂ ਬੰਗੇ ਦੀ ਲੈਕਚਰਾਰੀ ਛੁਡਵਾਈ। ਫਿਰ ਉਹ ਪੱਤਰਕਾਰੀ ਦੇ ਰਾਹ ਪੈ ਕੇ ਗੀਤਕਾਰੀ ਦੀ ਸੜਕੇ ਚੜ੍ਹ ਗਿਆ। ਪ੍ਰੋ. ਸੰਧੂ ਨੇ ਕਾਲਜ ਵਿਚ ਸਾਹਿਤ ਸਭਾ ਬਣਾ ਕੇ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਲਿਖਣ ਦੀ ਚਿਣਗ ਲਾ ਦਿੱਤੀ ਸੀ। ਉਥੋਂ ਹੀ ਇਕਬਾਲ ਨੂੰ ਲਿਖਣ ਦੀ ਚੇਟਕ ਲੱਗ ਗਈ। ਉਹ ਪਿੰਡੋਂ ਬੱਸ 'ਤੇ ਆਉਂਦਾ-ਜਾਂਦਾ ਰਾਹ 'ਚ ਵਾਪਰਦੀਆਂ ਘਟਨਾਵਾਂ ਨੀਝ ਨਾਲ ਵੇਖਦਾ। ਇਕ ਦਿਨ ਅਜਿਹੀ ਘਟਨਾ ਵਾਪਰੀ ਕਿ ਉਸ ਉਤੇ ਕਹਾਣੀ ਲਿਖ ਦਿੱਤੀ, ਜਿਸ ਦਾ ਨਾਂ ਰੱਖਿਆ, 'ਬੱਸ।' ਇਹ ਉਸ ਦੀ ਪਹਿਲੀ ਰਚਨਾ ਸੀ, ਜੋ ਕਾਲਜ ਦੇ ਮੈਗਜ਼ੀਨ ਵਿਚ ਛਪੀ। ਫਿਰ ਉਸ ਨੇ ਦਸ ਬਾਰਾਂ ਕਹਾਣੀਆਂ ਲਿਖੀਆਂ, ਪਰ ਕੋਈ ਕਹਾਣੀ ਸੰਗ੍ਰਹਿ ਨਾ ਛਪਵਾ ਸਕਿਆ। ਇਹੋ ਹਾਲ ਉਸ ਦੀ ਖੇਡ ਪੁਸਤਕ ਦਾ ਹੈ।

1984 'ਚ ਉਹ ਅਮਰੀਕਾ ਉਡਾਰੀ ਮਾਰ ਗਿਆ ਤੇ ਕੰਮਾਂ ਕਾਰਾਂ ਦੇ ਕਾਂਟੇ ਬਦਲਦਾ ਨਿਊ



*ਇਕਬਾਲ ਜੱਬੋਵਾਲੀਆ*

ਯਾਰਕ ਵਿਚ ਟੈਕਸੀ ਚਲਾਉਣ ਲੱਗ ਪਿਆ। ਪਿੰਡ ਪਰਤਿਆ ਤਾਂ ਆਪਣੇ ਇਲਾਕੇ ਦੇ ਮਸ਼ਹੂਰ ਪਹਿਲਵਾਨ ਰੁਸਤਮੇ ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ ਨੂੰ ਮਿਲਣ ਚਲਾ ਗਿਆ। ਉਨ੍ਹਾਂ ਬਾਰੇ ਕੁਝ ਲਿਖਣ ਦੀ ਇੱਛਾ ਪ੍ਰਗਟ ਕੀਤੀ ਅਤੇ ਕਿਹਾ ਕਿ ਮੈਂ ਪਹਿਲਵਾਨਾਂ ਤੇ ਖਿਡਾਰੀਆਂ ਬਾਰੇ ਲਿਖਣਾ ਚਾਹੁੰਨਾਂ। ਉਸ ਵੇਲੇ ਉਹਦਾ ਵੱਡਾ ਭਰਾ ਹੈੱਡ ਮਾਸਟਰ ਗਿਆਨ ਸਿੰਘ ਵੀ ਉਹਦੇ ਨਾਲ ਸੀ। ਪਹਿਲਵਾਨ ਨੇ ਇਕਬਾਲ ਨੂੰ ਥਾਪੜਾ ਦਿੰਦਿਆਂ ਕਿਹਾ, "ਭਲਵਾਨਾਂ ਤੇ ਖਿਡਾਰੀਆਂ ਬਾਰੇ ਲਿਖਣਾ ਚਾਹੁੰਨੈ ਤਾਂ ਚੰਗੀਆਂ ਗੱਲਾਂ ਈ ਲਿਖੀਂ। ਪਹਿਲਵਾਨ ਅਖਾੜਿਆਂ 'ਚ ਭਗਤੀ ਕਰਨ ਵਾਲੇ ਭਗਤ ਹੁੰਦੇ ਨੇ। ਉਨ੍ਹਾਂ ਭਗਤਾਂ ਬਾਰੇ ਲਿਖਦਿਆਂ ਸੱਚੋ-ਸੱਚ ਲਿਖੀਂ। ਨਾਲੇ ਜੁਆਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰੀਂ ਅਤੇ ਨੇਕ ਬੰਦੇ ਬਣਨ ਦੀ ਲਗਨ ਲਾਈਂ।"

ਹਰਬੰਸ ਸਿੰਘ ਦਾ ਜਨਮ 1902 ਵਿਚ ਬੰਗੇ ਨੇੜਲੇ ਪਿੰਡ ਰਾਏਪੁਰ ਡੱਬਾ ਵਿਚ ਪਹਿਲਵਾਨ ਕਾਹਨ ਸਿੰਘ ਦੇ ਘਰ ਹੋਇਆ ਸੀ। ਅੱਠ ਸਾਲ ਦੀ ਉਮਰ ਵਿਚ ਉਹ ਨਿਊਜ਼ੀਲੈਂਡ ਚਲਾ ਗਿਆ। ਉਡਾਰ ਹੋਇਆ ਤਾਂ ਉਸ ਨੂੰ ਜਲੰਧਰ ਦੇ ਪਹਿਲਵਾਨ ਅੱਲਾ ਬਖਸ਼ ਦੀ ਨਿਗਰਾਨੀ ਹੇਠ ਪਹਿਲਵਾਨ ਬਣਾਉਣ ਲਈ ਪਿੰਡ ਭੇਜ ਦਿੱਤਾ ਗਿਆ। ਤਕੜਾ ਪਹਿਲਵਾਨ ਬਣ ਕੇ ਉਹ ਨਿਊਜ਼ੀਲੈਂਡ, ਆਸਟ੍ਰੇਲੀਆ, ਫਿਜ਼ੀ, ਇੰਡੋਨੇਸ਼ੀਆ, ਸਿੰਗਾਪੁਰ, ਮਲਾਇਆ, ਥਾਈਲੈਂਡ, ਫਿਲਪਾਈਨ ਤੇ ਚੀਨ ਵਿਚ ਕੁਸ਼ਤੀਆਂ ਦੇ ਮੁਕਾਬਲੇ ਲੜਨ ਚਲਾ ਗਿਆ। ਪੜ੍ਹਿਆ ਬੇਸ਼ਕ ਦਸ ਜਮਾਤਾਂ ਹੀ ਸੀ, ਪਰ ਗਿਆਨ ਉਸ ਨੂੰ ਸਾਰੀ ਦੁਨੀਆਂ ਦਾ ਸੀ। ਇਸੇ ਕਰਕੇ ਉਸ ਨੂੰ 'ਫਿਲਾਸਫਰ ਪਹਿਲਵਾਨ' ਕਿਹਾ ਜਾਣ ਲੱਗਾ ਸੀ। ਉਸ ਨੇ ਆਪਣੇ ਪੁੱਤਰ ਕਸ਼ਮੀਰਾ ਸਿੰਘ ਨੂੰ ਵੀ ਪਹਿਲਵਾਨ ਬਣਾਇਆ, ਜੋ ਐਮ. ਏ. ਕਰ ਕੇ ਕਾਲਜਾਂ ਦਾ ਪ੍ਰੋਫੈਸਰ ਤੇ ਪ੍ਰਿੰਸੀਪਲ ਬਣਿਆ। ਅੱਗੋਂ ਕਸ਼ਮੀਰਾ ਸਿੰਘ ਦਾ ਲੜਕਾ ਸੰਨੀ ਗਿੱਲ ਵੀ ਬਾਬੇ ਦੀ ਦੇਖ-ਰੇਖ ਵਿਚ ਨਾਮਵਰ ਪਹਿਲਵਾਨ ਬਣਿਆ, ਜਿਸ ਨੇ ਭਾਰਤ ਕੇਸਰੀ, ਹਿੰਦ ਕੇਸਰੀ, ਭਾਰਤ ਕੁਮਾਰ ਤੇ ਕਾਇਦੇ ਆਜ਼ਮ ਦੇ ਕੁਸ਼ਤੀ ਟਾਈਟਲ ਜਿੱਤੇ। ਉਹ ਪਹਿਲਵਾਨ ਦਾਰਾ ਸਿੰਘ ਰੰਧਾਵਾ ਦੀ ਧੀ ਬੀਬੀ ਲਵਲੀਨ ਕੌਰ ਨਾਲ ਵਿਆਹਿਆ ਹੋਇਐ। ਪਹਿਲਵਾਨ ਹਰਬੰਸ ਸਿੰਘ ਦੀਆਂ ਨਸੀਹਤਾਂ ਪੱਲੇ ਬੰਨ੍ਹ ਕੇ ਇਕਬਾਲ ਜੱਬੋਵਾਲੀਆ ਨਿਊ ਯਾਰਕ ਪਰਤ ਗਿਆ। ਉਥੇ ਉਹ ਹੁਣ ਤਕ ਟੈਕਸੀ ਚਲਾਉਂਦਾ ਲਿਖੀ ਵੀ ਜਾਂਦੈ ਤੇ ਖੇਡ ਮੇਲੇ ਵੀ ਵੇਖੀ ਜਾਂਦੈ। ਪੇਸ਼ ਹੈ, ਉਹਦੀਆਂ ਲਿਖਤਾਂ ਦੀ ਵੰਨਗੀ:

## ਕੁਸ਼ਤੀ ਕੋਚ ਪਿਆਰਾ ਰਾਮ ਸੋਂਧੀ

ਕੁਸ਼ਤੀ ਦੇ ਨੈਸ਼ਨਲ ਚੀਫ ਕੋਚ ਰਹੇ ਪੀ. ਆਰ. ਸੋਂਧੀ ਦਾ ਜਨਮ 8 ਅਕਤੂਬਰ 1947 ਨੂੰ ਪਹਿਲਵਾਨਾਂ ਦੇ ਪਿੰਡ ਰਾਏਪੁਰ ਡੱਬਾ ਵਿਚ ਸ੍ਰੀ ਜਗਤ ਰਾਮ ਦੇ ਘਰ ਮਾਤਾ ਸ੍ਰੀਮਤੀ ਧਾਂਤੀ ਦੇਵੀ ਦੀ ਕੁੱਖੋਂ ਹੋਇਆ। ਉਸ ਦੇ ਨਾਨਕੇ ਜਗਤਪੁਰ ਹਨ। ਅੱਜ ਕੱਲ੍ਹ ਉਹ ਫਗਵਾੜੇ ਰਹਿ ਰਿਹੈ। ਉਸ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡੋਂ ਕੀਤੀ ਤੇ ਪੰਜਵੀਂ ਤੋਂ ਦਸਵੀਂ ਤੱਕ ਮੁਕੰਦਪੁਰ ਪੜ੍ਹਿਆ। ਸਿੱਖ ਨੈਸ਼ਨਲ ਕਾਲਜ ਬੰਗੇ ਤੋਂ ਬੀ. ਏ. ਕੀਤੀ। ਕੁਸ਼ਤੀ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਰਾਏਪੁਰ ਡੱਬਾ ਦੁਆਬੇ ਦੇ ਤਕੜੇ ਮੱਲਾਂ ਦਾ ਪਿੰਡ ਹੋਣ ਵਜੋਂ ਮਸ਼ਹੂਰ ਹੈ। ਕਈ ਪੀੜ੍ਹੀਆਂ ਪਹਿਲਾਂ ਉਥੋਂ ਦਾ ਪਹਿਲਵਾਨ ਦੈਆ ਸਿੰਘ ਦਿਉ ਕੱਦ ਪਹਿਲਵਾਨ ਸੀ, ਜਿਸ ਦੀ ਮਹਾਰਾਜਾ ਰਣਜੀਤ ਸਿੰਘ ਵੀ ਕਦਰ ਕਰਦਾ ਸੀ। ਪਹਿਲਵਾਨ ਦਾਰਾ ਸਿੰਘ ਰੰਧਾਵਾ ਦਾ ਉਸਤਾਦ ਹਰਬੰਸ ਸਿੰਘ ਵੀ ਰੁਸਤਮੇ ਹਿੰਦ ਪਹਿਲਵਾਨ ਹੋਇਐ, ਜਿਸ ਨੇ ਦੂਜੇ ਮੁਲਕਾਂ ਦੇ ਪਹਿਲਵਾਨਾਂ ਨੂੰ ਹਰਾ ਕੇ ਪਹਿਲਵਾਨ ਗਾਮੇ ਨੂੰ ਲਲਕਾਰਿਆ ਸੀ। ਉਸੇ ਉਸਤਾਦ ਪਹਿਲਵਾਨ ਦੇ ਥਾਪੜੇ ਨਾਲ ਸੋਂਧੀ ਵੀ ਅਖਾੜਿਆਂ 'ਚ ਕੁੱਦਣ ਲੱਗਾ ਸੀ।

1971 'ਚ ਪਟਿਆਲੇ ਤੋਂ ਕੁਸ਼ਤੀ ਕੋਚਿੰਗ ਦਾ ਡਿਪਲੋਮਾ ਕਰਦੇ ਹੀ ਸੋਂਧੀ ਨੂੰ ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਗੁਰਦਾਸਪੁਰ ਵਿਖੇ ਕੋਚ ਦੀ ਨੌਕਰੀ ਮਿਲ ਗਈ। 1972 'ਚ ਗੁਰਦਾਸਪੁਰ ਤੋਂ ਖੇਡਾਂ ਦੇ ਸ਼ਹਿਰ ਜਲੰਧਰ ਦੀ ਬਦਲੀ ਹੋਣ ਨਾਲ ਵੱਡੇ ਪਹਿਲਵਾਨਾਂ ਦੀ ਸੰਗਤ ਮਿਲਣ ਲੱਗੀ। ਸੋਂਧੀ ਦਾ ਦਾਇਰਾ ਵਸੀਹ ਹੋ ਗਿਆ। ਕੁਸ਼ਤੀ ਕੋਚਾਂ 'ਚ ਭੱਲ ਬਣ ਗਈ। 1975-76 'ਚ ਕੁਸ਼ਤੀਆਂ ਦੀ ਮਾਡਰਨ ਤਕਨੀਕ ਸਿੱਖਣ ਲਈ ਉਹ ਈਸਟ ਜਰਮਨੀ ਚਲਾ ਗਿਆ, ਜਿਥੇ ਸੋਲਾਂ ਮਹੀਨਿਆਂ 'ਚ ਅਡਵਾਂਸ ਡਿਪਲੋਮੇ ਦਾ ਵਿਸ਼ੇਸ਼ ਕੋਰਸ ਪਾਸ ਕੀਤਾ। ਕੋਰਸ ਕਰ ਕੇ ਤਰੱਕੀ ਮਿਲੀ ਤੇ ਐਨ. ਆਈ. ਐੱਸ. ਬੰਗਲੌਰ ਵਿਚ ਬਦਲੀ ਹੋ ਗਈ। ਉਸ ਨੇ ਕੋਚਿੰਗ ਦੀਆਂ ਸੇਵਾਵਾਂ ਨਿਭਾਉਂਦਿਆਂ ਜ਼ਿਆਦਾਤਰ ਪੰਜਾਬ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ 'ਚ ਪਹਿਲਵਾਨ ਤਿਆਰ ਕੀਤੇ। ਉਹਦੇ ਚੰਡੇ ਪਹਿਲਵਾਨਾਂ ਨੂੰ ਪੰਜਾਬ ਪੁਲਿਸ, ਸੈਨਾ, ਰੇਲਵੇ ਤੇ ਹੋਰ ਮਹਿਕਮਿਆਂ ਵਾਲੇ ਲੈ ਜਾਂਦੇ ਰਹੇ। ਉਨ੍ਹਾਂ ਨੂੰ ਰੁਜ਼ਗਾਰ ਨਾਲ ਕੁਸ਼ਤੀ ਦੀ ਟ੍ਰੇਨਿੰਗ ਤੇ ਕੰਪੀਟੀਸ਼ਨ ਵੀ ਮਿਲਦਾ। ਭਾਰਤ ਵਲੋਂ ਓਲੰਪੀਅਨ ਸੁਸ਼ੀਲ ਕੁਮਾਰ, ਯੁਗੇਸ਼ਵਰ ਦੱਤ ਤੇ ਰਾਜੀਵ ਤੋਮਰ ਵਰਗੇ ਉਹਦੀ ਵਧੀਆ ਕੋਚਿੰਗ ਸਦਕਾ ਬੀਜਿੰਗ ਦੀਆਂ ਓਲੰਪਿਕ ਖੇਡਾਂ-2008 ਵਿਚ ਹਿੱਸਾ ਲੈਣ ਗਏ, ਜਿਥੇ ਸੁਸ਼ੀਲ ਨੇ ਕਾਂਸੀ ਦਾ ਤਮਗਾ ਜਿੱਤਿਆ।

ਦਰਸ਼ਨ ਖਟਕੜ ਨੇ ਕੁਸ਼ਤੀ ਕੋਚ ਸੋਂਧੀ ਨੂੰ ਪਹਿਲਵਾਨੀ ਦੀ ਬੌਧਿਕ ਵਿਰਾਸਤ ਦਾ ਮਾਲਕ ਲਿਖਿਆ। ਲਿਖਿਆ ਕਿ ਉਸ ਨੇ ਆਖਰਕਾਰ ਹਿਮਾਲਾ ਦੀ ਉਹ ਚੋਟੀ ਸਰ ਕਰ, ਲਈ ਜਿਸ 'ਤੇ ਚੜ੍ਹ ਕੇ ਐਵਰੈਸਟ ਤਕ ਪੁੱਜਣ ਦਾ ਰਾਹ ਸੌਖਾ ਹੋ ਜਾਂਦਾ ਹੈ। ਕੋਚ ਸੋਂਧੀ ਉਨ੍ਹਾਂ ਖੁਸ਼ਕਿਸਮਤ ਲੋਕਾਂ ਵਿਚੋਂ ਇਕ ਹੈ, ਜਿਸ ਬਾਰੇ ਕਿਹਾ ਜਾਂਦੈ 'ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ।' ਸੋਂਧੀ ਦੀ ਹਿੰਮਤ ਹੀ ਹੈ, ਜਿਸ ਸਦਕਾ ਭਾਰਤ 1952 ਦੀਆਂ ਓਲੰਪਿਕ ਖੇਡਾਂ ਮਗਰੋਂ 2008 ਦੀਆਂ ਓਲੰਪਿਕ ਖੇਡਾਂ ਵਿਚ ਕੁਸ਼ਤੀ ਦਾ ਬਰਾਂਜ਼ ਮੈਡਲ ਜਿੱਤਣ



*ਪਿਆਰਾ ਰਾਮ ਸੋਂਧੀ*

ਵਿਚ ਕਾਮਯਾਬ ਹੋਇਆ। ਇੰਨਾ ਹੀ ਨਹੀਂ, ਤਿੰਨਾਂ ਪਹਿਲਵਾਨਾਂ ਵਿਚੋਂ ਦੋ ਭਾਰਤੀ ਪਹਿਲਵਾਨ ਪਹਿਲੀ ਵਾਰ ਕੁਆਰਟਰ ਫਾਈਨਲ ਸਟੇਜ ਤਕ ਪਹੁੰਚੇ। ਇਸ ਇਤਿਹਾਸਕ ਪ੍ਰਾਪਤੀ ਨਾਲ ਕੋਚ ਸੋਂਧੀ ਦਾ ਸ਼ੁਮਾਰ ਕੌਮਾਂਤਰੀ ਪੱਧਰ ਦੇ ਕੋਚਾਂ ਵਿਚ ਹੋਣਾ ਸ਼ੁਰੂ ਹੋ ਗਿਆ।

ਸੋਂਧੀ ਨੇ 1980 ਤੋਂ 2011 ਤੱਕ ਸਬ-ਜੂਨੀਅਰ, ਜੂਨੀਅਰ ਤੇ ਸੀਨੀਅਰ ਪਹਿਲਵਾਨ ਪੈਦਾ ਕਰ ਕੇ ਕਈ ਸਾਲ ਦੇਸ਼ ਦੇ ਝੰਡੇ ਬੁਲੰਦ ਰੱਖੇ। ਕੌਮਾਂਤਰੀ ਪਹਿਲਵਾਨ ਗੁਰਮੁੱਖ ਸਿੰਘ, ਕੇਹਰ, ਸੁਮੇਰ, ਬੇਅੰਤ ਸਿੰਘ, ਸ਼ਤੀਸ਼ ਕੁਮਾਰ, ਸੰਨ੍ਹੀ ਗਿੱਲ, ਹਰਜੀਤ ਰਾਏਪੁਰ ਡੱਬਾ, ਰਾਜਬਿੰਦਰ ਨਾਥ, ਅਮਨਦੀਪ, ਸ਼ਿੰਗਾਰਾ ਸਿੰਘ, ਸ਼ਤੀਸ਼ ਕੁਮਾਰ, ਸਲਵਿੰਦਰ ਸਿੰਘ, ਸੁਨੀਲ ਦੱਤਾ, ਹਰਦੀਪ ਕੁਮਾਰ, ਰਣਧੀਰ ਸਿੰਘ, ਜਗਦੀਪ ਸਿੰਘ, ਯੋਗੇਸ਼ਵਰ ਦੱਤ ਤੇ ਆਸਟ੍ਰੇਲੀਆ ਵੱਲੋਂ 84 ਕਿਲੋਗਰਾਮ ਵਜ਼ਨ ਵਰਗ ਵਿਚ ਬੀਜਿੰਗ ਓਲੰਪਿਕ ਵਾਸਤੇ ਸਿਲੈਕਟ ਹੋਣ ਵਾਲੇ ਸੰਦੀਪ ਕੁਮਾਰ ਤੇ ਹੋਰ ਨਾਮਵਰ ਪਹਿਲਵਾਨ ਤਿਆਰ ਕੀਤੇ। ਸ਼ੁਰੂਆਤੀ ਦੌਰ ਵਿਚ ਪਹਿਲਵਾਨ ਕਰਤਾਰ ਸਿੰਘ ਤੇ ਬੁੱਧ ਸਿੰਘ ਵਰਗੇ ਪਹਿਲਵਾਨਾਂ ਨੂੰ ਸਕੂਲਾਂ ਦੇ ਕੋਚਿੰਗ ਕੈਂਪਾਂ 'ਚ ਕੋਚਿੰਗ ਦਿੱਤੀ। ਬੁਸਾਨ ਦੀਆਂ ਏਸ਼ਿਆਈ ਖੇਡਾਂ ਵਿਚ ਭਾਰਤੀ ਕੁਸ਼ਤੀ ਟੀਮ ਦੇ ਮੁੱਖ ਕੋਚ ਵਜੋਂ ਭੂਮਿਕਾ ਨਿਭਾਈ। ਉਸ ਦੀ ਕੋਚਿੰਗ ਹੇਠ 2002 'ਚ ਮਾਨਚੈਸਟਰ ਦੀਆਂ ਕਾਮਨਵੈਲਥ ਖੇਡਾਂ ਵਿਚੋਂ 55 ਕਿਲੋਗਰਾਮ 'ਚ ਕ੍ਰਿਸ਼ਨ ਕੁਮਾਰ ਨੇ ਗੋਲਡ ਮੈਡਲ, 66 ਕਿਲੋਗਰਾਮ 'ਚ ਰਮੇਸ਼ ਕੁਮਾਰ ਨੇ ਗੋਲਡ ਮੈਡਲ ਅਤੇ 120 ਕਿਲੋਗਰਾਮ ਭਾਰ 'ਚ ਪਲਵਿੰਦਰ ਚੀਮਾ ਨੇ ਗੋਲਡ ਮੈਡਲ ਜਿੱਤੇ। ਸੁਤਿੰਦਰ ਤੋਮਰ ਨੇ 60 ਕਿਲੋਗਰਾਮ 'ਚ ਸਿਲਵਰ ਮੈਡਲ ਜਿੱਤਿਆ। ਅਨੁਜ ਕੁਮਾਰ ਨੇ 84 ਕਿਲੋਗਰਾਮ 'ਚ ਸਿਲਵਰ ਮੈਡਲ ਅਤੇ ਅਨਿਲ ਕੁਮਾਰ ਨੇ 96 ਕਿਲੋਗਰਾਮ ਵਜ਼ਨ ਵਰਗ ਵਿਚ ਸਿਲਵਰ ਮੈਡਲ ਜਿੱਤੇ।


ਉਹ ਭਾਰਤੀ ਪਹਿਲਵਾਨਾਂ ਨੂੰ ਚੁਤਾਲੀ ਮੁਲਕਾਂ 'ਚ ਕੋਚਿੰਗ ਕੈਂਪਾਂ ਤੇ ਕੁਸ਼ਤੀ ਮੁਕਾਬਲਿਆਂ ਵਿਚ ਲੈ ਕੇ ਗਿਆ। ਉਸ ਦਾ ਬੇਟਾ ਅਮਨਦੀਪ ਸੋਂਧੀ ਪੰਜਾਬ ਕੇਸਰੀ, ਭਾਰਤ ਕੁਮਾਰ, ਭਾਰਤ ਕੇਸਰੀ ਤੇ ਸ਼ੇਰ-ਏ-ਹਿੰਦ ਦੇ ਖਿਤਾਬ ਜਿੱਤ ਚੁੱਕੈ। 2002 'ਚ ਜਲੰਧਰ ਹੋਈਆਂ ਭਾਰਤ ਮੱਲ ਸਮਰਾਟ ਕੁਸ਼ਤੀਆਂ 'ਚ ਅਮਨਦੀਪ ਵਿੱਕੀ ਨੇ ਪਰਮਿੰਦਰ ਡੂੰਮਛੇੜੀ ਤੇ ਹਰਵਿੰਦਰ ਆਮਲਗੀਰ ਦੇ ਜੇਤੂ ਰੱਥ ਰੋਕੇ। ਇਕੋ ਦਿਨ ਦੋਵੇਂ ਵੱਡੀਆਂ ਕੁਸ਼ਤੀਆਂ ਜਿੱਤੀਆਂ। ਅਮਨਦੀਪ ਕਾਮਨਵੈਲਥ ਖੇਡਾਂ ਦਾ ਸਿਲਵਰ ਮੈਡਲ ਜੇਤੂ ਵੀ ਹੈ। ਉਹ ਬੁਲਗਾਰੀਆ, ਇਰਾਨ ਤੇ ਕਈ ਹੋਰ ਦੇਸ਼ਾਂ 'ਚ ਮੁਕਾਬਲੇ ਲੜ ਕੇ ਭਾਰਤ ਲਈ ਕਈ ਮੈਡਲ ਜਿੱਤ ਚੁੱਕੈ। ਉਸ ਨੇ ਪੀ. ਏ. ਪੀ. ਜਲੰਧਰ ਵਿਚ ਸਬ-ਇੰਸਪੈਕਟਰ ਦੀ ਸੇਵਾ ਨਿਭਾਉਣ ਨਾਲ ਕੁਸ਼ਤੀਆਂ 'ਚ ਮਹਿਕਮੇ ਦਾ ਨਾਂ ਉਚਾ ਕੀਤਾ। ਇਸ ਵਕਤ ਉਹ ਪੁਲਿਸ ਅਕੈਡਮੀ ਫਿਲੌਰ ਵਿਖੇ ਨਵੇਂ ਪੁਲਿਸ ਅਫਸਰਾਂ ਨੂੰ ਕਾਨੂੰਨ ਦੀ ਪੜ੍ਹਾਈ ਕਰਾ ਰਿਹੈ।

ਨੈਸ਼ਨਲ ਕੁਸ਼ਤੀ ਕੋਚ ਹੋਣ ਦੀਆਂ ਸ਼ਾਨਦਾਰ ਸੇਵਾਵਾਂ ਤੋਂ 2011 'ਚ ਮੁਕਤ ਹੋ ਕੇ ਸੋਂਧੀ ਨੇ 2013 'ਚ ਫਗਵਾੜਾ ਵਿਖੇ 'ਰਾਏਪੁਰ ਡੱਬਾ ਉਲੰਪਿਕ ਅਖਾੜਾ' ਸਥਾਪਤ ਕੀਤਾ ਹੋਇਐ। ਉਥੇ 70-75 ਛੋਟੇ ਵੱਡੇ ਪਹਿਲਵਾਨ ਸਵੇਰੇ ਸ਼ਾਮ ਕੁਸ਼ਤੀਆਂ ਸਿੱਖਣ ਆਉਂਦੇ ਹਨ। ਛੋਟੀ ਉਮਰ ਦੇ ਹੋਣਹਾਰ ਪਹਿਲਵਾਨ ਤਿਆਰ ਹੋ ਰਹੇ ਨੇ। ਮੈਡਲ ਜਿੱਤ ਕੇ ਕੋਚ ਸਾਹਿਬ ਤੇ ਅਖਾੜੇ ਦਾ ਨਾਂ ਰੌਸ਼ਨ ਕਰ ਰਹੇ ਨੇ। ਮੰਨਣਹਾਣੇ ਦੇ ਸਾਲਾਨਾ ਦੰਗਲ ਦੀ ਰੂਪ-ਰੇਖਾ ਤਿਆਰ ਕਰਨ ਤੇ ਮੁਕਾਬਲੇ ਕਰਾਉਣ ਵਿਚ ਸੋਂਧੀ ਦਾ ਬੜੇ ਸਾਲਾਂ ਤੋਂ ਸਹਿਯੋਗ ਮਿਲਦਾ ਆ ਰਿਹੈ। ਜਿਥੇ ਉਹ ਕੋਚਿੰਗ ਤੇ ਪ੍ਰਬੰਧਕ ਹੋਣ ਦੀਆਂ ਡਿਊਟੀਆਂ ਨਿਭਾਉਣ ਦਾ ਮਾਹਿਰ ਹੈ, ਉਥੇ ਛਿੰਝਾਂ ਦਾ ਵਧੀਆ ਬੁਲਾਰਾ ਵੀ ਹੈ। ਪੇਂਡੂ ਓਲੰਪਿਕ ਕਹੀਆਂ ਜਾਂਦੀਆਂ ਹਕੀਮਪੁਰ ਦੀਆਂ ਪੁਰੇਵਾਲ ਖੇਡਾਂ ਵਿਚ ਕੁਸ਼ਤੀ ਮੁਕਾਬਲਿਆਂ ਦਾ ਮਾਈਕ ਉਹਦੇ ਹੱਥ ਹੁੰਦੈ। ਉਸ ਨੂੰ ਕੁਸ਼ਤੀਆਂ ਦਾ ਹਰਫਨਮੌਲਾ ਕੋਚ ਕਿਹਾ ਜਾ ਸਕਦੈ। ਭਾਰਤੀ ਕੁਸਤੀ ਕੋਚਿੰਗ ਦੇ ਇਤਿਹਾਸ ਵਿਚ ਉਸ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

## ਕਬੱਡੀ ਦੀ ਸ਼ਾਨ ਸ਼ਿਵਦੇਵ ਸਿੰਘ

ਜਦੋਂ ਕਦੇ ਕਬੱਡੀ ਦੀ ਗੱਲ ਚਲਦੀ ਹੈ ਤਾਂ ਸ਼ਿਵਦੇਵ ਸਿੰਘ ਐਸ. ਪੀ. ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਉਹ ਸਰਵਣ ਪੁੱਤ ਹੈ। ਉਸ ਦਾ ਜਨਮ ਸ. ਪਾਲਾ ਸਿੰਘ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ 10 ਫਰਵਰੀ 1955 ਨੂੰ ਪਿੰਡ ਫਤਿਹਗੜ੍ਹ, ਜਿਲ੍ਹਾ ਕਪੂਰਥਲਾ 'ਚ ਹੋਇਆ। ਉਸ ਨੇ ਪ੍ਰਾਇਮਰੀ ਦੀ ਪੜ੍ਹਾਈ ਆਪਣੇ ਪਿੰਡੋਂ ਕਰ ਕੇ, ਹਾਈ ਸਕੂਲ ਦੀ ਪੜ੍ਹਾਈ ਲਈ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਬੇਗੋਵਾਲ ਵਿਚ ਦਾਖਲਾ ਲਿਆ। ਕਬੱਡੀ ਦਾ ਸ਼ੌਕ ਹੋਣ ਕਰਕੇ ਉਥੋਂ ਉਹ ਸਪੋਰਟਸ ਸਕੂਲ ਜਲੰਧਰ ਚਲਾ ਗਿਆ, ਪਰ ਕੁਝ ਮਹੀਨਿਆਂ ਬਾਅਦ ਹੀ ਬੇਗੋਵਾਲ ਹਾਈ ਸਕੂਲ ਦੇ ਹੈਡਮਾਸਟਰ ਨਿਰੰਜਨ ਸਿੰਘ ਸਪੋਰਟਸ ਸਕੂਲ ਤੋਂ ਮੁੜ ਬੇਗੋਵਾਲ ਲੈ ਆਏ, ਜਿਥੇ ਉਹ ਸਕੂਲ ਦੀ ਟੀਮ ਦਾ ਕਪਤਾਨ ਬਣਿਆ। ਖੇਡਾਂ ਖੇਡਣ ਨਾਲ ਉਹ ਪੜ੍ਹਾਈ ਵਿਚ ਵੀ ਹੁਸ਼ਿਆਰ ਰਿਹਾ ਤੇ ਦਸਵੀਂ ਤੱਕ ਜਮਾਤ ਦਾ ਮੋਨੀਟਰ ਬਣਦਾ ਰਿਹਾ। ਅੱਠਵੀਂ ਦੇ ਇਮਤਿਹਾਨ ਵਿਚ ਪੰਜਾਬ 'ਚੋਂ ਮੈਰਿਟ ਹਾਸਲ ਕੀਤੀ, ਜਿਸ ਕਰਕੇ ਪੰਜਾਬ ਸਿੱਖਿਆ ਵਿਭਾਗ ਵੱਲੋਂ ਦਸਵੀਂ ਜਮਾਤ ਤੱਕ ਵਜ਼ੀਫਾ ਮਿਲਦਾ ਰਿਹਾ।

ਮੈਟ੍ਰਿਕ ਕਰਨ ਪਿਛੋਂ ਸਪੋਰਟਸ ਕਾਲਜ ਜਲੰਧਰ ਚਲੇ ਗਿਆ। ਹਾਲੇ ਤਿੰਨ ਕੁ ਮਹੀਨੇ ਹੀ ਸਪੋਰਟਸ ਕਾਲਜ ਵਿਚ ਲਾਏ ਸਨ ਕਿ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਖੁਲ੍ਹਣ ਕਰਕੇ ਬੇਗੋਵਾਲ ਵਾਲੇ ਫਿਰ ਲੈ ਆਏ। ਬੇਗੋਵਾਲ ਕਾਲਜ ਨੂੰ ਪੰਚਾਇਤੀ ਰਾਜ ਖੇਡ ਪ੍ਰੀਸ਼ਦ ਵੱਲੋਂ ਕੋਚਿੰਗ ਸੈਂਟਰ ਬਣਾਇਆ ਗਿਆ। ਸਠਿਆਲੇ ਵਾਲਾ ਅਜੀਤ ਬੱਲ ਉਥੇ ਕੋਚ ਆ ਲੱਗਾ। ਉਹ ਸਵੇਰੇ ਸੱਤ ਵਜੇ ਗਰਾਊਂਡ 'ਚ ਪੁੱਜ ਜਾਂਦਾ, ਜਿਥੇ ਖਿਡਾਰੀਆਂ ਲਈ ਦੁੱਧ ਦਾ ਢੋਲ ਭਰ ਕੇ ਰੱਖਿਆ ਹੁੰਦਾ। ਸ਼ਿਵਦੇਵ ਨੇ ਕੋਚ ਦੇ ਦੱਸੇ ਪ੍ਰੋਗਰਾਮ



*ਸ਼ਿਵਦੇਵ ਸਿੰਘ*

ਅਨੁਸਾਰ ਸਖਤ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਕਬੱਡੀ ਦਾ ਜਨੂੰਨ ਹਮੇਸ਼ਾ ਉਹਦੇ ਸਿਰ 'ਤੇ ਚੜ੍ਹਿਆ ਰਹਿੰਦਾ। ਜਿਥੇ ਆਪ ਮਿਹਨਤ ਕਰਨੀ, ਉਥੇ ਸਾਥੀ ਖਿਡਾਰੀਆਂ ਨੂੰ ਵੀ ਕਰਾਉਣੀ। ਉਸ ਨੇ ਨੈਸ਼ਨਲ ਸਟਾਈਲ, ਪੰਜਾਬ ਸਟਾਈਲ ਤੇ ਢੇਰੀ ਵਾਲੀ ਤਿੰਨੇ ਤਰ੍ਹਾਂ ਦੀ ਕਬੱਡੀ ਖੇਡੀ ਅਤੇ ਕਾਲਜ ਕਬੱਡੀ ਟੀਮ ਦੀ ਕਪਤਾਨੀ ਕੀਤੀ।

1973-74 'ਚ ਉਸ ਨੂੰ ਗੁਰੂ ਨਾਨਕ ਕਾਲਜ ਨਡਾਲੇ ਵਾਲੇ ਲੈ ਗਏ। ਉਥੇ ਦੋ ਸਾਲ ਪੜ੍ਹਾਈ ਕੀਤੀ ਤੇ ਕਾਲਜ ਟੀਮ ਦਾ ਕਪਤਾਨ ਬਣਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਟੀਮ ਦਾ ਵੀ ਕਪਤਾਨ ਬਣਿਆ। ਬੀ. ਏ. ਕਰਨ ਪਿਛੋਂ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਿਆ। ਉਸ ਨੇ ਮਨ 'ਚ ਧਾਰ ਲਈ ਕਿ ਪੁਲਿਸ ਮਹਿਕਮੇ ਲਈ ਮੈਡਲ ਜਿੱਤਣੇ ਹਨ। ਤਿੰਨ ਤਿੰਨ ਘੰਟੇ ਸਵੇਰੇ-ਸ਼ਾਮ ਗਰਾਊਂਡ 'ਚ ਸਖਤ ਮਿਹਨਤ ਕਰਦਾ। ਪੰਜਾਬ ਪੁਲਿਸ ਦੀ ਟੀਮ ਏਨੀ ਤਕੜੀ ਬਣ ਗਈ ਕਿ ਸਤਾਰਾਂ-ਅਠਾਰਾਂ ਸਾਲ ਆਲ ਇੰਡੀਆ ਪੁਲਿਸ ਚੈਂਪੀਅਨਸ਼ਿਪ ਜਿੱਤੀ। ਬਲਵਿੰਦਰ ਫਿੱਡੂ, ਮਹਿੰਦਰ ਮੋਹਣ, ਅਮਰਜੀਤ, ਸਤਨਾਮ, ਸੁਖਵਿੰਦਰ ਜੂਨੀਅਰ, ਸੁਖਵਿੰਦਰ ਸੀਨੀਅਰ, ਸੁਖ, ਹਰਵਿੰਦਰ ਡੱਲੀ, ਅਵਤਾਰ, ਸੁਰਜੀਤ

(ਬਾਕੀ ਅਗਲੇ ਸਫੇ 'ਤੇ)

# ਜਸਵੰਤ ਸਿੰਘ ਕੰਵਲ ਦੀ ਪਹਿਲੀ ਬਰਸੀ

ਪਹਿਲੀ ਫਰਵਰੀ 2021 ਨੂੰ ਨਾਵਲਕਾਰ ਕੰਵਲ ਦੀ ਪਹਿਲੀ ਬਰਸੀ ਸੀ, ਜੋ ਗਦਰੀ ਬਾਬਿਆਂ ਦੀ ਯਾਦਗਾਰ ਢੁੱਡੀਕੇ ਵਿਖੇ ਮਨਾਈ ਗਈ। ਸੌ ਕਿਤਾਬਾਂ ਲਿਖਣ ਤੇ ਉਮਰ ਦੀ ਸੈਂਚਰੀ ਮਾਰਨ ਵਾਲਾ ਉਹ ਪੰਜਾਬੀ ਦਾ ਪਹਿਲਾ ਲੇਖਕ ਹੈ। ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੌਵੇਂ ਸਾਲ 'ਚ ਪਹੁੰਚ ਗਏ ਸਨ, ਪਰ ਉਹ ਸੈਂਚਰੀ ਨਹੀਂ ਸੀ ਮਾਰ ਸਕੇ। ਉਸ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ। ਖੇਤੀਬਾੜੀ ਤੇ ਰਾਇਲਟੀ ਦੀ ਆਮਦਨ ਨਾਲ ਉਸ ਨੇ ਵੱਡਾ ਪਰਿਵਾਰ ਪਾਲਿਆ, ਚਾਰ ਧੀਆਂ ਹੋਸਟਲਾਂ ਵਿਚ ਭੇਜ ਕੇ ਐਮ. ਐਸਸੀ. ਤਕ ਪੜ੍ਹਾਈਆਂ, ਵਿਆਹੀਆਂ ਵਰੀਆਂ ਤੇ ਕੁਝ ਜ਼ਮੀਨ ਵੀ ਖਰੀਦੀ। ਬਣਦਾ ਸਰਦਾ

ਪ੍ਰਿੰ. ਸਰਵਣ ਸਿੰਘ

ਦਸਵੰਧ ਸਿੱਖਿਆ, ਸਿਹਤ ਤੇ ਸਾਹਿਤ ਦੇ ਲੇਖੇ ਲਾਇਆ। ਸੌ ਤੋਂ ਵੱਧ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਪੁਰਸਕਾਰ ਦਿੱਤੇ। ਦੇਸ਼ ਵਿਦੇਸ਼ ਦੀਆਂ ਸੈਰਾਂ ਕੀਤੀਆਂ।

ਕੰਵਲ ਬਾਰੇ ਮੈਂ ਪਹਿਲਾਂ ਹੀ ਕੁਝ ਲੇਖ ਲਿਖ ਚੁੱਕਾਂ, ਸਗੋਂ ਪੂਰੀ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਲਿਖੀ ਹੈ। ਸਮਝ ਨਹੀਂ ਆਉਂਦੀ ਉਹਦੀ ਬਰਸੀ 'ਤੇ ਕੀ ਲਿਖਾਂ? ਇਕ ਦਿਨ ਵਰਿਆਮ ਸਿੰਘ ਸੰਧੂ ਨਾਲ ਗੱਲ ਚੱਲੀ ਕਿ ਉਨ੍ਹਾਂ ਲੇਖਕਾਂ ਦੀਆਂ ਹੀ ਬਰਸੀਆਂ ਮਨਾਈਆਂ ਜਾਂਦੀਆਂ, ਜਿਨ੍ਹਾਂ ਦੇ ਵਾਰਸ ਜੀਂਦੇ-ਜਾਗਦੇ ਹੋਣ। ਸ਼ੁਕਰ ਹੈ ਕੰਵਲ ਦਾ ਪੁੱਤਰ, ਪੂਰਾ ਪਰਿਵਾਰ, ਖਾਸ ਕਰ ਉਹਦਾ ਸਾਹਿਤਕ ਵਾਰਸ ਦੋਹਤਾ ਡਾ. ਸੁਮੇਲ ਸਿੰਘ ਸਿੱਧੂ-ਸਭ ਜਿਊਂਦੇ ਜਾਗਦੇ ਹਨ, ਜਿਸ ਕਰਕੇ ਲੱਗਦੈ ਉਹਦੀਆਂ ਬਰਸੀਆਂ ਮਨਾਈਆਂ ਜਾਂਦੀਆਂ ਰਹਿਣਗੀਆਂ।

ਕੰਵਲ ਡੂੰਘੀਆਂ ਜੜ੍ਹਾਂ ਵਾਲਾ ਬਿਰਖ ਸੀ, ਜੋ 100 ਸਾਲ 7 ਮਹੀਨੇ 4 ਦਿਨ, ਸੱਜੀਆਂ ਖੱਬੀਆਂ 'ਵਾਵਾਂ' ਨਾਲ ਝੂੰਮਦਾ, ਫਲ-ਫੁੱਲ ਤੇ ਛਾਂਵਾਂ ਦਿੰਦਾ ਰਿਹਾ। ਉਸ ਨੇ ਸੈਂਕੜੇ ਕਲਮਾਂ ਨੂੰ ਲਿਖਣ ਦੀ ਚੇਟਕ ਲਾਈ। ਤੀਹ ਲੇਖਕ ਤਾਂ ਢੁੱਡੀਕੇ ਦੇ ਹੀ ਹਨ। 27 ਜੂਨ 1919 ਨੂੰ ਉਸ ਨੇ ਢੁੱਡੀਕੇ ਦੀ ਹਵਾ 'ਚ ਪਹਿਲਾ ਸਾਹ ਲਿਆ ਸੀ ਤੇ ਢੁੱਡੀਕੇ ਵਿਚ ਹੀ ਪਹਿਲੀ ਫਰਵਰੀ 2020 ਨੂੰ ਸਵੇਰੇ 7:40 ਵਜੇ ਆਖਰੀ ਸਾਹ ਲਿਆ। ਉਸੇ ਦਿਨ 3:30 ਵਜੇ ਉਸ ਦੀ ਮ੍ਰਿਤਕ ਦੇਹ ਦਾ 'ਜਸਵੰਤ ਸਿੰਘ ਕੰਵਲ ਅਮਰ ਰਹੇ' ਦੇ ਨਾਅਰਿਆਂ ਨਾਲ ਕਪੂਰਾ ਪੱਤੀ ਦੇ ਸਿਵਿਆਂ ਵਿਚ ਸਸਕਾਰ ਕਰ ਦਿੱਤਾ ਗਿਆ। 10 ਫਰਵਰੀ ਨੂੰ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਰੋਹ ਹੋਇਆ, ਜਿਸ ਵਿਚ ਪੰਜਾਬ ਸਰਕਾਰ ਦੇ ਭਾਸ਼ਾ ਮੰਤਰੀ ਦਾ ਸਰਕਾਰੀ ਪੱਤਰ ਪੜ੍ਹ ਕੇ ਸੁਣਾਇਆ ਗਿਆ ਕਿ ਸਰਕਾਰੀ ਕਾਲਜ ਢੁੱਡੀਕੇ ਵਿਖੇ ਬਣਾਏ ਨਵੇਂ ਆਡੀਟੋਰੀਅਮ ਦਾ ਨਾਂ ਜਸਵੰਤ ਸਿੰਘ ਕੰਵਲ ਭਵਨ ਰੱਖਿਆ ਜਾਵੇਗਾ। ਕੁਝ ਦਿਨਾਂ ਬਾਅਦ ਪੰਜਾਹ ਸੱਠ ਲੇਖਕਾਂ ਪਾਠਕਾਂ ਨੇ ਸਿਮਰਤੀ ਸਮਾਗਮ ਕੀਤਾ ਤੇ ਬੋਰਡ ਲਾ ਕੇ ਜਸਵੰਤ ਸਿੰਘ ਕੰਵਲ ਭਵਨ ਦਾ ਨਾਮਕਰਣ ਕਰ ਦਿੱਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਸਵੰਤ ਸਿੰਘ ਕੰਵਲ ਬਾਰੇ ਸਿਮਰਤੀ ਗ੍ਰੰਥ ਪ੍ਰਕਾਸ਼ਿਤ ਕਰਨ ਦਾ ਐਲਾਨ ਕੀਤਾ ਗਿਆ, ਜੀਹਦੇ ਪ੍ਰਕਾਸ਼ਨ ਸਬੰਧੀ ਯੂਨੀਵਰਸਿਟੀ ਹੀ ਦੱਸ ਸਕਦੀ ਹੈ। ਸੰਗਤ ਦਾ ਸਵਾਗਤ ਤੇ ਧੰਨਵਾਦ ਕੰਵਲ ਦੇ ਪੁੱਤਰ ਸਰਬਜੀਤ ਸਿੰਘ ਤੇ ਦੋਹਤੇ ਸੁਮੇਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ।

ਪਰਿਵਾਰ ਨੇ ਕੰਵਲ ਦੀ ਯਾਦ ਵਿਚ ਉਸ ਦਾ ਪੜ੍ਹਨ-ਲਿਖਣ ਵਾਲਾ ਕਮਰਾ, ਮੇਜ਼ ਕੁਰਸੀ ਤੇ ਕਾਗਜ਼ ਕਲਮ ਉਵੇਂ ਹੀ ਸਾਂਭ ਰੱਖੇ ਹਨ। ਕਿਤਾਬਾਂ ਤੇ ਕੁਝ ਹੱਥ ਲਿਖਤਾਂ ਵੀ ਸੰਭਾਲੀਆਂ ਹੋਈਆਂ ਹਨ। ਇਹ ਸੇਵਾ ਕੰਵਲ ਦੇ ਪੋਤੇ ਹਰਮੀਤ ਸਿੰਘ ਨੂੰ ਸੌਂਪੀ ਗਈ ਹੈ। ਮੇਰੀਆਂ ਕੰਵਲ ਨਾਲ ਜੁੜੀਆਂ ਬੇਸ਼ੁਮਾਰ ਯਾਦਾਂ ਹਨ। ਸੱਠ ਸਾਲਾਂ ਦਾ ਸਨੇਹ ਜੁ ਸੀ ਤੇ ਤੀਹ ਸਾਲ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਦਾ ਨੇੜ। ਉਹਦੀ ਸਰਪੰਚੀ ਵੇਲੇ 1956 ਤੋਂ ਹਰ ਸਾਲ ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਲੱਗ ਰਿਹੈ। 2019 ਤੱਕ ਇਹ ਮੇਲਾ ਅਸੀਂ 'ਕੱਠੇ ਵੇਖਦੇ ਰਹੇ। ਸੱਠਵਿਆਂ-ਸੱਤਰਵਿਆਂ 'ਚ 'ਕੱਠੇ ਕਬੱਡੀ ਮੈਚ ਖਿਡਾਉਂਦੇ ਤੇ ਮੈਚਾਂ ਦੀ ਕੁਮੈਂਟਰੀ ਕਰਦੇ। ਖੂਬ ਹਾਸਾ-ਠੱਠਾ ਹੁੰਦਾ।



2000 'ਚ ਰਿਟਾਇਰ ਹੋ ਕੇ ਮੈਂ ਕੈਨੇਡਾ ਵਾਸੀ ਬਣ ਗਿਆ ਸਾਂ। ਫਿਰ ਵੀ ਹਰੇਕ ਸਿਆਲ ਕੰਵਲ ਨੂੰ ਮਿਲਣ ਆ ਜਾਂਦਾ ਤੇ ਅਸੀਂ ਰਲ ਕੇ ਮੇਲਾ ਵੇਖਦੇ। 28 ਜਨਵਰੀ 2019 ਨੂੰ ਮੈਂ ਉਹਨੂੰ ਮਲੋਮਲੀ ਮੇਲੇ ਲਿਜਾ ਕੇ ਉਹਤੋਂ ਝੰਡੀ ਕਰਵਾ ਆਇਆ ਸਾਂ। ਖੂਬ ਤਾੜੀਆਂ ਵੱਜੀਆਂ। 2020 ਦੇ ਖੇਡ ਮੇਲੇ 'ਤੇ ਲਿਜਾਣ ਲਈ ਮੈਂ ਕੈਨੇਡਾ ਤੋਂ ਢੁੱਡੀਕੇ ਪਹੁੰਚਿਆ ਤਾਂ ਉਹ ਬਿਸਤਰੇ 'ਚ ਨਿਢਾਲ ਪਿਆ ਸੀ। ਗੱਲਾਂ ਦਾ ਹੁੰਗਾਰਾ ਤਾਂ ਭਰਦਾ ਰਿਹਾ, ਪਰ ਮੇਲੇ ਜਾਣੋਂ ਸਿਰ ਫੇਰ ਗਿਆ। 28 ਜਨਵਰੀ ਨੂੰ ਖੇਡ ਮੇਲਾ ਮੁੱਕਾ। ਪਹਿਲੀ ਫਰਵਰੀ ਨੂੰ ਉਹ ਜੱਗ ਦਾ ਭਰਿਆ ਮੇਲਾ ਛੱਡ ਗਿਆ। 2021 ਦਾ ਖੇਡ ਮੇਲਾ ਕਰੋਨਾ ਤੇ ਕਿਸਾਨ ਅੰਦੋਲਨ ਕਰਕੇ ਲੱਗਿਆ ਹੀ ਨਹੀਂ, ਜਿਸ ਕਰਕੇ ਮੈਂ ਵੀ ਕੈਨੇਡਾ ਤੋਂ ਢੁੱਡੀਕੇ ਨਹੀਂ ਗਿਆ। ਨਾਲੇ ਹੁਣ ਕਿਹੜਾ ਬਾਘੀਆਂ ਪਾਉਂਦੇ ਕੰਵਲ ਨੇ ਉਡੀਕਦੇ ਹੋਣਾ ਸੀ, ਜੀਹਨੂੰ ਮਿਲਣ ਦਾ ਬੜਾ ਚਾਅ ਹੁੰਦਾ ਸੀ! ਬਾਈ ਨੂੰ ਯਾਦ ਕਰਦਿਆਂ ਉਹਦੇ ਮਨਭਾਉਂਦੇ ਕਾਵਿ-ਬੰਦ ਯਾਦ ਆ ਰਹੇ ਨੇ:

ਸਾਡਾ ਜੀਓ ਜਾਮਾ ਜਿਹੜਾ ਆਣ ਮੇਲੇ
ਸਿਰ ਸਦਕਾ ਉਸ ਦੇ ਨਾਮ ਦਾ ਈ।
ਭਲਾ ਮੋਏ ਤੇ ਵਿਛੜੇ ਕੌਣ ਮੇਲੇ?
ਐਵੇਂ ਜਿਉੜਾ ਲੋਕ ਵਲਾਂਵਦਾ ਈ।
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ
ਵੇਖਾਂ ਆਣ ਕੇ ਕੌਣ ਬੁਝਾਂਵਦਾ ਈ।
ਦੇਵਾਂ ਚੂਰੀਆਂ ਘਿਓ ਦੇ ਬਾਲ ਦੀਵੇ
ਵਾਰਸ ਸ਼ਾਹ ਜੇ ਸੁਣਾਂ ਮੈਂ ਆਂਵਦਾ ਈ...।

ਐਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ...।

ਸੱਚੀ ਗੱਲ ਹੈ, ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ...। ਖਿਆਲ ਆਉਂਦੈ, ਕੰਵਲ ਜੀਂਦਾ ਹੁੰਦਾ ਤਾਂ ਉਸ ਨੇ ਕਿਸਾਨ ਅੰਦੋਲਨ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਹਣੇ ਮਾਰਵੀਂ ਖੁੱਲ੍ਹੀ ਚਿੱਠੀ ਲਿਖਣੀ ਸੀ, ਜਿਵੇਂ ਕਦੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਲਿਖੀਆਂ ਸਨ। ਉਸ ਨੇ ਦੁਹਾਈਆਂ ਪਾਉਣੀਆਂ ਸਨ, ਕਿਸਾਨਾਂ ਦੀ ਮੰਦੀ ਹਾਲਤ ਦੀਆਂ, ਕਿਸਾਨ ਮਾਰੂ ਕਾਲੇ ਕਾਨੂੰਨਾਂ ਦੀਆਂ ਤੇ ਅੰਦੋਲਨ ਵਿਚ ਸ਼ਹਾਦਤ ਦੇਣ ਵਾਲੇ ਕਿਰਤੀ ਕਿਸਾਨਾਂ ਦੀਆਂ। ਵੰਗਾਰ ਪਾਉਣੀ ਸੀ, ਕਿਸਾਨਾਂ ਦੀਆਂ ਮੰਗਾਂ ਮੰਨਣ ਜਾਂ ਗੱਦੀ ਛੱਡਣ ਦੀ। ਕਿਸਾਨ ਅੰਦੋਲਨ ਬਾਰੇ ਅਖਬਾਰੀ ਲੇਖ ਲਿਖਣੇ ਸਨ, 'ਮੁੜ ਜਾਗੇ ਖੇਤਾਂ ਦੇ ਪੁੱਤ' ਤੇ 'ਭਾਵਕਾਂ ਮਾਰਦਾ ਪੰਜਾਬ।' ਅਤੇ ਕਿਸਾਨ ਜਥੇਬੰਦੀਆਂ ਤੇ ਤੱਤੇ ਨੌਜੁਆਨਾਂ ਨੂੰ ਮੱਤ ਦੇਣੀ ਸੀ, ਸ਼ਾਂਤ ਰਹਿਣ ਦੀ, ਏਕਾ ਰੱਖਣ ਦੀ, ਸਬਰ ਤੇ ਸਿਰੜ ਨਾਲ ਅੱਗੇ ਵਧਣ ਦੀ ਤੇ ਸਿਰਲੇਖ ਰੱਖਣਾ ਸੀ, 'ਕਿਸਾਨਾਂ ਦਾ ਏਕਾ ਲੋਹੇ ਦੀ ਦੀਵਾਰ।' ਟੇਬਲ ਟਾਕ 'ਚ ਧੋਖਾ ਖਾਣ ਤੋਂ ਸਾਵਧਾਨ ਕਰਦੇ ਰਹਿਣਾ ਸੀ। ਜੇਰਾ ਰੱਖਣ ਤੇ ਚੜ੍ਹਦੀ ਕਲਾ 'ਚ ਰਹਿਣ ਦੀ ਨਸੀਅਤ ਦੇਣੀ ਸੀ। ਫਿਰ ਕਿਸਾਨਾਂ ਦੀ ਜਿੱਤ ਉਤੇ ਇਕ ਹੋਰ 'ਜਿੱਤ ਨਾਮਾ' ਲਿਖਣਾ ਸੀ। ਕੰਵਲ ਕਿਸਾਨੀ, ਪੰਜਾਬ ਤੇ ਪੰਜਾਬੀਅਤ ਨੂੰ ਦਿਲ ਦੀਆਂ ਡੂੰਘਾਈਆਂ 'ਚੋਂ ਪਿਆਰ ਕਰਦਾ ਸੀ। ਪੰਜਾਬ ਦੀ ਰੂਹ ਸੀ, ਕਾਮਰੇਡੀ ਤੇ ਸਿੱਖੀ ਦਾ ਸੁਮੇਲ ਸੀ। ਅੱਧਾ ਨਕਸਲੀ ਸੀ, ਅੱਧਾ ਖਾੜਕੂ। ਹੀਰ-ਵੰਨੇ ਪੰਜਾਬ ਦਾ ਆਸ਼ਕ ਸੀ, ਜੀਹਦੀਆਂ ਗੱਲਾਂ ਉਹਦਾ ਦੋਹਤਾ ਪ੍ਰੋ. ਸੁਮੇਲ ਵਾਰ ਵਾਰ ਕਰਦਾ ਨਹੀਂ ਥਕਦਾ।

ਕੰਵਲ ਗੁਰਬਾਣੀ ਤੇ ਵਾਰਸ ਦੀ ਹੀਰ ਉਤੇ ਪੂਰਾ ਮਾਇਲ ਸੀ। ਪਿੰਡ ਦੀ ਫਿਰਨੀ 'ਤੇ ਤੁਰਿਆ ਫਿਰਦਾ ਅਖਬਾਰਾਂ ਰਸਾਲੇ ਪੜ੍ਹਦਾ ਸੀ। ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ, ਹੱਥ ਚੁੱਕਦਾ, ਉਂਗਲਾਂ ਤਾਣਦਾ ਸੀ, ਜਿਵੇਂ ਬਹਿਸ ਕਰ ਰਿਹਾ ਹੋਵੇ। ਪ੍ਰੋ. ਕਿਸ਼ਨ ਸਿੰਘ ਨੂੰ ਉਹ ਅਸਲੀ ਆਲੋਚਕ ਸਮਝਦਾ ਸੀ। ਉਹ ਯਾਰਾਂ ਦਾ ਦਿਲਦਾਰ ਸੀ, ਸ਼ਤਰੰਜ ਦਾ ਸ਼ੌਕੀਨ ਸੀ, ਲੋਕ ਗੀਤਾਂ ਦਾ ਦੀਵਾਨਾ ਸੀ। ਆਪ-ਮੁਹਾਰਾ ਗਾਉਣ ਲੱਗਦਾ ਸੀ ਤੇ ਗਾਉਂਦਾ ਗਾਉਂਦਾ ਮਚਲ ਜਾਂਦਾ ਸੀ। ਜਸਵੰਤ ਗਿੱਲ ਨੂੰ ਅਵੱਲੇ ਨਾਂਵਾਂ-ਭਾਨਿਆ, ਸੁਭਾਨੇ, ਜੱਸੇ, ਸੁਰਤੀਏ, ਦੁਲਾਰੀਏ, ਰਾਣੋ, ਰਾਜੋ, ਬਾਘੋ, ਜਿੰਦੋ, ਸੁਰਤੋ, ਰਾਧੋ ਤੇ ਬੱਲੋ-ਬੱਲੋ ਪੁਕਾਰਦਾ ਸੀ।

2010 ਵਿਚ ਛਪੀ ਉਹਦੀ ਕਿਤਾਬ ਦਾ ਨਾਂ ਸੀ: ਪੰਜਾਬ! ਤੇਰਾ ਕੀ ਬਣੂੰ? ਉਹਦੇ ਸਰਵਰਕ ਉਤੇ ਛਪੀਆਂ ਸਤਰਾਂ ਨੇ ਓਦੋਂ ਮੇਰਾ ਓਨਾ ਧਿਆਨ ਨਹੀਂ ਸੀ ਖਿੱਚਿਆ ਜਿੰਨਾ ਹੁਣ ਖਿੱਚ ਰਹੀਆਂ, "ਹੁਣ ਪੰਜਾਬ ਦੇ ਕਾਂਗਰਸੀ ਕੇਂਦਰ ਦੇ ਗੁਲਾਮ, ਜਿੱਥੇ ਮਰਜ਼ੀ ਅੰਗੂਠੇ ਲਵਾਉਣ, ਹੁੱਤ ਨਹੀਂ ਕਰਨਗੇ। ਅਕਾਲੀ ਤੇਰੇ ਪੈ ਗਏ ਜਨ ਸੰਘੀਆਂ ਦੀ ਝੋਲੀ, ਦੋਵੇਂ ਭੁੱਖੇ ਬਘਿਆੜ, ਪੰਜਾਬ ਕਿਵੇਂ ਬਚੇਗਾ? ਨੀਅਤ ਦੇ ਚੋਰਾਂ, ਪੰਜਾਬ ਦੇ ਦੁੱਧ ਤੋਂ ਤਰਦੀ ਤਰਦੀ ਮਲਾਈ ਤਾਂ ਲਾਹ ਲਈ; ਲੱਸੀ ਵੀ ਕੋਈ ਕਰਮਾਂ ਵਾਲਾ ਪੀ ਲਵੇ ਵਾਹ ਭਲੀ, ਨਹੀਂ ਹਾਲ ਕੋਈ ਨਹੀਂ। ਰਾਜਸੀ ਦਵੜ ਸੱਟ ਇਸ ਤਰ੍ਹਾਂ ਹੀ ਰਹੀ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਬੋਲੋਰਾਮ ਹੋ ਚੁੱਕਾ ਸਮਝੋ। ਜਿਸ ਪੰਜਾਬ ਵਿਚ ਦਰਿਆਵਾਂ ਦੀਆਂ ਲਹਿਰਾਂ ਝੱਲੀਆਂ ਨਹੀਂ ਸਨ ਜਾਂਦੀਆਂ, ਹਾੜ ਬੋਲਣ ਵਾਲਾ ਹੈ। ਦੋਸ਼ ਮੈਨੂੰ ਕਾਹਤੋਂ ਦੇਂਦਾ ਏ, ਆਪਣੇ ਦੋਸ਼ੀ ਕਾਂਗਰਸੀਆਂ, ਅਕਾਲੀਆਂ ਤੇ ਜਨਸੰਘੀਆਂ ਨੂੰ ਧੌਣੋਂ ਫੜ।"

"ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤਕ ਛਾਂਗ ਸੁੱਟਿਆ! ਤੇਰਾ ਲੱਖ ਟਿਊਬਵੈੱਲਾਂ, ਤੇਰੀ ਤਾਂ ਅੱਡੀਆਂ ਤੱਕ ਰੱਤ ਚੂਸ ਲਈ। ਕਾਂਗਰਸੀ ਤਾਂ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਆਨਾਂ-ਸ਼ਾਨਾਂ ਨਿਰਾਲੀਆਂ ਹੋਣਗੀਆਂ। ਕਿੱਥੇ ਹੈ, ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆਂ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅਤਿ ਮੰਦੜਾ ਹਾਲ ਵੇਖ ਮੇਰੀ ਕਲਮ ਦਾ ਸਾਹ ਸੂਤਿਆ ਪਿਆ ਹੈ। ਤੇਰਾ ਹੁਣ ਕੀ ਬਣੂੰ?"

"ਲੁਟੇਰੇ ਤੇ ਅਸਲੋਂ ਵਿਹਲੜ ਸਾਧ ਲਾਣੇ ਵਾਸਤੇ ਕੰਮ ਕਰਨ ਲਈ ਕੋਈ ਨੇਮ ਕਾਨੂੰਨ ਨਹੀਂ, ਕੋਈ ਪਾਬੰਦੀ ਨਹੀਂ। ਕਿਸਾਨ ਤੋਂ ਮੰਡੀ ਤੇ ਬਜ਼ਾਰ ਦੀ ਲੁੱਟ ਪਿੱਛੋਂ ਮੰਗਤਿਆਂ ਤੇ ਸਾਧਾਂ ਦੇ ਧਾੜੇ ਵੀ ਹਿੱਸਾ ਭਾਲਦੇ ਐ। ਤਰਤਾਲੀ ਫੀਸਦੀ ਕਾਮੇ ਕੰਮ ਕਰਦੇ ਹਨ; ਉਨ੍ਹਾਂ ਦੀ ਕਮਾਈ 'ਤੇ ਸਤਵੰਜਾ ਪਰਸੈਂਟ ਵਿਹਲੜ ਅਯਾਸ਼ੀਆਂ ਕਰਦੇ ਹਨ। ਜੇ ਕੋਈ ਰੱਬ, ਸਭ ਦਾ ਰਖਵਾਲਾ ਹੁੰਦਾ, ਦਸਾਂ ਨਹੁੰਆਂ ਦੀ ਕਮਾਈ ਬਰਬਾਦ ਹੋਣ ਦਿੰਦਾ? ਹਾਲਤ ਇਹ ਹੈ, ਵਿਹਲੜ ਲਾਣਾ ਚਾਂਭੜਾਂ ਪਾਉਂਦਾ ਹੈ ਤੇ ਕਾਮੇ ਪਸ਼ੂਆਂ ਵਾਂਗ ਪੰਜਾਲੀ ਦਿੱਤੇ ਹਉਂਕ ਰਹੇ ਹਨ। ਨਿਆਂਕਾਰ ਰੱਬ ਕਿੱਥੇ ਮਰ ਗਿਆ? ਇਹ ਸਾਧ ਸੰਤ ਲਾਣੇ ਰੱਬ ਦੇ ਨਾਂ 'ਤੇ ਸਿੱਧੀਆਂ ਡਕੈਤੀਆਂ ਕਰਦੇ ਹਰਾਮ ਖਾਂਦੇ ਹਨ। ਉਨ੍ਹਾਂ ਦੀਆਂ ਲੁਕੀਆਂ ਚੋਰੀਆਂ ਯਾਰੀਆਂ, ਤੌਬਾ ਮੇਰੀ! ਜੇ ਨਿਆਂਕਾਰ ਰੱਬ ਹੁੰਦਾ, ਵਿਹਲੜ ਗੁਨਾਹਗਾਰਾਂ ਨੂੰ ਪੁੱਠੀਆਂ ਫਾਂਸੀਆਂ ਦਿੰਦਾ।"

ਕੰਵਲ ਦੇ ਦਾਦੇ ਦਾ ਨਾਂ ਪੰਜਾਬ ਸਿੰਘ ਸੀ, ਜੋ ਉੱਚੇ ਕੱਦ ਦਾ ਸਿਰੜੀ ਕਿਸਾਨ ਸੀ। ਉਹ ਤੜਕੇ ਉੱਠ ਕੇ ਹਲ ਜੋੜਦਾ, ਦੁਪਹਿਰੇ ਪੱਠਾ ਦੱਥਾ ਕਰਦਾ ਤੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਖੇਤਾਂ ਦੀ ਵਿਰਾਸਤ, ਕਿਰਤ ਤੇ ਕਿਰਸਾਣੀ ਕੰਵਲ ਨੂੰ ਵਿਰਸੇ ਵਿਚ ਮਿਲੀ ਸੀ। ਉਹਦੀਆਂ ਲਿਖਤਾਂ ਵਿਚ ਵੀ ਕਿਰਸਾਣੀ ਉਹਦੇ ਹੱਡੀਂ ਰਚੀ ਦਿਸਦੀ ਹੈ। ਉਹਦੀਆਂ ਲਿਖਤਾਂ ਦੇ ਬਹੁਤੇ ਪਾਤਰ ਕਿਸਾਨ ਮਜ਼ਦੂਰ ਹਨ। ਖੇਤਾਂ ਵਾਲੇ ਵੀ ਹਨ ਤੇ ਵਿਹੜਿਆਂ ਵਾਲੇ ਵੀ। ਉਹਦੇ ਸ਼ਾਹਕਾਰ ਨਾਵਲ 'ਪੂਰਨਮਾਸ਼ੀ' ਦੇ ਇਕ ਕਾਂਡ ਉਤੇ ਲਿਖਿਆ ਹੈ: ਹਲ ਛੱਡ ਕੇ ਚਰ੍ਹੀ ਨੂੰ ਜਾਣਾ, ਜੱਟ ਦੀ ਜੂਨ ਬੁਰੀ।

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ 'ਵਾਵਾਂ' ਦੇ ਵੇਗ ਵਿਚ ਝੂਮਦਾ ਸੀ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਦੇ ਨਾਵਲ 'ਰਾਤ ਬਾਕੀ ਹੈ' ਨੇ ਹਜ਼ਾਰਾਂ ਨੌਜੁਆਨ ਕਾਮਰੇਡ ਬਣਾਏ, ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਮਿਊਨਿਸਟ ਆਗੂਆਂ ਨੇ ਭਰੀ। ਉਹਦਾ ਨਾਵਲ 'ਲਹੂ ਦੀ ਲੋਅ' ਚੋਰੀਓਂ ਦੀਵਿਆਂ ਦੀ ਲੋਅ ਵਿਚ ਪੜ੍ਹਿਆ ਗਿਆ।

1947 ਦੇ ਉਜਾੜੇ ਪਿੱਛੋਂ ਕਿਰਸਾਣੀ ਕਰਦਿਆਂ ਕਿਤਾਬਾਂ ਲਿਖਦਿਆਂ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਪਿੰਡ 'ਚ ਸਿੱਖਿਆ ਤੇ ਸਿਹਤ ਦੇ ਉੱਚ ਅਦਾਰੇ ਬਣਵਾ ਕੇ ਪਛੜੇ ਪਿੰਡ ਦਾ ਵਿਕਾਸ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਤੇ ਸਰਪ੍ਰਸਤ ਰਿਹਾ। ਉਹ 1980 ਦੀ ਇੰਗਲੈਂਡ ਵਾਲੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਇਆ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਉਸ ਨੇ ਸ਼੍ਰੋਮਣੀ ਕਮੇਟੀ 'ਚ ਸੇਵਾ ਕਰਦਿਆਂ ਪੋਠੋਹਾਰ ਦੇ ਸਿੱਖਾਂ ਦੀ ਜਾਨ ਹੂਲ ਕੇ ਮਦਦ ਕੀਤੀ। ਸ਼੍ਰੋਮਣੀ ਕਮੇਟੀ ਨੇ ਪੰਜਾਬੀ ਦੇ ਏਡੇ ਵੱਡੇ ਸਿੱਖ ਸਾਹਿਤਕਾਰ ਦਾ ਚਿੱਤਰ ਪਤਾ ਨਹੀਂ ਸਿੱਖ ਅਜਾਇਬ ਘਰ ਵਿਚ ਸਜਾਇਆ ਹੈ ਜਾਂ ਨਹੀਂ?

5 ਜਨਵਰੀ 2019 ਨੂੰ ਮੈਂ ਕੰਵਲ ਨੂੰ ਮਿਲਣ ਆਇਆ ਤਾਂ ਉਹ ਇਕੋ ਸ਼ਿਅਰ ਵਾਰ ਵਾਰ ਦੁਹਰਾਈ ਗਿਆ: ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ, ਤੁਮ ਜੋ ਆਏ ਤੋ ਮੰਜ਼ਲੇਂ ਲਾਏਂ...। ਰਾਤ ਮੈਂ ਉਹਦੇ ਕੋਲ ਹੀ ਰਹਿ ਪਿਆ। ਸਵੇਰੇ ਉੱਠੇ ਤਾਂ ਉਹ 'ਹਮ ਜੋ ਗਏ ਤੁਮ ਜੋ ਆਏ' ਵਾਲਾ ਸ਼ਿਅਰ ਭੁੱਲ ਚੁੱਕਾ ਸੀ। ਮੈਂ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇਕ ਕਾਗਜ਼ ਮੇਜ਼ ਤੋਂ ਚੁੱਕ ਲਿਆ ਜੋ ਤਾਜ਼ਾ ਹੀ ਲਿਖਿਆ ਸੀ। ਉਹ ਪੁਰਾਣੇ ਪੈਡ ਦਾ ਅੱਧਾ ਵਰਕਾ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ ਜੋ ਅੱਜ ਤਕ ਮੇਰੇ ਬਟੂਏ ਵਿਚ ਹੈ। ਕਦੇ ਕਦੇ ਨਜ਼ਰ ਮਾਰ ਲੈਂਦਾ ਹਾਂ। ਉਸ ਉਤੇ ਲਿਖੀ ਪਹਿਲੀ ਸਤਰ ਹੈ: ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਹੈ: ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ! ਤੇ ਤੀਜੀ ਸਤਰ: ਸ਼ਕਤੀ ਬੰਦੇ ਨੂੰ ਲਲਕਾਰਦੀ ਹੈ...।

ਬੱਸ ਏਨੀਆਂ ਕੁ ਸਤਰਾਂ ਨਾਲ ਮੈਂ ਆਪਣੇ ਮਹਿਬੂਬ ਲੇਖਕ ਨੂੰ ਅੰਤਾਂ ਦੀ ਸ਼ਿੱਦਤ ਨਾਲ ਯਾਦ ਕਰਦਾ ਹਾਂ!

# ਇਕਬਾਲ ਜੱਬੋਵਾਲੀਏ ਦੀ ਖੇਡ ਲੇਖਣੀ

(ਬਾਕੀ ਅਗਲੇ ਸਫੇ 'ਤੇ)

ਗੱਛਾ, ਮਾਸਟਰ ਮੂਰਤਾ ਸਿੰਘ ਤੇ ਪ੍ਰਧਾਨ ਸਿੰਘ, ਸ਼ਿਵਦੇਵ ਦੇ ਸਾਥੀ ਖਿਡਾਰੀ ਹੁੰਦੇ ਸਨ। ਪੰਜਾਬ ਪੁਲਿਸ ਟੀਮ ਦਾ ਉਹ ਆਪ ਕੋਚ, ਕੈਪਟਨ ਤੇ ਇੰਚਾਰਜ ਸਭ ਕੁਝ ਸੀ।

1977 'ਚ ਉਹ ਇੰਗਲੈਂਡ ਜਾਣ ਵਾਲੀ ਟੀਮ 'ਚ ਚੁਣਿਆ ਗਿਆ। ਉਥੇ ਸਾਰੇ ਹੀ ਜਿੱਤੇ। ਸਰਬਣ ਸਿੰਘ ਬੱਲ ਉਨ੍ਹਾਂ ਦਾ ਕੋਚ ਸੀ। ਇਕ ਵਾਰ ਉਨ੍ਹਾਂ ਨੇ ਗੋਆ ਖੇਡਣ ਜਾਣਾ ਸੀ। ਦੱਖਣੀ ਭਾਰਤ ਅਤੇ ਮਹਾਰਾਸ਼ਟਰ ਦੇ ਖੇਡ ਮੈਦਾਨਾਂ ਵਿਚ ਬਾਰੀਕ ਰੋੜੀਆਂ ਹੁੰਦੀਆਂ ਸਨ, ਜਿਸ ਕਰਕੇ ਖਿਡਾਰੀਆਂ ਦੇ ਪੈਰ ਫਟ ਸਕਦੇ ਸਨ। ਮਰਹੱਟੇ ਖਿਡਾਰੀ ਰੋੜੀ ਵਾਲੀਆਂ ਗਰਾਊਂਡਾਂ ਵਿਚ ਖੇਡਣ ਦੇ ਮਾਹਰ ਸਨ। ਉਨ੍ਹਾਂ ਦਾ ਮੁਕਾਬਲਾ ਕਰਨ ਲਈ ਪੰਜਾਬ ਪੁਲਿਸ ਦੀ ਟੀਮ ਨੂੰ ਲਾਅਨ-ਟੈਨਿਸ ਦੀ ਕੰਕਰੀਟ ਵਾਲੀ ਗਰਾਊਂਡ ਵਿਚ ਤਿੰਨ ਮਹੀਨੇ ਤਿਆਰੀ ਕਰਵਾਈ ਤਾਂ ਖਿਡਾਰੀਆਂ ਦੇ ਪੈਰ ਪੱਕ ਗਏ। ਕੋਚ ਨੇ ਇਹ ਵੀ ਦੱਸਿਆ ਕਿ ਸੱਟ ਲੱਗਣ ਤੋਂ ਬਚਣ ਲਈ ਥੱਲੇ ਨਹੀਂ ਡਿਗਣਾ। ਫੇਰ ਕੀ ਸੀ, ਜਿਹੜਾ ਆਵੇ, ਉਪਰੋ ਉਪਰ ਹਵਾ 'ਚ ਚੁੱਕੀ ਗਏ। ਹਜ਼ਾਰਾਂ ਦਰਸ਼ਕਾਂ ਦੇ 'ਕੱਠ ਵਿਚ ਪੰਜਾਬੀਆਂ ਦੀ ਧੰਨ ਧੰਨ ਹੋ ਗਈ।

1982 'ਚ ਕਬੱਡੀ ਏਸ਼ੀਅਨ ਗੇਮਾਂ 'ਚ ਸ਼ਾਮਲ ਕਰਵਾਉਣ ਦਾ ਮੁੱਢ ਬੰਨ੍ਹਣ ਲਈ ਇੰਡੀਆ ਦੀਆਂ ਦੋ ਟੀਮਾਂ ਤਿਆਰ ਕੀਤੀਆਂ, ਜਿਨ੍ਹਾਂ ਦਾ ਦਿੱਲੀ ਏਸ਼ੀਆਡ 'ਚ ਪ੍ਰਦਰਸ਼ਨ ਕੀਤਾ ਗਿਆ। ਅਗਲੀਆਂ ਏਸ਼ਿਆਈ ਖੇਡਾਂ ਵਿਚ ਕਬੱਡੀ ਬਤੌਰ ਸਪੋਰਟ ਸ਼ਾਮਲ ਕਰ ਲਈ ਗਈ। 1984 'ਚ ਸ਼ਿਵਦੇਵ ਬੰਬੇ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਵਿਚ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ। 1987 'ਚ ਏਸ਼ੀਅਨ ਫੈਡਰੇਸ਼ਨ ਗੇਮਜ਼ ਵਿਚ ਫਿਰ ਕਪਤਾਨ ਬਣਿਆ। ਰੂਸ ਵਿਚ ਕਬੱਡੀ ਦੇ ਪ੍ਰਦਰਸ਼ਨੀ ਮੈਚ ਖੇਡੇ ਅਤੇ ਕਬੱਡੀ ਦਾ ਦਾਇਰਾ ਵਧਾਇਆ। 1988 'ਚ ਉਸ ਨੂੰ ਫਿਰ ਭਾਰਤੀ ਟੀਮ ਵਲੋਂ ਇੰਗਲੈਂਡ ਖੇਡਣ ਜਾਣ ਦਾ ਮੌਕਾ ਮਿਲਿਆ। ਉਸ ਨੇ ਨੈਸ਼ਨਲ ਚੈਂਪੀਅਨਸ਼ਿਪਾਂ ਵਿਚੋਂ 4 ਗੋਲਡ, 7 ਸਿਲਵਰ ਤੇ 4 ਬਰਾਂਜ਼ ਮੈਡਲ ਜਿੱਤੇ। 1977 ਵਿਚ ਸਬ ਇੰਸਪੈਕਟਰ, 1986 'ਚ ਇੰਸਪੈਕਟਰ, 1993 'ਚ ਡੀ. ਐਸ. ਪੀ. ਅਤੇ 2002 'ਚ ਐਸ. ਪੀ. ਦਾ ਅਹੁਦਾ ਸੰਭਾਲਿਆ। ਉਹ 8 ਸਾਲ ਪੰਜਾਬ ਪੁਲਿਸ ਖੇਡਾਂ ਦਾ ਸਕੱਤਰ ਰਿਹਾ ਤੇ 39 ਸਾਲ ਨੌਕਰੀ ਕਰਨ ਪਿੱਛੋਂ 28 ਫਰਵਰੀ 2015 'ਚ ਰਿਟਾਇਰ ਹੋਇਆ। ਉਸ ਨੂੰ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਨੇ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ।

ਸ਼ਿਵਦੇਵ ਸਿੰਘ ਨੇ ਪੰਜਾਬ ਦੇ ਪੰਜ ਵਿਸ਼ਵ ਕਬੱਡੀ ਕੱਪਾਂ ਵਿਚ ਟੈਕਨੀਕਲ ਡਾਇਰੈਕਟਰ ਦੀ ਡਿਊਟੀ ਨਿਭਾਈ। 1914 ਦੇ ਪੰਜਵੇਂ ਵਿਸ਼ਵ ਕਬੱਡੀ ਕੱਪ ਦਾ ਫਾਈਨਲ ਮੈਚ ਹਾਲੇ ਵੀ ਚਰਚਾ ਵਿਚ ਹੈ, ਜਿਸ ਨੂੰ ਯੂ-ਟਿਊਬ ਤੋਂ ਲੱਖਾਂ-ਕਰੋੜਾਂ ਲੋਕ ਵੇਖ ਚੁੱਕੇ ਹਨ। ਇਹ ਮੈਚ ਕਾਫੀ ਵਾਦ-ਵਿਵਾਦੀ ਰਿਹਾ। ਓਲੰਪੀਅਨ ਪਰਗਟ ਸਿੰਘ ਦੀ ਦੇਖ-ਰੇਖ ਹੇਠ ਬਣੀ ਟੈਕਨੀਕਲ ਕਮੇਟੀ 'ਚ ਪ੍ਰਿੰ. ਸਰਵਣ ਸਿੰਘ ਤੇ ਸ਼ਿਵਦੇਵ ਸਿੰਘ ਵੀ ਸ਼ਾਮਲ ਸਨ। ਅਕਸਰ ਵੇਖਿਆ ਜਾਂਦੈ ਕਿ ਖਿਡਾਰੀ ਹਾਰ ਜਾਣ ਪਿੱਛੋਂ ਪੱਖਪਾਤ ਦੇ ਇਲਜ਼ਾਮ ਲਾਉਂਦੇ ਹਨ। ਐਸਾ ਹੀ ਭਾਰਤ-ਪਾਕਿ ਫਾਈਨਲ ਮੈਚ ਪਿੱਛੋਂ ਹੋਇਆ। ਐਸ. ਪੀ. ਸ਼ਿਵਦੇਵ ਸਿੰਘ ਸੀ, ਜਿਸ ਦੀ ਛਵੀ ਨਿਰਪੱਖ, ਈਮਾਨਦਾਰ ਤੇ ਅਨੁਸ਼ਾਸਨਬੱਧ ਖੇਡ ਪ੍ਰਬੰਧਕ ਹੋਣ ਦੀ ਬਣੀ ਹੋਈ ਸੀ। ਉਸ ਦਾ ਖੁਦ ਖੇਡਣ, ਖਿਡਾਉਣ ਤੇ ਖੇਡ ਪ੍ਰਬੰਧਕ ਹੋਣ ਦਾ ਚਾਲੀ ਵਰ੍ਹੇ ਲੰਮਾ ਤਜਰਬਾ ਸੀ।

ਟੀਮਾਂ ਦਾਇਰੇ ਵਿਚ ਆਈਆਂ ਤਾਂ ਸ਼ਿਵਦੇਵ ਨੇ ਪਾਕਿਸਤਾਨੀ ਟੀਮ ਦੇ ਕਪਤਾਨ ਸ਼ਫੀਕ ਚਿਸ਼ਤੀ ਦੇ ਲਿਸ਼ਕਦੇ ਪਟੇ ਵੇਖਦਿਆਂ ਉਨ੍ਹਾਂ ਨੂੰ ਹੱਥ ਲਾ ਕੇ ਟੋਹਿਆ। ਉਸ ਦਾ ਕਹਿਣਾ ਸੀ ਕਿ ਉਹਦਾ ਹੱਥ ਤੇਲ ਨਾਲ ਗੱਚ ਹੋ ਗਿਆ। ਨਿਯਮਾਂ ਅਨੁਸਾਰ ਪਿੰਡੇ ਜਾਂ ਵਾਲਾਂ ਨੂੰ ਤੇਲ ਲਾ ਕੇ ਆਏ ਖਿਡਾਰੀਆਂ ਨੂੰ ਲਾਲ ਕਾਰਡ ਵਿਖਾ ਕੇ ਮੈਚ ਖੇਡਣ ਤੋਂ ਬੈਨ ਕਰ ਦੇਣਾ ਬਣਦਾ ਸੀ। ਵਿਸ਼ਵ ਭਰ ਦੇ ਕਰੋੜਾਂ ਲੋਕ ਟੀ. ਵੀ. ਤੋਂ ਮੈਚ ਵੇਖਣ ਦੀ ਇੰਤਜ਼ਾਰ ਕਰ ਰਹੇ ਸਨ। ਉਸ ਸਥਿਤੀ ਵਿਚ ਤੌਲੀਆਂ ਨਾਲ ਪਿੰਡੇ ਪੂੰਝੇ ਗਏ, ਪਰ ਤੇਲ ਪੂਰੀ ਤਰ੍ਹਾਂ ਪੂੰਝਿਆ ਨਾ ਜਾ ਸਕਿਆ। ਕੁਝ ਰੇਡਰ ਬੁਰੀ ਤਰ੍ਹਾਂ ਫਸ ਕੇ ਵੀ ਜੱਫੇ 'ਚੋਂ ਤਿਲ੍ਹਕ ਜਾਂਦੇ ਰਹੇ। ਪਾਣੀ ਪੀਣ ਦੀ ਬਰੇਕ ਸਮੇਂ ਪਾਕਿਸਤਾਨੀ ਟੀਮ ਦੇ ਖੇਮੇ ਵਿਚੋਂ ਫੜੀ ਪਲਾਸਟਿਕ ਦੀ ਇਕ ਬੋਤਲ ਸ਼ਿਵਦੇਵ ਸਿੰਘ ਨੇ ਤਕਨੀਕੀ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ। ਦੱਸਿਆ ਕਿ ਉਸ ਵਿਚ ਨਾਰੀਅਲ ਦਾ ਤੇਲ ਤੇ ਬੇਬੀ ਆਇਲ ਪਾ ਕੇ ਗਰਮ ਪਾਣੀ ਪਾਇਆ ਹੋਇਆ ਸੀ। ਉਥੋਂ ਫਿਰ ਸਹਿਜੇ ਹੀ ਪਿੰਡੇ 'ਤੇ ਲੱਗ ਸਕਦਾ ਸੀ। ਸ਼ਿਵਦੇਵ ਸਿੰਘ ਨੇ ਜਦੋਂ ਉਹ ਬੋਤਲ ਲੈਣੀ ਚਾਹੀ ਤਾਂ ਬੋਤਲ ਵਾਲਾ ਭੱਜ ਪਿਆ, ਪਰ ਇਕ ਜੁਆਨ ਨੇ ਪਿੱਛੇ ਭੱਜ ਕੇ ਬੋਤਲ ਕਾਬੂ ਕਰ ਲਈ। ਇਕ ਤਿਹਾਈ ਬਚੀ ਬੋਤਲ ਅਸੀਂ ਸੁੰਘੀ ਤਾਂ ਬੇਬੀ ਆਇਲ ਤੇ ਨਾਰੀਅਲ ਦਾ ਮੁਸ਼ਕ ਆਇਆ। ਉਦੋਂ ਤਕ ਨਾਰੀਅਲ ਦਾ ਤੇਲ ਜੰਮ ਕੇ ਥੱਲੇ ਬੈਠ ਚੁਕਾ ਸੀ। ਸ਼ਿਵਦੇਵ ਵੱਲੋਂ ਪੇਸ਼ ਕੀਤੇ ਇਸ ਸਬੂਤ ਨਾਲ ਪਾਕਿਸਤਾਨੀ ਟੀਮ ਦਾ ਇਤਰਾਜ਼ ਰੱਦ ਕਰ ਦਿੱਤਾ ਗਿਆ ਸੀ। ਅੱਜ ਕੱਲ੍ਹ ਸ਼ਿਵਦੇਵ ਸਿੰਘ ਨਿਊ ਯਾਰਕ ਵਿਚ ਪੰਜਾਬੀ ਖੇਡ ਮੇਲਿਆਂ ਦੇ ਅੰਗ-ਸੰਗ ਵਿਚਰ ਰਿਹੈ ਅਤੇ ਆਪਣੇ ਸਾਊ ਸੁਭਾਅ ਕਰਕੇ ਸ਼ੋਭਾ ਖੱਟ ਰਿਹੈ। ਉਹ ਪੰਜਾਬੀਆਂ ਦਾ ਮਾਣ ਹੈ ਤੇ ਨਿਊ ਯਾਰਕ ਦੀ ਸ਼ਾਨ!

## ਕਹਾਣੀ

# ਕੰਬਲ

**ਕਰਮ ਸਿੰਘ ਮਾਨ**
ਫੋਨ: 559-261-5024

ਇਸ ਵੀਹ ਏਕੜ ਦੀ ਕਾਲੋਨੀ ਵਿਚ ਕੁੱਲ ਛੇ ਘਰ ਹਨ। ਹਰ ਪਲਾਟ ਤਿੰਨ ਏਕੜ ਦਾ। ਹਰ ਘਰ ਦੂਜੇ ਨਾਲੋਂ ਚੜ੍ਹਦਾ। ਸਾਰੀ ਸਬ ਡਵੀਜ਼ਨ ਅੱਠ ਫੁੱਟ ਉਚੀ ਕੰਧ ਨਾਲ ਵਗਲੀ ਹੋਈ। ਅੰਦਰ ਆਉਣ ਲਈ ਗੇਟ ਰੀਮੋਟ ਕੰਟਰੋਲ ਨਾਲ ਖੁਲ੍ਹਦਾ ਹੈ। ਕੋਡ ਨੰਬਰ ਦਬਾਓ, ਸੰਤਰੀ ਵਾਂਗ ਸਲੂਟ ਮਾਰ ਕੇ ਇਹ ਗੇਟ ਇੱਕ ਪਾਸੇ ਨੂੰ ਸਿਰਕ ਜਾਂਦਾ ਹੈ। ਕਾਰ ਵਗੈਰਾ ਦੇ ਲੰਘ ਜਾਣ 'ਤੇ ਆਪਣੇ ਆਪ ਬੰਦ ਹੋ ਜਾਂਦਾ ਹੈ।

ਹਰ ਘਰ ਦੀ ਲੈਂਡ ਸਕੇਪਿੰਗ ਕਮਾਲ ਦੀ। ਹਰਾ ਮਖਮਲੀ ਘਾਹ। ਰੰਗ-ਬਰੰਗੇ ਫੁੱਲ। ਫਲਾਂ ਨਾਲ ਲੱਦੇ, ਸੁਗੰਧੀ ਲੁਟਾਉਂਦੇ ਰੁੱਖ, ਵੇਲਾਂ ਆਦਿ। ਬਣਾਉਟੀ ਘਾਹ, ਝੀਲਾਂ ਤੇ ਝਰਨੇ। ਅੰਦਰਲੇ ਲਾਨ ਵਿਚ ਤਾਰੀਆਂ ਲਾਉਣ ਲਈ ਸਵਿੰਮਿਗ ਪੂਲ ਅਤੇ ਖੇਡਣ ਲਈ ਟੈਨਿਸ ਕੋਰਟ ਆਦਿ ਹਨ।

ਇਨ੍ਹਾਂ ਕਿਲਿਆਂ ਵਰਗੇ ਆਲੀਸ਼ਾਨ ਘਰਾਂ ਦੇ ਦਰਵਾਜੇ ਰਾਤ-ਬਰਾਤੇ ਅਤੇ ਛੁੱਟੀ ਵਾਲੇ ਦਿਨ ਹੀ ਖੁਲ੍ਹਦੇ ਹਨ। ਇਨ੍ਹਾਂ ਘਰਾਂ ਦੇ ਅੰਦਰ ਬੱਚਿਆਂ ਦੀਆਂ ਕਿਲਕਾਰੀਆਂ ਤਾਂ ਕੀ ਸੁਣਨੀਆਂ ਸਨ, ਘਰਾਂ ਦੇ ਬਾਹਰ ਖੇਲਦੇ ਬੱਚੇ ਨਹੀਂ ਦਿਸਦੇ। ਬੱਚਿਆਂ ਦੀ ਗੱਲ ਤਾਂ ਛੱਡੋ, ਇਨ੍ਹਾਂ ਘਰਾਂ ਦੇ ਬਾਹਰ ਸੜਕਾਂ 'ਤੇ ਕੋਈ ਤੁਰਦਾ ਨਹੀਂ ਦਿਸਿਆ। ਜੇ ਕਿਤੇ ਕੋਈ ਭੁੱਖ-ਭਲੇਖੇ ਬਾਹਰੋਂ ਆਇਆ ਤੁਰ ਵੀ ਪਏ ਤਾਂ 'ਆਦਮ-ਬੋ ਆਦਮ-ਬੋ' ਕਰਦੇ, ਉਚੀ-ਉਚੀ ਭੌਂਕਦੇ ਕੁੱਤਿਆਂ ਨੂੰ ਸੁਣ ਕੇ ਦਿਲ ਦਹਿਲ ਜਾਂਦਾ ਹੈ।

ਇਨ੍ਹਾਂ ਘਰਾਂ ਵਿਚ ਇੱਕ ਘਰ ਹੈ, ਵਕੀਲ ਡਿਸਾਈ ਸਾਹਿਬ ਦਾ। ਡਿਸਾਈ ਸਾਹਿਬ ਕਾਨੂੰਨ ਦੀਆਂ ਬਾਰੀਕੀਆਂ ਜਾਣਨ ਵਾਲੇ ਭਾਈਚਾਰੇ ਦੇ ਸਿਰਕੱਢ ਵਕੀਲ ਹਨ। ਦੇਸ਼ ਦੀ ਹਾਈਕਾਰਟ ਵਿਚ ਵਕਾਲਤ ਕਰਦੇ ਹਨ। ਇੱਥੇ ਪੜ੍ਹ ਕੇ ਹੀ ਚੋਟੀ ਦੇ ਉਘੇ ਵਕੀਲ ਬਣ ਗਏ ਹਨ।

ਦੂਸਰਾ ਘਰ ਡਾਕਟਰ ਵਾਨ ਦਾ ਹੈ। ਇਹ ਕਾਉਂਟੀ ਦੇ ਸਿਰ ਕੱਢ ਡਾਕਟਰ ਹਨ। ਇਨ੍ਹਾਂ ਦੇ ਆਪਣੇ ਦੋ ਕਲਿਨਿਕ ਹਨ। ਕਈ ਡਾਕਟਰ ਤੇ ਹੋਰ ਅਮਲਾ-ਫੈਲਾ ਇਨ੍ਹਾਂ ਦੇ ਕਲਿਨਿਕਾਂ ਵਿਚ ਕੰਮ ਕਰਦਾ ਹੈ। ਇਹ ਜਨਰਲ ਮੈਡੀਸਨ ਦੇ ਡਾਕਟਰ ਹਨ ਤੇ ਸਰਜਰੀ ਦੇ ਮਾਹਰ ਵੀ। ਇਨ੍ਹਾਂ ਨੂੰ ਤਾਂ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਮਿਲਦੀ। ਬੀਮਾ ਕੰਪਨੀਆਂ ਨੂੰ ਚੰਗਾ ਚੋਪੜਦੇ ਹਨ। ਬੱਚਾ ਸ਼ਾਇਦ ਇਸ ਦੇ ਇੱਕ ਹੀ ਹੈ। ਉਹ ਵੀ ਘਰੋਂ ਬਾਹਰ ਰਹਿੰਦਾ ਹੈ। ਉਹ ਕਿਸੇ ਬਾਹਰਲੀ ਯੂਨੀਵਰਸਿਟੀ ਵਿਚ ਪੜ੍ਹਦਾ ਹੈ। ਇਸ ਦੀ ਪਤਨੀ ਹੈ ਗਲੋਰੀਆ, ਗਿੱਠ-ਮੁੱਠੀ, ਤੇਜ਼-ਤਰਾਰ। ਟਪੂਸੀ ਮਾਰ ਕੇ ਕੰਧ 'ਤੇ ਬੈਠਣ ਵਾਲੀ ਬਿੱਲੀ।

ਇਹੋ ਜਿਹਾ ਘਰ ਹੈ ਬੀਮਾ ਕਪਨੀ ਦੇ ਮਾਲਕ ਮਿਸਟਰ ਵਿਲਸਨ ਦਾ। ਮੰਨਿਆ-ਪ੍ਰਮੰਨਿਆ ਸਟਾਕ ਬਰੋਕਰ। ਕਈ ਮਿਲੀਅਨ ਦੀ ਰੀਅਲ ਅਸਟੇਟ ਪ੍ਰਾਪਰਟੀ। ਸਿਰੇ ਦਾ ਕੰਜੂਸ, ਮੱਖੀ ਚੂਸ। ਸਾਰਾ ਦਿਨ ਬਿਜਨਸ ਹੀ ਬਿਜਨਸ। ਸ਼ਾਇਦ ਇਸੇ ਕਰਕੇ ਹੀ ਇਸ ਦੀਆਂ ਕਬੂਤਰੀਆਂ ਬਦਾਮ ਖਾ ਕੇ ਕਿਸੇ ਹੋਰ ਛਤਰੀ 'ਤੇ ਜਾ ਬੈਠੀਆਂ ਹਨ। ਪਹਿਲੀ ਪਤਨੀ ਮੇਰੀਆ, ਦੂਜੀ ਐਸਟਰਾ ਤੇ ਹੁਣ ਵਾਲੀ ਜੂਲੀਆ ਦਾ ਵੀ ਪਤਾ ਨਹੀਂ ਹੁਣ ਕਦੋਂ ਉਡ ਜਾਏ; ਘਰ ਇਸ ਦਾ ਵੀ ਬੱਚਿਆਂ ਦੀਆਂ ਕਿਲਕਾਰੀਆਂ ਨੂੰ ਤਰਸਦਾ ਰਿਹਾ ਹੈ। ਸ਼ਾਇਦ ਬੱਚੇ ਇਸ ਦੀਆਂ ਜਨਾਨੀਆਂ ਪਾਲ ਪੋਸ ਕੇ ਨਾਲ ਲੈ ਜਾਂਦੀਆਂ ਹੋਣਗੀਆਂ।

ਬਾਕੀ ਦੇ ਘਰਾਂ ਵਿਚ ਵੀ ਵੱਡੇ ਲੋਕ ਹੀ ਰਹਿੰਦੇ ਹਨ-ਇੱਕ ਸਨਅਤਕਾਰ, ਇੱਕ ਉਘਾ ਰਾਜਸੀ ਨੇਤਾ, ਇੱਕ ਇੰਜੀਨੀਅਰ, ਪਾਦਰੀ ਅਤੇ ਕੁਝ ਹੋਰ ਕਈ ਵਰਗਾਂ ਦੇ ਲੋਕ।

ਇਨ੍ਹਾਂ ਘਰਾਂ ਦੀ ਆਪਣੀ ਵੱਖਰੀ ਹੀ ਦੁਨੀਆਂ ਹੈ। ਸਮਾਜਿਕ ਮੇਲ-ਜੋਲ ਦੀ ਵੱਖਰੀ ਹੀ ਦੁਨੀਆਂ। ਇਨ੍ਹਾਂ ਘਰਾਂ ਦੀਆਂ ਔਰਤਾਂ ਆਮ ਲੋਕਾਂ ਨੂੰ ਨੱਕ ਚਾੜ੍ਹਦੀਆਂ ਹਨ, ਜਿਵੇਂ ਉਹ ਨੀਵੇਂ ਲੋਕਾਂ ਦੀ ਛੋਹ ਨਾਲ ਭਿੱਟੀਆਂ ਜਾਂਦੀਆਂ ਹੋਣਗੀਆਂ। ਇਹ ਕਲੱਬਾਂ ਅਤੇ ਹੋਰ ਕਿੱਟੀ ਪਾਰਟੀਆਂ ਵਿਚ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚ ਸੁਹਣੇ ਘਰਾਂ, ਕੱਪੜੇ, ਕਾਰਾਂ ਅਤੇ ਹੋਰ ਕੀਮਤੀ ਸਮਾਨ ਖਰੀਦਣ ਦੀ ਦੌੜ ਲੱਗੀ ਰਹਿੰਦੀ ਹੈ।

ਇੱਕ ਮਹੀਨਾਂ ਪਹਿਲਾਂ ਵਕੀਲ ਡਿਸਾਈ ਦੇ ਘਰ ਪਾਰਟੀ ਸੀ। ਇਹ ਅਮੀਰਜ਼ਾਦੇ ਜਨਾਨੀਆਂ ਸਮੇਤ ਪਾਰਟੀ ਵਿਚ ਹਾਜ਼ਰ ਸਨ। ਵਕੀਲ ਡਿਸਾਈ, ਡਾਕਟਰ ਵਾਨ ਤੇ ਗਲੋਰੀਆ ਵਾਨ, ਮਿਸਟਰ ਵਿਲਸਨ ਤੇ ਯੂਲੀਆ ਵਿਲਸਨ ਅਤੇ ਪਾਦਰੀ ਸਾਹਿਬ; ਤੇ ਪੰਜ ਜੋੜੇ ਹੋਰ ਉਤਲੇ ਦਰਜੇ ਦੇ ਲੋਕ। ਪਾਰਟੀਆਂ ਤਾਂ ਔਰਤਾਂ ਦੀਆਂ ਹੁੰਦੀਆਂ ਹਨ। ਬੰਦੇ ਵਿਚਾਰੇ ਭਗਤ ਤਾਂ ਪੈਸੇ ਕਮਾਉਣ ਵਾਲੇ ਸੰਦ ਈ ਹਨ। ਤੇਲੀ ਦੇ ਬਲਦ ਵਾਂਗੂੰ ਦਿਨ ਰਾਤ ਕੋਹਲੂ ਨਾਲ ਜੁੜੇ ਰਹਿੰਦੇ ਹਨ ਤੇ ਗੁਲਸ਼ੱਰੇ ਇਨ੍ਹਾਂ ਦੀਆਂ ਪਤਨੀਆਂ ਉਡਾਉਂਦੀਆਂ ਹਨ। ਗੱਲ ਵੀ ਠੀਕ ਹੈ! ਜਦ ਤੇਲੀ ਵੀ ਕੀਤਾ ਹੈ, ਰੁੱਖਾ ਵੀ ਕਿਉਂ ਖਾਣ?

ਵਿਚਾਰੇ ਪਤੀਆਂ ਕੋਲ ਪੈਸਾ ਕਦ ਹੁੰਦਾ ਹੈ। ਇਹ ਤਾਂ ਪੈਸੇ ਦੀ ਕਦਰ ਕਰਨਾ ਜਾਣਦੇ ਹਨ। ਤੁਸੀਂ ਕਹਾਣੀ ਜਾਣਦੇ ਈ ਓ, ਉਸ ਰਿਸ਼ੀ ਦੀ, ਜਿਸ ਨੇ ਨਦੀ ਵਿਚ ਤਰਦੇ ਕੰਬਲ ਦੇ ਭੁਲੇਖੇ ਰਿੱਛ ਨੂੰ ਹੱਥ ਪਾ ਲਿਆ ਸੀ। ਗੁਰੂ ਜੀ ਗੋਤੇ ਖਾ ਰਹੇ ਸਨ। "ਕੰਬਲ ਦਾ ਖਹਿੜਾ ਛੱਡੋ, ਗੁਰੂ ਜੀ ਆਪ ਬਾਹਰ ਆ ਜਾਓ।" ਕੰਢੇ 'ਤੇ ਖੜ੍ਹਾ ਚੇਲਾ ਕੂਕਿਆ। "ਮੈਂ ਤਾਂ ਕੰਬਲ ਨੂੰ ਛਡਦਾ ਹਾਂ, ਪਰ ਕੰਬਲ ਮੈਨੂੰ ਨਹੀਂ ਛਡਦਾ।" ਗੋਤੇ ਖਾਂਦੇ ਗੁਰੂ ਜੀ ਨੇ ਕਿਹਾ; ਪਰ ਇਹ ਹਨ, 'ਜਾਨ ਜਾਏ ਤੋ ਜਾਏ ਪਰ ਕੰਬਲ ਨਾ ਜਾਏ।'

ਖੈਰ! ਇਸ ਵਾਰ ਪਤੀਆਂ ਨੇ ਆਪਣੇ ਨੀਰਸ ਜੀਵਨ ਤੋਂ ਨਿਜਾਤ ਪਾਉਣ ਲਈ ਦੋ ਹਫਤੇ ਦੀਆਂ ਘਰੋਂ ਬਾਹਰ ਛੁੱਟੀਆਂ ਕੱਟਣ ਦਾ ਫੈਸਲਾ ਕਰ ਹੀ ਲਿਆ ਹੈ। ਵਕੀਲ ਡਿਸਾਈ ਤੇ ਬਰੋਕਰ ਨੇ ਕਿਹਾ, "ਜੇ ਇਹ ਮੇਮਾਂ ਨਾਲ ਤੁਰ ਪਈਆਂ, ਫਿਰ ਉਹ ਤਾਂ ਸਮਾਨ ਢੋਣ ਵਾਲੇ ਟੱਟੂ ਈ ਬਣੇ ਰਹਿਣਗੇ।" ਇਹ ਸੋਚ ਕੇ ਉਨ੍ਹਾਂ ਇਕੱਲੇ ਜਾਣ ਦਾ ਮਨ ਬਣਾ ਲਿਆ।





ਉਹ ਇੱਕ ਦਮ ਕਿਵੇਂ ਜਾ ਸਕਦੇ ਸਨ? ਬਦਲਵਾਂ ਪ੍ਰਬੰਧ ਕਿਹੜਾ ਸੌਖਾ ਸੀ? ਉਹ ਇੱਕ ਮਹੀਨੇ ਬਾਅਦ ਹੀ ਜਾ ਸਕੇ।

ਉਨ੍ਹਾਂ ਪਹਿਲਾਂ ਹਵਾਈ ਸਫਰ ਦੀ ਗੱਲ ਸੋਚੀ। 'ਹਵਾਈ ਸਫਰ!' ਡੱਬੇ 'ਚ ਬੰਦ-ਇੱਥੋਂ ਲੱਦੇ ਉਥੇ ਲਾਹ'ਤੇ। ਉਨ੍ਹਾਂ ਹਵਾਈ ਜਹਾਜ ਦੀ ਥਾਂ ਟਰੇਨ ਤੇ ਜਾਣ ਦਾ ਫੈਸਲਾ ਕਰ ਲਿਆ ਹੈ।

ਇਹ ਸਾਰੇ ਟਰੇਨ ਵਿਚ ਸਵਾਰ ਹੋ ਕੇ ਚੱਲ ਪਏ ਹਨ। ਉਹ ਇੱਕ ਦਿਨ ਤੇ ਇੱਕ ਰਾਤ ਦੇ ਸਫਰ ਪਿੱਛੋਂ ਇੱਕ ਵੱਡੇ ਮਾਰੂਥਲ ਵਿਚ ਪਹੁੰਚ ਜਾਂਦੇ ਹਨ। ਰੇਲ ਗੱਡੀ ਇੱਕ ਛੋਟੇ ਜਿਹੇ ਸਟੇਸ਼ਨ 'ਤੇ ਆ ਰੁਕਦੀ ਹੈ। ਇੱਥੋਂ ਇੱਕ ਨੌਜਵਾਨ ਜੋੜਾ ਆ ਚੜ੍ਹਦਾ ਹੈ। ਮੁੰਡਾ ਕੱਕੇ-ਘੁੰਗਰਾਲੇ ਵਾਲ। ਸੁਬਕ ਜਿਹਾ। ਫੂਕ ਮਾਰੇ ਤੋਂ ਉਡ ਜਾਣ ਵਾਲਾ। ਉਹ ਮੁਸ਼ਕਿਲ ਨਾਲ ਤੀਹ ਸਾਲ ਦੇ ਹੋਣਗੇ। ਉਹ ਵਕੀਲ ਦੇ ਨਾਲ ਦੀ ਸੀਟ 'ਤੇ ਆ ਬੈਠਾ, ਇਹ ਮ੍ਰਿਗ-ਨੈਣੀ ਖੂਬਸੂਰਤ ਕੁੜੀ ਆਪਣੇ ਖੂਬਸੂਰਤ ਪਤੀ ਨਾਲ ਗੱਲਾਂ ਕਰਨ ਵਿਚ ਰੁੱਝ ਜਾਂਦੀ ਹੈ।

"ਜੇ ਪੰਜ ਮਿੰਟ ਲੇਟ ਹੋ ਜਾਂਦੇ, ਗੱਡੀ ਨੇ ਨਿਕਲ ਜਾਣਾ ਸੀ।" ਲੋਰੀ ਨੇ ਕਿਹਾ।

"ਹਾਂ, ਇਹ ਤਾਂ ਹੈ।" ਪਤੀ ਨੇ ਉਤਰ ਦਿੱਤਾ।

ਵਕੀਲ, ਡਾਕਟਰ, ਪਾਦਰੀ ਤੇ ਬਰੋਕਰ ਇੱਕ ਦੂਜੇ ਨਾਲ ਗੱਲਾਂ ਕਰਦੇ ਕਦੇ ਮੁਢਲੇ ਨਾਉਂ ਅਤੇ ਕਦੇ ਆਖਰੀ ਨਾਉਂ ਨਾਲ ਬਲਾਉਂਦੇ ਹਨ। ਕਿਤੇ ਕਿਤੇ ਤਿਰਛੀ ਨਜ਼ਰ ਨਾਲ ਇਸ ਜੋੜੇ ਵੱਲ ਵੇਖਦੇ ਹਨ। ਉਪਰੋਂ ਵੇਖਣ ਨਾਲ ਇਉਂ ਲਗਦਾ ਹੈ, ਜਿਵੇਂ ਇਹ ਚਾਰੇ ਉਨ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੰਦੇ, ਪਰ ਨਹੀਂ! ਉਹ ਕੰਨ ਖੋਲ੍ਹ ਕੇ ਬੈਠੇ ਹਨ।

ਲੋਰੀ ਵੀ ਉਨ੍ਹਾਂ ਵੱਲੋਂ ਲਾਪਰਵਾਹ ਨਹੀਂ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਹ ਵੀ ਜਾਣ ਜਾਂਦੀ ਹੈ ਕਿ ਇਨ੍ਹਾਂ ਵਿਚ ਕਿਹੜਾ ਡਾਕਟਰ, ਵਕੀਲ, ਪਾਦਰੀ ਤੇ ਬਰੋਕਰ ਹਨ।

ਇੱਕ ਘੰਟੇ ਦੇ ਸਫਰ ਤੋਂ ਬਾਅਦ ਗੱਡੀ ਅਗਲੇ ਸਟੇਸ਼ਨ 'ਤੇ ਆ ਰੁਕੀ। ਇੱਥੋਂ ਇੱਕ ਅੱਲੜ੍ਹ ਉਮਰ ਦਾ ਛੋਕਰਾ ਗੱਡੀ ਵਿਚ ਆ ਸਵਾਰ ਹੁੰਦਾ ਹੈ। ਉਹ ਪਿਛਲੀ ਖਾਲੀ ਸੀਟ ਛੱਡ ਕੇ ਜੋੜੇ ਦੇ ਬਰਾਬਰ ਆ ਬੈਠਦਾ ਹੈ। ਉਹ ਥਥਲਾ ਕੇ ਬੋਲਦਾ ਹੈ। ਸ਼ਰਾਬੀ ਹੋਣ ਦਾ ਨਾਟਕ ਕਰਦਾ ਹੈ।

ਨੌਜਵਾਨ ਜੋੜਾ ਉਸ ਦੀਆਂ ਹਰਕਤਾਂ ਤੋਂ ਬਹੁਤ ਤੰਗ ਹੈ, ਪਰ ਫਿਰ ਵੀ ਉਹ ਉਸ ਵੱਲੋਂ ਮੂੰਹ ਮੋੜ ਕੇ ਡਿੱਠ ਨੂੰ ਅਣਡਿੱਠ ਕਰ ਰਿਹਾ ਹੈ।

ਉਹ ਛੋਕਰਾ ਲੋਰੀ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਨੂੰ ਊਲ-ਜਲੂਲ ਸੁਣਨ ਲਈ ਮਜ਼ਬੂਰ ਕਰ ਰਿਹਾ ਹੈ। ਕੁੜੀ ਇੱਕ ਦਮ ਉਸ ਦਾ ਹੱਥ ਛੰਡ ਦਿੰਦੀ ਹੈ। ਉਸ ਦੀ ਔਰਤ ਨਾਲ ਕੋਈ ਬਦਤਮੀਜ਼ੀ ਨਾਲ ਪੇਸ਼ ਆਵੇ, ਕੋਝੀਆਂ ਹਰਕਤਾਂ ਕਰੇ; ਇਹ ਸਭ ਕੁਝ ਤਾਂ ਉਸ ਦੀ ਮਰਦਾਨਗੀ ਨੂੰ ਵੰਗਾਰ ਸੀ। ਉਹ ਗੁੱਸੇ ਨਾਲ ਲਾਲ-ਪੀਲਾ ਹੋਇਆ ਉਸ ਦੇ ਘਸੁੰਨ ਮਾਰਨ ਲਈ ਉਠਦਾ ਹੈ।

ਉਹ ਅੱਲੜ੍ਹ ਛੋਕਰਾ ਉਸ ਦੇ ਘਸੁੰਨ ਵੱਜਣ ਤੋਂ ਪਹਿਲਾਂ ਹੀ ਧੌਣ ਵਿਚ ਧੌਲ ਮਾਰ ਕੇ ਉਸ ਨੂੰ ਪਟਕਾ ਕੇ ਮਾਰਦਾ ਹੈ ਅਤੇ ਡਿੱਗੇ ਪਏ ਦੇ ਦੋ ਠੁੱਡੇ ਜ਼ੋਰ ਹਿੱਕ ਵਿਚ ਮਾਰਦਾ ਹੈ। ਸ਼ਾਇਦ ਉਸ ਦੇ ਕਸੂਤੇ ਥਾਂ ਸੱਟ ਵੱਜ ਗਈ ਹੈ। ਉਸ ਦੀਆਂ ਅੱਖਾਂ ਚੜ੍ਹ ਗਈਆਂ ਹਨ। ਉਸ ਦੀ ਨਬਜ ਰੁਕ ਗਈ ਹੈ।

ਉਸ ਨੂੰ ਮਰਿਆ ਸਮਝ ਕੇ ਔਰਤ ਉਚੀ ਧਾਹ ਮਾਰਦੀ ਹੈ। ਉਸ ਦੀਆਂ ਚੀਖਾਂ ਸੁਣ ਕੇ ਅਸਮਾਨ ਦਾ ਦਿਲ ਫਟਣ ਤੱਕ ਜਾ ਰਿਹਾ ਹੈ।

ਅਲ੍ਹੜ ਛੋਕਰਾ ਚਲਦੀ ਗੱਡੀ ਵਿਚੋਂ ਛਾਲ ਮਾਰਦਾ ਹੈ। ਉਹ ਰੇਤੇ 'ਤੇ ਲੋਟਣੀਆਂ ਖਾਂਦਾ ਬੈਠ ਜਾਂਦਾ ਹੈ। ਇੱਕ ਪਲ ਪਿਛੋਂ ਉਠਦਾ ਹੀ ਭੱਜ ਜਾਂਦਾ ਹੈ। ਵਕੀਲ, ਬਰੋਕਰ ਅਤੇ ਪਾਦਰੀ ਠੰਢੀ ਆਹ ਭਰਦੇ ਹਨ, ਪਰ ਡਾਕਟਰ ਤਾਂ ਪੂਰਾ ਬੇ-ਧਿਆਨ ਹੋ ਜਾਂਦਾ ਹੈ ਜਿਵੇਂ ਉਸ ਨੂੰ ਕੁਝ ਵੀ ਪਤਾ ਨਹੀਂ ਹੁੰਦਾ ਹੈ।

"ਡਾਕਟਰ ਵਾਨ, ਪਲੀਜ਼ ਕਰੋ ਕੁਝ। ਮੇਰੇ ਪਤੀ ਨੂੰ ਬਚਾਓ।" ਲੋਰੀ ਈਸਾ ਮਸੀਹ ਦਾ ਵਾਸਤਾ ਪਾਉਂਦੀ ਹੈ। ਉਸ ਨੂੰ ਵਿਸ਼ਵਾਸ ਹੈ ਕਿ ਉਸ ਨੇ ਡਾਕਟਰ ਨੂੰ ਮਸੀਹਾ ਬਣਾ ਕੇ ਭੇਜਿਆ ਹੈ।

ਡਾਕਟਰ ਟੱਸ ਤੋਂ ਮੱਸ ਨਹੀਂ ਹੁੰਦਾ। ਜਿਵੇਂ ਉਹ ਗੂੰਗਾ ਤੇ ਬੋਲਾ ਹੋਵੇ। ਉਹ ਲਾਸ ਵੱਲੋਂ ਮੂੰਹ ਮੋੜ ਲੈਂਦਾ ਹੈ। ਉਹ ਹੁਣ ਗੂੰਗੇ ਅਤੇ ਬੋਲੇ ਨਾਲ ਅੰਨਾ ਵੀ ਹੋ ਗਿਆ ਹੈ। ਜੇ ਕੁੜੀ ਦਾ ਬੱਸ ਚਲਦਾ ਤਾਂ ਉਹ ਡਾਕਟਰ ਦੇ ਦਿਲ ਵਿਚ ਤਿੱਖੀ ਛੁਰੀ ਕਿਹੜਾ ਨਾ ਖੋਭ ਦਿੰਦੀ।

ਸਭ ਤੋਂ ਪਹਿਲਾਂ ਵਕੀਲ ਉਸ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ। ਡਾਕਟਰ, ਬਰੋਕਰ ਤੇ ਪਾਦਰੀ ਉਠ ਕੇ ਅਗਲੇ ਕੈਬਨ ਵਿਚ ਖਾਲੀ ਸੀਟਾਂ 'ਤੇ ਜਾ ਬੈਠੇ ਹਨ। ਜਿਥੋਂ ਨਾ ਉਹ ਦਿਸਦੀ ਸੀ ਅਤੇ ਨਾ ਹੀ ਉਸ ਦੇ ਪਤੀ ਦੀ ਲਾਸ਼। "ਮਿਸਜ ਲੋਰੀ ਤੇਰਾ ਦੁੱਖ ਬਹੁਤ ਹੀ ਵੱਡਾ ਹੈ। ਰੱਬ ਦਾ ਭਾਣਾ ਮੰਨਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ। ਉਮਰ ਨਾ ਤਿਲ ਘਟਦੀ ਹੈ, ਨਾ ਵਧਦੀ ਹੈ। ਬੱਸ ਭਾਣਾ ਮੰਨ ਤੇ ਅਗਲੀ ਸੋਚ।" ਕੁੜੀ ਵਕੀਲ ਦੀ ਗੱਲ ਸੁਣ ਕੇ ਉਚੀ ਉਚੀ ਰੋਣੋਂ ਹਟ ਜਾਂਦੀ ਹੈ। ਉਸ ਦੇ ਹੰਝੂ ਪਰਲ ਪਰਲ ਵਗੀ ਜਾ ਰਹੇ ਹਨ।

ਵਕੀਲ ਚਾਰ ਪੰਜ ਮਿੰਟ ਗਮਗੀਨ ਹੋ ਕੇ ਬੈਠਾ ਰਹਿੰਦਾ ਹੈ। ਉਸ ਤੋਂ ਪਿੱਛੋਂ ਫੇਰ ਬੋਲਦਾ ਹੈ, "ਬਹੁਤ ਹੀ ਬੇਰਹਿਮ ਹੈ ਇਹ ਡਾਕਟਰ, ਵਾਨ। ਇਹ ਡੈਵਲ, ਸ਼ੈਤਾਨ। ਬਚਾ ਸਕਦਾ ਸੀ ਤੇਰੇ ਪਤੀ ਨੂੰ। ਪੱਥਰ ਦਿਲ, ਕਸਾਈ, ਬੁੱਚੜ। ਅੱਗੇ ਵੀ ਮੇਰਾ ਵਾਹ ਪਿਆ ਸੀ ਅਜਿਹੇ ਇੱਕ ਹੋਰ ਬੁੱਚੜ ਨਾਲ। ਤਿੰਨ ਮਿਲੀਅਨ ਦੇ ਹਰਜਾਨੇ ਦਾ ਦਾਵਾ ਠੋਕ'ਤਾ ਕੋਰਟ ਵਿਚ। ਨੱਕ ਨਾਲ ਲਕੀਰਾਂ ਕਢਾ'ਤੀਆਂ। ਤਿੰਨ ਮਿਲੀਅਨ ਦੇ ਗਿਆ ਹਰਜਾਨੇ ਦਾ। ਕੋਰਟ ਤੋਂ ਬਾਹਰ ਹੀ ਸਮਝੌਤਾ ਕਰ ਲਿਆ। ਉਸ ਦੇ ਪਤੀ ਨੇ ਥੋੜ੍ਹੋਂ ਮੁੜਨਾ ਸੀ? ਪਰ ਉਹ ਅਮੀਰ ਤਾਂ ਬਣ ਗਈ ਸੀ। ਸਿਆਣੀ ਸੀ। ਠੀਕ ਫੈਸਲਾ ਲੈ ਲਿਆ। ਨਹੀਂ ਤਾਂ ਸਾਰੀ ਉਮਰ ਉਸ ਦਾ ਠੂਠਾ ਖਾਲੀ ਖੜਕਣਾ ਸੀ। ਹੁਣ ਜਦ ਵੀ ਮਿਲਦੀ ਹੈ, ਧੰਨਵਾਦ ਕਰਦੀ ਹੈ।"

ਕੁੜੀ ਇਹ ਸੁਣ ਕੇ ਵਕੀਲ ਵੱਲ ਝਾਕੀ। ਉਹ ਡੂੰਘੇ ਹਉਕੇ ਭਰਨੋਂ ਹਟ ਗਈ, ਪਰ ਉਸ ਦੀਆਂ ਅੱਖਾਂ ਵਿਚ ਹੰਝੂ ਨਹੀਂ ਸੁੱਕੇ ਸਨ।

"ਵੇਖ ਮਿਸਿਜ਼ ਲੋਰੀ, ਬੀਤੀ ਸੋ ਬੀਤੀ। ਇਸ ਨੇ ਤਾਂ ਵਾਪਸ ਨਹੀਂ ਆਉਣਾ। ਸਿਆਣੇ ਉਹੀ ਹੁੰਦੇ ਹਨ, ਜੋ ਹੱਥ ਆਏ ਮੌਕੇ ਦਾ ਪੂਰਾ ਫਾਇਦਾ ਉਠਾ ਲੈਂਦੇ ਹਨ।

ਵਕੀਲ ਦੀਆਂ ਗੱਲਾਂ ਸੁਣ ਕੇ ਉਸ ਦੇ ਅੰਦਰ ਘੋਲ ਚੱਲਣਾ ਲੱਗ ਜਾਂਦਾ ਹੈ। ਉਹ ਆਪਣੀਆਂ ਅੱਖਾਂ 'ਚੋਂ ਵਗਦੇ ਹੰਝੂ ਪੂੰਝਣ ਲੱਗ ਜਾਂਦੀ ਹੈ।

"ਮਿਸਿਜ਼ ਲੋਰੀ, ਸਭ ਤੋਂ ਤਕੜੀ ਹੈ ਦੌਲਤ। ਡਾਲਰ! ਇਸ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ। ਤੇਰੇ ਹੱਥ ਮੌਕਾ ਆਇਆ। ਮੌਕਾ ਵਾਰ-ਵਾਰ ਨਹੀਂ ਆਉਂਦਾ। ਮੌਕੇ ਹਰ ਰੋਜ ਨਹੀਂ ਆਉਂਦੇ।" ਵਕੀਲ ਕੁੜੀ ਦੇ ਚਿਹਰੇ ਨੂੰ ਭਾਂਪ ਕੇ ਬੋਲਦਾ ਹੈ।

"ਮੈਨੂੰ ਸੋਚ ਲੈਣ ਦਿਉ, ਪਲੀਜ਼।" ਸੋਚਦੀ ਸੋਚਦੀ ਲੋਰੀ ਗੰਭੀਰ ਹੋ ਜਾਂਦੀ ਹੈ।

"ਸੋਚ, ਸੋਚ! ਸੋਚਣ ਵਾਲੀ ਗੱਲ ਤਾਂ ਹੈ ਇਹ।" ਵਕੀਲ ਡਿਸਾਈ ਇਹ ਸੋਚ ਕੇ ਖੁਸ਼ ਹੋ ਜਾਂਦਾ ਹੈ।

"ਮੈਨੂੰ ਸਾਰੀ ਗੱਲ ਦੀ ਸਮਝ ਨਹੀ ਆਈ।" ਇਹ ਕਹਿ ਕੇ ਤਿੰਨ ਚਾਰ ਮਿੰਟ ਬਾਅਦ ਲੋਰੀ ਬੋਲਦੀ ਹੈ।

ਵਕੀਲ ਡਿਸਾਈ ਦੇ ਚਿਹਰੇ 'ਤੇ ਖੁਸ਼ੀ ਪਸਰ ਜਾਂਦੀ ਹੈ।

"ਤੇਰੇ ਪਤੀ ਦਾ ਕਾਤਲ। ਟੀਨ ਏਜ਼ਰ, ਛੋਕਰਾ। ਉਹ ਹੱਥ ਆਵੇ ਜਾਂ ਨਾ ਆਵੇ, ਜੇ ਆਵੇ ਤੂੰ ਸ਼ਾਇਦ ਉਦੋਂ ਨੂੰ ਬੁੱਢੀ ਹੋ ਜਾਵੇਂਗੀ। ਇਸ ਖਾਲੀ ਖੱਡ ਵਿਚ ਹੱਥ ਪਾ ਕੇ ਤੈਨੂੰ ਕੀ ਲੱਭੂ? "ਆਹ ਵੇਖ। ਡਾਕਟਰ, ਵੱਡੀ ਮੁਰਗੀ। ਜ਼ਾਲਮ, ਕਸਾਈ ਮੂੰਹ ਮੋੜ ਕੇ ਬੈਠਾ ਰਿਹਾ-ਗੂੰਗਾ, ਬੋਲਾ, ਅੰਨਾ ਬਣ ਕੇ। ਕਾਨੂੰਨ ਦੀ ਨਜ਼ਰ ਵਿਚ ਡਾਕਟਰ ਵੱਡਾ ਦੋਸ਼ੀ ਹੈ। ਮਾਨਵ-ਵਾਦ ਤੇ ਨੈਤਿਕਤਾ ਦਾ ਪਹਿਲਾ ਸਬਕ ਇਨ੍ਹਾਂ ਨੂੰ ਪੜ੍ਹਾਇਆ ਜਾਂਦਾ ਹੈ। ਇਸ ਨੇ ਕੋਰਟ ਤੋਂ ਬਾਹਰ ਹੀ ਸਮਝੌਤਾ ਕਰਨ ਲਈ ਮੇਰੀਆਂ ਲੇਲੜੀਆਂ ਕੱਢਦੇ ਫਿਰਨਾ।" ਲੋਰੀ ਵਕੀਲ ਅਨੁਸਾਰ ਸੋਚਣ ਲੱਗ ਪਈ ਹੈ। ਉਹ ਇਸ ਮਰਹੂਮ ਪਤੀ ਨਾਲ ਬਿਤਾਈ ਜ਼ਿੰਦਗੀ ਵਿਚੋਂ ਗਿਲੇ ਸ਼ਿਕਵੇ ਤਲਾਸ਼ਣ ਲੱਗੀ ਹੈ।

ਲੋਰੀ ਦਾ ਇਸ ਤੋਂ ਪਹਿਲਾ ਪਤੀ ਜੇਸਨ ਸ਼ਿਵਕੋਵ ਅਤੇ ਲੋਰੀ ਚੰਗੇ ਭਲੇ ਵਿਕੇਸ਼ਨ 'ਤੇ ਗਏ ਸਨ। ਪਤਾ ਨਹੀਂ ਕਿਹੜੀ ਨਿੱਕੀ ਗੱਲ ਤੋਂ ਝਗੜ ਪਏ। ਨੌਬਤ ਤਲਾਕ ਤੱਕ ਆ ਗਈ। ਤਲਾਕ ਅਨੁਸਾਰ ਉਨ੍ਹਾਂ ਦੀ ਇਕਲੌਤੀ ਬੇਟੀ ਰਬੀਨਾ ਸੈਵਨਕੋਵ ਮਾਂ ਨਾਲ ਚਲੀ ਗਈ। ਜੇਸਨ ਧੀ ਲਈ ਮਾਨਸਿਕ ਖਰਚੇ ਦੇ ਕੋਰਟ ਵੱਲੋਂ ਬੱਝੇ ਡਾਲਰ ਦੇ ਕੇ ਉਸ ਨੂੰ ਹਫਤੇ ਵਿਚ ਇੱਕ ਵਾਰ ਮਿਲ ਸਕਦਾ ਸੀ।

ਇਸ ਮਾਨਸਿਕ ਅਵਸਥਾ ਵਿਚੋਂ ਬਾਹਰ ਨਿਕਲਣ ਲਈ ਉਹ ਵਕੇਸ਼ਨ 'ਤੇ ਹਵਾਈ ਗਈ ਸੀ, ਜਿੱਥੇ ਉਸ ਨੂੰ ਰਾਬਨ ਮਿਕਡਾਨਲਡ ਮਿਲਿਆ। ਇਸ ਇਕੱਲ 'ਚੋਂ ਬਾਹਰ ਨਿਕਲਣ ਲਈ ਦੋਹਾਂ ਨੂੰ ਜ਼ਿੰਦਗੀ ਵਿਚ ਸਾਥੀ ਵੀ ਤਾਂ ਚਾਹੀਦਾ ਸੀ। ਇਹ ਤਲਾਕੀ ਸੀ ਤੇ ਉਹ ਰੰਡਾ। ਦੋਵੇਂ ਸੁਹਣੇ-ਸੁਨੱਖੇ। ਉਹ ਆਪਣੇ ਮੁੰਡੇ ਡੱਗ ਮੈਕਡਾਨਲਡ ਨੂੰ ਨਾਲ ਆ ਕੇ ਲੋਰੀ ਨਾਲ ਆ ਰਲਿਆ।

'ਕਹੀਂ ਕੀ ਈਟ, ਕਹੀਂ ਕਾ ਰੋੜਾ। ਭਾਨਮਤੀ ਨੇ ਕੁਨਬਾ ਜੋੜਾ।' ਹੁਣ ਇਸ ਪਰਿਵਾਰ ਵਿਚ ਚਾਰ ਮੈਂਬਰ ਸਨ। ਪਤੀ-ਪਤਨੀ ਰਾਬਨ ਮੈਕਡਾਨਲਡ, ਲੋਰੀ ਅਤੇ ਦੋ ਬੱਚੇ-ਰਬੀਨਾ ਤੇ ਡੱਗ। ਦੋਹਾਂ ਦੇ ਮਾਂ-ਪਿਉ ਵੱਖੋ ਵੱਖਰੇ। ਦੋਹਾਂ ਵਿਚ ਕੋਈ ਖੂਨ ਦਾ ਰਿਸ਼ਤਾ ਨਹੀਂ ਸੀ। ਬੱਚਿਆਂ ਦੀ ਆਪਸ ਵਿਚ ਖੜਕਦੀ ਰਹਿੰਦੀ ਸੀ। ਸੁਭਾਵਕ ਸੀ, ਲੋਰੀ ਕੁੜੀ ਦਾ ਪੱਖ ਪੂਰਦੀ ਤੇ ਰੋਬਨ ਡੱਗ ਦਾ। ਬੱਚਿਆਂ ਪਿੱਛੇ ਉਹ ਕਿੰਨੇ ਦਿਨ ਇੱਕ ਦੂਜੇ ਨਾਲ ਤਣੇ ਰਹਿੰਦੇ। ਵੱਧ ਤਣਾਓ ਤਾਂ ਐਤਵਾਰ ਨੂੰ ਹੁੰਦਾ।

ਐਤਵਾਰ ਨੂੰ ਜੇਸਨ ਆਪਣੀ ਬੱਚੀ ਰਬੀਨਾ ਨੂੰ ਮਿਲਣ ਆਉਂਦਾ। ਬੱਚੀ ਪਿਉ ਨੂੰ ਵੇਖ ਕੇ ਖਿੜ੍ਹ ਜਾਂਦੀ। ਬੱਚੀ ਦੀ ਖੁਸ਼ੀ ਲਈ ਲੋਰੀਆ ਉਸ ਦੀ ਚੰਗੀ ਆਉ ਭਗਤ ਕਰਦੀ। ਮੁਸਕਰਾ ਕੇ ਗੱਲਾਂ ਕਰਦੀ। ਇਹ ਵੇਖ ਕੇ ਰੋਬਨ ਮੱਚ ਜਾਂਦਾ। ਇਹ ਗੱਲ ਉਨ੍ਹਾਂ ਵਿਚ ਸੇਹ ਦਾ ਤੱਕਲਾ ਬਣ ਜਾਂਦੀ। ਉਹ ਤਣੇ ਰਹਿੰਦੇ। ਜਦ ਨੂੰ ਉਹ ਨਾਰਮਲ ਹੁੰਦੇ, ਅਗਲਾ ਐਤਵਾਰ ਆ ਜਾਂਦਾ।

ਕਈ ਵਾਰ ਉਹ ਸੋਚਦੇ, ਕਿਉਂ ਗਲ ਪਿਆ ਢੋਲ ਵਜਾਉਂਦੇ ਹਾਂ? ਕਿਉਂ ਨਾ ਇਸ ਨੂੰ ਲਾਹ ਕੇ ਵਗਾਹ ਮਾਰੀਏ। ਬੱਚਿਆਂ ਪਿੱਛੇ ਉਹ ਤਿੰਨ ਮਹੀਨਿਆਂ ਲਈ ਅੱਡ ਰਹੇ ਤੇ ਹੋਰ ਅਗਲੇ ਤਿੰਨ ਮਹੀਨਿਆਂ ਨੂੰ ਤਲਾਕ ਹੋ ਜਾਣਾ ਸੀ। ਇਨ੍ਹਾਂ ਤਿੰਨ ਮਹੀਨਿਆਂ ਵਿਚ ਉਨ੍ਹਾਂ ਖੁੰਘਲ ਹੋ ਜਾਣਾ ਸੀ।

"ਜੇ ਚਾਰ ਪੈਸੇ ਕਮਾਏ ਹੁੰਦੇ ਗੱਡੀ 'ਤੇ ਕਿਉਂ ਚੜ੍ਹਦੇ? ਇਹ ਆਪਣੀ ਮੌਤ ਦਾ ਕਸੂਰਵਾਰ ਉਹ ਆਪ ਈ ਐ? ਮੈਨੂੰ ਕੀ?" ਆਪਣੇ ਮਨ ਨਾਲ ਗੱਲਾਂ ਕਰਦੀ ਲੋਰੀਆ ਨੇ ਸੋਚ ਲਿਆ ਸੀ। ਹੁਣ ਫੱਟੇ 'ਤੇ ਪਈ ਲਾਸ਼ ਉਸ ਨੂੰ ਧੁੰਦਲ ਦਿਸਣ ਲੱਗ ਪਈ ਹੈ। ਇਸ ਦੇ ਪਹਿਲੇ ਵਿਆਹ ਦਾ ਮੁੰਡਾ ਡੱਗ ਵੀ ਤਾਂ ਹੈ। ਉਸ ਨੇ ਪਹਿਲਾ ਹੀ ਮੇਰੇ ਨੱਕ ਵਿਚ ਦਮ ਕਰ ਰੱਖਿਆ ਹੈ। ਪ੍ਰਾਪਰਟੀ ਵਿਚ ਉਸ ਦਾ ਹਿੱਸਾ ਵੀ ਤਾਂ?

ਵਕੀਲ ਡਿਸਾਈ ਲਈ ਇਹ ਸਮਝਣਾ ਕੀ ਔਖਾ ਸੀ? "ਰੀਲੈਕਸ, ਮੈਡਮ। ਘਬਰਾ ਨਾ। ਬੜੀ ਲਚਕ ਐ ਕਾਨੂੰਨ ਵਿਚ। ਜੇ ਡੱਗ ਨਾਬਾਲਗ ਹੈ ਤਾਂ ਆਪੇ ਰਸਕਿਊ ਸੈਂਟਰ ਵਿਚ ਚਲਿਆ ਜਾਵੇਗਾ। ਜੇ ਬਾਲਗ ਹੈ ਤਾਂ ਆਪੇ ਈ ਬੋਰੀਆ ਬਿਸਤਰਾ ਚੁੱਕ ਕੇ ਚਲਿਆ ਜਾਵੇਗਾ; ਸਾਰੇ ਪੈਸਿਆਂ ਦੀ ਮਾਲਕ ਤੂੰ। ਹਰਜਾਨਾ ਵੀ ਤੇਰਾ, ਬੀਮਾ ਵੀ ਤੇਰਾ। ਘਰ ਵੀ ਤੇਰਾ। ਡੱਗ ਨੂੰ ਕਾਣੀ ਕੌਡੀ ਵੀ ਨ੍ਹੀਂ ਮਿਲਣੀ। ਤੇਰੀਆਂ ਪੌਂ ਬਾਰਾਂ।"

"ਹਾਂ, ਇੱਕ ਗੱਲ ਹੋਰ। ਅਗੇਤੇ-ਪਿਛੇਤੇ ਮੈਂ ਆਹ ਬਰੋਕਰ, ਪਾਦਰੀ ਤੇ ਡਾਕਟਰ ਨੂੰ ਸਿਕੰਜੇ ਵਿਚ ਕਸ ਦੇਣਾ। ਬਰੋਕਰ ਪੂਰਾ ਨੌਸਰਬਾਜ਼ ਹੈ ਤੇ ਪਾਦਰੀ ਐਬਾਂ ਦਾ ਭਰਿਆ।"

ਆਪਣੀਆਂ ਗੱਲਾਂ ਦਾ ਉਸ ਉਪਰ ਅਸਰ ਹੁੰਦਾ ਵੇਖ ਕੇ ਵਕੀਲ ਫੁੱਲ ਵਾਂਗ ਖਿੜ ਗਿਆ ਤੇ ਉਸ ਨੇ ਫਿਰ ਕਿਹਾ, "ਮੁਰਦਿਆਂ ਨਾਲ ਮੋਹ ਪਾਉਣ ਦਾ ਕੀ ਫਾਇਦਾ। ਮੁਰਦੇ ਗਲ਼ ਨਹੀਂ ਲਾਈਦੇ। ਤੂੰ ਮੌਕਾ ਸਾਂਭ ਲਿਆ ਹੈ। ਮੈਂ ਆਪਣੀ ਸੇਵਾ ਦਾ ਫਲ ਤੇਰੀ ਪ੍ਰਾਪਤੀ ਹੋਈ ਤੋਂ ਹੀ ਲੈਣਾ।" ਵਕੀਲ ਨੇ ਆਪਣੇ ਕਾਨੂੰਨ ਦੇ ਭੱਥੇ 'ਚੋਂ ਇੱਕ ਤੀਰ ਹੋਰ ਛੱਡਿਆ।

"ਤੁਸੀਂ ਈ ਖਿਆਲ ਰੱਖਣਾ ਸਭ ਕੁਝ ਦਾ। ਮੈਂ ਸਹਿਮਤ ਹਾਂ ਤੁਹਾਡੀ ਰਾਏ ਨਾਲ।" ਲੋਰੀ ਨੂੰ ਸਾਹਮਣੇ ਪਈ ਲਾਸ ਕਾਰੂੰ ਦਾ ਖਜਾਨਾ ਲੱਗੀ।

"ਕਿੰਨਾ ਭਾਗਾਂ ਵਾਲਾ ਚੜ੍ਹਿਆ, ਮੇਰੇ ਲਈ ਛੁੱਟੀ ਦਾ ਦਿਨ। ਵੱਡੀ ਮੁਰਗੀ ਪੈਰਾਂ ਹੇਠ ਆ ਗਈ ਹੈ।" ਵਕੀਲ ਸਾਹਿਬ ਖੁਸ਼ ਹੋ ਕੇ ਰੈਸਟ ਰੂਮ ਚਲਿਆ ਜਾਂਦਾ ਹੈ।

ਬਰੋਕਰ ਵਕੀਲ ਦੀ ਸਾਰੀ ਗੱਲ ਸੁਣਦਾ ਰਿਹਾ ਸੀ। ਵਕੀਲ ਦੇ ਤੁਰਨ ਸਾਰ ਹੀ ਉਹ ਰਸਮੀ ਸ਼ਬਦ ਬੋਲ ਕੇ ਲੋਰੀ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ।

"ਵੇਖ ਮੈਡਮ, ਇੰਨੇ ਘੱਟ ਸਮੇਂ ਵਿਚ ਹੀ ਪਤਾ ਲੱਗ ਗਿਆ, ਕਿੰਨਾ ਹਸਮੁੱਖ ਤੇ ਜ਼ਿੰਦਾ ਦਿਲ ਸੀ ਤੇਰਾ ਪਤੀ। ਦੋ ਮਿੰਟ ਲਈ ਮੁਰਦਿਆਂ ਨੂੰ ਕਿਹੜਾ ਹੱਸਣ ਨਾ ਲਾ ਦੇਵੇ।

ਉਸ ਦੇ ਮਰਨ ਦਾ ਦੁੱਖ ਤੈਨੂੰ ਵੀ ਹੈ ਤੇ ਮੈਨੂੰ ਕਿਹੜਾ ਘੱਟ ਦੁੱਖ ਹੈ।" ਲੋਰੀ ਆਸਾਨੀ ਨਾਲ ਉਸ ਦੀ ਗੱਲ ਦਾ ਹੁੰਗਾਰਾ ਭਰੀ ਜਾਂਦੀ ਹੈ।

"ਜੰਮਣਾ-ਮਰਨਾ ਤਾਂ ਉਸ ਉਪਰ ਵਾਲੇ ਦੇ ਹੱਥ ਹੈ। ਉਹਦੀਆਂ ਉਹੀ ਜਾਣੇ, ਪਰ ਤੂੰ ਅਪਣੀ ਤਕਦੀਰ ਵੱਲ ਤਾਂ ਵੇਖ। ਇਸ ਦਾ ਕੀ

*(ਬਾਕੀ ਅਗਲੇ ਸਫੇ 'ਤੇ)*

# ਸਾਹਿਤਕ ਵੰਨਗੀਆਂ ਨਾਲ ਭਰਪੂਰ ਸਾਂਝਾ ਸੰਗ੍ਰਹਿ 'ਕਲਮੀਂ ਰਮਜਾਂ-3'

ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ ਜੰਗ ਬਹਾਦਰ ਸਿੰਘ ਵਲੋਂ ਸੰਪਾਦਿਤ ਸਾਂਝੀਆਂ ਲਿਖਤਾਂ ਦੀ ਪੁਸਤਕ 'ਕਲਮੀਂ ਰਮਜਾਂ-3' ਦਾ ਮੁੱਖ ਬੰਦ ਹੀ ਆਪਣੇ ਆਪ ਵਿਚ ਇੱਕ ਵੱਖਰੀ ਮਿਸਾਲ ਹੈ, ਜਿਸ ਨੂੰ ਪੜ੍ਹਦਿਆਂ ਇੰਜ ਲਗਦੈ, ਜਿਵੇਂ ਪੰਜਾਬੀ ਮਾਂ ਰਾਣੀ ਸਾਨੂੰ ਆਪਣੀ ਗੋਦ ਵਿਚ ਲੈ ਕੇ ਲਾਡ ਲਡਾ ਰਹੀ ਹੋਵੇ। ਕਿਤਾਬ ਦੇ ਸ਼ੁਰੂਆਤੀ ਪੰਨਿਆਂ ਵਿਚ ਸਭਾ ਦੇ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਸਭਾ ਦੇ ਨਿਰੰਤਰ ਵਿਕਾਸ ਅਤੇ ਕਿਤਾਬ ਛਪਾਈ ਦੀ ਪਿਰਤ ਬਾਰੇ ਦੱਸ ਕੇ ਸਭਾ ਦੀ ਰੀੜ੍ਹ ਦੀ ਹੱਡੀ ਹੋਣ ਦਾ ਫਰਜ਼ ਨਿਭਾਇਆ ਹੈ।

ਕਿਤਾਬ ਵਿਚਲੇ ਵਾਰਤਕ ਹਿੱਸੇ ਦੀ ਸ਼ੁਰੂਆਤ ਵਿਚ ਜੇ. ਬੀ. ਸਿੰਘ ਦੇ ਵਿਸ਼ੇਸ਼ ਲੇਖ 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹਾਨਤਾ' ਆਪਣੇ ਆਪ ਵਿਚ ਵਿਚਾਰਨਯੋਗ ਅਤੇ ਸਾਂਭਣਯੋਗ ਲਿਖਤ ਹੈ। ਉਨ੍ਹਾਂ ਅਨੁਸਾਰ ਬਹੁ-ਭਾਸ਼ਾਈ, ਰਹੱਸਵਾਦੀ ਕਾਵਿ-ਕਲਾ ਵਾਲਾ ਅਤੇ ਪਰੰਪਰਾਗਤ ਕਾਵਿ-ਰੂਪ ਵਾਲਾ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਇੱਕ ਅਧਿਆਤਮਕ ਕਾਵਿ ਸੰਗ੍ਰਹਿ ਹੁੰਦਿਆਂ ਵੀ ਆਪਣੇ ਸਮੇਂ ਦੀ ਆਰਥਿਕ, ਸਮਾਜਿਕ, ਇਤਿਹਾਸਕ, ਰਾਜਨੀਤਕ ਅਤੇ ਧਾਰਮਿਕ ਦਸ਼ਾ ਦਾ ਦਰਪਣ ਹੈ। ਇਸ ਵਿਚਲੀ ਬਾਣੀ, ਜੋ ਲੋਕ ਭਾਸ਼ਾ ਵਿਚ ਲਿਖੀ ਗਈ ਹੈ ਅਤੇ ਵਰਣਮਾਲਾ ਅਨੁਸਾਰ ਹੈ, ਆਪਣੇ ਆਪ ਵਿਚ ਇੱਕ ਅਦਭੁਤ ਖਜ਼ਾਨਾ ਹੈ।

ਕੁਲਜੀਤ ਕੌਰ ਗਜ਼ਲ*
ਫੋਨ: +61-431982235

ਇਸ ਤੋਂ ਬਾਅਦ 17 ਪੁਸਤਕਾਂ ਦੇ ਰਚੈਤਾ ਲੇਖਕ ਅਵਤਾਰ ਸਿੰਘ ਬਿਲਿੰਗ ਆਪਣੇ ਜਾਣਕਾਰੀ ਭਰਭੂਰ ਲੇਖ 'ਮੈਂ ਤੇ ਮੇਰੇ ਨਾਵਲ' ਵਿਚ ਆਪਣੇ ਹੁਣ ਤੱਕ ਦੇ ਸਾਹਿਤਕ ਸਫਰ ਅਤੇ ਇਨਾਮਾਂ-ਸਨਮਾਨਾਂ ਬਾਰੇ ਚਾਨਣਾ ਪਾਉਂਦਿਆਂ ਲਿਖਦੇ ਹਨ ਕਿ ਉਨ੍ਹਾਂ ਆਪਣੇ ਬਹੁਤੇ ਪਾਤਰਾਂ ਦੇ ਮੂੰਹੋਂ ਜਿੱਥੇ 'ਢਾਹੇ ਦੀ ਬੋਲੀ' ਹੀ ਬੁਲਵਾਈ ਹੈ, ਉਥੇ ਉਸ ਦੇ ਕੁਝ ਪਾਤਰ ਪੁਆਧ, ਦੁਆਬੇ ਅਤੇ ਮਾਝੇ ਦੀ ਬੋਲੀ ਵੀ ਬੋਲਦੇ ਹਨ। ਆਪਣੇ ਬਹੁਤੇ ਨਾਵਲਾਂ ਵਿਚ ਉਨ੍ਹਾਂ ਜਗੀਰੂ ਸੱਭਿਆਚਾਰ ਦੀਆਂ ਖਾਮੀਆਂ, ਬੇਇਨਸਾਫੀਆਂ ਅਤੇ ਸਮਾਜ 'ਤੇ ਇਸ ਦੇ ਪੈਂਦੇ ਮਾੜੇ ਪ੍ਰਭਾਵ ਨੂੰ ਖੂਬ ਚਿਤਰਿਆ ਹੈ।

ਜੰਗਪਾਲ ਸਿੰਘ ਦਾ ਲੇਖ 'ਸੁੰਗੜਦਾ ਬੰਗਾਲ' ਵੱਖ ਵੱਖ ਸਮੇਂ ਹੋਈਆਂ ਵੰਡਾਂ ਨਾਲ ਪੰਜਾਬ ਵਾਂਗ ਛਾਂਗੇ ਸਿਮਟੇ ਬੰਗਾਲ ਦੀ ਗਾਥਾ ਦੱਸਦਾ ਇਸ ਪੁਸਤਕ ਵਿਚ ਇੱਕ ਵੱਖਰਾ ਰੰਗ ਭਰਦਾ ਹੈ। ਸਿਆਟਲ ਸ਼ਹਿਰ ਦੇ ਵਾਸੀ ਗੁਰਚਰਨ ਸਿੰਘ ਢਿੱਲੋਂ ਦਾ ਲੇਖ 'ਸਿਆਟਲ ਵਿਚ ਲਗਦੇ ਖੇਡ ਕੈਂਪ' ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਸਿਆਟਲ ਸ਼ਹਿਰ ਦੇ ਪੰਜਾਬੀ ਸਾਹਿਤਕ ਖੇਤਰ ਵਿਚ ਤਾਂ ਮੱਲਾਂ ਮਾਰ ਹੀ ਰਹੇ ਹਨ, ਉਥੇ ਖੇਡ ਅਤੇ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਵੀ ਮੂਹਰੇ ਹਨ, ਇੱਥੇ ਲੱਗੇ ਖੇਡ ਕੈਂਪ ਅਤੇ ਮੇਲੇ ਪੰਜਾਬ ਦਾ ਭੁਲੇਖਾ ਪਾਉਂਦੇ ਹਨ।

'ਕਲਮੀਂ ਰਮਜਾਂ-3 ਦੇ ਕਾਵਿ ਹਿੱਸੇ ਦੀ ਸ਼ੁਰੂਆਤ ਅਵਤਾਰ ਸਿੰਘ ਅਦਮਪੁਰੀ ਦੇ ਗੀਤ 'ਸ਼ਬਦ ਗੁਰੂ' ਤੋਂ ਹੁੰਦੀ ਹੈ, ਸੱਚੇ ਗੁਰੂ ਦੀ ਵਡਿਆਈ ਕਰਦੀਆਂ ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਵਿਚ ਹੀ ਕਿਤੇ ਨਾ ਕਿਤੇ ਵਾਹਿਗੁਰੂ ਦੀ ਉਸਤਤ ਲਿਖੀ ਹੋਈ ਹੈ, ਅਜਿਹਾ ਅਹਿਸਾਸ ਪੂਰੀ ਕਿਤਾਬ ਨੂੰ ਪੜ੍ਹਨ ਲਈ ਉਤਸੁਕ ਕਰਦਾ ਹੈ। ਕਵੀ ਹਰਦਿਆਲ ਸਿੰਘ ਚੀਮਾ (ਵਹਿਣੀ ਵਾਲਾ ਦਿਆਲ) ਦੀਆਂ ਕਵਿਤਾਵਾਂ ਜਿੱਥੇ ਬੱਚਿਆਂ ਨੂੰ ਨਸ਼ਿਆਂ ਅਤੇ ਮਾੜੀ ਸੰਗਤ ਤੋਂ ਦੂਰੀ ਰੱਖਣ ਲਈ ਪ੍ਰੇਰਦੀਆਂ ਹਨ, ਉਥੇ ਪਖੰਡੀ ਸਾਧਾਂ-ਸੰਤਾਂ, ਰਿਸ਼ਵਤਖੋਰਾਂ ਅਤੇ ਗੰਧਲੇ ਸਿਸਟਮ ਦੀ ਖੂਬ ਖੁੰਭ ਠੱਪਦੀਆਂ ਹਨ।

ਚਿੱਟੇ ਨੂੰ ਮਿਟਾ ਕੇ ਗੱਭਰੂਆਂ ਦੀ ਜਾਨ ਬਚਾਉਣ ਦੇ ਸੁਪਨੇ ਲੈਣ ਵਾਲਾ ਕਵੀ ਹਰਪਾਲ ਸਿੰਘ ਸਿੱਧੂ "ਮੇਰੇ ਹਸਬੈਂਡ ਮੇਰੇ ਦਿਲ ਨੂੰ ਬੜਾ ਭਾਉਂਦੇ, ਗੱਡੀ ਜਾਂਦੇ ਵੀ ਚਲਾਉਂਦੇ ਆ ਤੇ ਆਉਂਦੇ ਵੀ ਚਲਾਉਂਦੇ" ਵਰਗੀਆਂ ਸਤਰਾਂ ਲਿਖ ਕੇ ਹਾਸਰਸ ਵੀ ਪੈਦਾ ਕਰਦਾ ਹੈ, ਅਤੇ ਮਰਹੂਮ ਸਾਥੀ ਲੁਧਿਆਣਵੀ ਨੂੰ ਸ਼ਰਧਾਂਜਲੀ ਦਿੰਦੀ ਕਵਿਤਾ ਰਚ ਕੇ ਪਾਠਕਾਂ ਨੂੰ ਆਪਣੇ ਨਾਲ ਹੀ ਹਿਜਰ ਦੇ ਵਹਿਣਾ ਵਿਚ ਵੀ ਵਹਾ ਤੁਰਦਾ ਹੈ। ਇਸ ਪੁਸਤਕ ਵਿਚਲੇ ਸ਼ਾਇਰ ਪ੍ਰੇਮ ਕੁਮਾਰ ਵਾਂਗ ਹਰ ਕੋਈ ਕਿਸੇ ਦੂਸਰੇ ਦੀ ਹਾਰ ਵਿਚ ਆਪਣੇ ਵੀ ਹਿੱਸੇਦਾਰੀ ਨੂੰ ਸ਼ਬਦਾਂ ਵਿਚ ਪਰੋ ਕੇ ਢੰਡੋਰਾ ਨਹੀਂ ਪਿਟਵਾਉਂਦਾ, ਅਜਿਹੀ ਇਮਾਨਦਾਰੀ ਕੁਦਰਤ ਨੂੰ ਆਪਣੇ ਅੰਦਰ-ਬਾਹਰ ਮੰਨਣ ਵਾਲੇ ਪ੍ਰੇਮ ਕੁਮਾਰ ਜਿਹੇ ਸ਼ਾਇਰ ਦੇ ਹਿੱਸੇ ਹੀ ਆਉਂਦੀ ਹੈ। ਲੇਖਕ ਸ਼ਿੰਗਾਰ ਸਿੰਘ ਸਿੱਧੂ ਦੀਆਂ ਕਵਿਤਾਵਾਂ ਵਿਚ ਜਿੱਥੇ ਪੰਜਾਬੀ ਰਿਸ਼ਤਿਆਂ ਦੀ ਮਹਾਨਤਾ ਦਾ ਜ਼ਿਕਰ ਹੈ, ਉਥੇ ਪੰਜਾਬੀ ਮੁਹੱਬਤਾਂ ਨੂੰ ਵੀ ਕਵੀ ਨੇ ਬਣਦੀ ਥਾਂ ਦਿੱਤੀ ਹੈ, ਇੱਕ ਰਚਨਾ ਵਿਚ ਉਹ ਰਾਂਝੇ ਜੋਗੀ ਨੂੰ ਨਸੀਹਤ ਦਿੰਦਿਆਂ ਇੰਜ ਲਿਖਦੇ ਹਨ,


ਹੀਰ ਨਾਲ ਤੇਰੀ ਮੈਂ ਕਰਾਉਣੀ ਗੱਲ ਨਹੀਂ।
ਸਿੱਧੂ ਆਖੇ ਇਸ਼ਕੇ ਦਾ ਤੈਨੂੰ ਵੱਲ ਨਹੀਂ।
ਪਿੰਡ ਜਾ ਕੇ ਕਰ ਲੈ ਨਿਕਾਹ ਜੋਗੀਆ...
ਜੋਗੀਆ ਵੇ ਜੋਗੀਆ, ਵੇ ਜਾਹ ਜੋਗੀਆ।

ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਕੱਤਰ ਬਲਿਹਾਰ ਸਿੰਘ ਲੇਹਲ ਜਿੱਥੇ ਸਮੇਂ ਸਮੇਂ ਹੋਰਨਾਂ ਲਿਖਾਰੀਆਂ ਨੂੰ ਉਤਸ਼ਾਹਿਤ ਕਰਦੇ ਰਹਿੰਦੇ ਹਨ, ਉਥੇ ਉਨ੍ਹਾਂ ਦੀ ਕਵਿਤਾ ਵੀ ਕਿਸੇ ਤੋਂ ਘੱਟ ਨਹੀਂ। ਸਰਲ ਭਾਸ਼ਾ ਵਿਚ ਲਿਖੀਆਂ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਦੇ ਦਿਲ ਨੂੰ ਟੁੰਬ ਜਾਂਦੀਆਂ ਹਨ। 'ਜਾਹ ਵੇ ਡਰਾਈਵਰਾ' ਗੀਤ ਪਰਦੇਸਾਂ ਦੇ ਹਰ ਡਰਾਈਵਰ ਦੀ ਪਰਿਵਾਰਕ ਕਹਾਣੀ ਬਿਆਨ ਕਰਦਾ ਹੈ, ਲੇਖਕ ਦੀ ਸੰਬੋਧਨੀ ਲਿਖਣ ਸ਼ੈਲੀ ਇਸ ਸੰਗ੍ਰਹਿ ਵਿਚਲੀਆਂ ਤਿੰਨਾਂ ਹੀ ਰਚਨਾਵਾਂ ਵਿਚ ਮਿਲਦੀ ਹੈ,

ਥੋੜੇ ਨਸ਼ੇ ਦੇ ਸੂਟੇ ਦੇ ਧੂੰਏਂ ਅੰਦਰ
ਥੋੜੇ ਮਾਯਿਆਂ ਦੇ ਵੇਖੋ ਅਰਮਾਨ ਰੁਲਦੇ।
ਫੱਟੇ ਖਿੱਚਦੇ ਵੇਖੋ ਮਜਦੂਰ ਰੁਲਦੇ
ਤੇ ਬੇਰੀ ਤੋੜਦੇ ਵੇਖੋ ਕਿਰਸਾਨ ਰੁਲਦੇ।

ਹਰਜਿੰਦਰ ਸਿੰਘ ਸੰਧੂ ਦੀ ਕਵਿਤਾ ਵਿਚ ਬਹੁਤਾ ਰੰਗ ਭਾਵੇਂ ਧਾਰਮਿਕ ਹੈ, ਪਰ ਲੇਖਕ ਕੋਲ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਚੰਗੀ ਯੁਕਤੀ ਦੇ ਨਾਲ ਨਾਲ ਬਦੀ ਉਤੇ ਨੇਕੀ ਦੀ ਜਿੱਤ ਨੂੰ ਦਰਸਾਉਂਦੇ ਖਿਆਲ ਵੀ ਹਨ। ਇਸੇ ਤਰ੍ਹਾਂ ਹੀ ਪ੍ਰਸਿੱਧ ਲੇਖਕ ਮੰਗਲ ਕੁਲਜਿੰਦ ਨੇ ਆਪਣੀਆਂ ਰਚਨਾਵਾਂ ਵਿਚ ਅਜੋਕੀ ਰੋਜ਼ਾਨਾ ਪਰਿਵਾਰਕ ਜ਼ਿੰਦਗੀ ਨੂੰ ਬੜੇ ਹੀ ਸਾਦੇ ਅਤੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਧਾਰਮਿਕ, ਸਮਾਜਿਕ ਅਤੇ ਇਤਿਹਾਸਕ ਰੰਗਤ ਵਾਲੀਆਂ ਈਸ਼ਰ ਸਿੰਘ ਗਰਚਾ ਦੀਆਂ ਕਵਿਤਾਵਾਂ ਦਾ ਵੱਖਰਾ ਹੀ ਅਨੰਦ ਹੈ। ਪੈਂਤੀ ਅੱਖਰੀ ਤੂੰ ਕਾਵਿਕ ਛੋਹ ਦੇਣੀ ਕਮਾਲ ਦੀ ਵੰਨਗੀ ਹੈ।

ਇਸ ਸੰਗ੍ਰਹਿ ਵਿਚ ਸ਼ਾਮਿਲ ਸਵਰਾਜ ਕੌਰ ਦੀਆਂ ਰਚਨਾਵਾਂ ਕਿਸੇ ਦੂਰ ਗਏ ਫੌਜੀ ਦੀ ਨਾਰ




ਦੇ ਹਿਜਰ ਵਾਂਗ ਬਿਰਹਾ ਦੀਆਂ ਪੀੜਾਂ ਨਾਲ ਪਰੁੰਚੀਆਂ ਹਨ, ਉਸ ਦੀ ਕਲਮ ਹੰਝੂਆਂ ਨਾਲ ਸਿਸਕ ਸਿਸਕ ਕੇ ਬਿਆਨਦੀ ਹੈ,

ਅਸਾਂ ਨਾ ਪਲ ਵਸਲ ਦੇ ਮਾਣੇ,
ਲਿਖੀਆਂ ਧੁਰੋਂ ਜੁਦਾਈਆਂ ਵੇ।
ਦੀਦ ਤੇਰੀ ਨੂੰ ਸਹਿਕਣ ਅੱਖੀਆਂ,
ਅਜ਼ਲਾਂ ਤੋਂ ਤ੍ਰਿਹਾਈਆਂ ਵੇ।

ਡਾ. ਸੁਖਵੀਰ ਬੀਹਲਾ ਨੇ ਸਮੁੱਚੇ ਜਗਤ ਦੀ ਮਹੱਤਵਪੂਰਨ ਤੇ ਜ਼ਿਆਦਾ ਗਿਣਤੀ ਕਾਮਾ ਸ਼੍ਰੇਣੀ ਨੂੰ 'ਬਿਨਾ ਖੰਭਾਂ ਤੋਂ ਪੰਛੀ' ਵਾਲੀ ਪਰਿਭਾਸ਼ਾ ਦੇ ਕੇ ਮੱਧਵਰਗ ਮਨੁੱਖ ਦੀ ਸਥਿਤੀ ਬਾਰੇ ਬਿਨਾ ਵਿਸਥਾਰ ਦਿੱਤਿਆਂ ਸਭ ਕੁਝ ਬਿਆਨ ਕਰ ਦਿੱਤਾ ਹੈ; ਇਸ ਤੋਂ ਅੱਗੇ ਮਜ਼ਦੂਰ ਵਰਗ ਦੇ ਹਾਲਾਤ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ। ਸਾਧੂ ਸਿੰਘ ਝੱਜ ਨੂੰ ਚਲੰਤ ਮਸਲਿਆਂ 'ਤੇ ਕਵਿਤਾ ਕਹਿਣ ਦਾ ਬੜਾ ਵਲ ਹੈ। ਧਾਰਮਿਕ, ਸਮਾਜਿਕ, ਰਾਜਨੀਤਕ ਆਦਿ ਵਿਸ਼ਿਆਂ ਨੂੰ ਅੱਜ ਦੇ ਦੌਰ ਦੀ ਐਨਕ ਲਾ ਕੇ ਵੇਖਣਾ ਅਤੇ ਉਨ੍ਹਾਂ ਦੇ ਹੱਲ ਲੱਭਣੇ ਵੀ ਇੱਕ ਕਲਾ ਹੈ। ਬੇਬਾਕ ਸ਼ਾਇਰ ਸੁਖਵਿੰਦਰ ਸਿੰਘ ਬੋਦਲਾਂਵਾਲੇ ਦੀਆਂ ਇਹ ਦੋ ਸਤਰਾਂ ਹੀ ਸਾਡੇ ਗੁੰਝਲਦਾਰ ਅਤੇ ਆਪਮੁਹਾਰੇ ਸਮਾਜ ਦੇ ਤਾਣੇ-ਬਾਣੇ ਦਾ ਚੀਰ ਫਾੜ ਕਰ ਦਿੰਦੀਆਂ ਹਨ,

ਵੀਰ ਸਾਹਿਬਾਂ ਦੇ ਬੜੇ ਅਨੋਖੇ
ਮਿਰਜੇ ਨੂੰ ਤੇ ਵੱਢ ਜਾਂਦੇ ਨੇ,
ਭੰਨ ਕੇ ਤੀਰ ਦੁੱਧ ਧੋਤੀ ਸਾਹਿਬਾ,
ਘਰ ਦੀਆਂ ਗੱਲਾਂ ਦੱਬ ਜਾਂਦੇ ਨੇ।

ਯਾਰੀਆਂ ਜਾਨੋਂ ਪਿਆਰੀਆਂ 'ਤੇ ਰੱਜ ਰੱਜ ਮਾਣ ਕਰਨ ਵਾਲਾ ਕਵੀ ਸ਼ਿੰਦਰਪਾਲ ਸਿੰਘ ਔਜਲਾ ਆਪਣੀਆਂ ਕਾਵਿਕ ਰਚਨਾਵਾਂ ਵਿਚਲੇ ਪਾਤਰਾਂ ਨਾਲ ਪੂਰਾ ਪੂਰਾ ਇਨਸਾਫ ਕਰਦਾ ਹੈ। ਉਸ ਦਾ ਗੀਤ 'ਘਰਵਾਲੀ ਬਿਨਾ ਜ਼ਿੰਦਗੀ' ਇੱਕ ਪਿਆਰਾ ਜਿਹਾ ਵਿਸ਼ਾ ਹੈ, ਜਿਸ ਵਿਚ ਉਹ ਔਰਤ ਦੀ ਹੋਂਦ ਦਾ ਨਿੱਘ ਸਵੀਕਾਰਦਾ ਹੈ। ਡਾ. ਜਸਬੀਰ ਕੌਰ ਦੀ ਕਵਿਤਾ ਦੇ ਕੁਝ ਬੰਦ ਬਹੁਤ ਹੀ ਦਿਲ ਟੁੰਬਵੇਂ ਹਨ। 'ਧੀਆਂ' ਕਵਿਤਾ ਵਿਚ ਉਨ੍ਹਾਂ ਧੀ ਦੇ ਜਨਮ ਨੂੰ ਨਵੇਂ ਅਰਥਾਂ ਨਾਲ ਪਿਆਰਿਆ ਸਤਿਕਾਰਿਆ ਹੈ। ਗਜ਼ਲਗੋ ਦਿਲ ਨਿੱਜਰ ਨੇ ਆਪਣੀਆਂ ਗਜ਼ਲਾਂ ਵਿਚ ਲੰਮੀ ਰਦੀਫ ਨੂੰ ਖੂਬ ਨਿਭਾਇਆ ਹੈ ਤੇ ਮਨੁੱਖੀ ਮਨ ਦੀ ਲਾਲਸਾ ਨੂੰ ਸ਼ਾਇਰ ਨੇ ਬੜੇ ਕਾਵਿਕ ਢੰਗ ਨਾਲ ਬਿਆਨ ਕੀਤਾ ਹੈ,

ਲਾਲਚ ਵਿਚ ਕਦੇ ਵੀ
ਇੱਕ ਥਾਂ ਨਾ ਟਿਕ ਕੇ ਬੈਠਾ,
ਮਿਲੇ ਸਕੂਨ ਕਿਧਰੇ
ਮੈਖਾਨੇ ਬਦਲ ਰਿਹਾ ਹਾਂ।

ਗੋਲਡੀ ਭੁੱਲਰ ਅਤੇ ਲਖਵੀਰ ਸਿੰਘ ਲੱਕੀ ਦੀ ਕਵਿਤਾ ਵਿਚ ਆਪਣਿਆਂ ਦੇ ਵਿਛੋੜੇ ਦਾ ਡਾਹਢਾ ਦਰਦ ਹੈ। ਵੀਜ਼ਿਆਂ ਅਤੇ ਪਰਦੇਸਾਂ ਨੇ ਸਭਨਾਂ ਪਰਦੇਸੀਆਂ ਦੇ ਚਾਅਵਾਂ ਤੇ ਸੱਧਰਾਂ ਦਾ ਇਸ ਕਦਰ ਘਾਣ ਕੀਤਾ ਹੈ ਕਿ ਇਸ ਵਿਸ਼ੇ ਵਾਲੀ ਰਚਨਾ ਪੜ੍ਹ ਕੇ ਮਨ ਭਰ ਆਉਣਾ ਸੁਭਾਵਿਕ ਹੈ।

ਕਵਿੱਤਰੀਆਂ ਸੁਰਿੰਦਰ ਕੌਰ ਧਨੋਆ ਤੇ ਮਨਜੀਤ ਕੌਰ ਗਿੱਲ ਦੀਆਂ ਰਚਨਾਵਾਂ ਵੀ ਇਸ ਕਿਤਾਬ ਦਾ ਮਾਣ ਹਨ। ਇਨ੍ਹਾਂ ਦੀਆਂ ਕਵਿਤਾਵਾਂ ਵਿਚ ਆਪਣੀ ਭੂਮੀ ਪ੍ਰਤੀ ਮੋਹ ਦੀ ਇੱਕੋ ਜਿੰਨੀ ਹੀ ਖਿੱਚ ਮਹਿਸੂਸ ਹੁੰਦੀ ਹੈ। ਜਿੱਥੇ ਸੁਰਿੰਦਰ ਕੌਰ ਧਨੋਆ ਨੇ ਪੰਜਾਬੀ ਨਾਰ ਨੂੰ ਆਪਣਾ ਕਿਰਦਾਰ ਉਚਾ-ਸੁੱਚਾ ਰੱਖਣ ਦੀ ਮਿੱਠੀ ਨਸੀਹਤ ਦਿੱਤੀ ਹੈ, ਉਥੇ ਕਵਿੱਤਰੀ ਸਤਵੀਰ ਲੋਕਾਂ ਨੂੰ ਔਰਤ ਦੇ ਸੁੱਚੇ ਕਿਰਦਾਰ ਨੂੰ ਉਚਾ-ਸੁੱਚਾ ਹੀ ਰਹਿਣ ਦੇਣ ਲਈ ਅਰਜ਼ੋਈ ਕਰਦੀ ਹੈ,

ਮੈਂ ਔਰਤ ਹਾਂ, ਮੈਨੂੰ ਹਾੜਾ
ਲੋਕੋ ਔਰਤ ਰਹਿਣ ਦਿਓ,
ਜੇ ਕਹਿੰਦੇ ਗੰਗਾ ਵਰਗੀ ਹਾਂ
ਤਾਂ ਮੈਨੂੰ ਸਿੱਧੀ ਵਹਿਣ ਦਿਓ।

ਸਮੇਂ ਨੂੰ ਵੱਡੀ ਅਹਿਮੀਅਤ ਦੇਣ ਵਾਲੇ ਕਵੀ ਜਗੀਰ ਸਿੰਘ ਉਚਾਟ ਮਨ ਦੀ ਓਦਰਤਾ ਅਤੇ ਭਾਵਨਾਵਾਂ ਨੂੰ ਦਿਲ ਨੂੰ ਧੂਹ ਪਾਉਣ ਵਾਲੇ ਸ਼ਬਦਾਂ ਵਿਚ ਪਰੋ ਕੇ ਆਪਣੇ ਪਾਠਕਾਂ ਨਾਲ ਰੂਹਾਨੀ ਸਾਂਝ ਪਾਉਣ ਵਿਚ ਮਾਹਰ ਲਗਦੇ ਹਨ।

ਇਸ ਸਾਂਝੇ ਸੰਗ੍ਰਹਿ ਦੀ ਇੱਕ ਹੋਰ ਖਾਸੀਅਤ ਇਹ ਹੈ ਕਿ ਮੌਜੂਦਾ ਲੇਖਕਾਂ ਦੇ ਨਾਲ ਨਾਲ ਮਰਹੂਮ ਸ਼ਾਇਰਾਂ ਨੂੰ ਵੀ ਦਿਲੋਂ ਵਿਸਾਰਿਆ ਨਹੀਂ ਗਿਆ। ਹਰਭਜਨ ਸਿੰਘ ਬੈਂਸ, ਸਾਥੀ ਲੁਧਿਆਣਵੀ, ਮਹਿੰਦਰ ਸਿੰਘ ਚੀਮਾ ਜਿਹੇ ਸਮਰੱਥ ਸ਼ਾਇਰਾਂ ਨੂੰ ਕੌਣ ਨਹੀਂ ਜਾਣਦਾ। ਸਾਥੀ ਲੁਧਿਆਣਵੀ ਅਤੇ ਹਰਭਜਨ ਸਿੰਘ ਬੈਂਸ ਦੀਆਂ ਗਜ਼ਲਾਂ ਹਮੇਸ਼ਾ ਲਈ ਆਪਣੇ ਪਾਠਕਾਂ ਦੇ ਅੰਗ-ਸੰਗ ਹਨ। ਹਰਭਜਨ ਸਿੰਘ ਬੈਂਸ ਦੀ ਅਲਵਿਦਾ ਕਹਿੰਦੀ ਅੰਤਿਮ ਗਜ਼ਲ 'ਮੈਂ ਜਾ ਰਿਹਾ ਹਾਂ' ਕੋਈ ਗੁਣਗੁਣਾ-ਗਾ ਸਕਦਾ ਹੋਵੇ ਤਾਂ ਇਹ ਵੀ ਉਨ੍ਹਾਂ ਨੂੰ ਵੱਡਮੁੱਲੀ ਸ਼ਰਧਾਂਜਲੀ ਹੋਵੇਗੀ।

ਕਹਾਣੀਆਂ ਅਤੇ ਮਿੰਨੀ ਕਹਾਣੀਆਂ ਸਾਹਿਤ ਦੀਆਂ ਖਾਸ ਤੇ ਦਿਲਚਸਪ ਵਿਧਾਵਾਂ ਹਨ। ਅਵਤਾਰ ਸਿੰਘ ਬਿਲਿੰਗ ਦੇ ਨਾਵਲ 'ਰਿਜ਼ਕ' ਵਿਚਲੇ ਨਾਵਲ ਅੰਸ਼ ਨੂੰ ਪੜ੍ਹਦਿਆਂ ਹੀ ਪਾਠਕ ਅੰਦਰ ਪੂਰਾ ਨਾਵਲ ਪੜ੍ਹਨ ਦੀ ਲਲਕ ਪੈਦਾ ਹੋ ਜਾਂਦੀ ਹੈ। ਕਮਾਲ ਦਾ ਪਲਾਟ, ਕਮਾਲ ਦੀ ਵਾਰਤਾਲਾਪ ਹਰ ਵਾਰਤਕ ਵਿਚ ਨਹੀਂ ਮਿਲਦੀ। ਹਰਪਾਲ ਸਿੰਘ ਸਿੱਧੂ ਨੇ ਆਪਣੀ ਕਹਾਣੀ 'ਡਰਾਈਵਰੀ ਤੇ ਇਨਸਾਨੀਅਤ' ਵਿਚ ਬੜੇ ਹੀ ਸੰਕੇਤਕ ਢੰਗ ਨਾਲ ਡਰਾਈਵਰੀ ਅਤੇ ਇਨਸਾਨੀਅਤ ਵਿਚਲਾ ਰਿਸ਼ਤਾ ਸਮਝਾਇਆ ਹੈ-ਹੈਵਾਨੀਅਤ ਤੇ ਡਰਾਈਵਰੀ ਦੇ ਮੇਲ ਕਾਰਨ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ। ਪ੍ਰਿਤਪਾਲ ਸਿੰਘ ਟਿਵਾਣਾ ਦੀ ਕਹਾਣੀ 'ਬੀਜ਼ਿਆ ਦੇਸ, ਖਾਧਾ ਪਰਦੇਸ' ਵਿਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਇੱਕ ਉਤਸੁਕਤਾ ਬਣੀ ਰਹਿੰਦੀ ਹੈ, ਇਹ ਕਹਾਣੀਕਾਰ ਦਾ ਇੱਕ ਬਹੁਤ ਵੱਡਾ ਗੁਣ ਹੈ ਕਿ ਪਾਠਕ ਕਹਾਣੀ ਨੂੰ ਇੱਕੋ ਸਾਹੇ ਹੀ ਪੜ੍ਹ ਜਾਂਦਾ ਹੈ।

ਮਿੰਨੀ ਕਹਾਣੀ ਵਰਤਮਾਨ ਸਮੇਂ ਦੀ ਹਰਮਨਪਿਆਰੀ ਸਾਹਿਤਕ ਵਿਧਾ ਹੈ, ਇਸ ਸੰਗ੍ਰਹਿ ਵਿਚ ਕੁਝ ਕੁ ਮਿੰਨੀ ਕਹਾਣੀਆਂ ਨੂੰ ਸ਼ਾਮਿਲ ਕਰਕੇ ਸੰਪਾਦਕ ਨੇ ਸੋਨੇ 'ਤੇ ਸੁਹਾਗੇ ਵਾਲੀ ਗੱਲ ਕੀਤੀ ਹੈ। ਬਲਿਹਾਰ ਸਿੰਘ ਲੇਹਲ ਵਧੀਆ ਕਵੀ ਤੇ ਪ੍ਰਬੰਧਕ ਤਾਂ ਹਨ ਹੀ, ਮਿੰਨੀ ਕਹਾਣੀ ਵੀ ਚੰਗੀ ਲਿਖ ਲੈਂਦੇ ਹਨ। ਦੋਵੇਂ ਮਿੰਨੀ ਕਹਾਣੀਆਂ ਨਿਵੇਕਲੇ ਢੰਗ ਨਾਲ ਇੱਕ ਸੁਨੇਹਾ ਛੱਡ ਜਾਂਦੀਆਂ ਹਨ। ਪ੍ਰਸਿੱਧ ਲੇਖਕ ਮੰਗਤ ਕੁਲਜਿੰਦ ਦੀ ਮਿੰਨੀ ਕਹਾਣੀ 'ਕਿਰਾਏ ਦਾ ਕਮਰਾ' ਔਰਤ ਦੇ ਨਾ ਬਿਆਨ ਕੀਤੇ ਜਾ ਸਕਣ ਵਾਲੇ ਦਰਦ ਵੱਲ ਇਸ਼ਾਰਾ ਕਰਦੀ ਹੈ, ਅਜਿਹੇ ਬੰਧਨ ਦਾ ਅਹਿਸਾਸ ਮਰਦ ਨਾਲੋਂ ਔਰਤ ਹੀ ਸਮਝ ਸਕਦੀ ਹੈ। ਕੰਵਲਪ੍ਰੀਤ ਦੀ ਕਹਾਣੀ ਆਪਣੇ ਭਾਈਚਾਰੇ ਦੀ ਤੰਗ ਦਿਲੀ ਅਤੇ ਫਿਰਕਾਪ੍ਰਸਤੀ ਤੋਂ ਪਰਦਾ ਚੁੱਕਦੀ ਹੈ, ਨਾਲ ਹੀ ਉਸ ਦੀ ਦੂਜੀ ਕਹਾਣੀ ਵਿਚ ਫਿਰਕਾਪ੍ਰਸਤੀ ਵਰਗੀ ਬਿਮਾਰੀ 'ਤੇ ਜਿੱਤ ਦਾ ਤਰੀਕਾ ਵੀ ਮਿਲ ਜਾਂਦਾ ਹੈ।

ਇਸ ਸੰਗ੍ਰਹਿ ਦੇ ਅੰਤ ਵਿਚ ਯਾਦਾਂ ਵਿਚ ਵੱਸਦੇ ਸੱਜਣ ਲੇਖਕਾਂ ਦੀਆਂ ਲਿਖਤਾਂ ਇਸ ਕਿਤਾਬ ਦਾ ਸ਼ਿੰਗਾਰ ਹਨ। ਵਾਸਦੇਵ ਸਿੰਘ ਪਰਹਾਰ ਨੇ ਸੁਰਿੰਦਰ ਕੌਰ ਬਾਰੇ ਲਿਖ ਕੇ ਪਾਠਕਾਂ ਦੀਆਂ ਭਾਵਨਾਵਾਂ ਨਾਲ ਪੂਰਾ ਪੂਰਾ ਇਨਸਾਫ ਕੀਤਾ ਹੈ। ਕਰਨੈਲ ਸਿੰਘ ਕੈਲ ਦੀ ਕਵਿਤਾ ਦੀਆਂ ਸਤਰਾਂ ਘਾਇਲ ਕਰ ਜਾਂਦੀਆਂ ਹਨ,

ਸੱਜਣ ਸੋਂਹਦੇ ਹਨ ਸੱਜਣਾਂ ਨਾਲ
ਭੈਣਾਂ ਸੋਂਹਦੀਆਂ ਹਨ ਭਰਾਵਾਂ ਨਾਲ।
ਸਹੁਰੇ ਹੁੰਦੇ ਹਨ ਸੱਸਾਂ ਨਾਲ
ਤੇ ਪੇਕੇ ਹੁੰਦੇ ਹਨ ਮਾਂਵਾਂ ਨਾਲ।

ਗੁਰਪ੍ਰੀਤ ਸੋਹਲ ਅਤੇ ਅਮਰਜੀਤ ਸਿੰਘ ਤਰਸਿੱਕਾ ਨੇ ਵੀ ਆਪਣੀਆਂ ਕਵਿਤਾਵਾਂ ਵਿਚਲੇ ਸੁਨੇਹਿਆਂ ਨੂੰ ਇਸ ਕਦਰ ਆਮ ਤੇ ਦਿਲਚਸਪ ਤਰੀਕੇ ਨਾਲ ਉਘਾੜਿਆ ਹੈ ਕਿ ਪਾਠਕਾਂ ਦੀ ਇਸ ਸੰਗ੍ਰਹਿ ਨਾਲੋਂ ਦਿਲਚਸਪੀ ਭੰਗ ਨਹੀਂ ਹੁੰਦੀ।

ਅੰਤ ਵਿਚ ਇਹ ਅਹਿਸਾਸ ਸਾਂਝਾ ਕਰਨਾ ਚਾਹੁੰਦੀ ਹਾਂ ਕਿ ਪੁਸਤਕ 'ਕਲਮੀਂ ਰਮਜਾਂ -3' ਪੜ੍ਹਦਿਆਂ ਇੰਜ ਮਹਿਸੂਸ ਹੋਇਆ, ਜਿਵੇਂ ਮੈਂ ਇਸ ਵਿਚ ਸ਼ਾਮਿਲ ਲੇਖਕਾਂ ਨਾਲ ਆਪ ਕੋਈ ਸੰਵਾਦ ਰਚਾ ਕੇ ਹਟੀ ਹੋਵਾਂ। ਜਿੰਨੀ ਲਗਨ ਅਤੇ ਮਿਹਨਤ ਨਾਲ ਇਹ ਸੰਗ੍ਰਹਿ ਤਿਆਰ ਹੋਇਆ ਹੈ, ਮੈਂ ਓਨੇ ਹੀ ਪਿਆਰ ਤੇ ਸਤਿਕਾਰ ਨਾਲ ਇਸ ਨੂੰ ਮਾਣਿਆ ਹੈ। ਜੇ. ਬੀ. ਸਿੰਘ, ਬਲਿਹਾਰ ਸਿੰਘ ਲੇਹਲ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਾਰੇ ਹੀ ਮੈਂਬਰ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਇਹ ਸੰਗ੍ਰਹਿ ਰਿਲੀਜ਼ ਕਰਕੇ ਪੰਜਾਬੀ ਭਾਸ਼ਾ ਦਾ ਮਾਣ ਵਧਾਇਆ ਹੈ।

---

*ਸੰਚਾਲਕ, ਪੰਜਾਬੀ ਸੱਥ ਮੈਲਬਰਨ, ਅਸਟ੍ਰੇਲੀਆ।

# ਕੰਬਲ

*(ਪਿਛਲੇ ਸਫੇ ਦੀ ਬਾਕੀ)*

ਪਤਾ ਸੀ, ਉਹ ਤੇਰੇ ਨਾਲ ਹੋਰ ਕਿੰਨੇ ਦਿਨ ਰਹਿੰਦਾ? ਪਤੀ ਤਾਂ ਤੈਨੂੰ ਹੋਰ ਵੀ ਮਿਲ'ਜੂ। ਪਰ ਆਹ ਪ੍ਰਾਪਰਟੀ ਤੇ ਧਨ ਤੈਨੂੰ ਕਿੱਥੋਂ ਮਿਲਦਾ? ਜੀਵਨ ਬੀਮਾ ਪਾਲਿਸੀ। ਤਿੰਨ ਮਿਲੀਅਨ ਦਾ ਹਰਜਾਨਾ ਮਿਲ'ਜੂ। ਸਾਰਾ ਧਨ ਸਟਾਕਸ ਤੇ ਸ਼ੇਅਰਜ਼ ਵਿਚ ਲਾ ਕੇ ਪੰਦਰਾਂ-ਵੀਹ ਗੁਣਾ ਕਰਦੂੰ। ਅਰਬਾਂ-ਖਰਬਾਂਪਤੀ ਬਣ ਜਾਏਂਗੀ ਦੋ ਤਿੰਨ ਸਾਲ 'ਚ ਹੀ।"

"ਹਾਂ, ਇੱਕ ਗੱਲ ਹੋਰ। ਵਕੀਲ ਹੈ ਤਾਂ ਬਹੁਤ ਹੀ ਕਾਬਲ। ਇਸ ਨੇ ਬਹੁਤੇ ਕੇਸ ਜਿੱਤੇ ਹਨ। ਕਿਸੇ ਕੇਸ ਦੇ ਹਾਰਨ ਦਾ ਕੋਈ ਪਤਾ ਨਹੀਂ। ਉਂ ਵਕੀਲ ਤਾਂ ਪੂਰਾ ਮੀਸਣਾ। ਇਸ ਨਾਲ ਲਿਖਤ ਚੰਗੀ ਤਰ੍ਹਾਂ ਕਰ ਲਈਂ। ਮੈਂ ਪੈਸਾ ਕਿੱਥੇ ਇਨਵੈਸਟ ਕਰਨਾ, ਇਸ ਦਾ ਭੇਦ ਨ੍ਹੀਂ ਦੇਣਾ ਕਿਸੇ ਨੂੰ।"

ਸਾਹਮਣੇ ਪਈ ਪਤੀ ਦੀ ਲਾਸ਼ ਔਰਤ ਨੂੰ ਇੱਕ ਸੋਨੇ ਦੇ ਢੇਰ ਵਿਚ ਬਦਲੀ ਲੱਗੀ। ਉਸ ਨੇ ਪਰਸ ਵਿਚੋਂ ਰੁਮਾਲ ਕੱਢ ਕੇ ਆਪਣਾ ਚਿਹਰਾ ਪੂੰਝਿਆ।

ਬਰੋਕਰ ਨੇ ਕਿਹੜਾ ਆਪ ਨੂੰ ਘੱਟ ਖੁਸ਼ਨਸੀਬ ਸਮਝਿਆ। ਨਾ ਹਿੰਗ ਲੱਗੀ, ਨਾ ਫਟਕੜੀ। ਤਰ੍ਹਾਂ ਤਰ੍ਹਾਂ ਦੇ ਸੁਪਨੇ ਉਸ ਦੇ ਮਨ ਵਿਚ ਪਲਮਣ ਲੱਗੇ।

ਪਾਦਰੀ ਕਿਵੇਂ ਨਾ ਇਸ ਮੌਕੇ ਦਾ ਫਾਇਦਾ ਉਠਾਉਂਦਾ। ਬਰੋਕਰ ਦੇ ਪਾਸਾ ਵੱਟਦੇ ਹੀ ਬੜੀ ਹਲੀਮੀ ਨਾਲ ਬੋਲਿਆ, "ਜੋ ਕੁਝ ਵਾਪਰਦਾ ਹੈ, ਉਹ ਕਰਮਾਂ ਦਾ ਫਲ ਹੁੰਦਾ ਹੈ। ਸਾਡੇ ਸਾਰੇ ਕੀਤੇ ਮਾੜੇ ਕਰਮਾਂ ਦਾ ਦੁੱਖ ਮਸੀਹਾ ਭੋਗਦਾ ਹੈ। ਪਰਮਾਤਮਾ ਇਸ ਦੇ ਗੁਨਾਹ ਬਖਸ਼ੇ। ਇਹ ਵਕੀਲ, ਸ਼ੈਤਾਨ ਦਾ ਰੂਪ। ਸ਼ੈਤਾਨ ਭੇਸ ਵਟਾ ਕੇ ਸਾਡੇ ਵਿਚ ਵਿਚਰਦਾ ਹੈ। ਚਰਚ ਲਈ ਦਾਨ ਉਸ ਦੀ ਆਤਮਾ ਲਈ ਸਹਾਈ ਹੁੰਦਾ ਹੈ।" ਪਾਦਰੀ ਆਪਣੇ ਭੱਥੇ ਵਿਚਲੇ ਤੀਰ ਵਰਤ ਰਿਹਾ ਹੈ।

"ਇੱਕ ਨਵਾਂ ਕਲਾਈਂਟ ਤਾਂ ਮਿਲਿਆ। ਦੁੱਖ-ਸੁੱਖ ਵਿਚ ਇਹ ਕਾਉਂਸਲਿੰਗ ਤਾਂ ਲਿਆ ਕਰੂ ਮੈਥੋਂ। ਪਰੀ ਵਰਗੀ ਮੂਰਤ। ਸੁਹਣੀ-ਸੁਨੱਖੀ। ਪੁਰਜਾ।" ਦੂਰ ਅੰਦੇਸ਼ ਪਾਦਰੀ ਦਾ ਮਨ ਲਲਚਾ ਰਿਹਾ ਹੈ।

ਲਾਸ਼ ਦੇ ਕੋਲ ਬੈਠੀ ਜਨਾਨੀ ਦੇ ਬੁਲ੍ਹਾਂ 'ਤੇ ਮੁਸਕਰਾਹਟ ਹੈ। ਉਸ ਨੂੰ ਸਾਹਮਣੇ ਪਿਆ ਪਤੀ ਕੌਡੀ ਤੋਂ ਕਰੋੜ ਦਾ ਬਣਿਆ ਦਿਸਦਾ ਹੈ। ਉਹ ਆਪਣੇ ਕੋਲ ਪਏ ਪਤੀ ਦੀ ਲਾਸ਼ ਨੂੰ ਬਹੁਤ ਮੋਹ ਨਾਲ ਚੁੰਮਦੀ ਹੈ।

"ਮੁਰਦੇ ਨਾਲ ਇੰਨਾ ਮੋਹ ਨਹੀਂ ਪਾਈਦਾ। ਤਕੜੀ ਹੋ ਲੋਰੀ!" ਉਹ ਆਪਣੇ ਆਪ ਨੂੰ ਕਹਿੰਦੀ ਹੈ।

ਲੋਰੀ! ਉਸ ਨੂੰ ਮੁਰਦੇ ਨਾਲ ਮੋਹ ਕਿਵੇਂ ਨਾ ਆਉਂਦਾ। ਉਹ ਝੂਰ ਰਹੀ ਸੀ, ਇਹ ਘਟਨਾ ਪਹਿਲਾਂ ਕਿਉਂ ਨਾ ਵਾਪਰੀ।

"ਉਸ ਨੂੰ ਮੁਢਲੀ ਸਹਾਇਤਾ ਤਾਂ ਦੇਣੀ ਚਾਹੀਦੀ ਸੀ। ਉਸ ਨੂੰ ਬਣਾਉਟੀ ਸਾਹ ਤਾਂ ਦੇਣਾ ਚਾਹੀਦਾ ਸੀ। ਉਸ ਦਾ ਦਿਲ ਤਾਂ ਧੜਕਾਉਣਾ ਚਾਹੀਦਾ ਸੀ। ਕਿਉਂ ਨਾ ਕੀਤਾ ਮੈਂ ਇਹ।" ਗੋਡਿਆਂ ਵਿਚ ਸਿਰ ਦੇਈ ਬੈਠਾ ਵਿਚਾਰਾ ਡਾਕਟਰ ਝੂਰ ਰਿਹਾ ਹੈ। ਉਸ ਦੀ ਅੰਤਰ ਆਤਮਾ ਉਸ ਨੂੰ ਲਾਹਨਤ ਪਾਉਂਦੀ ਹੈ।

"ਇਹ ਵਕੀਲ! ਸ਼ੈਤਾਨ ਦੀ ਟੂਟੀ! ਮੈਨੂੰ ਫਸਾ ਲੈਣਾ ਸੀ, ਜੇ ਮੈਂ ਹੱਥ ਵੀ ਲਾਇਆ ਹੁੰਦਾ। ਮੇਰੀ ਅਣਗਹਿਲੀ ਨੂੰ ਮੌਤ ਦਾ ਕਾਰਨ ਦੱਸਣਾ ਸੀ। ਮੇਰੇ 'ਤੇ ਕੇਸ ਬਣਾ ਦੇਣਾ ਸੀ। ਲੱਖਾਂ ਰੁਪਈਏ ਦਾ ਹਰਜਾਨਾ ਠੋਕ ਦੇਣਾ ਸੀ। ਇਸ ਮੌਤ ਦੀ ਸਟੇਟ ਪੱਧਰ 'ਤੇ ਪੜਤਾਲ ਹੋਣੀ ਸੀ। ਆਹ ਬਰੋਕਰ ਤੇ ਇਸ ਜਨਾਨੀ ਨੇ ਮੈਨੂੰ ਬੇਹੇ ਕੜਾਹ ਵਾਂਗੂੰ ਲੈਣਾ ਸੀ।" ਉਹ ਸਾਰਾ ਦੋਸ਼ ਸਿਸਟਮ ਦੇ ਸਿਰ 'ਤੇ ਸੁੱਟ ਕੇ ਆਪਣੇ ਆਪ ਨੂੰ ਦੋਸ਼-ਮੁਕਤ ਕਰ ਦਿੰਦਾ ਹੈ।

ਪਰ ਹੁਣ ਵੀ ਕਿਹੜਾ ਵਕੀਲ ਮੈਨੂੰ ਛਿੱਕ ਥੱਲੇ ਦੇਣ ਦੀ ਕਸਰ ਛੱਡੂ! ਘੱਟੋ-ਘੱਟ ਮੇਰੀ ਆਤਮਾ ਤਾਂ ਬਲਵਾਨ ਰਹਿੰਦੀ। ਅਪਰਾਧੀ ਤਾਂ ਮਹਿਸੂਸ ਨਾ ਕਰਦਾ। ਉਸ ਦੀ ਜ਼ਮੀਰ ਉਸ ਨੂੰ ਲਾਹਨਤਾਂ ਪਾਉਣ ਤੋਂ ਨਹੀਂ ਹਟਦੀ।

ਕੀ ਕਰਦਾ ਡਾਕਟਰ ਵਿਚਾਰਾ। ਸੱਪ ਦੇ ਮੂੰਹ ਵਿਚ ਕਿਰਲੀ। ਖਾਂਦਾ ਸੀ ਕੋਹੜੀ, ਛਡਦਾ ਸੀ ਕਲੰਕੀ। ਉਹ ਸਾਹਮਣੇ ਸਿਰ ਚੁੱਕ ਕੇ ਵੇਖਦਾ ਹੈ, ਉਸ ਦਾ ਤ੍ਰਾਹ ਨਿਕਲ ਜਾਂਦਾ ਹੈ। ਲਾਸ਼ ਕੋਲ ਬੈਠੀ ਔਰਤ ਦੇ ਚਿਹਰੇ 'ਤੇ ਮਲਾਲ ਹੈ। ਵਕੀਲ ਤੇ ਬਰੋਕਰ ਹੱਸ ਹੱਸ ਕੇ ਗੱਲਾਂ ਕਰ ਰਹੇ ਹਨ। ਪਾਦਰੀ ਦਾ ਚਿਹਰਾ ਸ਼ਾਂਤ ਹੈ, ਜਿਵੇਂ ਕੁਝ ਵੀ ਵਾਪਰਿਆ ਨਹੀਂ ਹੁੰਦਾ। ਇਉਂ ਲਗਦਾ ਹੈ, ਜਿਵੇਂ ਉਹ ਤਿੰਨੇ ਉਚ ਅਕਾਸ਼ ਵਿਚ ਤਾਰੀਆਂ ਲਾ ਰਹੇ ਹੋਣ; ਪਰ ਉਨ੍ਹਾਂ ਨੂੰ ਵੇਖ ਕੇ ਡਾਕਟਰ ਦਾ ਦਿਲ ਡੁਬਦਾ ਜਾ ਰਿਹਾ ਹੈ।

ਗੱਡੀ ਅਚਾਨਕ ਇਕ ਝਟਕੇ ਨਾਲ ਰੁਕ ਜਾਂਦੀ ਹੈ। ਫੱਟੇ 'ਤੇ ਪਈ ਲਾਸ਼ ਥੱਲੇ ਡਿੱਗ ਪੈਂਦੀ ਹੈ। ਪਤਨੀ, ਵਕੀਲ ਤੇ ਬਰੋਕਰ ਦੀ ਧਾਹ ਨਿਕਲ ਜਾਂਦੀ ਹੈ। ਡਾਕਟਰ ਦੀ ਜਾਨ ਵਿਚ ਜਾਨ ਆ ਗਈ ਹੈ। ਪਾਦਰੀ ਇਸ ਨੂੰ ਆਪਣੀ ਕੀਤੀ ਅਰਦਾਸ ਦੀ ਸ਼ਕਤੀ ਦਾ ਕੌਤਕ ਦਸਦਾ ਹੈ। ਮੁਰਦਾ ਅੱਖਾਂ ਖੋਲ੍ਹ ਕੇ ਸਭ ਵੱਲ ਹੈਰਾਨੀ ਨਾਲ ਝਾਕਦਾ ਹੈ। ਉਸ ਨੂੰ ਕਿਸੇ ਗੱਲ ਦੀ ਸਮਝ ਨਹੀਂ ਪੈਂਦੀ। ਖਾਸ ਤੌਰ 'ਤੇ ਪਤਨੀ ਦਾ ਅੱਡਿਆ ਮੂੰਹ ਵੇਖ ਕੇ!

# 'ਡੂਢ ਕਿੱਲਾ' ਅਤੇ 'ਗੱਲ ਬਣੀ ਕਿ ਨਹੀਂ'

## ਪੁਸਤਕ ਚਰਚਾ

ਰੀਵਿਊਕਾਰ: ਬਲਜਿੰਦਰ ਮਾਨ
ਫੋਨ: 91-98150-18947

ਪੰਜਾਬੀ ਕਹਾਣੀ ਨੇ ਅਨੇਕਾਂ ਪੜਾਵਾਂ ਨੂੰ ਪਾਰ ਕੀਤਾ ਹੈ। ਇਸ ਦੀ ਤਕਨੀਕ ਅਤੇ ਜੁਗਤਾਂ ਵਿਚ ਵੀ ਕਈ ਪਰਿਵਰਤਨ ਆਏ ਹਨ। ਨਵੀਂ ਪੀੜ੍ਹੀ ਦੇ ਕਹਾਣੀਕਾਰ ਇਸ ਦੀ ਸਿਰਜਣਾ ਵੱਲ ਖਾਸ ਤਵੱਜੋ ਦੇ ਰਹੇ ਹਨ। ਤਜਰਬਿਆਂ ਵਿਚੋਂ ਨਵੇਂ ਰਾਹ ਮਿਲਦੇ ਹਨ। ਇਸੇ ਤਰ੍ਹਾਂ ਜਿਹੜੇ ਸਾਹਿਤਕਾਰ ਕਹਾਣੀ ਖੇਤਰ ਵਿਚ ਨਵੇਂ ਪ੍ਰਯੋਗ ਕਰ ਰਹੇ ਹਨ, ਉਨ੍ਹਾਂ ਵਿਚ ਪਰਵਾਸੀ ਸਾਹਿਤਕਾਰ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਵੀ ਸ਼ਾਮਿਲ ਹੈ। ਉਸ ਨੇ ਅੱਜ ਤਕ ਦੇ ਜੀਵਨ ਵਿਚ ਹਮੇਸ਼ਾ ਨਵੀਆਂ ਰਾਹਾਂ ਸਿਰਜੀਆਂ ਹਨ।

ਪੁਸਤਕ 'ਡੂਢ ਕਿੱਲਾ' ਨਾਲ ਵੀ ਉਹ ਕਹਾਣੀ ਜਗਤ ਵਿਚ ਇਕ ਨਵਾਂ ਪ੍ਰਯੋਗ ਕਰਦਾ ਪ੍ਰਤੀਤ ਹੁੰਦਾ ਹੈ। ਉਸ ਕੋਲ ਜੀਵਨ ਦਾ ਡੂੰਘਾ ਮਨੋਵਿਗਿਆਨ ਹੈ, ਜਿਸ ਸਦਕਾ ਹਰ ਕਹਾਣੀ ਨੂੰ ਇਕ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਵਿਚਾਰਦਾ ਤੇ ਪੇਸ਼ ਕਰਦਾ ਹੈ। ਉਹ ਆਪਣੀ ਕਥਾਨਿਕ ਕਲਾ ਨਾਲ ਬੜੇ ਗੰਭੀਰ ਵਿਸ਼ਿਆਂ ਨੂੰ ਕਹਾਣੀ ਰੂਪ ਵਿਚ ਸਿਰਜਦਾ ਹੈ। ਸਮਾਜ ਵਿਚ ਵਰਤ ਰਹੇ ਚੰਗੇ ਮਾੜੇ ਵਰਤਾਰਿਆਂ ਨੂੰ ਉਸ ਦੀ ਕਲਮ ਦੀ ਤਿੱਖੀ ਨੋਕ ਜਿੱਥੇ ਫੜਦਾ, ਪੇਸ਼ ਕਰਦੀ ਤੇ ਨਾਲ ਹੀ ਤਰਾਸ਼ਦੀ ਵੀ ਹੈ। ਸਮਾਜ ਵਿਚ ਕੀ ਹੋਣਾ ਚਾਹੀਦਾ ਹੈ? ਕਿਉਂ ਹੋ ਰਿਹਾ ਹੈ? ਕਿਵੇਂ ਹੋਵੇਗਾ? ਇਹ ਸਭ ਗੱਲਾਂ ਉਸ ਦੀਆਂ ਕਹਾਣੀਆਂ ਵਿਚੋਂ ਸਹਿਜੇ ਹੀ ਮਿਲ ਜਾਂਦੀਆਂ ਹਨ। ਕਈ ਕਹਾਣੀਆਂ ਤਾਂ ਪਾਠਕ ਮਨ ਨੂੰ ਐਨਾ ਹਲੂਣਾ ਮਾਰਦੀਆਂ ਹਨ ਕਿ ਉਹ ਸਿਰ ਫੜ ਕੇ ਬੈਠ ਜਾਂਦਾ ਹੈ। ਕਈ ਵਾਰ ਪਾਠਕ ਦੇ ਹੰਝੂ ਆਪ ਮੁਹਾਰੇ ਹੀ ਵਗ ਪੈਂਦੇ ਹਨ। ਜਗੀਰੋ ਤੇ ਭਗਵਾਨ ਕੌਰ ਵਰਗੀਆਂ ਕਹਾਣੀਆਂ ਇਸ ਪੁਸਤਕ ਦਾ ਸਿਖਰ ਸਿਰਜਦੀਆਂ ਹਨ।

ਤੇਤੀ ਪਾਏਦਾਰ ਕਹਾਣੀਆਂ ਦਾ ਇਹ ਸੰਗ੍ਰਹਿ ਪਾਠਕਾਂ ਅੰਦਰ ਨਵੀਆਂ ਤੇ ਨਰੋਈਆਂ ਕਦਰਾਂ ਕੀਮਤਾਂ ਦਾ ਵੀ ਸੰਚਾਰ ਕਰਦਾ ਹੈ। ਦੇਸ਼ ਵਿਦੇਸ਼ ਦੀ ਹਾਲਤ ਦਾ ਇਨ੍ਹਾਂ ਕਹਾਣੀਆਂ ਰਾਹੀਂ ਸਹੀ ਮੁਲੰਕਣ ਕੀਤਾ ਗਿਆ ਹੈ। ਪਰਵਾਸ ਦਾ ਦਰਦ, ਏਜੰਟਾਂ ਦੀਆਂ ਚਾਲਾਂ, ਨਸ਼ਿਆਂ ਦੇ ਵਪਾਰੀ, ਰਿਸ਼ਤਿਆਂ ਦਾ ਘਾਣ, ਰਾਜਸੀ ਗਿਰਵਟ, ਜਨੂੰਨੀ ਪਿਆਰ ਆਦਿ ਵਿਸ਼ਿਆਂ 'ਤੇ ਸਿਰਜੀਆਂ ਕਹਾਣੀਆਂ ਵਿਚ ਨਾਟਕੀ ਤੱਤ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਲੋੜ ਅਨੁਸਾਰ ਸਿਰਜੀ ਵਾਰਤਾਲਾਪ ਸਾਡੀ ਲੋਕ ਬੋਲੀ ਨੂੰ ਮਾਣ ਬਖਸ਼ਦੀ ਹੈ। ਇਹ ਕਹਾਣੀਆਂ 'ਭੌਰਵੀ ਸ਼ੈਲੀ' ਦੀਆਂ ਲਖਾਇਕ ਹਨ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਇਕ ਨਵੇਂ ਲੋਕ ਮੁਹਾਵਰੇ ਨੂੰ ਸਿਰਜਿਆ ਹੈ। ਇਨ੍ਹਾਂ ਵਿਚੋਂ ਕਵਿਤਾ ਵਰਗਾ ਅਨੰਦ ਅਤੇ ਵਾਰਤਕ ਵਰਗਾ ਰਸ ਤਾਂ ਮਿਲਦਾ ਹੀ ਹੈ। ਪਰਦੇਸੀ ਲਾਲ ਕਿਉਂ, ਸੁੱਖਾ ਜ਼ੈਲਦਾਰ, ਪੁੱਤ ਪਰਦੇਸੀ, ਬੰਦ




*ਐਸ. ਅਸ਼ੋਕ ਭੌਰਾ ਦੀਆਂ ਪੁਸਤਕਾਂ ਦੇ ਮੁਖੜੇ*

ਦਰਵਾਜੇ, ਕੁੱਖਾਂ ਦੇ ਵੈਣ, ਅਤਿਵਾਦੀ ਰੱਬ ਆਦਿ ਬਹੁਤ ਕਮਾਲ ਦੀਆਂ ਕਹਾਣੀਆਂ ਹਨ। ਨਵੀਂ ਪਨੀਰੀ ਲਈ ਇਨ੍ਹਾਂ ਕਹਾਣੀਆਂ ਦੀ ਖਾਸ ਮਹੱਤਤਾ ਹੈ। ਇਹ ਸਾਨੂੰ ਜਿੱਥੇ ਇਤਿਹਾਸਕ ਤੱਥਾਂ ਨਾਲ ਜੋੜਦੀਆਂ ਹਨ, ਉਥੇ ਸਮੇਂ ਦੇ ਵਿਕਾਸ ਅਤੇ ਵਿਨਾਸ਼ ਦੀ ਵਾਕਫੀਅਤ ਵੀ ਕਰਵਾਉਂਦੀਆਂ ਹਨ। ਸੱਭਿਆਚਾਰਕ ਪਰਿਵਰਤਨਾਂ, ਪਰਿਵਾਰਕ ਝੰਜਟਾਂ ਤੇ ਲੀਡਰਾਂ ਦੀਆਂ ਚਾਲਾਂ ਤੋਂ ਵੀ ਸੁਚੇਤ ਕਰਦੀਆਂ ਹਨ।

ਐਸ. ਅਸ਼ੋਕ ਭੌਰਾ ਦਾ ਦੇਸ਼-ਵਿਦੇਸ਼ ਦਾ ਤਜਰਬਾ ਇਨ੍ਹਾਂ ਕਹਾਣੀਆਂ ਵਿਚ ਭਲੀਭਾਂਤ ਪ੍ਰਗਟ ਹੁੰਦਾ ਹੈ। ਉਹ ਇਕ ਮਨੋਵਿਗਿਆਨੀ ਵਾਂਗ ਆਪਣੇ ਹਰ ਪਾਤਰ ਨੂੰ ਸਿਖਰ ਤਕ ਲੈ ਕੇ ਜਾਂਦਾ ਹੈ। ਇਹ ਕਹਾਣੀਆਂ ਇਕ ਨਿਵੇਕਲੇ ਵਿਧੀ ਵਿਧਾਨ ਵਾਲੀਆਂ ਹਨ, ਜਿਨ੍ਹਾਂ ਦੀ ਗੱਲ ਵੀ ਨਿਵੇਕਲੇ ਅੰਦਾਜ਼ ਨਾਲ ਹੀ ਕਰਨੀ ਬਣਦੀ ਹੈ। ਇਸ ਪੁਸਤਕ ਨਾਲ ਐਸ. ਅਸ਼ੋਕ ਭੌਰਾ ਪੰਜਾਬੀ ਕਹਾਣੀ ਜਗਤ ਵਿਚ ਪੱਕੇ ਪੈਰੀਂ ਖਲੋ ਜਾਂਦਾ ਹੈ।

ਇਹ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਹੈ, ਜਿਸ ਦੇ 206 ਪੰਨੇ ਅਤੇ 300 ਰੁਪਏ ਮੁੱਲ ਹੈ।

### ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ ਦੀ ਕਲਮ ਦਰਿਆ ਦੇ ਵਹਿਣ ਵਾਂਗ ਨਿਰੰਤਰ ਵਗ ਰਹੀ ਹੈ। ਪਿਛਲੇ ਚਾਰ ਦਹਾਕਿਆਂ ਤੋਂ ਦਿਨ ਰਾਤ ਸਾਹਿਤਕ ਸੱਭਿਆਚਾਰਕ, ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਏ ਵਿਚ ਸਰਗਰਮ ਹੈ। ਉਸ ਦੀ ਵਾਰਤਕ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਉਸ ਦੇ ਸ਼ਬਦਾਂ ਦੀ ਸ਼ਕਤੀ ਹਰ ਕਿਸੇ ਨੂੰ ਮੰਤਰ ਮੁਗਧ ਕਰਦੀ ਹੈ। ਕੋਈ ਅਖਬਾਰੀ ਲੇਖ ਪੜ੍ਹੀਏ ਤਾਂ ਦਿਲ ਦਿਮਾਗ ਦੇ ਦਰ ਦਰਵਾਜੇ ਆਪਣੇ ਆਪ ਖੁੱਲ੍ਹਦੇ ਜਾਂਦੇ ਹਨ। ਉਹ ਅਨੇਕਾਂ ਕਲਾਵਾਂ ਦਾ ਸੰਗਮ ਹੈ। ਇਨ੍ਹਾਂ ਕਲਾਵਾਂ 'ਤੇ ਵਿਚਾਰ ਕਰਨ ਲਈ ਦਿਨਾਂ ਮਹੀਨਿਆਂ ਦਾ ਸਮਾਂ ਅਤੇ ਕਈ ਪੁਸਤਕਾਂ ਦਾ ਅਧਿਐਨ ਕਰਨਾ ਬਣਦਾ ਹੈ।

ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰਨ ਵਾਲੇ ਇਸ ਬਹੁ ਵਿਧਾਵੀ ਸਾਹਿਤਕਾਰ ਨੇ ਪੁਸਤਕ 'ਗੱਲ ਬਣੀ ਕਿ ਨਹੀਂ' ਵਿਚ ਆਪਣੀਆਂ ਤਰਿਆਸੀ ਕਾਵਿ ਰਚਨਾਵਾਂ ਸ਼ਾਮਿਲ ਕੀਤੀਆਂ ਹਨ। ਇਹ ਸਭ ਕਵਿਤਾਵਾਂ ਅਸਲ ਵਿਚ ਵਿਅੰਗਮਈ ਲਹਿਜੇ ਨਾਲ ਸਿਰਜੀਆਂ ਗਈਆਂ ਹਨ। ਹਰ ਪਾਠਕ ਜਦੋਂ ਪੁਸਤਕ ਪੜ੍ਹਨ ਬੈਠਦਾ ਹੈ ਤਾਂ ਉਹ ਹੋਰ ਅੱਗੇ ਪੜ੍ਹਨ ਲਈ ਉਤਾਵਲਾ ਰਹਿੰਦਾ ਹੈ। ਇਹ ਭੌਰੇ ਦੀ ਕਵਿਤਾ ਦੀ ਖਾਸੀਅਤ ਹੈ ਕਿ ਉਹ ਪਾਠਕ ਨੂੰ ਆਪਣੇ ਨਾਲ ਤੋਰਦੀ ਹਰ ਘਟਨਾ ਦਾ ਫਿਲਮੰਕਣ ਵੀ ਦਿਖਾਉਂਦੀ ਹੈ। ਉਸ ਵਲੋਂ ਰੁੱਖਾ ਜਾਂ ਨੀਰਸ ਸ਼ਬਦ ਇਕ ਵੀ ਨਹੀਂ ਵਰਤਿਆ ਗਿਆ। ਹਰ ਸ਼ਬਦ ਸਬੰਧਤ ਧਿਰ ਦੇ ਦਿਲ ਦੀਆਂ ਗਹਿਰਾਈਆਂ ਤਕ ਲਹਿੰਦਾ ਜਾਂਦਾ ਹੈ।

ਇਨ੍ਹਾਂ ਕਵਿਤਾਵਾਂ ਵਿਚੋਂ ਗਜ਼ਲ ਵਰਗਾ ਅਨੰਦ ਅਤੇ ਗੀਤ ਵਰਗਾ ਸੁਆਦ ਮਾਣਿਆ ਜਾ ਸਕਦਾ ਹੈ। ਇਨ੍ਹਾਂ ਦੀ ਰਵਾਨੀ ਇਕ ਚਸ਼ਮੇ ਵਰਗੀ ਹੈ, ਜੋ ਨਿਰਮਲ ਤਾਂ ਹੈ ਹੀ, ਨਾਲ ਨਾਲ ਕਈਆਂ ਰਾਹਾਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਜਿਨ੍ਹਾਂ ਵਿਸ਼ਿਆਂ ਨੂੰ ਇਨ੍ਹਾਂ ਕਵਿਤਾਵਾਂ ਵਿਚ ਛੋਹਿਆ ਗਿਆ ਹੈ, ਉਹ ਇਕ ਆਮ ਆਦਮੀ ਤੋਂ ਲੈ ਕੇ ਭਾਰਤ ਦੇ ਹਾਕਮਾਂ ਤਕ ਜਾ ਪੁੱਜਦੀ ਹੈ। ਹਰ ਕਿਸੇ ਨੂੰ ਆਪਣੇ ਗਿਰੇਵਾਨ ਅੰਦਰ ਝਾਤੀ ਮਾਰਨ ਲਈ ਮਜ਼ਬੂਰ ਕਰਦੀ ਹੈ। ਪਿਆਰ ਮੁਹੱਬਤ ਦੇ ਝੂਠੇ ਕਿੱਸਿਆਂ 'ਤੇ ਵਿਅੰਗ, ਰਾਜਸੀ ਚਾਲਾਂ ਦੀ ਨਿੰਦਾ, ਸੱਭਿਆਚਾਰ ਦੀ ਸਾਂਭ-ਸੰਭਾਲ, ਰਿਸ਼ਤਿਆਂ ਦੀ ਟੁੱਟ ਭੱਜ, ਆਰਥਿਕ ਦਸ਼ਾ, ਬੇਰੁਜ਼ਗਾਰੀ, ਨਸ਼ੇ, ਨੇਤਾਵਾਂ ਦਾ ਕਿਰਦਾਰ ਅਤੇ ਆਪਸੀ ਪਿਆਰ ਨੂੰ ਇਨ੍ਹਾਂ ਕਵਿਤਾਵਾਂ ਦਾ ਵਿਸ਼ਾ ਵਸਤੂ ਬਣਾਇਆ ਗਿਆ ਹੈ।

ਕੌਮਾਂਤਰੀ ਪ੍ਰਸਿੱਧੀ ਖੱਟਣ ਵਾਲੇ ਇਸ ਸਾਹਿਤਕਾਰ ਨੇ ਇਨ੍ਹਾਂ ਵਿਅੰਗਮਈ ਕਵਿਤਾਵਾਂ ਨਾਲ ਕਾਵਿ ਜਗਤ ਵਿਚ ਵੀ ਆਪਣੀ ਖਾਸ ਮੁਕਾਮ ਬਣਾ ਲਿਆ ਹੈ। ਦੇਸ਼-ਵਿਦੇਸ਼ ਦੇ ਅਖਬਾਰਾਂ-ਰਸਾਲਿਆਂ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਭੌਰਾ ਹੁਣ ਸਾਹਿਤ ਜਗਤ ਵਿਚ ਆਪਣੀਆਂ ਸੰਦਲੀ ਪੈੜਾਂ ਪਾ ਰਿਹਾ ਹੈ। ਇਨ੍ਹਾਂ ਵਿਅੰਗਮਈ ਕਾਵਿ ਵੰਨਗੀਆਂ ਵਿਚ ਜਿਥੇ ਕਾਵਿ ਕਲਾ ਦਾ ਅਨੰਦ ਲਿਆ ਜਾ ਸਕਦਾ ਹੈ, ਉਥੇ ਕਵਿਤਾ ਦੇ ਸੱਤੇ ਰਸ ਰੰਗ ਵੀ ਮਾਣੇ ਜਾ ਸਕਦੇ ਹਨ,

ਬੰਦਿਆਂ ਨੇ ਹੈ ਕਰ ਲਈ ਬੰਦਿਆਂ ਵੱਲ ਨੂੰ ਕੰਧ,
ਮੱਸਿਆ ਵਾਲੀ ਰਾਤ ਨੂੰ ਮੂਰਖ ਲੱਭਣ ਚੰਦ।
ਸੇਕ ਪੈ ਗਿਆ ਰਿਸ਼ਤੇ ਨਾਤਿਆਂ ਨੂੰ
ਟਕੇ ਟਕੇ ਨੂੰ ਵਿਕਣ ਜ਼ਮੀਰ ਲੱਗੀ ਪਈ।
ਭਾਈ ਸਾਹਿਬਾਂ ਨੂੰ ਭੱਜਣ ਤੋਂ ਰੋਕਦੇ ਨੇ,
ਤੇ ਕੁੱਟਣ ਕੈਦੋਂ ਅੱਜ ਕਲ੍ਹ ਹੀਰ ਲੱਗੀ ਪਈ।

ਕਵਿਤਾਵਾਂ ਦੀਆਂ ਅਜਿਹੀਆਂ ਸਤਰਾਂ ਪਾਠਕਾਂ ਦੇ ਮਨ ਨੂੰ ਹਲੂਣਾ ਮਾਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਯੁਗ ਪਲਟਾਉਣ ਦਾ ਦਮ ਹੈ ਤੇ ਗੱਭਰੂ ਮਨ ਨੂੰ ਸਹੀ ਰਾਹੇ ਪਾਉਣ ਦੀਆਂ ਕਲਾਮਈ ਜੁਗਤਾਂ। ਭੌਰੇ ਦੇ ਕਾਵਿ ਸੰਸਾਰ ਨੂੰ ਵੀ ਸਲਾਮ ਹੈ।

ਇਹ ਪੁਸਤਕ ਵੀ ਚੇਤਨਾ ਪ੍ਰਕਾਸ਼ਨ ਲੁਧਿਆਣਾ (ਪੰਨੇ 124, ਮੁੱਲ: 200 ਰੁਪਏ) ਨੇ ਪ੍ਰਕਾਸ਼ਿਤ ਕੀਤੀ ਹੈ।

## ਕਾਵਿ-ਜਗਤ

### ਇਹ ਜਾਂ-ਬਾਜ਼ ਖੂਨ

ਇਹ ਜਾਂ-ਬਾਜ਼, ਜਿਹੜੇ ਤੇਰੇ ਦਰ 'ਤੇ ਬੈਠੇ ਨੇ ਆਣ
ਇਹ ਅੰਨ-ਦਾਤੇ, ਮਰਜੀਵੜੇ, ਮਿਹਨਤਕਸ਼ ਕਿਸਾਨ।

ਇਨ੍ਹਾਂ ਦੀਆਂ ਰਗਾਂ ਵਿਚ ਉਨ੍ਹਾਂ ਵਾਰਸਾਂ ਦਾ ਖੂਨ ਹੈ
ਜਿਹੜਾ ਹੱਕ ਸੱਚ ਲਈ ਹੁੰਦਾ ਆਇਆ ਏ ਕੁਰਬਾਨ।

ਹਰ ਔਕੜ ਵੇਲੇ ਇਸ ਨੇ ਬੇਕਸਾਂ ਦੀ ਬਾਂਹ ਫੜੀ ਏ
ਕੌਲ ਸਿਰਾਂ ਨਾਲ ਨਿਭਾਉਂਦਾ ਏ ਵਾਰ ਕੇ ਜਿੰਦ-ਜਾਨ।

ਤਪਦੀ ਤਵੀ ਉਤੇ ਵੀ ਇਹ ਖੂਨ ਮੁਸਕਰਾਇਆ ਸੀ
ਚਾਂਦਨੀ ਚੌਕ ਅੰਦਰ ਵੀ ਬਰਕਰਾਰ ਰੱਖੀ ਸੀ ਸ਼ਾਨ।

ਉਬਲਦੀਆਂ ਦੇਗਾਂ, ਆਰਿਆਂ ਦੇ ਦੰਦਿਆਂ ਹੇਠਾਂ ਵੀ
ਪਾਪ ਜ਼ੁਲਮ ਦਾ ਤੋੜਿਆ ਸੀ ਕਿਬਰ ਹੰਕਾਰ ਗੁਮਾਨ।

ਖੋਪਰ ਲਾਹੁੰਦੀਆਂ ਰੰਬੀਆਂ, ਚਰਖੜੀਆਂ ਦੇ ਦੰਦੇ ਵੀ
ਸਬਰ ਅਜ਼ਮਾਉਂਦੇ, ਅਨੇਕ ਵਾਰੀਂ ਹੋਏ ਸੀ ਪ੍ਰੇਸ਼ਾਨ।

ਇਹ ਖੂਨ ਚਮਕੌਰ ਦੇ ਮੈਦਾਨੇ ਜੰਗ ਵੀ ਲੜਿਆ ਸੀ
ਸਰਹਿੰਦ ਦੀਆਂ ਦੀਵਾਰਾਂ ਦਾ ਵੀ ਤੋੜਿਆ ਸੀ ਮਾਣ।

ਇਹ ਹੀ ਖੂਨ ਘੱਲੂਘਾਰਿਆਂ ਵਿਚ ਵੀ ਡੁੱਲ੍ਹਿਆ ਸੀ
ਝੂਲਦੇ ਰੱਖੇ ਸਨ ਅਣਖ-ਓ-ਗੈਰਤ ਦੇ ਉੱਚੇ ਨਿਸ਼ਾਨ।

ਇਹ ਖੂਨ ਮਾਂਵਾਂ ਦੇ ਗਲਾਂ ਦਾ ਹਾਰ ਵੀ ਬਣਿਆ ਸੀ
'ਤੇਰਾ ਭਾਣਾ ਮੀਠਾ ਲਾਗੇ' ਦੀ ਰਜ਼ਾ ਚੜ੍ਹੀ ਸੀ ਪ੍ਰਵਾਨ।

ਏਸੇ ਹੀ ਖੂਨ ਵਿਦੇਸ਼ੀ ਹਮਲਾਵਰਾਂ ਨੂੰ ਠੱਲ੍ਹ ਪਾਈ ਸੀ
ਹਜ਼ਾਰਾਂ ਅਸਮਤਾਂ ਬਚਾਈਆਂ ਸਨ ਹੋਵਣ ਤੋਂ ਵੀਰਾਨ।

ਜੇਲ੍ਹਾਂ, ਫਾਂਸੀਆਂ, ਕਾਲੇ ਪਾਣੀਆਂ ਦੀ ਸਜਾ ਝੱਲੀ ਸੀ
ਮੁਲਕ 'ਚੋਂ 'ਗੈਰਾਂ' ਦਾ ਮਿਟਾਇਆ ਸੀ ਨਾਮੋ-ਨਿਸ਼ਾਨ।

ਇਹੋ ਖੂਨ ਜਲ੍ਹਿਆਂ ਵਾਲੇ ਬਾਗ 'ਚ ਵੀ ਡੁੱਲ੍ਹਿਆ ਸੀ
ਗੋਲੀ ਬਣ, ਜ਼ਾਲਮ ਦਾ ਸੀਨਾ ਕੀਤਾ ਸੀ ਲਹੂ ਲੁਹਾਣ।

ਹਰ ਮੁਹਾਜ਼ 'ਤੇ ਇਹ ਖੂਨ ਲਹੂ-ਪਸੀਨਾ ਬਣ ਡੁੱਲ੍ਹਿਐ
ਬੇ-ਸ਼ੱਕ ਮੁਲਕ ਦੀ ਸਰਹੱਦ ਹੋਵੇ ਜਾਂ ਖੇਤ ਖਲਿਆਣ।

ਅੱਜ ਵੀ ਇਹ ਖੂਨ ਉਸੇ ਸ਼ਿੱਦਤ ਨਾਲ ਵੱਗ ਰਿਹਾ ਹੈ
ਪੰਜ-ਆਬ ਦੀ ਮਿੱਟੀ ਮਾਂਵਾਂ ਦੇ ਸ਼ੀਰ ਦਾ ਏ ਵਰਦਾਨ।

ਕੁਝ ਨਾ-ਸ਼ੁਕਰੇ, ਬੇਗੈਰਤ ਲੋਕ ਬਦਨਾਮ ਕਰ ਰਹੇ ਨੇ
ਅੱਤਵਾਦੀ, ਵੱਖਵਾਦੀ ਕਹਿ ਕਹਿ ਕਰਦੇ ਨੇ ਪ੍ਰੇਸ਼ਾਨ।

ਅਣਖ ਵਾ ਗੈਰਤ ਇਸ ਖੂਨ ਨੂੰ ਵਿਰਸੇ 'ਚੋਂ ਮਿਲੀ ਹੈ
ਹਰ ਬੇਇਨਸਾਫੀ ਅੱਗੇ ਖਲੋ ਜਾਂਦਾ ਏ ਬਣ ਕੇ ਚੱਟਾਨ।

ਸਿਰ 'ਤੇ ਉਧਾਰ ਰੱਖਣਾ ਇਸ ਖੂਨ ਦੀ ਆਦਤ ਨਹੀਂ
ਸ਼ਰੀਕ ਦੀ ਭਾਜੀ ਮੋੜਦਾ ਏ, ਨਹੀਂ ਰੱਖਦਾ ਅਹਿਸਾਨ।

ਤੇਗ ਦੀ ਧਾਰ 'ਚੋਂ ਵਗਿਆ ਵਹਿੰਦਾ ਹੀ ਆ ਰਿਹਾ ਹੈ
ਇਹ ਬਾਗੀ, ਮਾਣ ਮੱਤਾ, ਗੈਰਤ ਦਾ ਚਸ਼ਮਾ ਮਹਾਨ।

ਇਹਦੇ ਲਈ ਸਭ ਆਪਣੇ ਨੇ, ਕੋਈ ਬੇਗਾਨਾ ਨਹੀਂ ਏ
ਸ਼ਰਨ ਵਿਚ ਆਏ ਦੁਸ਼ਮਣ ਦਾ ਵੀ ਰੱਖਦਾ ਏ ਮਾਣ।

ਸਭ ਦਾ ਭਲਾ ਮੰਗਣ ਵਾਲਾ ਚੜ੍ਹਦੀ ਕਲਾ ਦਾ ਮੁੱਦਈ
ਸਬਰ, ਸੰਤੋਖ ਦੀ ਮੂਰਤ ਰਜ਼ਾ 'ਚ ਰੱਖਦਾ ਏ ਈਮਾਨ।

ਏਸੇ ਹੀ ਖੂਨ ਦੀ ਹਿੰਮਤ ਏ, ਸਾਹਸ ਤੇ ਕਰਾਮਾਤ ਏ
ਜਗਾ ਦਿੱਤਾ ਏ ਗੂੜ੍ਹੀ ਨੀਂਦਰ 'ਚੋਂ ਸੁੱਤਾ ਹਿੰਦੁਸਤਾਨ।

*-ਚੰਨ, ਫੋਨ: 908-788-8427*

---

### ਪੰਦਰਾਂ ਅਗਸਤ ਤੇ ਛੱਬੀ ਜਨਵਰੀ

ਪੰਦਰਾਂ ਅਗਸਤ ਸੰਤਾਲੀ ਰਹੂ ਯਾਦ ਹਮੇਸ਼ਾਂ,
ਜੋ ਪਏ ਪੰਜਾਬ ਨੂੰ ਕਲੇਸ਼ ਤੋਂ ਬਾਅਦ ਮੋਏ ਹਾਂ।
ਬੜਾ ਚਾਅ ਸੀ ਲੋਕਾਂ ਨੂੰ ਕਿ ਆਜ਼ਾਦ ਹੋਏ ਹਾਂ,
ਪਰ ਸੱਚ ਪੁੱਛੋ ਤਾਂ ਅਸਲੋਂ ਬਰਬਾਦ ਹੋਏ ਹਾਂ।

ਦੱਸ ਲੱਖ ਪੰਜਾਬੀਆਂ ਨੂੰ ਪਾ ਕਬਰਾਂ ਦੇ ਰਾਹ,
ਲੁਟਾ ਕੇ ਆਪਾਂ ਘਰ-ਬਾਰ ਧਾਹਾਂ ਮਾਰ ਰੋਏ ਹਾਂ।
ਰੱਖ ਕੇ ਪੱਥਰ ਦਿਲ ਉੱਤੇ ਮੰਨ ਲਿਆ ਭਾਣਾ,
ਵਿਛੜ ਅਸਾਂ ਆਪਣਿਆਂ ਤੋਂ ਖੁਆਰ ਹੋਏ ਹਾਂ।

ਛੱਬੀ ਜਨਵਰੀ ਦਾ ਕੀ ਦੋਸ਼ ਹੈ ਨੇਤਾ ਮਦਹੋਸ਼,
ਆਖਦਾ ਅੰਬੇਡਕਰ ਨੂੰ ਉਂਜ ਪ੍ਰਣਾਏ ਹੋਏ ਹਾਂ।
ਰੱਖ ਦੇਸ਼ ਦਾ ਧਿਆਨ ਬਣਾ ਨਵਾਂ ਸੰਵਿਧਾਨ,
ਦੇਖ ਹਾਲ ਇਨ੍ਹੀਂ ਦਿਨੀ ਅੱਧ-ਮੋਏ ਹੋਏ ਹਾਂ।

ਟੁੱਟੀ ਕਾਨੂੰਨ ਦੀ ਕਮਰ ਹੈ ਬੇਹਾਲ ਲੋਕਤੰਤਰ,
ਮੀਡੀਆ ਬੈਠਾ ਅੱਖਾਂ ਮੀਟ ਜਿਵੇਂ ਸੋਏ ਹੋਏ ਹਾਂ।
ਸੁਣਦੇ ਨਾ ਫਰਿਆਦ ਕਰੇ ਸਿਆਸਤ ਬਰਬਾਦ,
ਸੁਣ ਨਿੱਤ ਨਵੇਂ ਝਾਂਸੇ ਸੁਫਨੇ 'ਚ ਖੋਏ ਹੋਏ ਹਾਂ।

ਢਾਹੇ ਕਾਮੇ ਕਿਸਾਨ ਹੋਏ ਰੁਜ਼ਗਾਰ ਬਦਹਾਲ,
ਕੁੰਡਲੀ ਵਾਲੇ ਸੱਪ ਦੇ ਕੁੰਡਲ 'ਚ ਫਸੇ ਹੋਏ ਹਾਂ।
ਨ ਦਿਸਦਾ ਕੋਈ ਰਾਹ ਕੀ ਹਾਕਮ ਦਾ ਵਿਸਾਹ,
ਜਾਨ ਆਈ ਵਿਚ ਕੁੜਿੱਕੀ, ਧਰਤੀ ਧਸੇ ਹੋਏ ਹਾਂ।

ਨ ਕੋਈ ਵਾਰਿਸ ਨਾ ਵਾਲੀ ਬਹੁਤੇ ਬਣੇ ਮਵਾਲੀ,
ਸਰਕਾਰਾਂ ਛੱਡ'ਤੀ ਡੋਰ, ਤੱਕ ਘਬਰਾਏ ਹੋਏ ਹਾਂ।
ਕੀ ਅਰਥ ਆਜ਼ਾਦੀ ਦਾ ਭੁੱਖੇ ਨੰਗਿਆਂ ਲਈ,
ਕਿਰਤੀ ਕਿਸਾਨ ਹਾਂ, ਦਿੱਲੀ ਦੇ ਢਾਹੇ ਹੋਏ ਹਾਂ।

*-ਸੇਵਾ ਸਿੰਘ ਨੂਰਪੁਰੀ*

---

### ਔਰਤਾਂ ਅਤੇ ਸੰਘਰਸ਼

ਬੀਬੀਆਂ, ਮਾਈਆਂ, ਰੱਬ ਰਜਾਈਆਂ,
ਹਿੱਕ ਡਾਹ ਕੇ ਬਹਿ ਗਈਆਂ ਅੱਗੇ।
ਪੁੱਤ, ਪੋਤਿਆਂ ਤੋਂ ਆਪਾਂ ਵਾਰਨ,
ਤੱਤੀ ਵਾ ਨਾ ਇਨ੍ਹਾਂ ਨੂੰ ਲੱਗੇ।
ਦਾਜ, ਸੂਸ਼ਕ, ਸੰਧਾਰੇ ਦੇ ਕੇ,
ਬਾਬਲ ਵੀ ਪਰਚਾਉਂਦਾ ਆਇਆ।
ਮਾੜੇ ਵਕਤ ਵੀ ਹਿੱਸਾ-ਪੱਤੀ,
ਪੇਕਿਆਂ, ਸਹੁਰਿਆਂ ਨਾ ਪੱਲੇ ਪਾਇਆ।
ਸਬਰ, ਸਿਦਕ ਨਾਲ ਬੱਚੇ ਪਾਲਣ,
ਬਚਾਉਣ ਪੈਸੇ, ਘਿਓ ਨੂੰ ਜੋੜ।
ਗੋਝ ਆਪਣੀ ਝੱਟ ਫੜਾਵਣ,
ਆਣ ਪੈਂਦੀ ਜਦ ਡਾਢੀ ਲੋੜ।
ਅੰਨ-ਉਗਾਉਣੇ, ਹੱਥ ਨਾ ਅੱਡਣ,
ਸੰਘਰਸ਼ 'ਚ ਆ ਕੇ ਤਣ ਗਈਆਂ ਨੇ।
ਕੁੱਦ ਪਈਆਂ ਸੰਘਰਸ਼ 'ਚ ਆ ਕੇ,
ਮਾਈ ਭਾਗੋ ਸਭ ਬਣ ਗਈਆਂ ਨੇ।

*-ਦਵਿੰਦਰ ਕੌਰ*

# ਹਰਫਨਮੌਲਾ ਸੰਗੀਤਕਾਰ ਰਫੀਕ ਗਜ਼ਨਵੀ

ਭਾਰਤੀ ਫਿਲਮਾਂ ਦੇ ਮਹਾਨ ਸੰਗੀਤਕਾਰਾਂ ਵਿਚ ਇਕ ਨਾਮ ਹਮੇਸ਼ਾਂ ਅਮਰ ਰਹੇਗਾ- ਰਫੀਕ ਗਜ਼ਨਵੀ। ਉਹੀ ਫਿਲਮ ਤਾਰੀਖ ਦੇ ਬਿਹਤਰੀਨ ਅਦਾਕਾਰ, ਗੁਲੂਕਾਰ, ਗੀਤਕਾਰ ਅਤੇ ਹਿਦਾਇਤਕਾਰ ਵੀ ਸਨ।

ਰਫੀਕ ਗਜ਼ਨਵੀ ਉਰਫ ਮੁਹੰਮਦ ਰਫੀਕ ਗਜ਼ਨਵੀ ਦੀ ਪੈਦਾਇਸ਼ ਮਾਰਚ 1907 ਵਿਚ ਰਾਵਲਪਿੰਡੀ ਦੇ ਮੁਸਲਿਮ ਪਰਿਵਾਰ ਵਿਚ ਹੋਈ। ਉਂਜ ਇਨ੍ਹਾਂ ਦਾ ਤਾਅਲੁਕ ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਨਾਲ ਸੀ ਜਿੱਥੋਂ ਉਹ ਹਿਜ਼ਰਤ ਕਰ ਕੇ ਪੇਸ਼ਾਵਰ ਆਬਾਦ ਹੋਏ ਸਨ। ਇਸ ਤੋਂ ਬਾਅਦ ਇਨ੍ਹਾਂ ਦੇ ਪੁਰਖੇ ਕਾਰੋਬਾਰ ਦੇ ਸਿਲਸਿਲੇ 'ਚ ਪੱਕੇ ਤੌਰ 'ਤੇ

**ਮਨਦੀਪ ਸਿੰਘ ਸਿੱਧੂ**

ਰਾਵਲਪਿੰਡੀ ਵਸ ਗਏ।

ਰਫੀਕ ਗਜ਼ਨਵੀ ਨੂੰ ਸਕੂਲ ਸਮੇਂ ਤੋਂ ਹੀ ਸੰਗੀਤ ਅਤੇ ਸ਼ਾਇਰੀ ਨਾਲ ਬੇਪਨਾਹ ਮੁਹੱਬਤ ਅਤੇ ਅਦਾਕਾਰੀ ਵੱਲ ਜਨੂਨ ਦੀ ਹੱਦ ਤਕ ਖਿੱਚ ਸੀ। ਉਹ ਵਿਦਿਆਰਥੀ ਜੀਵਨ ਵਿਚ ਆਪਣੇ ਕਾਲਜ ਵਿਚ ਹੋਣ ਵਾਲੇ ਡਰਾਮਿਆਂ ਅਤੇ ਦੂਜੇ ਸਟੇਜ ਪ੍ਰੋਗਰਾਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਨੇ ਕਲਾਸੀਕਲ ਮੌਸੀਕੀ ਦੀ ਬਕਾਇਦਾ ਤਾਲੀਮ ਉਸਤਾਦ ਅਬਦੁੱਲ ਅਜ਼ੀਜ਼ ਖਾਨ, ਉਸਤਾਦ ਮੀਆਂ ਕਾਦਿਰ ਬਖਸ਼ ਲਾਹੌਰੀ ਤੋਂ ਹਾਸਲ ਕੀਤੀ। ਇਸ ਤੋਂ ਬਾਅਦ ਰਫੀਕ ਨੇ ਉਸਤਾਦ ਆਸ਼ਿਕ ਅਲੀ ਖਾਨ ਪਟਿਆਲਾ ਤੋਂ ਵੀ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। ਸੰਗੀਤ ਨਾਲ ਉਨ੍ਹਾਂ ਦਾ ਇਸ਼ਕ ਐਨਾ ਗਹਿਰਾ ਸੀ ਕਿ ਕਿਸੇ ਘਰਾਣੇ ਨਾਲ ਤਾਅਲੁਕ ਨਾ ਹੋਣ ਦੇ ਬਾਵਜੂਦ ਉਨ੍ਹਾਂ ਦਾ ਸ਼ੁਮਾਰ ਉਪ-ਮਹਾਂਦੀਪ ਦੇ ਮਹਾਨ ਸੰਗੀਤਕਾਰਾਂ ਵਿਚ ਹੋਇਆ। ਉਨ੍ਹਾਂ ਦੀ ਗਾਇਨ ਕਲਾ ਤੇ ਸੰਗੀਤ ਕਲਾ ਤੋਂ ਮੁਤਾਸਿਰ ਹੁੰਦਿਆਂ ਗ੍ਰਾਮੋਫੋਨ ਕੰਪਨੀ ਨੇ ਉਨ੍ਹਾਂ ਦੇ ਤਵੇ ਭਰਨੇ ਸ਼ੁਰੂ ਕਰ ਦਿੱਤੇ। ਉਂਜ ਤਾਂ ਉਸ ਦੌਰ ਵਿਚ ਰਫੀਕ ਗਜ਼ਨਵੀ ਦੇ ਗਾਏ ਬਹੁਤ ਸਾਰੇ ਗ਼ੈਰ ਫਿਲਮੀ ਪੰਜਾਬੀ ਲੋਕ ਗੀਤ ਪਸੰਦ ਕੀਤੇ ਗਏ, ਪਰ ਇਕ ਲੋਕ ਗੀਤ ਤਾਂ ਬਹੁਤ ਚੱਲਿਆ ਸੀ: ਇਸ ਜੋਬਨ ਦਾ ਮਾਣ ਨਾ ਕਰੀਏ, ਇਹ ਜੋਬਨ ਚਾਰ ਦਿਹਾੜੇ (ਰਾਗ ਭੂਪਾਲੀ)।

ਲਾਹੌਰ ਵਿਚ ਨਾਮ ਤੇ ਸ਼ੁਹਰਤ ਮਿਲਦਿਆਂ ਹੀ ਰਫੀਕ ਦਾ ਰਾਬਤਾ ਹਿਦਾਇਤਕਾਰ ਅਬਦੁੱਲ ਰਸ਼ੀਦ ਕਾਰਦਾਰ ਨਾਲ ਹੋਇਆ ਜਿਨ੍ਹਾਂ ਦੇ ਕਹਿਣ 'ਤੇ ਉਨ੍ਹਾਂ ਨੇ ਫਿਲਮ ਲਾਈਨ ਅਖਤਿਆਰ ਕਰ ਲਈ। ਇਹ ਰਫੀਕ ਦੀ ਖੁਸ਼ਕਿਸਮਤੀ ਹੀ ਸੀ ਕਿ ਜਿੱਥੇ ਉਹ ਵਧੀਆ ਗੁਲੂਕਾਰ ਤੇ ਸੰਗੀਤਕਾਰ ਸਨ, ਦੂਜੇ ਪਾਸੇ ਉਨ੍ਹਾਂ ਦੀ ਦਿਲਕਸ਼ ਸ਼ਖਸੀਅਤ ਨੇ ਉਨ੍ਹਾਂ ਨੂੰ ਫਿਲਮਾਂ ਦਾ ਹੀਰੋ ਵੀ ਬਣਾ ਦਿੱਤਾ। ਇਹ ਖਾਮੋਸ਼ ਫਿਲਮਾਂ ਦਾ ਦੌਰ ਸੀ। ਇਸੇ ਜ਼ਮਾਨੇ ਵਿਚ ਉਸ ਦੀ ਸਹਾਇਕ ਅਦਾਕਾਰ ਵਜੋਂ ਪਹਿਲੀ ਖਾਮੋਸ਼ ਫਿਲਮ 'ਬਰੇਵ ਹਾਰਟ' ('ਸਰਫਰੋਸ਼'-1930) ਸੀ। ਇਸ ਫਿਲਮ ਤੋਂ ਬਾਅਦ ਉਹ ਫਿਲਮਾਂ ਦੇ ਕੇਂਦਰ ਬੰਬੇ ਟੁਰ ਗਏ। ਬੰਬੇ ਵਿਚ ਰਫੀਕ ਦੀ ਦੂਸਰੀ ਖਾਮੋਸ਼ ਫਿਲਮ 'ਲਾਇਨੈਸ' (1931) ਸੀ ਅਤੇ ਤੀਸਰੀ 'ਵਾਈਲਡ ਰੋਜ਼' ('ਮਸਤਾਨਾ ਮਹਿਬੂਬ'-1931) ਸੀ। ਉਨ੍ਹਾਂ ਦੀ ਚੌਥੀ ਤੇ ਆਖਰੀ ਖਾਮੋਸ਼ ਫਿਲਮ 'ਗੁਲਾਮੀ ਜ਼ੰਜੀਰ' ('ਬੌਂਡਮੈਨ'-1931) ਸੀ। ਜਦੋਂ ਬੋਲਦੀਆਂ ਫਿਲਮਾਂ ਦਾ ਦੌਰ ਸ਼ੁਰੂ ਹੋਇਆ ਤਾਂ ਅਬਦੁੱਲ ਰਸ਼ੀਦ ਕਾਰਦਾਰ ਨੇ ਫਿਲਮ 'ਹੀਰ ਰਾਂਝਾ' (1932) ਬਣਾਈ ਤਾਂ ਕਾਲਜ ਵਿਦਿਆਰਥੀ ਰਫੀਕ ਗਜ਼ਨਵੀ ਨੂੰ 'ਰਾਂਝੇ' ਦਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਜਿਸ ਦੇ ਹਮਰਾਹ ਅੰਮ੍ਰਿਤਸਰ ਦੀ ਖੂਬਸੂਰਤ ਪੰਜਾਬਣ ਮੁਟਿਆਰ ਅਨਵਰ ਬੇਗਮ ਹੀਰ ਦਾ ਕਿਰਦਾਰ ਨਿਭਾ ਰਹੀ ਸੀ। ਉਸ ਨੇ ਫਿਲਮ ਦੀ ਹੀਰੋਇਨ ਅਨਵਰ ਬੇਗਮ ਨੂੰ ਗੀਤਾਂ ਦੀ ਰਿਹਰਸਲ ਦੌਰਾਨ ਆਪਣੇ ਦਿਲ ਦੀ 'ਹੀਰ' ਬਣਾ ਲਿਆ।


ਰਫੀਕ ਗਜ਼ਨਵੀ

ਰਫੀਕ ਗਜ਼ਨਵੀ ਦੀ ਸੰਗੀਤਕਾਰ ਵਜੋਂ ਪਹਿਲੀ ਫਿਲਮ 'ਪਵਿੱਤਰ ਗੰਗਾ' (1932) ਸੀ। ਫਿਲਮ 'ਸਮਾਜ ਕੀ ਭੂਲ' (1934) ਵਿਚ ਰਫੀਕ ਗਜ਼ਨਵੀ ਨੇ ਵਕੀਲ ਰਘੂਵੀਰ ਦਾ ਕਿਰਦਾਰ ਅਤੇ ਦੁਲਾਰੀ 'ਚੰਦਰਮੁਖੀ' ਦਾ ਰੋਲ ਕੀਤਾ। ਬਤੌਰ ਹਿਦਾਇਤਕਾਰ ਰਫੀਕ ਗਜ਼ਨਵੀ ਦੀ ਪਹਿਲੀ ਫਿਲਮ 'ਪ੍ਰੇਮ ਪੁਜਾਰੀ' (1935) ਸੀ। ਰਫੀਕ ਇਸ ਫਿਲਮ ਦੇ ਅਦਾਕਾਰ, ਸੰਗੀਤਕਾਰ, ਕਹਾਣੀਕਾਰ ਤੇ ਸੰਵਾਦ ਲੇਖਕ ਵੀ ਖੁਦ ਸਨ। ਫਿਲਮ ਦੀ ਅਦਾਕਾਰਾ ਸੀ ਇਨ੍ਹਾਂ ਦੀ ਪਤਨੀ ਜ਼ੌਹਰਾ। ਮਗਰੋਂ ਰਫੀਕ ਗਜ਼ਨਵੀ ਨੇ ਜ਼ੌਹਰਾ ਨੂੰ ਵੀ ਤਲਾਕ ਦੇ ਦਿੱਤਾ ਅਤੇ ਉਸ ਦੀ ਛੋਟੀ ਭੈਣ ਅਦਾਕਾਰਾ ਅਨੁਰਾਧਾ ਨਾਲ ਵਿਆਹ ਕਰ ਲਿਆ।

ਇਕ ਸਮਾਂ ਉਹ ਵੀ ਸੀ ਜਦੋਂ ਰਫੀਕ ਦੇ ਸੰਗੀਤ ਤੋਂ ਬਗੈਰ ਫਿਲਮਾਂ ਨੂੰ ਅਧੂਰਾ ਸਮਝਿਆ ਜਾਣ ਲੱਗ ਪਿਆ। ਇਕ ਪਾਸੇ ਜਿੱਥੇ ਉਨ੍ਹਾਂ ਨੂੰ ਜ਼ਿਆਦਾ ਰੁਝੇਵਿਆਂ ਦੇ ਚੱਲਦਿਆਂ ਸਿਰ ਖੁਰਕਣ ਦੀ ਵਿਹਲ ਨਹੀਂ ਸੀ, ਦੂਜੇ ਪਾਸੇ ਉਨ੍ਹਾਂ ਦੇ ਮੁਹੱਬਤੀ ਅਫਸਾਨਿਆਂ ਦੇ ਕਿੱਸੇ ਵੀ ਮਸ਼ਹੂਰ ਰਹਿੰਦੇ। ਫਿਲਮ 'ਅਪਨੀ ਨਗਰੀਆ' (1940) 'ਚ ਰਫੀਕ ਗਜ਼ਨਵੀ ਨੇ ਡਾ. ਸ਼ਫਦਰ ਆਹ ਸੀਤਾਪੁਰੀ ਅਤੇ ਪੰਡਤ ਇੰਦਰ ਦੇ ਲਿਖੇ 12 ਗੀਤਾਂ ਦਾ ਸੰਗੀਤ ਤਿਆਰ ਕੀਤਾ। ਇਹ ਫਿਲਮ 19 ਜੁਲਾਈ 1940 ਨੂੰ ਨੁਮਾਇਸ਼ ਹੋਈ। ਫਿਲਮ 'ਬਹੂਰਾਨੀ' (1940) 'ਚ ਗੀਤਕਾਰ ਆਜ਼ਾਦ ਕਸ਼ਯਪ ਦੇ ਲਿਖੇ 9 ਗੀਤਾਂ ਦਾ ਸੰਗੀਤ ਬਣਾਇਆ। ਫਿਲਮ 'ਸਿਕੰਦਰ' (1941) ਵਿਚ ਰਫੀਕ ਗਜ਼ਨਵੀ ਤੇ ਮੀਰ ਸਾਹਿਬ ਦੇ ਸੰਗੀਤ 'ਚ ਪੰਡਤ ਸੁਦਰਸ਼ਨ ਦੇ ਲਿਖੇ 7 ਗੀਤ ਬੜੇ ਮਕਬੂਲ ਹੋਏ; ਖਾਸ ਕਰ ਕੇ ਫਿਲਮ ਦਾ ਗੀਤ ਯੂਨਾਨੀ ਸਿਪਾਹੀ 'ਸਲਿਊਕਸ' (ਲਾਲਾ ਯਾਕੂਬ, ਲਾਹੌਰੀ) ਤੇ ਸਾਥੀਆਂ 'ਤੇ ਫਿਲਮਾਇਆ ਗੀਤ 'ਜ਼ਿੰਦਗੀ ਹੈ ਪਯਾਰ ਸੇ, ਪਯਾਰ ਸੇ ਬਿਤਾਏ ਜਾ, ਹੁਸਨ ਕੇ ਹਜ਼ੂਰ ਮੇਂ ਅਪਨਾ ਦਿਲ ਲੁਟਾਏ ਜਾ' (ਰਫੀਕ ਗਜ਼ਨਵੀ) ਅਮਰ ਗੀਤ ਦਾ ਦਰਜਾ ਰੱਖਦਾ ਹੈ। ਫਿਲਮ 'ਸਵਾਮੀ' (1941) ਵਿਚ ਰਫੀਕ ਨੇ ਫਿਲਮ ਵਿਚ ਸ਼ਾਤਿਰ ਗਜ਼ਨਵੀ, ਪੰਡਤ ਇੰਦਰ (ਇਕ ਗੀਤ) ਅਤੇ ਸਾਹਿਰ ਐਮ.ਏ. (ਇਕ ਗੀਤ) ਦੇ ਲਿਖੇ 10 ਗੀਤਾਂ ਦਾ ਖੂਬਸੂਰਤ ਸੰਗੀਤ ਤਾਮੀਰ ਕੀਤਾ ਜੋ ਬੇਹੱਦ ਮਕਬੂਲ ਹੋਏ। ਫਿਲਮ 'ਕਲਯੁੱਗ' (1942) ਵਿਚ ਰਫੀਕ ਨੇ ਹਸਰਤ ਲਖਨਵੀ ਦੇ ਲਿਖੇ 10 ਗੀਤਾਂ ਦੀਆਂ ਸੋਹਣੀਆਂ ਤਰਜ਼ਾਂ ਬਣਾਈਆਂ। ਫਿਲਮ 'ਸੁਸਾਇਟੀ' (1942) ਵਿਚ ਰਫੀਕ ਨੇ 11 ਗੀਤਾਂ ਦੀਆਂ ਧੁਨਾਂ ਤਰਤੀਬ ਕੀਤੀਆਂ 'ਦੋਸਤ ਹੂਆ ਹੈ ਦੁਸ਼ਮਨ' (ਰਫੀਕ ਗਜ਼ਨਵੀ), 'ਹਾਏ ਜਵਾਨੀ' (ਸਿਤਾਰਾ ਦੇਵੀ, ਰਫੀਕ) ਆਦਿ ਤੋਂ ਇਲਾਵਾ ਸਿਤਾਰਾ ਦੇਵੀ ਦਾ ਗਾਇਆ ਪੰਜਾਬੀ ਗੀਤ 'ਕੱਦ ਯਾਰ ਸਰੂ ਦਾ ਬੂਟਾ ਵਿਹੜੇ ਵਿਚ ਲਾਈ ਰੱਖਦੀ' ਵੀ ਬੜਾ ਹਿੱਟ ਹੋਇਆ। ਫਿਲਮ 'ਕਿਸਕੀ ਬੀਬੀ' (1942) ਵਿਚ ਰਫੀਕ ਨੇ 11 ਗੀਤਾਂ ਦਾ ਰੁਮਾਨੀ ਸੰਗੀਤ ਤਿਆਰ ਕੀਤਾ। ਫਿਲਮ 'ਦੁਹਾਈ' (1943) ਵਿਚ 9 ਗੀਤਾਂ 'ਚੋਂ 2 ਗੀਤਾਂ ਦੀਆਂ ਤਰਜ਼ਾਂ ਬਣਾਈਆਂ। ਰਫੀਕ ਦੇ ਸ਼ਾਂਤਾ ਆਪਟੇ ਨਾਲ ਗਾਏ, ਇਨ੍ਹਾਂ ਦਿਲਕਸ਼ ਗੀਤਾਂ ਦੇ ਬੋਲ ਹਨ 'ਮੋਹੇ ਨੀਂਦ ਨਾ ਆਏ' ਤੇ ਦੂਸਰਾ 'ਮਾਨ ਗਈ ਮੈਂ'। ਫਿਲਮ 'ਨਜਮਾ' (1943) ਵਿਚ ਰਫੀਕ ਦੇ ਸੰਗੀਤਬੱਧ 'ਤਰਸੀ ਹੂਈ ਹੈ ਮੁੱਦਤ ਸੇ ਆਂਖੇਂ', 'ਕਯਾ ਮੁਹੱਬਤ ਕਾ ਯਹੀ ਅੰਜਾਮ ਥਾ' (ਅਸ਼ੋਕ ਕੁਮਾਰ), 'ਜਲ ਜਾ ਜਲ ਜਾ ਪਤੰਗੇ' (ਸਿਤਾਰਾ, ਅਸ਼ੋਕ ਕੁਮਾਰ) ਆਦਿ ਗੀਤ ਇੰਤਹਾਈ ਮਕਬੂਲ ਹੋਏ। ਦਿਲਚਸਪ ਗੱਲ ਇਹ ਹੈ ਕਿ ਮਹਿਬੂਬ ਪ੍ਰੋਡਕਸ਼ਨਜ਼ ਦੀਆਂ ਫਿਲਮਾਂ ਦੀ ਸ਼ੁਰੂਆਤ ਵਿਚ ਬੋਲੀਆਂ ਜਾਣ ਵਾਲੀਆਂ ਤੇ ਆਗਾ ਹਸ਼ਰ ਕਸ਼ਮੀਰੀ ਦੀਆਂ ਲਿਖੀਆਂ ਇਹ ਸਤਰਾਂ 'ਮੁਦਈ ਲਾਖ ਬੁਰਾ ਚਾਹੇ ਤੋ ਕਯਾ ਹੋਤਾ ਹੈ, ਵਹੀ ਹੋਤਾ ਹੈ ਜੋ ਮਨਜ਼ੂਰ-ਏ-ਖੁਦਾ ਹੋਤਾ ਹੈ' ਨੂੰ ਆਪਣੀ ਦਿਲਕਸ਼ ਆਵਾਜ਼ ਦੇਣ ਵਾਲੇ ਰਫੀਕ ਗਜ਼ਨਵੀ ਹੀ ਸਨ।



*ਰਫੀਕ ਗਜ਼ਨਵੀ ਦੀ ਫਿਲਮ 'ਸਮਾਜ ਕੀ ਭੂਲ' ਦਾ ਪੋਸਟਰ।*


ਰਫੀਕ ਗਜ਼ਨਵੀ ਭਾਰਤ ਦੇ ਪਹਿਲੇ ਸੰਗੀਤਕਾਰ ਸਨ ਜਿਨ੍ਹਾਂ ਨੇ ਹਿਦਾਇਤਕਾਰ ਅਲੈਗਜ਼ੈਂਡਰ ਕੋਰਡਾ ਦੀ ਵਿਦੇਸ਼ੀ ਫਿਲਮ 'ਦਿ ਥੀਫ ਆਫ ਬਗਦਾਦ' (1940) ਵਿਚ ਭਾਰਤੀ ਆਰਕੈਸਟਰਾ ਨਾਲ ਸੰਗੀਤ ਦੇਣ ਦਾ ਫਖਰ ਹਾਸਲ ਕੀਤਾ। ਸਾਲ 1941 ਵਿਚ ਰਫੀਕ ਗਜ਼ਨਵੀ ਨੇ ਸਰਹੱਦ ਪਿਕਚਰਜ਼ ਦੇ ਬੈਨਰ ਹੇਠ ਆਪਣੀ ਮਾਂ-ਬੋਲੀ ਪਸ਼ਤੋ ਵਿਚ ਫਿਲਮ 'ਲੈਲਾ ਮਜਨੂੰ' ਬਣਾਈ ਜਿਸ ਦੇ ਸੰਗੀਤਕਾਰ, ਹਿਦਾਇਤਕਾਰ ਅਤੇ ਅਦਾਕਾਰ ਉਹ ਖੁਦ ਸਨ। ਅਦਾਕਾਰਾ ਪਸ਼ਤੋ ਦੀ ਮਸ਼ਹੂਰ ਗੁਲੂਕਾਰਾ ਹਬੀਬ ਜਾਨ ਕਾਬਲੀ ਸੀ। ਫਿਲਮ ਦੇ ਗੀਤ ਅਤੇ ਮੁਕਾਲਮੇ ਨਾਮਵਰ ਸ਼ਾਇਰ ਤੇ ਬਾਬਾ-ਏ-ਪਸ਼ਤੋ ਗ਼ਜ਼ਲ ਅਮੀਰ ਹਮਜ਼ਾ ਖਾਨ ਸ਼ੇਨਾਵਰੀ ਨੇ ਲਿਖੇ ਸਨ।

ਵੰਡ ਤੋਂ ਬਾਅਦ ਰਫੀਕ ਗਜ਼ਨਵੀ ਨੇ ਭਾਰਤ ਰਹਿਣ ਦੀ ਬਜਾਏ ਪਾਕਿਸਤਾਨ ਜਾਣਾ ਪਸੰਦ ਕੀਤਾ। ਪਹਿਲਾਂ ਉਨ੍ਹਾਂ ਕਰਾਚੀ ਵਸੇਬਾ ਕੀਤਾ ਅਤੇ ਫਿਰ ਉਹ ਲਾਹੌਰ ਚਲੇ ਗਏ। ਪਾਕਿਸਤਾਨ ਫਿਲਮ ਸਨਅਤ ਵਿਚ ਰਫੀਕ ਦੀ ਪਹਿਲੀ ਉਰਦੂ ਫਿਲਮ 'ਪਰਵਾਜ਼' (1954) ਸੀ ਜਿਸ ਦਾ ਉਨ੍ਹਾਂ ਨੇ ਸੰਗੀਤ ਤਿਆਰ ਕੀਤਾ, ਪਰ ਇਹ ਫਿਲਮ ਨਾਕਾਮ ਸਾਬਤ ਹੋਈ। ਬਾਅਦ ਵਿਚ ਉਨ੍ਹਾਂ ਨੇ ਹਿਦਾਇਤਕਾਰ ਜ਼ਫਰ ਬੁਖਾਰੀ ਦੀ ਉਰਦੂ ਫਿਲਮ 'ਅਨੋਖੀ ਰਾਤ' ਦੇ ਚਾਰ ਗੀਤ ਰਿਕਾਰਡ ਕਰਵਾਏ ਸਨ ਪਰ ਇਹ ਫਿਲਮ ਵੀ ਬੰਦ ਹੋ ਗਈ। ਸਾਲ 1956 ਵਿਚ ਉਹ ਲਾਹੌਰ ਤੋਂ ਕਰਾਚੀ ਆ ਗਏ। ਇੱਥੇ ਆ ਕੇ ਉਨ੍ਹਾਂ ਉਰਦੂ ਫਿਲਮ 'ਮੰਡੀ' (1956) ਦਾ ਸੰਗੀਤ ਤਰਤੀਬ ਕੀਤਾ ਪਰ ਇਸ ਫਿਲਮ ਦੀ ਨਾਕਾਮੀ ਦੇ ਬਾਅਦ ਉਨ੍ਹਾਂ ਨੇ ਫਿਲਮੀ ਦੁਨੀਆ ਛੱਡ ਦਿੱਤੀ ਅਤੇ ਰੇਡੀਓ ਪਾਕਿਸਤਾਨ ਨਾਲ ਵਾਬਸਤਾ ਹੋ ਗਏ। ਉਹ ਲੰਬੇ ਅਰਸੇ ਤਕ ਰੇਡੀਓ ਨਾਲ ਜੁੜੇ ਰਹੇ ਅਤੇ ਜਦੋਂ ਪਾਕਿਸਤਾਨ ਟੈਲੀਵਿਜ਼ਨ ਦਾ ਆਗਾਜ਼ ਹੋਇਆ ਤਾਂ ਉਨ੍ਹਾਂ ਨੇ ਟੀ.ਵੀ. ਦੇ ਕਈ ਪ੍ਰੋਗਰਾਮਾਂ ਦੀਆਂ ਧੁਨਾਂ ਬਣਾਈਆਂ।

ਰਫੀਕ ਗਜ਼ਨਵੀ ਬੰਬੇ ਦੇ ਫਿਲਮੀ ਹਲਕਿਆਂ ਵਿਚ 'ਪੇਸ਼ਾਵਰੀ ਸੰਗੀਤਕਾਰ' ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਨ੍ਹਾਂ ਨੇ ਆਪਣੀ ਰੰਗੀਨ ਮਿਜ਼ਾਜੀ ਦੇ ਚੱਲਦਿਆਂ ਆਪਣੀ ਹਿਆਤੀ ਵਿਚ ਕਈ ਫਿਲਮੀ ਅਦਾਕਾਰਾਵਾਂ ਨਾਲ ਵਿਆਹ ਕੀਤੇ ਜੋ ਬਾਅਦ ਵਿਚ ਤਲਾਕ ਵਿਚ ਬਦਲੇ। ਉਨ੍ਹਾਂ ਦਾ ਪਹਿਲਾ ਵਿਆਹ ਬਿੱਲੋ ਅੰਮ੍ਰਿਤਸਰੀ ਦੀ ਧੀ ਅਨਵਰ ਬੇਗਮ ਨਾਲ ਹੋਇਆ, ਜਿਸ ਤੋਂ ਧੀ ਜ਼ਰੀਨਾ ਦਾ ਜਨਮ ਹੋਇਆ। ਜ਼ਰੀਨਾ ਨੇ 'ਨਸਰੀਨ' ਦੇ ਫਿਲਮੀ ਨਾਮ ਨਾਲ ਅਦਾਕਾਰੀ ਕੀਤੀ। ਉਹ ਲਿਆਕਤ ਆਗਾ ਨਾਲ ਵਿਆਹ ਤੋਂ ਬਾਅਦ ਜ਼ਰੀਨਾ ਆਗਾ ਕਹਾਈ। ਉਨ੍ਹਾਂ ਦੀਆਂ ਧੀਆਂ ਸਲਮਾ ਆਗਾ ਅਤੇ ਸਬਿਤਾ ਆਗਾ ਲੰਡਨ ਵਿਚ ਪੈਦਾ ਹੋਈਆਂ। ਅਨਵਰ ਬੇਗਮ ਨੂੰ ਤਲਾਕ ਦੇਣ ਤੋਂ ਬਾਅਦ ਉਨ੍ਹਾਂ ਨੇ ਦੂਜਾ ਵਿਆਹ ਜ਼ੌਹਰਾ ਨਾਲ ਕੀਤਾ ਜਿਸ ਤੋਂ ਉਨ੍ਹਾਂ ਦਾ ਪੁੱਤਰ ਮੁਰਾਦ ਤੇ ਧੀ ਸ਼ਾਹੀਨਾ ਪੈਦਾ ਹੋਈ। ਜ਼ੌਹਰਾ ਤੋਂ ਤਲਾਕ ਲੈਣ ਤੋਂ ਬਾਅਦ ਉਨ੍ਹਾਂ ਨੇ ਤੀਜਾ ਵਿਆਹ ਅਦਾਕਾਰਾ ਅਨੁਰਾਧਾ ਉਰਫ ਖੁਰਸ਼ੀਦ ਅਖਤਰ ਨਾਲ ਕੀਤਾ ਜਿਸ ਤੋਂ ਉਨ੍ਹਾਂ ਦਾ ਪੁੱਤਰ ਇਆਜ਼ ਮਹਿਮੂਦ ਪੈਦਾ ਹੋਇਆ। ਉਨ੍ਹਾਂ ਦਾ ਆਖਰੀ ਵਿਆਹ ਗੈਰ-ਫਿਲਮੀ ਔਰਤ ਕੈਸਰ ਬੇਗਮ ਨਾਲ ਹੋਇਆ ਜੋ ਉਨ੍ਹਾਂ ਦੀ ਮੌਤ ਤਕ ਕਾਇਮ ਰਿਹਾ। ਰਫੀਕ ਗਜ਼ਨਵੀ ਦੀ ਇਕ ਧੀ ਦਾ ਵਿਆਹ ਨਾਮਵਰ ਹਿਦਾਇਤਕਾਰ ਜ਼ੀਆ ਸਰਹੱਦੀ ਨਾਲ ਹੋਇਆ। ਜ਼ੀਆ ਸਰਹੱਦੀ ਦੇ ਦੋ ਪੁੱਤਰ ਖਿਆਮ ਸਰਹੱਦੀ ਅਤੇ ਬਿਲਾਲ ਸਰਹੱਦੀ ਸ਼ੋਅ-ਬਿਜ਼ ਦੀ ਦੁਨੀਆ ਨਾਲ ਜੁੜੇ ਰਹੇ ਹਨ। ਭਾਰਤੀ ਅਤੇ ਪਾਕਿਸਤਾਨੀ ਫਿਲਮਾਂ ਦੇ ਅਜ਼ੀਮ ਸੰਗੀਤਕਾਰ ਰਫੀਕ ਗਜ਼ਨਵੀ 2 ਮਾਰਚ 1974 ਨੂੰ 67 ਸਾਲਾਂ ਦੀ ਉਮਰ ਵਿਚ ਕਰਾਚੀ 'ਚ ਫੌਤ ਹੋ ਗਏ।

# ਪੂਨਮ ਢਿੱਲੋਂ ਦੇ ਪੁੱਤ ਦੀ ਫਿਲਮ

ਅਦਾਕਾਰਾ ਪੂਨਮ ਢਿੱਲੋਂ ਦੇ ਲੜਕੇ ਅਨਮੋਲ ਠਾਕੇਰੀਆ ਢਿੱਲੋਂ ਦੀ ਪਹਿਲੀ ਫਿਲਮ 19 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਦਾ ਨਾਂ 'ਟਿਊਜ਼ਡੇਅਜ਼ ਐਂਡ ਫਰਾਈਡੇਅਜ਼' ਹੈ ਜਿਸ ਦਾ ਨਿਰਦੇਸ਼ਨ ਤਰਨਵੀਰ ਸਿੰਘ ਨੇ ਕੀਤਾ ਹੈ। ਇਹ ਅਦਾਕਾਰਾ ਝਟਲੇਕਾ ਦੀ ਵੀ ਪਹਿਲੀ ਫਿਲਮ ਹੋਵੇਗੀ। ਉਹ ਸਾਲ 2014 ਦੇ ਮਿਸ ਇੰਡੀਆ ਮੁਕਾਬਲੇ ਦੀ ਰਨਰਜ਼-ਅੱਪ ਰਹਿ ਚੁੱਕੀ ਹੈ। ਫਿਲਮ ਦੇ ਨਿਰਮਾਤਾ ਸੰਜੇ ਲੀਲਾ ਭੰਸਾਲੀ ਨੇ ਆਪਣੇ ਇੰਸਟਾਗਰਾਮ ਅਕਾਊਂਟ 'ਤੇ ਇਸ ਫਿਲਮ ਦਾ ਪੋਸਟਰ ਜਾਰੀ ਕੀਤਾ ਹੈ। ਫਿਲਮ ਜਗਤ ਦੇ ਸਮੀਖਿਆਕਾਰ ਤਰਨ ਆਦਰਸ਼ ਨੇ ਦੱਸਿਆ ਕਿ ਇਹ ਰੋਮਾਂਟਿਕ ਫਿਲਮ ਹੋਵੇਗੀ। ਇਸ ਤੋਂ ਇਲਾਵਾ ਸੰਜੇ ਲੀਲਾ ਭੰਸਾਲੀ ਦੇ ਨਿਰਦੇਸ਼ਨ ਹੇਠ ਫਿਲਮ 'ਗੰਗੂਬਾਈ ਕਾਠੀਆਵਾੜੀ' ਵੀ ਤਿਆਰ ਹੈ ਜਿਸ ਵਿਚ ਆਲੀਆ ਭੱਟ ਮੁੱਖ ਕਿਰਦਾਰ ਨਿਭਾ ਰਹੀ ਹੈ।



ਪੂਨਮ ਢਿੱਲੋਂ ਦਾ ਕਹਿਣਾ ਹੈ ਕਿ ਉਸ ਦਾ ਪੁੱਤਰ ਫਿਲਮੀ ਦੁਨੀਆ ਵਿਚ ਉਸ ਨਾਲੋਂ ਵੀ ਵੱਡਾ ਮੁਕਾਮ ਹਾਸਲ ਕਰੇਗਾ।

# ਨੋਰਾ ਫਤੇਹੀ ਦੀ ਦਿਲਬਰੀ ਦਿੱਖ

ਅਦਾਕਾਰਾ ਨੋਰਾ ਫਤੇਹੀ ਆਪਣੇ ਨਵੇਂ ਵੀਡੀਓ ਟਰੈਕ 'ਛੋੜ ਦੇਂਗੇ' ਨਾਲ ਹਾਜ਼ਰ ਹੋ ਰਹੀ ਹੈ। ਇਹ ਗੀਤ ਪਰੰਪਰਾ ਟੰਡਨ ਦਾ ਗਾਇਆ ਹੋਇਆ ਹੈ। 6 ਫਰਵਰੀ 1992 ਨੂੰ ਜਨਮੀ ਨੋਰਾ ਕੈਨੇਡੀਅਨ ਅਦਾਕਾਰਾ, ਡਾਂਸਰ, ਮਾਡਲ ਅਤੇ ਪ੍ਰੋਡਿਊਸਰ ਹੈ। ਉਂਜ, ਉਸ ਦਾ ਪਿਛੋਕੜ ਮੋਰੱਕੋ ਦਾ ਹੈ। ਉਹਦਾ ਪਰਿਵਾਰ ਚਿਰ ਪਹਿਲਾਂ ਕੈਨੈਡਾ ਵਸ ਗਿਆ ਸੀ ਅਤੇ ਉਸ ਦਾ ਜਨਮ ਵੀ ਕੈਨੇਡਾ ਵਿਚ ਹੀ ਹੋਇਆ।

ਨੋਰਾ ਫਤੇਹੀ ਨੇ ਹੁਣ ਤੱਕ ਕਈ ਹਿੰਦੀ, ਤਾਮਿਲ, ਤੈਲਗੂ ਤੇ ਮਲਿਆਲਮ ਫਿਲਮਾਂ ਵਿਚ ਕੰਮ ਕੀਤਾ ਹੈ। ਹਿੰਦੀ ਫਿਲਮ ਜਗਤ ਵਿਚ ਉਸ ਦਾ ਦਾਖਲਾ ਫਿਲਮ 'ਰੋਅਰ' (2014) ਨਾਲ ਹੋਇਆ ਸੀ। ਇਸ ਫਿਲਮ ਵਿਚ ਉਹਦੇ ਨਾਲ ਅਭਿਨਵ ਸ਼ੁਕਲਾ, ਅਚਿੰਤ ਕੌਰ ਵਰਗੇ ਹੰਢੇ-ਵਰਤੇ ਕਲਾਕਾਰ ਵੀ ਸਨ। ਫਿਲਮ ਦੀ ਤਕਰੀਬਨ ਸਾਰੀ ਸ਼ੂਟਿੰਗ ਜੰਗਲਾਂ ਵਿਚ ਹੀ ਕੀਤੀ ਗਈ ਸੀ। ਪਿਛਲੇ ਸਾਲ ਉਹਦੀ ਫਿਲਮ 'ਭੁਜ' ਤਿਆਰ ਹੋਈ ਹੈ ਜੋ ਕੋਵਿਡ ਕਾਰਨ ਅਜੇ ਰਿਲੀਜ਼ ਨਹੀਂ ਹੋ ਸਕੀ।




Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com